# Punjabi-I

## DPBI101

LOVELY
PROFESSIONAL
UNIVERSITY

LOVELY PROFESSIONAL UNIVERSITY

# ਪੰਜਾਬੀ-1

# PUNJABI-1

Copyright © 2012 Laxmi Publications (P) Ltd.
All rights reserved

Produced & Printed by
**LAXMI PUBLICATIONS (P) LTD.**
113, Golden House, Daryaganj,
New Delhi-110002
for
Lovely Professional University
Phagwara

DLP-7783-040-PUNJABI-I C—
Typeset at : Kesar Singh, Jalandhar Printed at :

# ਪਾਠਕ੍ਰਮ
## (SYLLABUS)
# ਪੰਜਾਬੀ-1
# Punjabi-1

**ਉਦੇਸ਼**

1. ਵਿਦਿਆਰਥੀਆਂ ਨੂੰ ਪੰਜਾਬੀ ਕਹਾਣੀ ਜਗਤ, ਪੰਜਾਬੀ ਕਵਿਤਾ ਅਤੇ ਨਾਟਕ ਬਾਰੇ ਮੁਢਲੀ ਅਤੇ ਜਰੂਰੀ ਜਾਣਕਾਰੀ ਦੇਣੀ।
2. ਪੰਜਾਬੀ ਵਿਆਕਰਨ ਦੇ ਪ੍ਰਮੁੱਖ ਨਿਯਮਾਂ ਅਤੇ ਉਨ੍ਹਾਂ ਦੀ ਮਹੱਤਤਾ ਬਾਰੇ ਜਾਣਕਾਰੀ ਦੇਣੀ।
3. ਪੰਜਾਬੀ ਭਾਸ਼ਾ ਅਤੇ ਉਪਭਾਸ਼ਾਵਾਂ ਬਾਰੇ ਜਾਣਕਾਰੀ ਦਿੰਦਿਆਂ ਭਾਸ਼ਾ ਦੀ ਮਹੱਤਤਾ ਸਬੰਧੀ ਜਾਣਕਾਰੀ ਦੇਣੀ।

| Sr. No. | Content |
|---|---|
| 1 | ਸੰਖੇਪ ਰਚਨਾ ਅਤੇ ਪੈਰ੍ਹਾ ਰਚਨਾ |
| 2 | ਚਿੱਠੀ ਪੱਤਰ |
| 3 | ਨੋਟਿਸ ਲਿਖਣਾ: ਸਾਹਿਤਕ, ਸਭਿਆਚਾਰਕ ਤੇ ਖੇਡਾਂ ਨਾਲ ਸੰਬੰਧਤ |
| 4 | ਸ਼ਬਦ ਜੁੱਟਾਂ ਦੇ ਅਰਥਾਂ ਅਤੇ ਵਾਕਾਂ ਦੁਆਰਾ ਅੰਤਰ ਸਪੱਸ਼ਟ ਕਰਨਾ;<br>ਮੁਹਾਵਰੇ/ਅਖਾਣ : ਮਹੱਤਤਾ ਅਤੇ ਪ੍ਰਯੋਗ |
| 5 | ਬਹੁ-ਅਰਥਕ, ਸਮਾਨਾਰਥਕ ਸ਼ਬਦ, ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ;<br>ਅਗੇਤਰ/ਪਿਛੇਤਰ ਦੀ ਵਰਤੋਂ |
| 6 | ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ; ਭਾਸ਼ਾ ਅਤੇ ਉਪ-ਭਾਸ਼ਾਵਾਂ |
| 7 | ਵਰਣ ਬੋਧ: ਸਵਰ ਅਤੇ ਵਿਅੰਜਨ ਦੀ ਵਰਤੋਂ; ਲਗਾਂ, ਲਗਾਖ਼ਰ ਅਤੇ ਵਿਸਰਾਮ ਚਿੰਨ੍ਹ ਦਾ ਪ੍ਰਯੋਗ; ਨਾਂਵ, ਪੜਨਾਂਵ ਅਤੇ ਕਿਰਿਆ ਦਾ ਪ੍ਰਯੋਗ |
| 8 | ਲਿਪੀ ਅਤੇ ਗੁਰਮੁਖੀ ਲਿਪੀ ਦੀ ਮਹੱਤਤਾ ਅਤੇ ਪ੍ਰਯੋਗ |
| 9 | ਪੰਜਾਬੀ ਸਾਹਿਤ ਦੇ ਰੂਪ |
| 10 | ਪੰਜਾਬੀ ਸਾਹਿਤ ਦੀਆਂ ਵਿਸ਼ੇਸ਼ਤਾਵਾਂ |

# ਵਿਸ਼ਾ-ਵਸਤੂ

**ਇਕਾਈ (Units)** **(CONTENTS)** **ਪੱਨਾਂ ਨੱਬਰ (Page No.)**

## ਭਾਗ-1


1. ਵਿਆਕਰਨ (Grammar) 3
2. ਵਿਸ਼ਰਾਮ-ਚਿੰਨ੍ਹ (Punctuation) 6
3. ਵਰਨ-ਬੋਧ (Orthography) 10
4. ਵਚਨ, ਲਿੰਗ (Number, Gender) 17
5. ਸ਼ਬਦ-ਰਚਨਾ (Word-Building) 21
6. ਕਾਰਕ (Case) 25
7. ਨਾਂਵ (Noun) 29
8. ਪੜਨਾਂਵ (Pronoun) 32
9. ਕਿਰਿਆ (Verb) 36
10. ਵਿਸ਼ੇਸ਼ਣ (Adjective) 39
11. ਕਿਰਿਆ ਵਿਸ਼ੇਸ਼ਣ(Adverb) 44
12. ਅਗੇਤਰ-ਪਿਛੇਤਰ (Prefixes-Suffixes) 48
13. ਸਮਾਨਾਰਥਕ ਸ਼ਬਦ (Synonyms-Word) 51
14. ਬਹੁ-ਅਰਥਕ ਸ਼ਬਦ (One Word, More Meaning) 55
15. ਬਹੁਤੇ ਸ਼ਬਦਾਂ ਦੀ ਥਾਂ ਇਕ ਸ਼ਬਦ (One Word Substitution) 62


## ਭਾਗ-2


16. ਗੁਰਮੁਖੀ ਲਿੱਪੀ (Gurmukhi-Alphabet) 65
17. ਪੰਜਾਬੀ ਭਾਸ਼ਾ, ਜਨਮ ਤੇ ਵਿਕਾਸ (Punjabi Language, Origine and Development) 68
18. ਭਾਸ਼ਾ ਤੇ ਪੰਜਾਬੀ ਭਾਸ਼ਾ (Language and Punjabi Language) 72
19. ਪੰਜਾਬੀ ਸਾਹਿਤ ਅਤੇ ਉਸ ਦੇ ਰੂਪ (Punjabi Literature and its Kinds) 80


## ਭਾਗ-3


20. ਸਾਰ (ਅਣਡਿੱਠ ਪੈਹਰਾ) (Unseen Passage) 91
21. ਸੰਖੇਪ-ਰਚਨਾ (Precis) 101
22. ਨੋਟਿਸ ਲਿਖਣੇ (Notice Writing) 118
23. ਪਾਠ ਬੋਧ (Text Curriculum) 121
24. ਚਿੱਠੀ-ਪੱਤਰ ਰਚਨਾ (Letter, Writing) 124
25. ਮੁਹਾਵਰੇ (Idioms) 140
26. ਅਖਾਣ (Proverbs) 148

# ਭਾਗ-1

# ਅਧਿਆਏ-1: ਵਿਆਕਰਣ

## (Grammar)

*ਵਿਸ਼ਾ-ਵਸਤੂ (Contents)*


1. ਉਦੇਸ਼
2. ਪ੍ਰਸਤਾਵਨਾ
3. ਵਿਸ਼ੇ ਵਸਤੂ
4. ਪਰਿਭਾਸ਼ਾ
5. ਵਿਦਵਾਨਾਂ ਦੇ ਵਿਚਾਰ
6. ਉੱਤਰ ਮਾਲਾ : ਸਵੈ ਮੁਲਾਂਕਣ


ਭਾਸ਼ਾ ਦਾ ਸ਼ੁੱਧ ਪ੍ਰਯੋਗ ਕਰਨਾ ਇਕ ਕਲਾ ਹੈ। ਭਾਸ਼ਾ ਦੇ ਸ਼ੁੱਧ ਪ੍ਰਯੋਗ ਲਈ ਵਿਆਕਰਣ ਦਾ ਵਿਸ਼ੇਸ਼ ਯੋਗਦਾਨ ਹੈ। ਪ੍ਰਾਚੀਨ ਪ੍ਰਸਿੱਧ ਵਿਆਕਰਣਕਾਰਾ, ਮਹਾਂਰਿਸ਼ੀ, ਪਾਸਿਕੀ ਤੇ ਪਤੰਜਲੀ ਨੇ ਵਿਆਕਰਣ ਨੂੰ ਸ਼ਬਦ ਅਨੁਸ਼ਾਸਨ ਕਿਹਾ ਹੈ। ਇਸ ਨਾਲ ਸ਼ੁੱਧ  ਭਾਸ਼ਾ ਦਾ ਰੂਪ ਸਥਾਪਿਤ ਹੁੰਦਾ ਹੈ। ਵਿਆਕਰਣ ਨਾਲ ਇਹ ਗਿਆਨ ਪ੍ਰਾਪਤ ਹੁੰਦਾ ਹੈ ਕਿ ਕਿਹੜੇ ਸ਼ਬਦਾਂ ਨੂੰ ਵਾਕ ਦੇ ਕਿਸ ਥਾਂ 'ਤੇ ਪ੍ਰਯੋਗ ਕਰਨਾ ਹੈ।

ਵਰਤਮਾਨ ਭਾਰਤੀ ਆਰੀਆ ਭਾਸ਼ਾਵਾਂ ਵਿਚ ਪੰਜਾਬੀ ਭਾਸ਼ਾ ਇਕ ਹੈ। ਪੰਜਾਬੀ ਭਾਸ਼ਾ ਦਾ ਵਿਆਕਰਣ-ਸਾਹਿਤ ਕੋਈ ਬਹੁਤਾ ਪੁਰਾਣਾ ਨਹੀਂ ਹੈ। ਸਭ ਤੋਂ ਪਹਿਲਾਂ ਵਿਆਕਰਣ ਸਾਹਿਤ ਅੰਗ੍ਰੇਜ਼ੀ ਵਿਦਵਾਨਾਂ ਨੇ ਲਿਖਿਆ। ਪੰਜਾਬੀ ਵਿਚ ਸਭ ਤੋਂ ਪਹਿਲਾਂ ਵਿਆਕਰਣ ਸਾਹਿਤ ਲਾਲਾ ਬਿਹਾਰੀ ਲਾਲ ਨੇ ਸੰਨ 1869 ਵਿਚ ਲਿਖਿਆ ਅਤੇ ਛਾਪਿਆ। ਇਸ ਪਿਛੋਂ ਮੋਹਨ ਸਿੰਘ ਨੇ ਪੰਜਾਬੀ ਵਿਆਕਰਣ ਸੋਧ ਦੀ ਰਚਨਾ ਕੀਤੀ। ਇਸ ਪਿੱਛੋਂ ਦੂਨੀ ਚੰਦ ਨੇ 'ਪੰਜਾਬੀ ਭਾਸ਼ਾ ਦਾ ਵਿਆਕਰਣ' ਦੀ ਰਚਨਾ ਕੀਤੀ। ਇਸ ਰਚਨਾ ਵਿਚ ਵਿਆਕਰਣ ਨੂੰ ਨਵੇਂ ਦ੍ਰਿਸ਼ਟੀਕੋਣ ਅਤੇ ਨਾਲ ਹਰ ਪੱਖ ਨੂੰ ਵਿਗਿਆਨਕ ਦ੍ਰਿਸ਼ਟੀ ਨਾਲ ਪੇਸ਼ ਕੀਤਾ ਗਿਆ ਹੈ। ਜਿਵੇਂ ਜਿਵੇਂ ਪੰਜਾਬੀ ਭਾਸ਼ਾ ਵਿਕਸਿਤ ਹੁੰਦਾ ਗਿਆ ਉਸੇ ਤਰ੍ਹਾਂ ਨਾਲ ਨਾਲ ਹੀ ਉਸ ਦੇ ਵਿਆਕਰਣ ਦਾ ਵਿਕਾਸ ਹੁੰਦਾ ਗਿਆ।

ਵਿਦਿਵਾਨਾਂ ਅਨੁਸਾਰ ਭਾਸ਼ਾ ਸਿੱਖਿਆ ਵਿਚ ਵਿਆਕਰਣ ਦਾ ਬਹੁਤ ਮਹੱਤਵ ਹੈ। ਵਿਆਕਰਣ ਤੋਂ ਬਿਨਾਂ ਕੋਈ ਵਿਅਕਤੀ ਭਾਸ਼ਾ ਉੱਤੇ ਸੰਪੂਰਣ ਅਧਿਕਾਰ ਪ੍ਰਾਪਤ ਨਹੀਂ ਕਰ ਸਕਦਾ। ਵਿਆਕਰਣ ਵਾਕਾਂ ਵਿਚ ਆਏ ਸ਼ਬਦ ਸਮੂਹਾਂ ਦੇ ਅੰਤਰ ਨੂੰ ਸਪੱਸ਼ਟ ਕਰਨ ਵਿਚ ਸਹਾਈ ਹੁੰਦਾ ਹੈ ਅਤੇ ਭਾਸ਼ਾ ਅਪਭ੍ਰੰਸ਼ ਜਾਂ ਗੰਦੀ ਹੋਣ ਤੋਂ ਬਚਾਉਂਦਾ ਹੈ। ਵਿਆਕਰਣ ਦੇ ਗਿਆਨ ਤੋਂ ਬਾਅਦ ਵਿਦਿਆਰਥੀ ਘੱਟ ਤੋਂ ਘੱਟ ਸ਼ਬਦਾਂ ਵਿਚ ਸ਼ੁੱਧਤਾ ਨਾਲ ਆਪਣੇ ਭਾਵਾਂ ਨੂੰ ਪ੍ਰਗਟ ਕਰ ਸਕਦਾ ਹੈ।

ਪ੍ਰਾਚੀਨ ਕਾਲ ਤੋਂ ਸਾਡੇ ਵਿਚ ਵਿਆਕਰਣ ਦਾ ਵਿਸ਼ੇਸ਼ ਮਹੱਤਵ ਰਿਹਾ ਹੈ। ਹਰੇਕ ਵਿਦਿਆਰਥੀ ਲਈ ਵਿਆਕਰਣ ਦੀ ਸਿੱਖਿਆ ਲੈਣੀ ਲਾਜ਼ਮੀ ਹੈ। ਸੰਸਕ੍ਰਿਤ ਸਾਹਿਤ ਵਿਚ ਵਿਦਿਆਰਥੀ ਵਿਆਕਰਣ ਦੇ ਗ੍ਰੰਥ ਮਿਲਦੇ ਹਨ। ਅਸਲ ਵਿਚਕਿਸੇ ਵੀ ਭਾਸ਼ਾ ਉੱਪਰ ਪੂਰਨ ਅਧਿਕਾਰ ਪ੍ਰਾਪਤ ਕਰਨ ਲਈ ਵਿਆਕਰਣ ਉਹ ਸ਼ਾਸਤਰ ਹੈ ਜਿਸ ਦੇ ਦੁਆਰਾ ਸ਼ੁੱਧ ਪੜ੍ਹਨਾ, ਸ਼ੁੱਧ ਲਿਖਣਾ ਤੇ ਸ਼ੁੱਧ ਬੋਲਣਾ ਆਉਂਦਾ ਹੈ। ਇਸ ਦਾ ਮਨੋਰਥ ਸਿਰਫ਼ ਭਾਸ਼ਾ ਸਿਖਾਉਣਾ ਹੀ ਨਹੀਂ, ਸਗੋਂ ਹੇਠ ਲਿਖੀਆਂ ਗੱਲਾਂ ਦਾ ਗਿਆਨ ਕਰਵਾਉਣਾ ਵੀ ਹੈ :-

1. ਭਾਸ਼ਾ ਰਚਨਾ ਦਾ ਗਿਆਨ ਕਰਵਾਉਣਾ।
2. ਭਾਸ਼ਾ ਵਿਚ ਆਏ ਸ਼ਬਦ ਸਮੂਹਾਂ ਦੇ ਅੰਤਰ ਨੂੰ ਸਪੱਸ਼ਟ ਕਰਨਾ।
3. ਭਾਸ਼ਾ ਨਾਲ ਸਬੰਧਤ ਨਿਯਮ ਬਣਾਉਣਾ।
4. ਭਾਸ਼ਾ ਦਾ ਸ਼ੁੱਧਤਾ ਦਾ ਪਤਾ ਲਗਾਉਣਾ ਤੇ ਫ਼ੈਸਲਾ ਦੇਣਾ।

ਨੋਟ

ਇੰਝ ਵਿਆਕਰਣ, ਭਾਸ਼ਾਦਾ ਅੰਗ (ਸਰੀਰ) ਵਿਗਿਆਨ ਹੈ ਅਤੇ ਉਸ ਦਾ ਵਿਵਹਾਰਕ ਵਿਸ਼ਲੇਸ਼ਣ ਕਰਦਾ ਹੈ। ਇਹ ਭਾਸ਼ਾ ਅੰਗ ਰੱਖਿਅਕ ਅਤੇ ਅਨੁਸ਼ਾਸਕ ਹੈ ਪਰ ਇਕ ਗੱਲ ਜ਼ਰੂਰ ਯਾਦ ਰੱਖਣ ਵਾਲੀ ਹੈ ਕਿ ਵਿਦਿਆਕਰਣ ਭਾਸ਼ਾ ਦੀ ਸ਼ੁੱਧਤਾ ਦਾ ਸਾਧਨ ਹੈ, ਅੰਤਿਮ ਨਿਸ਼ਾਨਾ ਨਹੀਂ ਵਿਆਕਰਣ ਦੀ ਲੋੜ ਤੇ ਮਹੱਤਵ :–

1. ਵਿਆਕਰਣ ਦੀ ਸਿੱਖਿਆ ਭਾਸ਼ਾ ਦਾ ਲਾਜ਼ਮੀ ਤੇ ਮਹੱਤਵਪੂਰਨ ਅੰਗ ਹੈ। ਵਿਆਕਰਣ ਹੀ ਇਕ ਐਸਾ ਸਾਧਨ ਹੈ ਜੋ ਭਾਸ਼ਾ ਦਾ ਦਿਸ਼ਾ ਨਿਰਦੇਸ਼ਨ ਕਰਦਾ ਹੈ। ਉਸ ਨੂੰ ਸੌਖੀ ਤਰ੍ਹਾਂ ਲੋੜੀਂਦੇ ਨਿਸ਼ਾਨੇ ਤੱਕ ਪਹੁੰਚਾਉਂਦਾ ਹੈ।
2. ਵਿਆਕਰਣ ਦੇ ਨਿਯਮ ਸਮਝ ਤੋਂ ਬਾਅਦ ਵਿਦਿਆਰਥੀਆਂ ਵਿਚ “ਮੌਲਿਕ” ਵਾਕ ਸਰਚਨਾ ਦੀ ਯੋਗਿਤਾ ਦਾ ਵਿਕਾਸ ਕਰਦਾ ਹੈ।
3. ਭਾਸ਼ਾ ਦੇ ਸ਼ੁੱਧ ਰੂਪ ਨੂੰ ਪਛਾਨਣ ਦੇ ਯੋਗ ਤੇ ਸਮਰੱਥ ਬਣਾਉਣ ਲਈ ਵਿਆਕਰਣ ਹੀ ਸਹਾਈ ਹੁੰਦਾ ਹੈ।
4. ਭਾਸ਼ਾ ਨੂੰ ਸਿੱਖਣ ਲਈ ਸਫਲਤਾ ਤੇ ਸੁਗਮਤਾ ਲਿਆਉਣ ਲੀ ਵਿਆਕਰਣ ਦਾ ਮੂਲ ਹੱਥ ਹੈ। ਭਾਸ਼ਾ ਦਾ ਪੂਰਨਤਾ ਲਈ, ਲਿਖਣ, ਬੋਲਮ ਤੇ ਸੁਣਨ ਦੀ ਸ਼ੁੱਧਤਾ ਵਿਆਕਰਣ ਦੇ ਨਿਯਮ ਨਾਲ ਹੀ ਆਉਂਦੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਵਾਂ ਦੀ ਸਪੱਸ਼ਟਤਾ ਭਾਸ਼ਾ ਉੱਤੇ ਨਿਰਭਰ ਕਰਦੀ ਹੈ। ਪ੍ਰੰਤੂ ਭਾਸ਼ਾ ਦੀ ਸ਼ੁੱਧਤਾ ਵਿਆਕਰਣ ਉੱਤੇ ਨਿਰਭਰ ਕਰਦੀ ਹੈ। ਵਿਆਕਰਣ ਦੀ ਜਾਣਕਾਰੀ ਤੋਂ ਬਿਨਾਂ ਭਾਸ਼ਾ ਦੇ ਸ਼ੁੱਧ ਹੋਣ ਦਾ ਗਿਆਨ ਨਹੀਂ ਹੋ ਸਕਦਾ। ਇਸ ਵਿਆਕਰਣ ਦਾ ਗਿਆਨ ਭਾਸ਼ਾ ਸਿੱਖਿਆ ਵਿਚ ਲਾਜ਼ਮੀ ਹੈ। ਭਾਸ਼ਾ ਵਿਚ ਵਿਆਕਰਣ ਦੇ ਦਿੱਤੇ ਵਿਚਾਰ, ਉਪਯੋਗਾਂ ਤੇ ਲਾਭ ਦੇ ਬਾਵਜੂਦ ਸਿੱਖਿਆ ਸ਼ਾਸਤਰੀਆਂ ਵਿਚ ਆਪਸੀ ਮੱਤਭੇਦ ਵੀ ਪਾਏ ਜਾਂਦੇ ਹਨ।

## ਵਿਦਵਾਨਾਂ ਦਾ ਵਿਚਾਰ :-

ਕੁਝ ਵਿਦਵਾਨਾਂ ਦੇ ਵਿਚਾਰ ਅਨੁਸਾਰ ਭਾਸ਼ਾ, ਸਿੱਖਿਆ ਵਿਚ ਵਿਆਕਰਨ ਦਾ ਬਹੁਤ ਮਹੱਤਵ ਹੈ। ਵਿਆਕਰਣ ਤੋਂ ਬਿਨਾਂ ਭਾਸ਼ਾ ਦੇ ਭੇਦਾਂ ਨੂੰ ਵਿਆਕਰਣ ਦੇ ਨਿਯਮਾਂ ਅਨੁਸਾਰ ਹੀ ਸਮਝਿਆ ਜਾਵੇ ਇਹ ਤੱਤ ਜ਼ਰੂਰੀ ਹੈ। ਭਾਸ਼ਾ ਵਿਚ ਬੋਲਣ ਤੇ ਲਿਖਣ ਦੀ ਸਪੱਸ਼ਟਤਾ, ਵਿਆਕਰਣ ਦੇ ਗਿਆਨ ਤੋਂ ਬਗੈਰ ਨਹੀਂ ਆ ਸਕਦੀ। ਇਹ ਮਾਨਸਿਕ ਅਨੁਸ਼ਾਸਨ ਸਥਿਰ ਕਰਨ ਦਾ ਇਕ ਉੱਤਮ ਸਾਧਨ ਹੈ ਜੋ ਬੱਚੇ ਦੀ ਸਿੱਖਿਆ ਲਈ ਅਤਿਅੰਤ ਜ਼ਰੂਰੀ ਵਸਤੂ ਹੈ।

ਕੁਝ ਵਿਦਵਾਨਾਂ ਦਾ ਵਿਚਰ ਇਸ ਤੇ ਉਲਟ ਹੈ। ਇਹ ਵਿਦਵਾਨਾਂ ਦਾ ਇਹ ਵਿਚਾਰ ਹੈ ਕਿ ਭਾਸ਼ਾ ਸਿੱਖਿਆ ਵਿਚ ਜਾਂ ਭਾਸ਼ਾ ਸਿਖਾਉਣ ਲਈ ਵਿਆਕਰਣ ਦੇ ਨਿਯਮਾਂ ਦੇ ਗਿਆਨ ਦੀ ਕੋਈ ਲੋੜ ਨਹੀਂ ਹੈ। ਇਨ੍ਹਾਂ ਵਿਦਵਾਨਾਂ ਅਨੁਸਾਰ ਭਾਸ਼ਾ ਬੋਲ ਕੇ ਅਨੁਕਰਨ ਦੁਆਰਾ ਸਿੱਖੀ ਜਾਂਦੀ ਹੈ, ਨਾ ਕਿ ਵਿਆਕਰਣ ਦੇ ਨਿਯਮਾਂ ਨੂੰ ਘੋਟਾ ਲਗਾ ਕੇ। ਇਸ ਲਈ ਵਿਆਕਰਣ ਦੀ ਸਿੱਖਿਆ ਦੇਣਾ ਸਮੇਂ ਦੀ ਬਰਬਾਦੀ ਹੀ ਲਗਦੀ ਹੈ। ਵਿਦਿਆਰਥੀਆਂ ਲਈ ਵਿਆਕਰਣ ਦਾ ਗਿਆਨ ਉਨ੍ਹਾਂ ਹੀ ਜ਼ਰੂਰੀ ਹੈ, ਜਿੰਨਾ ਕਿ ਉਨ੍ਹਾਂ ਨੂੰ ਪਾਠ ਪੁਸਤਕ ਸਮਝਣ ਲਈ ਜ਼ਰੂਰੀ ਹੈ। ਵਿਆਕਰਣ, ਭਾਸ਼ਾ ਸਿੱਖਣ ਵਿਚ ਸਹਾਈ ਹੁੰਦੀ ਹੈ। ਇਹ ਇਕ ਮਾਧਿਅਮ ਹੈ ਜਿਸ ਨਾਲ ਭਾਸ਼ਾ, ਸੌਖੀ ਤਰ੍ਹਾਂ ਸਿੱਖੀ ਜਾ ਸਕਦੀ ਹੈ ਪ੍ਰੰਤੂ ਇਹ ਕੋਈ ਆਪਣੇ ਆਪ ਵਿਚ ਕੋਈ ਅੰਤਿਮ ਨਿਸਾਨਾ ਨਹੀਂ।

ਇਸ ਤਰ੍ਹਾਂ ਨਤੀਜਾ ਇਹ ਨਿਕਲਦਾ ਹੈ ਕਿ ਟੀਚਰ ਨੂੰ ਆਪਣੇ ਵਿਵੇਕ ਦੇ ਆਧਾਰ ’ਤੇ ਵਿਆਕਰਣ ਦਾ ਪ੍ਰਯੋਗ ਬੱਚਿਆਂ ਸਿਖਾਉਣਾ ਚਾਹੀਦਾ ਹੈ ਨਾ ਕਿ ਇਸ ਦੇ ਨਿਯਮਾਂ ਨੂੰ ਘੋਟੇ ਲਗਾਉਣੇ ਚਾਹੀਦੇ ਹਨ।

ਬੱਚੇ ਦਾ ਜਦੋਂ ਸ਼ਬਦ ਭੰਡਾਰ ਕਾਫੀ ਜ਼ਿਆਦਾ ਹੋ ਜਾਵੇ ਤਾਂ ਉਹ ਚੰਗੀ ਤਰ੍ਹਾਂ ਵਾਕ ਬਣਤਰ ਸਮਝਣ

ਲੱਗ ਜਾਵੇ ਤਾਂ ਹੀ ਵਿਆਕਰਣ ਦੇ ਸਿਧਾਤਾਂ ਦਾ ਗਿਆਨ ਕਰਵਾਉਣਾ ਚਾਹੀਦਾ ਹੈ। ਅਧਿਆਪਕ ਨੂੰ ਵਿਆਕਰਣ ਦੀ ਸਿੱਖਿਆ ਦੇ ਗਿਆਨ ਕਰਵਾਉਣ ਲਈ ਰੌਚਿਕ ਅਤੇ ਸਰਲ ਤਰੀਕਾ ਅਪਨਾਉਣਾ ਚਾਹੀਦਾ ਹੈ ਤਾਂ ਕਿ ਬੱਚੇ ਅਸਾਨੀ ਨਾਲ ਸਮਝ ਸਕੇ। ਇਸ ਪ੍ਰਤੀ ਅਧਿਆਪਕਾਂ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

## ਉੱਤਰ ਮਾਲਾ : ਸਵੈ ਮੁਲਾਂਕਣ

1. ਵਿਆਕਰਣ ਦੀ ਪਰਿਭਾਸ਼ਾ ਆਪਣੇ ਸ਼ਬਦਾਂ ਵਿਚ ਲਿਖੋ।
2. ਵਿਆਕਰਣ ਬਾਰੇ ਵਿਦਵਾਨਾਂ ਦੀ ਰਾਏ।
3. ਵਿਆਕਰਣ ਦੀ ਕੀ ਲੋੜ?

•••

ਨੋਟ

# ਅਧਿਆਏ-2: ਵਿਸ਼ਰਾਮ-ਚਿੰਨ੍ਹ

## (Punctuation)

*ਵਿਸ਼ਾ-ਵਸਤੂ* ***(Contents)***

1. ਵਿਸ਼ਰਾਮ-ਚਿੰਨ
2. ਉਦੇਸ਼
3. ਪ੍ਰਸਤਾਵਨਾ
4. ਅਰਥ
5. ਵਿਸ਼ਰਾਮ-ਚਿੰਨ੍ਹ ਦੇ ਪ੍ਰਕਾਰ
6. ਵਿਸ਼ਰਾਮ-ਚਿੰਨ੍ਹ ਦੀ ਵਰਤੋਂ
7. ਉੱਤਰ ਮਾਲਾ : ਸਵੈ ਮੁਲਾਂਕਣ

ਵਿਸ਼ਰਾਮ ਦਾ ਅਰਥ ਹੈ ਰੁਕਣਾ ਜਾਂ ਆਰਾਮ ਕਰਨਾ। ਵਿਸ਼ਰਾਮ ਚਿੰਨ੍ਹ ਸਾਨੂੰ ਦੱਸਦੇ ਹਨ ਕਿ ਗੱਲ ਕਰਨ ਵੇਲੇ ਜਾਂ ਕਿਸੇ ਲਿਖਤ ਪੜ੍ਹਨ ਵੇਲੇ ਕਿੱਥੇ ਰੁਕਣਾ ਹੈ। ਬੋਲਣ ਲੱਗਿਆਂ ਕਈ ਵਾਰ ਕਈ ਜਗ੍ਹਾ ਰੁਕਣਾ ਜਾਂ ਠਹਿਰਾਓ ਸੁਭਾਵਿਕ ਆ ਜਾਂਦਾ ਹੈ। ਲਿਖਣ ਲੱਗਿਆਂ ਠਹਿਰਾਓ ਜਾਂ ਰੁਖਣਾ ਲਈ ਖਾਸ਼ ਧਿਆਨ ਦੇਣਾ ਪੈਂਦਾ ਹੈ। ਬੋਲਣ ਜਾਂ ਲਿਖਣ ਲਈ ਆਪਣੇ ਭਾਵਾਂ ਖਿਆਲਾਂ ਤੇ ਵਿਚਾਰਾਂ ਦੀ ਸਹੀ ਤਰਜਮਾਨੀ ਲਈ ਜਿਹੜੇ ਚਿੰਨ੍ਹ ਲਗਾਏ ਜਾਂਦੇ ਹਨ ਜਿਸ ਨਾਲ ਗੱਲ ਸਪੱਸ਼ਟ ਹੋ ਜਾਵੇ। ਉਨ੍ਹਾਂ ਨੂੰ ਵਿਸ਼ਰਾਮ ਚਿੰਨ੍ਹ ਆਖਦੇ ਹਨ। ਵਾਕਾਂ ਵਿਚ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਠੀਕ ਢੰਗ ਨਾਲ ਵਰਤੋਂ ਨਾ ਕੀਤੀ ਜਾਵੇ ਤਾਂ ਵਾਕਾਂ ਦਾ ਅਰਥ ਹੀ ਬਦਲ ਜਾਂਦਾ ਹੈ। ਵਾਕਾਂ ਦੇ ਅਰਥਾਂ ਨੂੰ ਠੀਕ ਸਮਝਣ ਲਈ ਠੀਕ ਢੰਗ ਨਾਲ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕਰਨਾ ਜ਼ਰੂਰੀ ਹੈ।

ਪੰਜਾਬੀ ਭਾਸ਼ਾ ਵਿਚ ਹੇਠ ਲਿਖੇ ਵਿਸ਼ਰਾਮ-ਚਿੰਨ੍ਹ ਵਰਤੇ ਜਾਂਦੇ ਹਨ :=

| | | | |
|---|---|---|---|
| 1. | ਪੂਰਣ ਵਿਸ਼ਰਾਮ ਜਾਂ ਡੰਡੀ | = | । |
| 2. | ਅਲਪ ਵਿਸ਼ਰਾਮ ਜਾਂ ਕਾਮਾ | = | , |
| 3. | ਅਰਧ ਵਿਸ਼ਰਾਮ ਜਾਂ ਸੈਮੀ ਕੋਲ | = | ; |
| 4. | ਪ੍ਰਸ਼ਨ-ਚਿੰਨ੍ਹ | = | ? |
| 5. | ਵਿਸਮਿਕ ਚਿੰਨ੍ਹ | = | ! |
| 6. | ਦੁਬਿੰਦੀ | = | : |
| 7. | ਡੈਸ਼ | = | – |
| 8. | ਦੁਬਿੰਦੀ ਡੈਸ਼ | = | :– |
| 9. | ਪੁੱਠੇ ਕਾਮੇ | = | ‘’ “ ” |
| 10. | ਜੋੜਨੀ | = | – |
| 11. | ਬਰੈਕਟ | = | ( ) |
| 12. | ਛੁੱਟ-ਮਰੋੜੀ | = | , |
| 13. | ਬਿੰਦੀ | = | . |

## 1. ਪੂਰਣ ਵਿਸ਼ਰਾਮ ਜਾਂ ਡੰਡੀ ( I):-

ਇਹ ਚਿੰਨ ਵਾਕ ਦੇ ਅੰਤ ਉੱਤੇ ਵਰਤਿਆ ਜਾਂਦਾ ਹੈ ਅਤੇ ਇਕ ਵਾਕ ਨੂੰ ਦੂਜੇ ਵਾਕ ਨਾਲੋਂ ਵੱਖਰਾ ਕਰਦਾ ਹੈ, ਇਸ ਦਾ ਚਿੰਨ੍ਹ (।) ਹੈ ਜਿਵੇਂ :–

**ਨੋਟ**

(ੳ) ਅਸੀਂ ਸਿਆਲਾਂ ਨੂੰ ਗਰਮ ਕੱਪੜੇ ਪਾਉਂਦੇ ਹਾਂ।

(ਅ) ਪਿਛਲੇ ਸੰਸਾਰ ਯੁੱਧ ਵਿਚ ਜਪਾਨੀਆਂ ਨੂੰ ਇਹ ਖ਼ਬਰ ਨਹੀਂ ਸੀ ਕਿ ਪ੍ਰਮਾਣੂ ਬੰਬਾਂ ਦੀ ਭਿਆਨਕ ਵਰਤੋਂ ਨਾਲ ਉਨ੍ਹਾਂ ਨੂੰ ਲੱਕ-ਤੋੜਵੀਂ ਹਾਰ ਦਿੱਤੀ ਜਾਵੇਗੀ।

## 2. ਅਲਪ ਵਿਸ਼ਰਾਮ ਚਿੰਨ੍ਹ (,) :-

ਪੂਰਨ ਵਿਸ਼ਰਾਮ ਤੋਂ ਬਾਅਦ ਅਲਪ ਵਿਸ਼ਰਾਮ ਚਿੰਨ੍ਹ ਜਾਂ 'ਕਾਮੇ' ਦੀ ਵਰਤੋਂ ਵਧੇਰੇ ਹੁੰਦੀ ਹੈ। ਇਸ ਲਈ ਇਸ ਦੀ ਵਰਤੋਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਜਿੱਥੇ ਥੋੜ੍ਹੇ ਠਹਿਰਾਓ ਹੋਵੇ, ਜਿਵੇਂ :-

(ੳ) ਜਦੋਂ ਕਿਸੇ ਵਾਕ ਵਿਚ ਕਿ ਵਿਸ਼ੇਸ਼ ਲਈ ਬਹੁਤੇ ਵਿਸ਼ੇਸ਼ਣ ਵਰਤੇ ਜਾਂਦੇ ਹਨ, ਅਤੇ ਉਨ੍ਹਾਂ ਵਿਚ ਯੋਜਕ ਨਹੀਂ ਹੁੰਦਾ ਤਾਂ ਹਰ ਵਿਸ਼ੇਸ਼ਣ ਬਾਅਦ 'ਕਾਮਾ' ਲਗਦਾ ਹੈ:- ਦਲੇਰ, ਮਿਹਨਤੀ, ਸਿਰੜੀ ਤੇ ਚੁਸਤ ਹੀ ਜ਼ਿੰਦਗੀ ਵਿਚ ਸਫਲ ਹੁੰਦੇ ਹਨ।

(ਅ) ਦੋ ਤੋਂ ਵੱਧ ਸ਼ਬਦਾਂ ਨੂੰ ਨਿਖੇੜਨ ਲਈ ਕਾਮ ਵਰਤਿਆ ਜਾਂਦਾ ਸਰਦੀ ਦੀਆਂ ਸਬਜ਼ੀਆਂ, ਗੋਭੀ, ਮਟਰ, ਗਾਜਰ, ਸਾਗ ਆਦਿ ਹਨ।

(ੲ) ਕਿਸੇ ਦੇ ਕੱਥਨ ਨੂੰ ਜਿਉਂ ਦਾ ਤਿਉਂ ਦੇਣ ਲਈ ਉਸ ਤੋਂ ਪਹਿਲ। ਕਾਮਾਂ ਦੀ ਵਰਤੋਂ ਕੀਤੀ ਜਾਂਦੀ ਹੈ- ਅਧਿਆਪਕ ਨੇ ਨਿਹ, "ਮਿਹਨਤੀ ਵਿਦਿਆਰਥੀ ਹੀ ਸਫਲ ਹੁੰਦੇ ਹਨ।

(ਸ) ਕਿਸੇ ਵਾਕ ਦੇ ਉਪਵਾਕਾਂ ਨੂੰ ਜੋੜਣ ਲਈ ਵਰਤਿਆ ਜਾਵੇ ਤਾਂ ਉਪਵਾਕਾਂ ਦੇ ਵਿਚਕਾਰ ਕਾਮਾ ਲਗਾਇਆ ਜਾਂਦਾ ਹੈ, ਮੈਂ ਜਾਣਦਾ ਹਾਂ, ਉਹ ਨਹੀਂ ਆਵੇਗਾ।

ਕਈ ਵਾਰ ਜਦੋਂ ਕਿਸੇ ਵਾਕ ਵਿਚ ਇਕ ਉਪਵਾਕ ਦੇ ਲਈ ਕੇਵਲ ਇਕ ਹੀ ਸ਼ਬਦ ਦੀ ਵਰਤੋਂ ਕੀਤੀ ਜਾਵੇ, ਤਾਂ ਕਾਮਾ ਲਗਾਇਆ ਜਾਂਦਾ ਹੈ:- ਇਕ ਤਾਂ ਤੁਸੀਂ ਘਰੋਂ ਲੇਟ ਆਏ ਹੋ, ਉੱਪਰੋਂ ਦੂਜਿਆਂ ਨੂੰ ਡਾਂਟ ਰਹੇ ਹੋ।

## 3. ਅਰਧ ਵਿਸ਼ਰਾਮ ਜਾਂ ਸੈਮੀਕੋਲਨ (;) :-

ਜਦੋਂ ਕਿਸੇ ਵਾਕ ਵਿਚ ਪੂਰਨ ਵਿਸ਼ਰਾਮ ਤੋਂ ਕੁਝ ਘੱਟ ਸਮੇਂ ਦਾ ਠਹਿਰਾਓ ਅਤੇ ਕਾਮੇ ਦੇ ਠਹਿਰਾਓ ਨਾਲੋਂ ਵੱਧ ਦੱਸਣਾ ਹੋਵੇ ਤਾਂ ਇਸ ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ :-

(ੳ) ਜਦੋਂ ਕਿਸੇ ਵਾਕ ਵਿਚ ਅਜਿਹੇ ਵਾਕ ਹੋਣ, ਜਿਹੜੇ ਅਰਥ ਵਿਚ ਪੂਰੇ ਹੋਣ ਅਤੇ ਇਕ ਦੂਜੇ ਨਾਲ ਸਬੰਧ ਵੀ ਰੱਖਦੇ ਹੋਣ ਤਾਂ ਉਨ੍ਹਾਂ ਨੂੰ ਨਿਖੇੜਣ ਲਈ ਇਸ ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ :-
... ਜ਼ਿੰਦਗੀ ਅਤਿ ਸੁਹਣੀ ਹੈ; ਜ਼ਿੰਦਾ ਦਿਲੀ ਨਾਲ ਜੀਵੋ। ਲੋਕ ਤੁਹਾਡੀ ਕਦਰ ਕਰਨਗੇ।

(ਅ) ਕਿਸੇ ਗੱਲ ਨੂੰ ਸਮਝਾਉਣ ਲਈ ਉਦਾਹਰਣ ਦੇਣੀ ਹੋਵੇ ਤਾਂ ਸ਼ਬਦ ਜਿਵੇਂ ਜਿਸ ਤਰ੍ਹਾਂ, ਜਿਹਾ ਕਿ ਆਦਿ ਤੋਂ ਪਹਿਲਾਂ ਇ ਸ ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ :-
ਉਹ ਸ਼ਬਦ ਜਿਹੜਾ ਕਿਸੇ ਨਾਮ ਦੀ ਵਿਸ਼ੇਸ਼ਤਾ ਦੱਸੇ, ਜਿਵੇਂ-ਕਾਲ, ਚਤੁਰ, ਸਿਆਣਾ ਆਦਿ।

## 4. ਪ੍ਰਸ਼ਨ ਚਿੰਨ੍ਹ (?) :-

ਇਹ ਚਿੰਨ੍ਹ ਵੀ ਵਾਕ ਦੇ ਅੰਤ ਵਿਚ ਆਉਂਦਾ ਹੈ। ਜਦੋਂ ਕਿਸੇ ਵਾਕ ਵਿਚ ਕੋਈ ਪ੍ਰਸ਼ਨ ਕੀਤਾ ਜਾਵੇ, ਤਾਂ ਪੂਰਨ ਵਿਸ਼ਰਾਮ ਦੀ ਥਾਂ ਇਸ ਦੀ ਵਰਤੋਂ ਕੀਤੀ ਜਾਂਦੀ ਹੈ, ਇਸ ਦਾ ਚਿੰਨ੍ਹ (?) ਹੋ ਜਿਵੇਂ :-

(ੳ) ਕੌਣ ਬੋਲਦਾ ਹੈ?

(ਅ) ਉਹ ਕਿਹੜਾ ਬਹਾਦਰ ਜਰਨੈਲ ਸੀ, ਜਿਸ ਨੇ ਨਪੋਲੀਅਨ ਨੂੰ ਹਾਰ ਦਿੱਤੀ।

## 5. ਵਿਸਮਿਕ ਚਿੰਨ੍ਹ ( !):-

ਜਦੋਂ ਵਾਕ ਵਿਚ ਹੈਰਾਨੀ, ਸ਼ੌਕ, ਖੁਸ਼ੀ, ਗਮੀ ਜਾਂ ਹੋਰ ਅਜਿਹੇ ਭਾਵ ਪ੍ਰਗਟ ਕੀਤੇ ਜਾਣ ਤਦੋਂ ਵਿਸਮਿਕ ਚਿੰਨ੍ਹ ਦੀ ਵਰਤੋਂ ਹੁੰਦੀ ਹੈ।

(ੲ) ਚਿੰਨ੍ਹ ਹੇਠਾਂ ਦੱਸੀਆਂ ਥਾਵਾਂ 'ਤੇ ਵਰਤਿਆ ਜਾਂਦਾ ਹੈ ਜਿਵੇਂ :–

(ੳ) ਸੰਬੋਧਨ ਕਰਨ ਵੇਲੇ–ਨੀ ਕੁੜੀਏ! ਸ਼ਰਮ ਕਰ।

(ਅ) ਹੈਰਾਨੀ, ਖੁਸ਼ੀ, ਗਮੀ ਵਾਲੇ ਵਾਕ : ਹੈਂ! ਤੂੰ ਹਾਲੇ ਗਿਆ ਨਹੀਂ।

## 6. ਦੁਬਿੰਦੀ ਜਾਂ ਕੋਲਨ (:):-

ਸ਼ਬਦਾਂ ਨੂੰ ਸੰਖੇਪ ਕਰਨ ਲਈ ਦੁਬਿੰਦੀ ਜਾਂ ਕੋਲਨ ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ :–
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ–ਸ਼੍ਰੋ. ਗੁ. ਪ੍ਰ. ਕ.
(ਡਾਕਟਰ)– ਡਾ: (ਸਰਦਾਰ) ਸ: (ਪ੍ਰਿੰਸੀਪਲ) ਪ੍ਰਿੰ:

## 7. ਡੈਸ਼ (-) :–

(ੳ) ਇਸ ਦੀ ਵਰਤੋਂ ਬੋਲ–ਚਾਲ ਵਾਲੇ ਵਾਕਾਂ ਵਿਚ ਕੀਤੀ ਜਾਂਦੀ ਖਾਸ ਤੌਰ ਵਾਰਤਾਲਾਪ ਵਾਲੀ ਭਾਸ਼ਾ ਜਿਵੇਂ ਨਾਟਕਾਂ ਦੀ ਬੋਲ ਚਾਲ :–
ਸੁਰਿੰਦਰ–ਤੁਸੀਂ ਕਦੋਂ ਤੱਕ ਜਾਵੋਗੇ?
ਗੁਰਿੰਦਰ–ਮੈਂ ਥੋੜ੍ਹੀ ਦੇਰ ਤੱਕ ਜਾਵਾਂਗਾ।

(ਅ) ਥਥਲਾ ਕੇ ਬੋਲਣ ਵੇਲੇ ਡੈਸ਼ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ :–
ਕ–ਕ–ਕ– ਕੱਲ੍ਹ ਮੇ–ਰਾ= ਚ–ਚ=ਚਾਚਾ ਆਇਆ ਸੀ।

## 8. ਦੁਬਿੰਦੀ ਡੈਸ਼ (:-):-

ਇਸ ਦੀ ਵਰਤੋਂ ਉਦਾਹਣ ਜਾਂ ਟੂਕ ਦੇਣ ਸਮੇਂ ਕੀਤੀ ਜਾਂਦੀ ਹੈ। ਕਈ ਵਾਰ ਲਿੱਖਤ ਵਿਚ ਕੁਝ ਵੇਰਵੇ ਦੇਣੇ ਹੋਣ ਤਾਂ ਉਸ ਵੇਲੇ ਪਹਿਲਾਂ ਦੁਬੰਦੀ ਡੇਸ਼ ਦੀ ਵਰਤੋਂ ਕੀਤੀ ਜਾਂਦੀ ਹੈ।

(ੳ) ਜੀਵੇ :–ਖੇਡਾਂ ਵਿਚ ਅੱਵਲ ਰਹਿਣ ਵਾਲੇ ਵਿਦਿਆਰਥੀ ਦੇ ਨਾਂ ਹਨ :–
ਜਸਮੀਨ ਕੌਰ, ਗੁਰਿੰਦਰ ਕੌਰ, ਅਸਮੀਤ ਕੌਰ, ਜਸਪ੍ਰੀਤ ਕੌਰ।

(ਅ) ਸੱਚੇ ਪਿਆਰ ਵਿਚ ਕਿਸੇ ਤੋਂ ਪਰਦਾ ਰੱਖਣ ਦੀ ਲੋੜ ਨਹੀਂ ਸਗੋਂ ਨਿਧੜਕ ਹੋ ਕੇ ਪਿਆਰ ਦਾ ਇਜ਼ਹਾਰ ਕੀਤਾ ਜਾਵੇ ਜਿਵੇਂ ਵਾਰਸ ਆਖਦਾ ਹੈ :=
*ਹੀਰੇ ਇਸ਼ਕ ਦਾ ਮੂਲ ਸੁਆਦ ਦਿੰਦਾ*
*ਨਾਲ ਚੋਰੀਆਂ ਤੇ ਉਧਾਲਿਆ ਦੇ।*

## 9. ਪੁੱਠੇ ਕਾਮੇ (" " ""):-

ਕਈ ਵਾਰ ਕਿਸੇ ਦੇ ਕਹੇ ਹੋਏ ਸ਼ਬਦਾਂ ਨੂੰ ਮੂਲ ਰੂਪ ਲਿਖਣਾ ਹੋਵੇ ਤਾਂ ਪੁੱਠੇ ਕਾਮੇ ਵਰਤੇ ਜਾਂਦੇ ਹਨ। ਇਹ ਕਾਮੇ ਦੋ ਤਰ੍ਹਾਂ ਦੇ ਹੁੰਦੇ ਹਨ ਜਿਵੇਂ :–

ਇਕਹਿਰੇ ਪੁੱਠੇ ਕਾਮੇ (" ") ਦੂਜੇ ਦੁਹਰੇ ਪੁੱਠੇ ਕਾਮੇ (' ')

(ੳ) ਕਚਹਿਰੀ ਵਿਚ ਬਿਆਨ ਦੇਂਦਿਆਂ ਗਵਾਹ ਨੇ ਕਿਹਾ, "ਸੀਤਾ ਰਾਮ ਦਾ ਕਤਲ ਸ਼ਰ੍ਹੇਆਮ ਹੋਇਆ, ਮੈਂ ਉਥੇ ਹੀ ਸੀ।

(ਅ) ਮਹਾਕਵੀ ਸੰਤੋਖ ਦਾ ਲਿਖਿਆ 'ਸੂਰਜ ਪ੍ਰਕਾਸ਼ ਗ੍ਰੰਥ' ਦਾ ਹਰ ਗੁਰਦੁਆਰੇ ਵਿਚ ਪੜ੍ਹਿਆ ਜਾਂਦਾ ਹੈ ਅਤੇ ਕਥਾ ਹੁੰਦੀ ਹੈ।

## 10. ਜੋੜਨੀ (-):-

ਸ਼ਬਦੀ ਅਰਥ ਹਨ ਜੋੜਨ ਵਾਲੀ ਜਿਵੇਂ :–
ਘੌੜ–ਦੌੜ, ਮਹਿਜ–ਗਿਆਨ, ਪਾਣੀ, ਧਾਣੀ

**ਨੋਟ**

## 11. ਬਰੈਕਟ ([ ]):-

ਹੇਠ ਲਿਖੇ ਮੁਤਾਬਿਕ ਬਰੈਕਟ ਦੀ ਵਰਤੋਂ ਕੀਤੀ ਜਾਂਦੀ।

(ੳ) ਸ਼ਬਦਾਂ ਦੇ ਅਰਥ ਸਪੱਸ਼ਟ ਕਰਨ ਲਈ :–

(i) ਮੇਰੀ ਅਰਜ (ਬੇਨਤੀ) ਕਰਨ ਤੇ ਉਹ ਮੰਨ ਗਿਆ।

(ਅ) ਕਿਸੇ ਵਿਚਾਰ ਨੂੰ ਭਾਗਾਂ ਵਿਚ ਵੰਡ ਕੇ ਵਰਤੇ ਗਏ ਅੰਕਾਂ ਨੂੰ ਸਪੱਸ਼ਟ ਕਰਨਾ ਹੋਵੇ।

(ii) (1) (2) (4) (6) (8) ਆਦਿ

(ੲ) ਨਾਟਕਾਂ ਵਿਚ ਕਿਸੇ ਪਾਤਰ ਦੀਆਂ ਹਰਕਤਾਂ ਸਮਝਾਉਣ ਲਈ :–

ਸ਼ਰਮਾ ਜੀ– (ਹੱਥ ਜੋੜ ਕੇ) ਹੇ ਭਗਵਾਨ! ਮੇਰੀਆਂ ਭੁੱਲਾਂ ਮੁਆਫ਼ ਕਰਨੀਆਂ।

## 12. ਛੁੱਟ-ਮਰੋੜੀ ('):-

ਜਦੋਂ ਕਿਸੇ ਵਾਕ ਵਿਚ ਛੱਡੇ ਹੋਏ ਅੱਖਰ ਨੂੰ ਪ੍ਰਗਟ ਕਰਨਾ ਹੋਵੇ ਤਾਂ ਛੁੱਟ ਮਰੋੜੀ ਦੀ ਵਰਤੋਂ ਕੀਤੀ ਜਾਵੇ ਜਿਵੇਂ :–

ਉੱਤੇ – 'ਤੇ, ਇਕੱਠ = 'ਕਠ

## 13. ਬਿੰਦੀ (.) :-

ਵਧੇਰੇ ਕਰਕੇ ਇਮਤਿਹਾਨਾਂ ਦੇ ਨਾਵਾਂ ਲਈ ਜਿਵੇਂ :–

ਬੀ. ਏ., ਐਮ. ਏ., ਪੀ. ਐੱਚ. ਡੀ. ਆਦਿ

ਸਰਕਾਰੀ ਅਹੁਦਿਆਂ ਲਈ :–

ਆਈ. ਸੀ. ਐਮ., ਡੀ. ਸੀ.

ਐਸ. ਪੀ. ਆਦਿ ਅੰਕਾਂ ਵਾਸਤੇ–

1., 2., 3., 4. 5.,

## ਉੱਤਰ ਮਾਲਾ : ਸਵੈ ਮੁਲਾਂਕਣ

1. ਵਿਸ਼ਰਾਮ ਚਿੰਨ੍ਹ ਤੋਂ ਕੀ ਭਾਵ ਹੈ ? ਸਪੱਸ਼ਟ ਕਰੋ।
2. ਵਿਸ਼ਰਾਮ ਚਿੰਨ੍ਹ ਕਿੰਨੇ ਪ੍ਰਕਾਰ ਦੇ ਹਨ? ਵਿਆਖਿਆ ਕਰੋ।
3. ਹੇਠ ਲਿਖੇ ਪੈਰਿਆਂ ਨੂੰ ਵਿਸ਼ਰਾਮ ਚਿੰਨ੍ਹ ਲਗਾਉ।

(ੳ) ਡਾਕੀਆ ਥੈਲੇ ਵੱਲ ਇਸ਼ਾਰਾ ਕਰਕੇ ਆਹ ਤਹਿਸੀਲਦਾਰ ਸਾਹਿਬ ਦੀ ਡਾਕ ਏ ਸਭ ਤੋਂ ਪਹਿਲਾਂ ਪਹੁੰਚਾਣੀ ਏ ਕੇਸਰੋ ਕਿਉਂ ਉਸ ਦੀ ਚਿੱਠੀ ਕੋਈ ਨੋਖੀ ਗੱਡੀ ਤੇ ਚੜ੍ਹ ਕੇ ਆਈ ਐ ਡਾਕੀਆ ਬੜੇ ਤਲਖ਼ ਸੁਭਾੱ ਦੇ ਨੇ ਰਤਾ ਦੇਰ ਕਰਾਂ ਝੱਟ ਡੰਡਾ ਕੱਢ ਲੈਂਦੇ ਨੇ।

(ਅ) ਆਪਣਾ ਦੇਸ਼ ਆਪਣੇ ਲੋਕ ਆਪਣਾ ਘਰ ਅਤੇ ਆਪਣੇ ਬੱਚੇ ਕਿਸ ਨੂੰ ਚੰਗੇ ਨਹੀਂ ਲਗਦੇ ਸ਼ੀਲਾ ਕਹਿ ਰਹੀ ਸੀ ਹਾਂ ਇਹ ਗੱਲ ਤਾਂ ਠੀਕ ਹੈ ਫਿਰ ਵੀ ਦੂਜਿਆਂ ਦਾ ਭਲਾ ਸੋਚਣਾ ਵੀ ਸਾਡਾ ਧਰਮ ਹੈ ਜਧੁ ਨੇ ਆਪਣਾ ਵਿਚਾਰ ਦੱਸਿਆ।

•••

ਨੋਟ

# ਅਧਿਆਏ-3 : ਵਰਨ-ਬੋਧ
## (Orthography)

***ਵਿਸ਼ਾ-ਵਸਤੂ* (Contents)**


1. ਅਰਥ–ਪਰਿਭਾਸ਼ਾ–ਵਰਨਬੋਧ
2. ਪੰਜਾਬੀ ਦੀ ਵਰਨਮਾਲਾ
3. ਪ੍ਰਸਤਾਵਨਾ–ਵਰਨ–ਭੇਦ
4. ਵਿਸਥਾਰ–ਸਵਰ, ਵਿਅੰਜਨ, ਲਗਾ–ਮਾਤਰਾਂ, ਲਗਾਖਰ
5. ਉੱਤਰ ਮਾਲਾ : ਸਵੈ ਮੁਲਾਂਕਣ


ਵਰਣ–ਬੋਧ ਵਿਆਕਰਨ ਦਾ ਸਭ ਤੋਂ ਪਹਿਲਾ ਅਤੇ ਉਹ ਭਾਗ ਹੈ, ਜਿਸ ਵਿਚ ਹਰ ਪ੍ਰਕਾਰ ਦੇ ਅੱਖਰਾਂ, ਵਰਣਾਂ, ਲਗਾਂ ਮਾਤਰਾਂ ਅਤੇ ਲਗਾਖ਼ਰਾਂ ਸਬੰਧੀ ਪੂਰਨ ਤੌਰ 'ਤੇ ਵਿਚਾਰ ਕੀਤੀ ਜਾਂਦੀ ਹੈ। ਇਸ ਤੋਂ ਸਾਨੂੰ ਪਤਾ ਲਗਦਾ ਹੈ ਕਿ ਵਰਣ ਜਾਂ ਅੱਖਰ ਕੀ ਹਨ? ਲਗਾ ਮਾਤਰਾਂ ਤੇ ਲਗਾਖਰ ਕੀ ਹਨ? ਵਰਣਾਂ ਤੇ ਲਗਾਂ ਮਾਤਰਾਂ ਤੋਂ ਰਲ ਕੇ ਸ਼ਬਦ ਕਿਵੇਂ ਬਣਦੇ ਹਨ? ਕਿਸੇ ਬੋਲੀ ਦੀ ਲਿਪੀ ਜਾਂ ਵਰਣਮਾਲਾ ਕੀ ਹੁੰਦੀ ਹੈ ਅਤੇ ਉਹ ਬੋਲੀ ਦੇ ਕਿਹੜੇ ਸਿਧਾਂਤਾਂ ਨੂੰ ਮੁੱਖ ਰੱਖ ਕੇ ਰਚੀ ਜਾਂਦੀ ਹੈ?

### ਵਰਣ:-

ਵਰਣ ਉਹ ਚਿੰਨ੍ਹ ਹੈ, ਜੋ ਲਿਖਤ ਵਿਚ ਕਿਸੇ ਇਕੱਲੀ ਆਵਾਜ਼ ਨੂੰ ਪ੍ਰਗਟ ਕਰਦਾ ਹੈ, ਜਿਵੇਂ :=

ਸ, ਕ, ਜ, ਬ, ਰ, ਭ, ਟ, ਨ, ਠ, ਡ

ਕਿਸੇ ਦੇਸ਼ ਦੀ ਬੋਲੀ ਵਿਚ ਵੱਖੋ–ਵੱਖਰੀਆਂ ਅਨੇਕ ਆਵਾਜ਼ਾਂ ਹੁੰਦੀਆਂ ਹਨ। ਉਸ ਦੇਸ਼ ਦੇ ਪੌਣ–ਪਾਣੀ ਅਨੁਸਾਰ ਮਨੁੱਖੀ ਸੰਘ ਬਣਦਾ ਹੈ। ਸੰਘ ਦੀ ਬਣਤਰ ਅਨੁਸਾਰ ਉਸ ਵਿਚੋਂ ਆਵਾਜ਼ਾਂ ਨਿਕਲਦੀਆਂ ਹਨ। ਆਵਾਜ਼ਾਂ ਪ੍ਰਗਟ ਕਰਨ ਲਈ ਜੀਭ, ਦੰਦ, ਸੰਘ ਦਾ–ਕਾਂ, ਬੁੱਲ੍ਹ, ਨੱਕ ਆਦਿ ਸਭ ਆਪੋ ਆਪਣਾ ਕੰਮ ਕਰਦੇ ਹਨ। ਮਨੁੱਖੀ ਸਾਹ ਦੀ ਟੱਕਰ ਜਦੋਂ ਉਕਤ ਅੰਗਾਂ ਨਾਲ ਲੱਗਦੀ ਹੈ ਤਾਂ ਉਨ੍ਹਾਂ ਦੀ ਬਣਤਰ ਅਨੁਸਾਰ ਉਨ੍ਹਾਂ ਵਿਚੋਂ ਮੋਟੀਆਂ, ਭਾਰੀਆਂ, ਬਰੀਕ, ਕੋਮਲ ਤੇ ਖਰ੍ਹਵੀਆਂ ਆਵਾਜ਼ਾਂ ਨਿਕਲਦੀਆਂ ਹਨ। ਇਹ ਆਵਾਜ਼ਾਂ ਸਭ ਤੋਂ ਪਹਿਲਾਂ ਅੱਖਰਾਂ ਦਾ ਰੂਪ ਧਾਰਦੀਆਂ ਹਨ ਅਤੇ ਅੱਖਰ ਵਰਣਾਂ ਦਾ। ਵਰਣ ਲਗਾਂ ਮਾਤਰਾਂ ਨਾਲ ਮਿਲ ਕੇ ਸ਼ਬਦਾਂ ਦਾ ਅਤੇ ਸ਼ਬਦ ਇਕ–ਦੂਜੇ ਨਾਲ ਰਲ ਕੇ ਵਾਕਾਂ ਦਾ ਰੂਪ ਧਾਰਦੇ ਹਨ। ਸਮੁੱਚੀ ਵਾਕ–ਰਚਨਾ ਕਿਸੇ ਲਿਖਤੀ ਬੋਲੀ ਦੇ ਸਮੁੱਚੇ ਰੂਪ ਨੂੰ ਪ੍ਰਗਟ ਕਰਦੀ ਹੈ।

### ਪ੍ਰਸਿੱਧ ਵਿਆਕਰਨ:-

ਆਚਾਰੀਆਂ ਨੇ ਕਿਸੇ ਦੇਸ਼ ਦੇ ਮਨੁੱਖੀ ਸੰਘ ਵਿਚੋਂ ਨਿਕਲਣ ਵਾਲੀਆਂ ਆਵਾਜ਼ਾਂ ਨੂੰ ਇਸ ਤਰ੍ਹਾਂ ਤੋੜਨਾ ਤੇ ਘਟਾਉਣਾ ਸ਼ੁਰੂ ਕੀਤਾ ਕਿ ਉਹ ਇਕ ਐਸੀ ਅਵਸਥਾ ਉੱਤੇ ਪੁੱਜ ਗਈਆਂ ਜਿਸ ਤੋਂ ਅੱਗੇ ਉਹ ਹੋਰ ਨਾ ਟੁੱਟ ਸਕੀਆਂ। ਸੰਸਕ੍ਰਿਤ ਦੇ ਵਿਦਵਾਨਾਂ ਨੇ ਨਾ ਟੁੱਟਣ ਵਾਲੀਆਂ ਅਜਿਹੀਆਂ ਆਵਾਜ਼ਾਂ ਨੂੰ 'ਅਕਸ਼ਰ' ਦਾ ਨਾਂ ਦਿੱਤਾ। ਅਕਸਰ ਤੋਂ ਭਾਵ ਅਜਿਹੀ ਆਵਾਜ਼ ਹੈ, ਜੋ ਅੱਗੋਂ ਨਾ ਟੁੱਟ ਸਕੇ। ਪੰਜਾਬੀ ਵਿਚ ਅਕਸ਼ਰ ਨੂੰ 'ਅੱਖਰ' ਕਿਹਾ ਜਾਂਦਾ ਹੈ। ਅੱਖਰ ਤੋਂ ਭਾਵ 'ਅ–ਖਰ' ਅਰਥਾਤ ਕੋਈ ਅਜਿਹੀ ਆਵਾਜ਼ ਹੈ, ਜੋ ਅੱਗੋਂ ਖਰ ਜਾਂ ਟੁੱਟ ਨਾ ਸਕੇ, ਭਾਵ ਨਾਸ਼ ਨਾ ਹੋਵੇ। ਵਿਆਕਰਨ ਦੀ ਬੋਲੀ ਵਿਚ ਅੱਖਰ ਨੂੰ ਪ੍ਰਗਟ ਕਰਨ ਵਾਲੇ ਲਿਖਤੀ ਚਿੰਨ੍ਹਾਂ ਦਾ ਨਾਂ ਵਰਣ ਹੈ। ਪੰਜਾਬੀ ਵਿਚ ਵਰਣ ਨੂੰ ਹੀ ਅੱਖਰ ਕਿਹਾ ਜਾਂਦਾ ਹੈ।

ਨੋਟ

## ਵਾਕ ਬੋਧ:-

ਵਿਆਕਰਨ ਦਾ ਉਹ ਭਾਗ ਹੈ, ਜਿਸ ਵਿਚ ਹਰ ਪ੍ਰਕਾਰ ਦੇ ਵਾਕਾਂ ਅਤੇ ਉਨ੍ਹਾਂ ਦੀ ਬਣਤਰ ਸਬੰਧੀ ਵਿਚਾਰ ਕੀਤੀ ਜਾਂਦੀ ਹੈ।

## 1. ਪੰਜਾਬੀ ਦੀ ਵਰਨਮਾਲਾ (Alphabet) :-

ਵਰਨਾਂ ਦੇ ਤਰਤੀਬਵਾਰ ਇਕੱਠ ਨੂੰ ਵਰਨਮਾਲਾ ਕਹਿੰਦੇ ਹਨ।

ਪੰਜਾਬੀ ਦੀ ਗੁਰਮੁਖੀ ਲਿਪੀ ਦੇ ਪਹਿਲਾਂ 35 (ਪੈਂਤੀ) ਅੱਖਰ ਸਨ ਜੋ ਇਸ ਪ੍ਰਕਾਰ ਹਨ–

| | | | | | |
|---|---|---|---|---|---|
| ੳ | ਅ | ੲ | ਸ | ਹ | ਪਹਿਲੀ ਟੋਲੀ |
| ਕ | ਖ | ਗ | ਘ | ਙ | ਕਵਰਗ ਟੋਲੀ |
| ਚ | ਛ | ਜ | ਝ | ਞ | ਚਵਰਗ ਟੋਲੀ |
| ਟ | ਠ | ਡ | ਢ | ਣ | ਟਵਰਗ ਟੋਲੀ |
| ਤ | ਥ | ਦ | ਧ | ਨ | ਤਵਰਰ ਟੋਲੀ |
| ਪ | ਫ | ਬ | ਭ | ਮ | ਪਵਰਗ ਟੋਲੀ |
| ਯ | ਰ | ਲ | ਵ | ੜ | ਅੰਤਲੀ ਟੋਲੀ |

ਇਸ ਉਪਰੰਤ ਅਰਬੀ ਤੇ ਫਾਰਸੀ ਦੀਆਂ ਕੁਝ ਦੁਨੀਆਂ ਨੂੰ ਪ੍ਰਗਟਾਉਣ ਲਈ ਵਿਦਵਾਨਾਂ ਨੇ ਪੰਜ ਅੱਖਰ–ਸ, ਖ, ਗ, ਜ, ਫ (ਜੋ ਪਹਿਲੇ ਪੈਂਤੀ ਅੱਖਰਾਂ ਵਿਚੋਂ ਹੀ ਲਏ ਗਏ ਹਨ) ਹੇਠਾਂ ਬਿੰਦੀ ਲਗਾ ਕੇ ਉਨ੍ਹਾਂ ਦਾ ਰੂਪ ਵਟਾ ਦਿੱਤਾ ਖ਼, ਗ਼, ਜ਼, ਫ਼। ਇਹ ਵਰਨ ਅਰਬੀ ਤੇ ਫਾਰਸੀ ਧੁਨੀਆਂ ਨੂੰ ਪ੍ਰਗਟਾਉਣ ਦੇ ਸਮਰੱਥ ਹਨ। ਇਨ੍ਹਾਂ ਦਾ ਉਚਾਰਨ ਪਹਿਲਾਂ ਮੌਜੂਦ ਵਰਨਾਂ ਤੋਂ ਵੱਖਰਾ ਹੈ। ਇਸ ਤਰ੍ਹਾਂ ਗੁਰਮੁਖੀ ਲਿਪੀ ਦੇ ਅੱਖਰਾਂ ਦੀ ਗਿਣਤੀ 40 (ਚਾਲ੍ਹੀ) ਹੋ ਗਈ, ਜਿਸ ਨੂੰ ਨਵੀਨ ਟੋਲੀ ਕਿਹਾ ਗਿਆ।

ਸ਼, ਖ਼, ਗ਼, ਜ਼, ਫ਼–ਨਵੀਨ ਟੋਲੀ

ਇਸ ਤੋਂ ਬਾਅਦ ਵਿਦਵਾਨਾਂ ਨੇ ਇਕ ਨਵੀਂ ਧੁਨੀ ਦੀ ਪਛਾਣ ਕੀਤੀ ਜਿਸ ਵਿਚ 'ਲ' ਅੱਖਰਦੇ ਪੈਰ ਬਿੰਦੀ ਪਾ ਕੇ ਅੰਕਿਤ ਕੀਤਾ ਗਿਆ। 'ਲ' ਧੁਨੀ ਤਾਲਵੀਂ ਹੈ। ਇਸ ਤਰ੍ਹਾਂ ਹੁਣ ਗੁਰਮੁਖੀ ਲਿਪੀ ਦੇ ਕੁੱਲ 41 (ਇਕਤਾਲੀ) ਅੱਖਰ ਹਨ।

**ਇਕਤਾਲੀ ਅੱਖਰ**

| | | | | | |
|---|---|---|---|---|---|
| ੳ | ਅ | ੲ | ਸ | ਹ | |
| ਕ | ਖ | ਗ | ਘ | ਙ | |
| ਚ | ਛ | ਜ | ਝ | ਞ | |
| ਟ | ਠ | ਡ | ਢ | ਣ | |
| ਤ | ਥ | ਦ | ਧ | ਨ | |
| ਪ | ਫ | ਬ | ਭ | ਮ | |
| ਯ | ਰ | ਲ | ਵ | ੜ | |
| ਸ਼ | ਖ਼ | ਗ਼ | ਜ਼ | ਫ਼ | ਲ਼ |

ਇਸ ਵਰਨਮਾਲਾ ਦੀਆਂ ਅੱਠ ਪੰਕਤੀਆਂ ਹਨ। ਪਹਿਲੀਆਂ ਸੱਤ ਪੰਕਤੀਆਂ ਦੇ ਪੰਜ–ਪੰਜ ਅੱਖਰ ਹਨ ਅਤੇ ਅੰਤਲੀ ਦੇ ਛੇ ਅੱਖਰ ਹਨ। ਪਹਿਲੀ ਅਤੇ ਅੰਤਲੀ ਪੰਕਤੀ ਨੂੰ ਛੱਡ ਕੇ ਬਾਕੀ ਹਰ ਪੰਕਤੀ ਦਾ ਨਾਂ ਪਹਿਲੇ ਅੱਖਰ ਅਨੁਸਾਰ ਦਿੱਤਾ ਗਿਆ ਹੈ; ਜਿਵੇਂ ਕਿਕ ਪਿੱਛੇ ਦਰਸਾਇਆ ਗਿਆ ਹੈ। ਪਹਿਲੀ ਪੰਕਤੀ ਨੂੰ ਪਹਿਲੀ ਟੋਲੀ ਅਤੇ 'ਯ' ਵਾਲੀ ਪੰਕਤੀ ਨੂੰ ਅੰਤਲੀ ਟੋਲੀ ਕਿਹਾ ਗਿ ਹੈ। ਪੈਰੀਂ ਬਿੰਦੀ ਪਾ ਕੇ ਲਿਖੇ ਅੱਖਰਾਂ ਵਾਲੀ ਪੰਕਤੀ ਨੂੰ ਨਵੀਨ ਟੋਲੀ ਲਿਖਿਆ ਗਿਆ ਹੈ।

ਹਰ ਭਾਸ਼ਾ ਦੀਆਂ ਧੁਨੀਆਂ ਹੁੰਦੀਆਂ ਹਨ। ਕੁਝ ਸ਼ਬਦ ਵੀ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਉਸ ਭਾਸ਼ਾ ਦੀ

ਨੋਟ

ਲਿਪੀ ਤੋਂ ਬਿਨਾਂ ਕਿਸੇ ਹੋਰ ਭਾਸ਼ਾ ਦੀ ਲਿਪੀ ਵਿਚ ਨਹੀਂ ਲਿਖਿਆ ਜਾ ਸਕਦਾ। ਵਿਦਿਆਰਥੀਆਂ ਦੇ ਗਿਆਨ ਲਈ ਇਹ ਦੱਸਣਾ ਜ਼ਰੂਰੀ ਜਾਪਦਾ ਹੈਕਿ ਹਿੰਦੀ ਦੀ ਲਿਪੀ ਦੇਵਨਾਗਰੀ, ਉਰਦੂ ਦੀ ਫਾਰਸੀ (ਸ਼ਾਹਮੁਖੀ) ਤੇ ਅੰਗਰੇਜ਼ੀ ਦੀ ਲਿਪੀ ਰੋਮਨ ਹੈ।

## ਵਰਨ-ਭੇਦ :-

ਬੋਲੀ ਵਿਚ ਵਰਨਾਂ ਦੇ ਉਚਾਰਨ ਅਤੇ ਰੂਪਾਂ ਕਰਕੇ ਚਾਰ ਭੇਦ ਹਨ–

1. ਸਵਰ
2. ਵਿਅੰਜਨ
3. ਅਨੁਨਾਸਕ
4. ਦੁੱਤ ਅੱਖਰ

## 1. ਸਵਰ :–

ਜਿਨ੍ਹਾਂ ਧੁਨੀਆਂ ਦੇ ਉੱਚਾਰਨ ਸਮੇਂ ਹਵਾ ਰੁਕਾਵਟ ਰਹਿਤ ਨਿਕਾਸ ਕਰੇ, ਉਹ ਸਵਰ ਹਨ ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਸਵਰ ਉਹ ਇਕਾਈ ਧੁਨੀ ਹੈ ਜਿਸ ਦੇ ਉਚਾਰਨ ਸਮੇਂ ਫੇਫੜਿਆਂ ਵਿੱਚੋਂ ਬਾਹਰ ਆਉਂਦੀ ਹਵਾ ਸਵਰ ਤੰਤੂਆਂ ਨੂੰ ਕੰਬਾਉਂਦੀ ਹੋਈ ਬਿਨਾਂ ਕਿਸੇ ਰੁਕਾਵਟ ਦੇ ਮੂੰਹ ਪੋਲ ਰਾਹੀਂ ਬਾਹਰ ਨਿਕਲਦੀ ਹੈ।

**ਪੰਜਾਬੀ ਦੀਆਂ ਦਸ ਸਵਰ (Vowels) ਧੁਨੀਆਂ ਹਨ-**

ਅ, ਆ, ਇ, ਈ, ਉ, ਊ, ਏ, ਐ, ਓ, ਔ

ਗੁਰਮੁਖੀ ਵਰਨਮਾਲਾ ਦੇ ਪਹਿਲੇ ਤਿੰਨ ਅੱਖਰਾਂ ਉੜਾ, ਐੜਾ, ਈੜੀ ਦੇ ਨਾਲ ਲਗਾਂ ਲਾ ਕੇ ਸਵਰ ਧੁਨੀਆਂ ਨੂੰ ਦਰਸਾਇਆ ਗਿਆ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ–

ਤਿੰਨ ਸਵਰ ਈੜੀ ਨਾਲ (ਇ, ਈ, ਏ)

ਚਾਰ ਸਵਰ ਐੜੇ ਦੇ ਨਾਲ (ਅ, ਆ, ਐ, ਔ)

ਅਤੇ ਤਿੰਨ ਸਵਰ ਊੜੇ ਦੇ ਨਾਲ (ਉ, ਊ, ਓ) ਅੰਕਿਤ ਕੀਤੇ ਗਏ ਹਨ।

ਮੁਹਾਰਨੀ ਬੋਲਣ ਦਾ ਅਭਿਆਸ ਸਵਰ ਧੁਨੀਆਂ ਨੂੰ ਦਰਸਾਉਣ ਲਈ ਕੀਤਾ ਜਾਂਦਾ ਹੈ। ਮੁਹਾਰਨੀ ਇਸ ਪ੍ਰਕਾਰ ਹੈ :–

ਅ, ਆ ਇ, ਈ, ਉ ਊ ਏ ਐ ਓ ਔ ਅੰ ਆਂ

ਜੇ ੳ, ਅ, ੲ, ਤਿੰਨ ਅੱਖਰਾਂ ਨੂੰ (ਜਿਨ੍ਹਾਂ ਨਾਲ ਲਗਾਂ ਲਾ ਕੇ ਸਵਰ ਧੁਨੀਆਂ ਨੂੰ ਦਰਸਾਇਆ ਗਿਆ ਹੈ) ਵੱਖ ਕਰ ਦੇਈਏ ਤਾਂ ਵਿਅੰਜਨ ਧੁਨੀਆਂ ਇਹ ਹਨ–

| | | | | | |
|---|---|---|---|---|---|
| – | – | – | ਸ | ਹ | |
| ਕ | ਖ | ਗ | ਘ | ਙ | |
| ਚ | ਛ | ਜ | ਝ | ਞ | |
| ਟ | ਠ | ਡ | ਢ | ਣ | |
| ਤ | ਥ | ਦ | ਧ | ਨ | |
| ਪ | ਫ | ਬ | ਭ | ਮ | |
| ਯ | ਰ | ਲ | ਵ | ੜ | |
| ਸ਼ | ਖ਼ | ਗ਼ | ਜ਼ | ਫ਼ | ਲ਼ |

ਇਸ ਤਰ੍ਹਾਂ ਕੁੱਲ 38 (ਅੱਠਤੀ) ਧੁਨੀਆਂ ਬਣਦੀਆਂ ਹਨ।

ਨੋਟ

## ਕੁਝ ਜਾਣਨਯੋਗ ਗੱਲਾਂ :-

1. ਸਵਰ ਦੇ ਉੱਚਾਰਨ ਵਿਚ ਮੂੰਹ ਪੋਲ ਦੇ ਧੁਨੀ ਆਂਗਾਂ ਵਿਚ ਨਾ ਕੋਈ ਰੁਕਾਵਟ, ਨਾ ਤੰਗੀ, ਨਾ ਰਗੜ, ਅਤੇ ਨਾ ਬੁੱਲ੍ਹਾਂ ਤੇ ਜੀਭ ਦਾ ਸਪਰਸ਼ ਹੁੰਦਾ ਹੈ।
2. ਸਵਰਾਂ ਦਾ ਮਹੱਤਵ ਇਸ ਲਈ ਹੈ ਕਿ ਭਾਸ਼ਾ ਦੇ ਬੋਲਣ ਦੀ ਕਿਰਿਆ ਵਿਚ ਸਵਰਾਂ ਤੋਂ ਬਿਨਾਂ ਵਿਅੰਜਨ ਉਚਾਰੇ ਨਹੀਂ ਜਾ ਸਕਦੇ।
3. ਸਵਰ ਮੌਖਿਕ ਵੀ ਹੁੰਦੇ ਹਨ ਅਤੇ ਨਾਸਕੀ ਵੀ ਹੁੰਦੇ ਹਨ।

ਜੇਕਰ ਸਵਾਸ-ਧਾਰਾ ਮੂੰਹ ਰਾਹੀਂ ਲੰਘਦੀ ਹੈ ਤਾਂ ਸਵਰ ਮੌਖਿਕ ਹਨ, ਜੇਕਰ ਸਾਹ ਦੀ ਹਵਾ ਇਕੋ ਵੇਲੇ ਨਾਸਕੀ ਪੋਲ ਰਾਹੀਂ ਵੀ ਨਿਕਲਦੀ ਹੈ ਤਾਂ ਸਵਰ ਨਾਸਕੀ ਹੁੰਦੇ ਹਨ।

ਪੰਜਾਬੀ ਸਵਰਾਂ ਵਿਚ ਉੱਚਾਕਰਨ ਸਥਾਨ ਤੇ ਵਕਫੇ ਦੇ ਨਾਲ-ਨਾਲ ਮਾਤਰਾਂ ਦੇ ਅਧਾਰ'ਤੇ ਵੀ ਸਵਰਾਂਦਾ ਵਰਗੀਕਰਨ ਕੀਤਾ ਜਾਂਦਾ ਹੈ।

ਇਸ ਅਧਾਰ ਠਤੇ ਸਵਰ ਦੋ ਤਰ੍ਹਾਂ ਦੇ ਹੁੰਦੇ ਹਨ-

1. ਲਘੂ ਸਵਰ
2. ਦੀਰਘ ਸਵਰ

   1. **ਲਘੂ ਸਵਰ** -ਅ, ਇ, ਉ
   2. **ਦੀਰਘ ਸਵਰ** - ਆ, ਈ, ਊ, ਏ, ਐ, ਓ, ਔ।

ਦੀਰਘ ਸਵਰ ਦੇ ਉੱਚਾਰਨ ਵਿਚ ਲਘੂ ਸਵਰ ਨਾਲੋਂ ਦੁਗਣਾ ਸਮਾਂ ਲਗਦਾ ਹੈ ਅਤੇ ਸਵਰ ਧੁਨੀ ਦੇ ਉੱਚਾਰਨ ਵੇਲੇ ਸਾਹ ਉੱਚਾਰਨ ਅੰਗਾਂ ਦੀ ਖ਼ਾਸ ਰੁਕਾਵਟ ਤੋਂ ਬਿਨਾਂ ਮੂੰਹ ਵਿਚੋਂ ਨਿਕਲਦਾ ਹੈ।

ਜਦੋਂ ਕਿਸੇ ਸਵਰ ਨੂੰ ਉਚਾਰਦਿਆਂ ਕੁਝ ਅਵਾਜ਼ ਨੱਕ ਰਾਹੀਂ ਆਉਂਦੀ ਹੈ ਤਾਂ ਉਹ ਸਵਰ ਨਾਸਿਕੀ ਸਵਰ ਅਖਵਾਉਂਦਾ ਹੈ।

ਜੀਭ ਦੀ ਸਥਿਤੀ ਦੇ ਆਧਾਰ 'ਤੇ ਪੰਜਾਬੀ ਦੇ ਸਵਰਾਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਗਿਆ ਹੈ-

1. ਅਗਲੇਰੇ ਸਵਰ : ਈ, ਏ, ਐ
2. ਪਿਛਲੇਰੇ ਸਵਰ : ਊ, ਓ, ਔ
3. ਵਿਚਕਾਰਲੇ ਸਵਰ : ਇ, ਉ, ਅ, ਆ

ਜੀਭ ਦੀ ਉਚਾਈ ਦੇ ਅਧਾਰ 'ਤੇ ਪੰਜਾਬੀ ਭਾਸ਼ਾ ਦੀਆਂ ਸਵਰ ਧੁਨੀਆਂ ਨੂੰ ਚਾਰ ਭਾਗਾਂ ਵਿਚ ਰੱਖਿਆ ਗਿਆ ਹੈ; ਜਿਵੇਂ-

1. ਉੱਚੇ ਸਵਰ : ਈ, ਊ
2. ਅਰਧ ਉੱਚੇ ਸਵਰ : ਇ, ਉ
3. ਅਰਧ ਨੀਵੇਂ ਸਵਰ : ਏ, ਅ, ਓ
4. ਨੀਵੇਂ ਸਵਰ : ਐ, ਆ, ਔ

ਬੁੱਲ੍ਹਾਂ ਦੀ ਸਥਿਤੀ ਦੇ ਅਧਾਰ ਠਤੇ ਪੰਜਾਬੀ ਭਾਸ਼ਾ ਦੀਆਂ ਸਵਰ ਧੁਨੀਆਂ ਨੂੰ ਦੋ ਵਰਗਾਂ ਵਿਚ ਰੱਖਿਆ ਗਿਆ ਹੈ-

1. ਗੁਲਾਈਦਾਰ-ਉ, ਊ, ਓ, ਔ
2. ਗੁਲਾਈ ਰਹਿਤ-ਈ, ਏ, ਇ, ਐ, ਆ, ਅ

## 2. ਵਿਅੰਜਨ (Consonants):-

ਇਹ ਉਹ ਧੁਨੀ ਹੁੰਦੀ ਹੈ, ਜਿਸ ਨੂੰ ਉੱਚਾਰਦਿਆਂ ਉੱਚਾਰਨ ਅੰਗ ਸਾਹ ਨੂੰ ਕੁਝ ਰੁਕਾਵਟ ਪਾਉਂਦੇ ਹਨ। ਇਸ ਵਿਚ ਜੀਭ ਕਦੇ ਦੰਦਾਂ ਦੇ ਅੰਦਰਲੇ ਪਾਸੇ ਲਗਦੀ ਹੈ, ਕਦੇ ਤਾਲੂ ਦੇ ਨਾਲ ਅਤੇ ਕਈ ਵਾਰੀ ਬੁੱਲ੍ਹ ਕੁਝ ਮੀਟੇ ਜਾਂਦੇ ਹਨ।

ਨੋਟ

### 3. ਅਨੁਨਾਸਕ/ਨਾਸਕੀ :-

ਨਾਸਕੀ ਵਿਅੰਜਨਾਂ ਦੇ ਉੱਚਾਰਨ ਸਮੇਂ ਕੋਮਲ ਤਾਲੂ ਹੇਠਾਂ ਵੱਲ ਆ ਜਾਂਦਾ ਹੈ ਅਤੇ ਮੂੰਹ ਪੋਲ ਬੰਦ ਹੋਣ ਕਰਕੇ ਹਵਾ ਨੱਕ ਦੇ ਰਸਤੇ ਬਾਹਰ ਨਿਕਲਦੀ ਹੈ। ਪੰਜਾਬ ਵਿਚ ਮ, ਨ, ਣ, ਞ, ਙ ਪੰਜ ਨਾਸਕੀ ਧੁਨੀਆਂ ਹਨ।

### 4. ਦੁੱਤ ਵਿਅੰਜਨ/ਅੱਖਰ :-

ਦੁੱਤ ਵਿਅੰਜਨ ਦੇ ਉੱਚਾਰਨ ਵੇਲੇ ਕਿਸੇ ਵਿਸ਼ੇਸ਼ ਵਿਅੰਜਨ ਧੁਨੀ ਦੇ ਉੱਚਾਰਨ ਨੂੰ ਰੋਕ ਕੇ ਲਮਕਾ ਦਿੱਤਾ ਜਾਂਦਾ ਹੈ ਭਾਵ ਧੁਨੀ ਦਾ ਦੂਹਰਾ ਉੱਚਾਰਨ ਕੀਤਾ ਜਾਂਦਾ ਹੈ।

ਦੁੱਤ ਅੱਖਰ ਉਹ ਅੱਖਰ ਹੁੰਦੇ ਹਨ ਜੋ ਦੋ ਅੱਖਰਾਂ ਦੇ ਮੇਲ ਤੋਂ ਬਣਦੇ ਹਨ ਅਤੇ ਇਨ੍ਹਾਂ ਅੱਖਰਾਂ ਵਿਚ ਇਕ ਅੱਖਰ ਪੈਰ ਵਿਚ ਵਰਤਿਆ ਜਾਂਦਾ ਹੈ ਅਤੇ ਦੋਹਾਂ ਦੀ ਦੂਹਰੀ ਧੁਨੀ ਉਤਪੰਨ ਹੁੰਦੀ ਹੈ।

ਗੁਰਮੁਖੀ ਲਿਪੀ ਵਿਚ ਸਿਰਫ਼ ਤਿੰਨ ਦੁੱਤ ਅੱਖਰ, ਹ, ਰ, ਵ ਹਨ ਅਤੇ ਇਹ ਤਿੰਨ ਦੂਸਰੇ ਅੱਖਰਾਂ ਨਾਲ ਮਿਲ ਕੇ ਰਲਵੀਂ ਅਵਾਜ਼ ਕਰਦੇ ਹਨ; ਜਿਵੇਂ-ੜ੍ਹ, ਪ੍ਰ, ਸ੍ਵ-ਪੜ੍ਹਨਾ, ਪ੍ਰਦੇਸ਼, ਸ੍ਵਾਸ।

*(ਨੋਟ-ਵੇਖਣ ਵਿਚ ਆਇਆ ਹੈ ਕਿ ਨਵੀਆਂ ਪੁਸਤਕਾਂ ਵਿਚ 'ਵ' ਦੁੱਤ ਅੱਖਰ ਦਾ ਪ੍ਰਯੋਗ ਲਗਭਗ ਬੰਦ ਹੋ ਗਿਆ ਹੈ। 'ਰ' ਦੁੱਤ ਅੱਖਰ ਦੀ ਵਰਤੋਂ ਵੀ ਘੱਟ ਗਈ ਹੈ। 'ਹ' ਦੁੱਤ ਅੱਖਰ ਦੀ ਵਰਤੋਂ ਉਨ੍ਹਾਂ ਸ਼ਬਦਾਂ ਵਿਚ ਹੀ ਵਧੇਰੇ ਹੋ ਰਹੀ ਹੈ ਜੋ ਪੰਜਾਬੀ ਸ਼ਬਦਾਵਲੀ ਸਾਡੇ ਕੋਲ ਮੌਜੂਦ ਹੈ। ਨਵੀਨ ਸ਼ਬਦਾਵਲੀ ਵਿਚ ਇਸਦੁੱਤ ਅੱਖਰ ਦੀ ਵਰਤੋਂ ਨਹੀਂ ਮਿਲਦੀ।*

## 2. ਲਗਾਂ-ਮਾਤਰਾਂ

ਵਿਆਕਰਨ ਅਨੁਸਾਰ ਹਰ ਅੱਖਰ ਨੂੰ ਉੱਚਾਰਨ ਵਿਚ ਸਮਾਂ ਲਗਦਾ ਹੈ। ਇਸ ਉੱਚਾਰਨ ਵਿਚ ਲੱਗੇ ਸਮੇਂ ਨੂੰ ਮਾਤਰਾਂ ਕਿਹਾ ਜਾਂਦਾ ਹੈ ਅਤੇ ਇਨ੍ਹਾਂ ਮਾਤਰਾਂ ਨੂੰ ਵੱਖੋ-ਵੱਖਰੇ ਚਿੰਨ੍ਹਾਂ ਦੁਆਰਾ ਪ੍ਰਗਟਾਇਆ ਜਾਂਦਾ ਹੈ। ਇਨ੍ਹਾਂ ਚਿੰਨ੍ਹਾਂ ਨੂੰ ਲਗਾਂ ਕਿਹਾ ਜਾਂਦਾ ਹੈ। ਅੱਖਰਾਂ ਦੇ ਜਿਸ ਸਮੂਹ ਵਿਚ ਮਾਤਰਾਂ ਤੇ ਲਗਾਂ ਇਕੱਠੀਆਂ ਹੋਣ ਉਨ੍ਹਾਂ ਦਾ ਇਕੱਠਾ ਨਾਂ ਲਗਾਂ-ਮਾਤਰਾਂ ਹੈ।

ਗੁਰਮੁਖੀ ਲਿਪੀ ਵਿਚ ਲਗਾਂ ਦੀ ਗਿਣਤੀ ਦਸ ਹੈ। ਲਗਾਂ ਦੇ ਇਸ ਵਰਗ ਨੂੰ ਮੁਹਾਰਨੀ ਵੀ ਆਖਿਆ ਜਾਂਦਾ ਹੈ।

ਇੱਥੇ ਇਹ ਜਾਣਨਾ ਜ਼ਰੂਰੀ ਹੈ ਕਿ-

1. ਲਗਾਂ ਦੀ ਵਰਤੋਂ ਇਕੱਲੀ ਨਹੀਂ ਹੁੰਦੀ। ਇਹ ਹਮੇਸ਼ਾ ਕਿਸੇ-ਨਾ-ਕਿਸੇ ਅੱਖਰ ਨਾਲ ਲੱਗ ਕੇ ਹੀ ਵਰਤੀ ਜਾਂਦੀ ਹੈ।
2. 'ੳ' ਅਤੇ 'ੲ' ਅੱਖਰਾਂ ਦੀ ਵਰਤੋਂ ਬਿਨਾਂ ਲੱਗ ਤੋਂ ਕਦੇ ਨਹੀਂ ਹੁੰਦੀ।
3. 'ੳ', 'ਅ', 'ੲ' ਅੱਖਰ ਨਾਲ ਸਾਰੀਆਂ ਲਗਾਂ ਨਹੀਂ ਲਗਦੀਆਂ।

**ਗੁਰਮੁਖੀ ਲਿਪੀ ਦੀਆਂ ਦਸ ਲਗਾਂ ਇਸ ਪ੍ਰਕਾਰ ਹਨ :-**

| | |
|---|---|
| ਮੁਕਤਾ | (ਕੋਈ ਚਿੰਨ ਨਹੀਂ) |
| ਕੰਨਾ | ( ਾ ) |
| ਸਿਹਾਰੀ | ( ਿ ) |
| ਬਿਹਾਰੀ | ( ੀ ) |
| ਔਂਕੜ | ( ੁ ) |
| ਦੁਲੈਂਕੜ | ( ੂ ) |
| ਲਾਂ | ( ੇ ) |
| ਦੁਲਾਵਾਂ | ( ੈ ) |

**ਨੋਟ**

ਹੋੜਾ ( ̄ )
ਕਨੌੜਾ ( ੌ )
'ੳ', 'ਅ', 'ੲ' ਨਾਲ ਲੱਗਣ ਵਾਲੀਆਂ ਲਗਾਂ ਦਾ ਵੇਰਵਾ:-
ੳ-ਔਂਕੜ ( ੁ ), ਦੁਲੈਂਕੜ ( ੂ ), ਹੋੜਾ ( ੋ )
(ਨੋਟ-ੳ ਦੇ ਨਾਲ ਹੋੜਾ ਅਲੱਗ ਨਹੀਂ ਲਗਾਇਆ ਜਾਂਦਾ।
ਇਸ ਦਾ ਮੂੰਹ ਖੋਲ੍ਹ ਦਿੱਤਾ ਜਾਂਦਾ ਹੈ; ਜਿਵੇਂ-ਓ ਸ਼ਬਦ ਓਹਲਾ।
ਅ-ਕੰਨਾ ( ਾ ), ਦੁਲਾਵਾਂ ( ੈ ), ਕਨੌੜਾ ( ੌ )
ੲ-ਸਿਹਾਰੀ ( ਿ ), ਬਿਹਾਰੀ ( ੀ ), ਲਾਂ ( ੇ )
ਬਾਕੀ ਅੱਖਰਾਂ ਨਾਲ ਸਾਰੀਆਂ ਲਗਾਂ ਲੱਗ ਸਕਦੀਆਂ ਹਨ।
ਉੱਚਾਰਨ ਦੇ ਸਮੇਂ ਦੀ ਦ੍ਰਿਸ਼ਟੀ ਤੋਂ ਇਹ ਲਗਾਂ ਦੋ ਪ੍ਰਕਾਰ ਦੀਆਂ ਹਨ-

1. ਹ੍ਰਸਵ ਲਗਾਂ
2. ਦੀਰਘ ਲਗਾਂ

1. **ਹ੍ਰਸਵ ਲਗਾਂ** :- ਜਿਨ੍ਹਾਂ ਲਗਾਂ ਦੇ ਉੱਚਾਰਨ ਵਿਚ ਥੋੜ੍ਹਾ ਸਮਾਂ ਲੱਗੇ ਉਨ੍ਹਾਂ ਨੂੰ ਹ੍ਰਸਵ ਲਗਾਂ ਕਿਹਾ ਜਾਂਦਾ ਹੈ। ਪੰਜਾਬੀ ਵਿਚ ਹਿ ਤਿੰਨ ਹਨ; ਜਿਵੇਂ-
2. **ਦੀਰਘ ਲਗਾਂ** :- ਜਿਨ੍ਹਾਂ ਲਗਾਂ ਦੇ ਉੱਚਾਰਨ ਵਿਚ ਜ਼ਿਆਦਾ ਸਮਾਂ ਲੱਗੇ ਉਨ੍ਹਾਂ ਨੂੰ ਦੀਰਘ ਲਗਾਂ ਕਿਹਾ ਜਾਂਦਾ ਹੈ। ਇਹ ਸੱਤ ਹਨ; ਜਿਵੇਂ-
   ਕੰਨਾ, ਬਿਹਾਰੀ, ਦੁਲੈਂਕੜ, ਲਾਂ, ਦੁਲਾਵਾਂ, ਹੋੜਾ ਤੇ ਕਨੌੜਾ।

**ਵਿਸ਼ੇਸ਼ ਜਾਣਕਾਰੀ** :- ਜਦੋਂ ਕਿਸੇ ਦੀਰਘ ਲਗ ਦੀ ਅਵਾਜ਼ ਲੰਮੇਰੀ ਹੋ ਕੇ ਨਿਕਲੇ ਤਾਂ ਉਸ ਨਾਲ ਅੱਖਰ ਅੱਗੇ 'ਅ' ਲਿਖਿਆ ਜਾਂਦਾ ਹੈ; ਜਿਵੇਂ-

ਦਬਾਅ, ਸੁਭਾਅ ਆਦਿ।

## 3. ਲਗਾਖਰ

ਲਗਾਂ-ਮਾਤਰਾਂ ਨਾਲ ਜੁੜ ਕੇ ਪ੍ਰਯੋਗ ਹੋਣ ਵਾਲੇ ਲਿਪੀ ਸੰਕੇਤਾਂ ਨੂੰ ਲਗਾਖਰ ਕਿਹਾ ਜਾਂਦਾ ਹੈ। ਇਨ੍ਹਾਂ ਸੰਕਤੇਾਂ ਦਾ ਸੁਤੰਤਰ ਰੂਪ ਵਿਚ ਕੋਈ ਅਰਥ ਨਹੀਂ ਹੁੰਦਾ, ਪ੍ਰੰਤੂ ਲਗਾਂ ਨਾਲ ਜੁੜ ਕੇ ਹਿ ਅਰਥ ਪਰਿਵਰਤਨ ਦਾ ਕਾਰਨ ਬਣਦੇ ਹਨ।

ਪੰਜਾਬੀ ਭਾਸ਼ਾ ਦੀਆਂ ਧੁਨੀਆਂ ਦੇ ਉੱਚਾਰਨ ਲਈ ਤਿੰਨ ਕਿਸਮ ਦੇ ਲਗਾਖਰ ਪ੍ਰਯੋਗ ਹੁੰਦੇ ਹਨ-

1. ਬਿੰਦੀ
2. ਟਿੱਪੀ
3. ਅੱਧਕ

## ਬਿੰਦੀ ਤੇ ਟਿੱਪੀ :-

ਨਾਸਕੀ ਸਵਰਾਂ ਨੂੰ ਲਿਪੀ ਵਿਚ ਅੰਕਿਤ ਕਰਨ ਲਈ ਕੇਵਲ ਦੋ ਲਿਪੀ ਚਿੰਨ੍ਹ ਬਿੰਦੀ ਤੇ ਟਿੱਪੀ ( ਂ ਤੇ ੰ ) ਹਨ। ਬਿੰਦੀ ਦਾ ਕਾਰਜ ਇਕਹਿਰਾ ਹੈ, ਭਾਵ ਇਹ ਸਿਰਫ਼ ਨਾਸਿਕਤਾ ਨੂੰ ਅੰਕਿਤ ਕਰਨ ਵਾਲਾ ਚਿੰਨ੍ਹ ਹੈ ਜਦੋਂ ਕਿ ਟਿੱਪੀ ਚਿੰਨ੍ਹ ਦਾ ਕਾਰਜ ਦੁਹਰਾ ਹੈ। ਸਿ ਰਾਹੀਂ ਨਾਸਿਕਤਾ ਦੇ ਨਾਲ-ਨਾਲ ਦੁੱਤਕਰਨ ਨੂੰ ਵੀ ਉਜਾਗਰ ਕੀਤਾ ਜਾਂਦਾ ਹੈ। ਬਿੰਦੀ ਤੇ ਟਿੱਪੀ ਦੀ ਵਰਤੋਂ ਦੇ ਨਿਯਮ ਅੱਖਰਾਂ ਦੀ ਬਣਤਰ ਵਿਚ ਬਚਦੀ ਥਾਂ ਦੇ ਲਿਹਾਜ਼ ਨਾਲ ਜੁੜੇ ਹੋ ਹਨ। ਲਿਖਣ ਵੇਲੇ ਜਦੋਂ ਕਿਸੇ ਸਵਰ ਨੂੰ ਨਾਸਕੀ ਕਰਨਾ ਹੁੰਦਾ ਹੈ ਅਤੇ ਉਸ ਸਵਰ ਦੇ ਲਿਖਤ ਰੂਪ ਦੇ ਸੱਜੇ ਪਾਸੇ ਵੱਲ ਥਾਂ ਨਹੀਂ ਬਚਦੀ ਤਾਂ ਬਿੰਦੀ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦ੍ਰਿਸ਼ਟੀ ਤੋਂ-ਬਿਹਾਰੀ, ਲਾਂ, ਦੁਲਾਵਾਂ, ਕੰਨਾਂ ਤੇ ਕਨੌੜਾ ਨਾਲ ਬੰਦੀ ਦੀ ਵਰਤੋਂ ਕੀਤੀ ਜਾਂਦੀ ਹੈ। ਜਦੋਂ ਕਿ ਸਿਹਾਰੀ, ਮੁਕਤੇ ਅਤੇ ਔਂਕੜ ਨਾਲ ਟਿੱਪੀ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੇ ਨਾਲ ਜੇ ਦੂਲੈਂਕੜ ਕਿਸੇ ਸ਼ਬਦ ਰੂਪ ਦੀ ਬਣਤਰ ਵਿਚ

ਨੋਟ

ਵਿਚਰਦੇ ਹਨ ਤਾਂ ਟਿੱਪੀ ਦੀ ਵਰਤੋਂ ਕੀਤੀ ਜਾਂਦੀ ਹੈ, ਪਰ ਜਦੋਂ ਦੂਲੈਂਕੜ ਸਵਰ-ਵਾਹਕ (ੳ) ਦੀ ਮਦਦ ਨਾਲ ਅੰਕਿਤ ਹੋਣ ਤਾਂ 'ੳ' ਦੀ ਮਦਦ ਨਾਲ ਅੰਕਿਤ ਹੋਣ ਤਾਂ 'ੳ' ਦੇ ਉੱਪਰ ਸੱਜੇ ਪਾਸੇ ਬਿੰਦੀ ਦਾ ਪ੍ਰਯੋਗ ਹੁੰਦਾ ਹੈ। ਜਿਵੇਂ-

ਜਿਊਣਾ, ਊਘਣਾ

## ਅੱਧਕ :-

ਗੁਰਮੁਖੀ ਲਿਪੀ ਵਿਚ ਅੱਧਕ ( ੱ ) ਦੀ ਵਰਤੋਂ ਦਬਾਅ ਵਾਸਤੇ ਕੀਤੀ ਜਾਂਦੀ ਹੈ। ਭਾਵ ਜਦੋਂ ਕਿਸੇ ਸ਼ਬਦ ਦੀ ਆਵਾਜ਼ ਦੂਣੀ ਕਰਨੀ ਹੋਵੇ ਤਾਂ ਉਸ ਤੋਂ ਪਹਿਲੇ ਅੱਖਰ ਉੱਤੇ ਅੱਧਕ ਲਈ ਜਾਂਦੀ ਹੈ ਜਿਵੇਂ :-

- ਵ + ਟ + ਟਾ = ਵੱਟਾ।
- ਦਿ + ਲ + ਲੀ = ਦਿੱਲੀ।
- ਪੁ + ਠ + ਠਾ = ਪੁੱਠਾ
- ਤ + ਤ + ਤਾ = ਤੱਤਾ

ਮੁਕਤਾ ਵਾਲੇ ਸ਼ਬਦ ਤੇ ਅੱਧਕ ਦੀ ਵਰਤੋਂ :-

- ਸੱਤ, ਸੱਚ, ਵੱਟਾ, ਮੱਲ

ਸਿਹਾਰੀ ਵਾਲੇ ਸ਼ਬਦ-

1. ਸਿੱਕਾ, ਗਿੱਧਾ, ਸਿੱਧਾ, ਬਿੱਲੀ

ਔਂਕੜ ਵਾਲੇ ਸ਼ਬਦ :-

ਗੁੱਟ, ਰੁੱਖ, ਭੁੱਖਾ, ਕੁੱਤਾ

## ਉੱਤਰ ਮਾਲਾ : ਸਵੈ ਮੁਲਾਂਕਣ

1. ਵਿਆਕਰਣ ਦੇ ਵਰਣ-ਬੋਲ ਬਾਰੇ ਜਾਨਣਾ ਪਾਓ!
2. ਲਿਪੀ ਤੋਂ ਕੀ ਭਾਵ ਹੈ? ਪੰਜਾਬੀ ਲਿਪੀ ਦੇ ਜਨਮ ਤੇ ਵਿਕਾਸ ਬਾਰੇ ਜਾਣਕਾਰੀ ਦਿਓ।
3. ਲਗਾਂ ਅਤੇ ਮਾਤਰਾਂ ਵਿਚਕਾਰ ਭੇਦ ਦੱਸੋ।
4. ਸਵਰ ਅਤੇ ਵਿਅੰਜਨ ਬਾਰੇ ਸਪੱਸ਼ਟ ਆਪਣੇ ਸ਼ਬਦ ਵਿਚ ਲਿਖੋ।
5. ਗੁਰਮੁਖੀ ਦੇ 35 ਅੱਖਰਾਂ ਨੂੰ ਕਿੰਨੇ ਭਾਗਾਂ ਵਿਚ ਵੰਡਿਆ ਗਿਆ ਹੈ?

ਨੋਟ

# ਅਧਿਆਏ-4: ਵਚਨ, ਲਿੰਗ
## (Number, Gender)

***ਵਿਸ਼ਾ-ਵਸਤੂ (Contents)***


1. ਵਚਨ ਦੀ ਪਰਿਭਾਸ਼ਾ
2. ਜਾਣ ਪਛਾਣ
3. ਵਚਨ ਦੇ ਰੂਪ
4. ਵਿਸਥਾਰ
5. ਲਿੰਗ ਦੀ ਪਰਿਭਾਸ਼ਾ
6. ਲਿੰਗ ਦੇ ਭੇਦ
7. ਉੱਤਰ ਮਾਲਾ : ਸਵੈ ਮੁਲਾਂਕਣ


## ਵਚਨ (Number)

ਨਾਂਵ ਜਾਂ ਪੜਨਾਂਵ ਦੇ ਜਿਸ ਰੂਪ ਰਾਹੀਂ ਕਿਸੇ ਚੀਜ਼ ਦੇ ਇਕ ਜਾਂ ਬਹੁਤੇ ਹੋਣ ਦਾ ਅਹਿਸਾਸ ਕਰਵਾਏ ਉਸ ਨੂੰ ਅਸੀਂ 'ਵਚਨ' ਆਖਦੇ ਹਾਂ। ਕੁਝ ਵਿਦਵਾਂ ਦਾ ਮੱਤ ਹੈ ਕਿ ਵਚਨ ਇਕ ਵਿਆਕਰਣ ਸ਼੍ਰੇਣੀ ਹੈ ਅਤੇ ਇਸ ਦੀ ਗਿਣਤੀ ਨਾਲ ਕੋਈ ਸੰਬੰਧ ਨਹੀਂ। ਉਹਨਾਂ ਅਨੁਸਾਰ ਜੇ ਗਿਣਤੀ ਵਿਚ ਵਚਨ ਦਾ ਸਿੱਧਾ ਸੰਬੰਧ ਹੁੰਦਾ ਤਾਂ ਹਰ ਇਕ ਭਾਸ਼ਾ ਵਿਚਲਾ ਵਚਨ ਪ੍ਰਬੰਧ ਇਕੋ ਜਿਹਾ ਹੋਣਾ ਚਾਹੀਦਾ ਹੈ। ਹਰ ਭਾਸ਼ਾ ਦਾ ਵਚਨ ਪ੍ਰਬੰਧ ਭਿੰਨ ਹੈ।

ਪੰਜਾਬੀ ਦੇ ਨਾਂਵ, ਪੜਨਾਂਵ, ਵਿਸ਼ੇਸ਼ਣ ਅਤੇ ਸੰਬੰਧਕ ਸੂਚਕ ਸੰਬੰਧਕਾ ਤੇ ਵਚਨ ਦਾ ਰੂਪਾਂਤਰ ਹੁੰਦਾ ਹੈ। ਕਿਰਿਆ ਤੋਂ ਵੀ ਨਾਂਵ ਦੇ ਵਚਨ ਦਾ ਪਤਾ ਲੱਗਦਾ ਹੈ। ਜਿਵੇਂ: ਕਿਰਿਆ ਤੋਂ:–

ਉਹ ਨੱਸਦਾ ਹੈ।

ਉਹ ਨੱਸਦੇ ਹਨ।

ਉਪਰੋਕਤ ਵਾਕਾਂ ਵਿਚ 'ਨੱਸਦਾ' ਸ਼ਬਦਾਂ **ਇਕ ਵਚਨ** ਦਾ ਪ੍ਰਤੀਕ ਹੈ ਅਤੇ ਨੱਸਦੇ ਬਹੁ–ਵਚਨ ਦਾ ਪ੍ਰਤੀਕ ਹੈ। ਇੰਝ ਵਚਨ ਦੋ ਪ੍ਰਕਾਰ ਦੇ ਹਨ।

ਇਕ ਵਚਨ (Singular Number) –ਨਾਂਵ ਜਾਂ ਪੜਨਾਂਵ ਦੇ ਜਿਸ ਰੂਪ ਰਾਹੀਂ ਇਕ ਚੀਜ਼ ਦਾ ਗਿਆਨ ਹੁੰਦਾ ਹੋਵੇ। ਉਸ ਨੂੰ ਇਕ ਵਚਨ ਆਖਦੇ ਹਨ।

ਬਹੁ ਵਚਨ (Plural Number) ਨਾਂਵ ਜਾਂ ਪੜਨਾਂਵ ਦੇ ਜਿਸ ਰੂਪ ਰਾਹੀਂ ਇਕ ਤੋਂ ਵਧੇਰੇ ਚੀਜਾਂ ਦਾ ਗਿਆਨ ਹੁੰਦਾ ਹੋਵੇ। ਉਸ ਨੂੰ ਬਹੁ–ਵਚਨ ਕਹਿੰਦੇ ਹਨ।

**(ੳ) ਇਕ ਵਚਨ :**

ਕੋਠੀ, ਖੇਡਦਾ, ਲੜਕਾ, ਕਾਪੀ ਗੁੱਡੀ

**(ਅ) ਬਹੁ-ਵਚਨ :**

ਕੋਠੀਆਂ, ਖੇਡਦੇ, ਲੜਕੇ, ਕਾਪੀਆਂ, ਗੁੱਡੀਆਂ।

ਇਸ ਤੋਂ ਇਲਾਵਾ ਵਿਆਰਕਣ ਭਾਸ਼ਾ ਦੀ ਪੰਜਾਬੀ ਦੀ ਸ਼ਬਦਾਵਲੀ ਵਿਚ ਬਹੁਤੇ ਸ਼ਬਦ ਇਹੋ ਜਿਹੇ ਵੀ ਹਨ ਵਿਚ ਲਗਾ ਦੀ ਗਿਣਤੀ ਦੀ ਭਰਮਾਰ ਹੈ। ਪਰ ਫਿਰ ਵੀ ਉਨ੍ਹਾਂ ਨੂੰ ਇਕ–ਵਚਨ ਸ਼ਬਦਾਂ ਦੀ ਸੂਚੀ ਵਿਚ ਰੱਖਿਆ ਜਾਂਦਾ ਹੈ। ਜਿਵੇਂ:–

ਫੌਜ, ਝੰਡ, ਢੇਰ, ਪਿੰਡ, ਬਾਗਾਂ

ਨੋਟ

(i) ਇਕ ਵਚਨ ਤੇ ਬਹੁ ਵਚਨ ਬਣਾਉਣ ਦੇ ਕੁਝ ਨਿਯਮ ਇਸ ਤਰ੍ਹਾਂ ਹਨ। ਜਿਵੇਂ ਜਿਨ੍ਹਾਂ ਪੁਲਿੰਗ ਨਾਂਵਾਂ ਜਾਂ ਪੜਨਾਵਾਂ ਦੇ ਅੰਤ ਵਿਚ ਕੰਨਾ ਹੋਵੇ ਅਤੇ ਉਨ੍ਹਾਂ ਦੇ ਕੰਨੇ ਨੂੰ ਹਟਾ ਕੇ ਅਤਲੇ ਅੱਖਰ ਤੇ 'ਲਾ' ਲਹਾਉਣ ਨਾਲ ਬਹੁ ਵਚਨ ਬਣ ਜਾਂਦੇ ਹਨ।

**ਇਕ ਵਚਨ :-**

ਮੁੰਡਾ, ਜੋੜਾ, ਘੋੜਾ, ਸਾਲ, ਕੁੱਤਾ, ਕਾਕਾ

**ਬਹੁ ਵਚਨ :-**

ਮੁੰਡੇ, ਜੋੜੇ, ਘੋੜੇ, ਸਾਲੇ, ਕੁੱਤੇ, ਕਾਕੇ

(ii) ਕਈ ਪੁਲਿਗ ਨਾਵਾਂ ਦੇ ਅੰਤ 'ਕੰਨਾਂ' ਨਹੀਂ ਹੁੰਦਾ, ਉਨ੍ਹਾਂ ਹਾਲਤਾਂ ਵਿਚ ਇਕ ਹੀ ਰੂਪ ਰਹਿੰਦਾ ਹੈ। ਜਿਵੇਂ :–

**ਇਕ ਵਚਨ :-**

ਹਰਨ, ਪੁੱਤਰ, ਸਕੂਲ, ਹਾਥੀ, ਬਾਪੂ

**ਬਹੁ-ਵਚਨ :-**

ਹਰਨ, ਪੁੱਤਰ, ਸਕੂਲ, ਹਾਥੀ, ਬਾਪੂ।

(iii) ਜਿਨ੍ਹਾਂ ਸ਼ਬਦਾਂ ਦੇ ਅੰਤ ਮੁਕਤੇ ਨਾਲ ਹੋਣ, ਉਹਨਾਂ ਸ਼ਬਦਾਂ ਦੇ ਅਖੀਰ ਵਿਚ ਬਿੰਦੀ ਵਾਲਾ 'ਕੰਨਾਂ' ਲਗਾ ਕੇ ਇਕ ਵਚਨ ਤੋਂ ਬਹੁਵਚਨ ਬਣਾਇਆ ਜਾਂਦਾ ਹੈ। ਜਿਵੇਂ :–

**ਇਕ ਵਚਨ :-**

ਲੱਤ, ਮੇਖ, ਚਿੜੀ, ਅੱਖ, ਬਾਂਹ, ਗੇਂਦ

**ਬਹੁ-ਵਚਨ :-**

ਲੱਤਾਂ, ਮੇਖਾਂ, ਚਿੜੀਆਂ, ਅੱਖਾਂ, ਬਾਹਾਂ, ਗੇਂਦਾਂ

(iv) ਜਿਨ੍ਹਾਂ ਇਸਤਰੀ ਲਿੰਗ ਸ਼ਬਦਾਂ ਦੇ ਅੰਤ ਵਿਚ ਬਿਹਾਰੀ, ਔਕੜ, ਹੋੜਾ ਜਾਂ ਕਨੌੜਾ ਹੋਵੇ, ਉਨ੍ਹਾਂ ਦੇ ਅੰਤ ਵਿਚ 'ਆਂ' ਅੱਖਰ ਲਗਾ ਕੇ ਬਹੁ ਵਚਨ ਬਣਾਇਆ ਜਾਂਦਾ ਹੈ।

**ਇਕ ਵਚਨ :-**

ਚਿੜੀ, ਡੱਬੀ, ਕੁੜੀ, ਕਹਾਣੀ, ਨੀਤੀ, ਗੁਰੂ

**ਬਹੁ-ਵਚਨ :-**

ਚਿੜੀਆਂ, ਡੱਬੀਆਂ, ਕੁੜੀਆਂ, ਕਹਾਣੀਆਂ, ਨੀਤੀਆਂ, ਗੁਰੂਆਂ

(v) ਜਿਹੜੇ ਸ਼ਬਦ 'ਕੰਨਾ' ਜਾਂ 'ਬਿੰਦੀ' ਨਾਲ ਮੁਕੰਮਲ ਹੋਵੇ ਉਨ੍ਹਾਂ ਦੇ ਮਗਰੇ 'ਆ' ਜਾਂ 'ਵਾ' ਅੱਖਰ ਲਗਾ ਕੇ ਇਕ ਵਚਨ ਤੋਂ ਬਹੁ–ਵਚਨ ਸ਼ਬਦ ਬਣ ਜਾਂਦੇ ਹਨ। ਜਿਵੇਂ :–

**ਇਕ ਵਚਨ:-**

ਥਾਂ, ਜੂੰ, ਕਾਂ, ਲਾਂ, ਮਾਂ, ਸਰਾਂ, ਰਾ

**ਬਹੁ-ਵਚਨ :-**

ਥਾਵਾਂ, ਜੂਆਂ, ਕਾਂਵਾਂ, ਲਾਵਾਂ, ਮਾਵਾਂ, ਸਰਾਣਾਂ, ਰਾਵਾਂ

(vi) ਕਈ ਵਾਰ ਐਸੇ ਸ਼ਬਦ ਵੀ ਹੁੰਦੇ ਹਨ। ਜੋ ਸਿਰਫ ਬਹੁ ਵਚਨ ਵਾਸਤੇ ਹੀ ਵਰਤੇ ਜਾਂਦੇ ਹਨ ਜਿਵੇਂ:–

ਸਹੁਰੇ, ਨਾਨਕੇ, ਦਾਦਕੇ, ਪੇਕੇ, ਆਪੇ

**ਨੋਟ**

(vii) ਕਈ ਵਾਰ ਕਿਸੇ ਦਾ ਆਦਰ ਸਤਿਕਾਰ ਕਰਨ ਲਈ ਇਕ ਵਚਨ ਨਾਂਵ ਨਾਲ ਬਹੁ ਵਚਨ ਕਿਰਿਆ ਲਗਾਈ ਜਾਂਦੀ ਹੈ। ਇਹ ਸ਼ਬਦ ਆਪਣੇ ਨਾਲੋਂ .... ਨੂੰ ਸਤਿਕਾਰ ਕਰਨ ਲਈ ਵਰਤਿਆ ਜਾਂਦਾ ਹੈ ਜਿਵੇਂ :-

1. ਸਾਡੇ ਦਫ਼ਤਰ ਦੇ ਸਾਹਿਬ ਦਿੱਲੀ ਗਏ ਹਨ।
2. ਸ੍ਰੀਮਾਨ ਜਵਾਹਰ ਲਾਲ ਨਹਿਰੂ ਜੀ ਅੱਜ ਪੰਜਾਬ ਪਧਾਰੇ ਹਨ।
3. ਤੁਹਾਡਾ ਸ਼ੁਭ ਨਾਮ ਕੀ ਹੈ।
4. ਤੁਸੀਂ ਕੀ ਕਰ ਰਹੇ ਹੋ?
5. ਮੇਰੇ ਦਾਦਾ ਜੀ ਅਰਾਮ ਕਰ ਰਹੇ ਹਨ।

## ਲਿੰਗ (Gender)

ਜਿਹੜੇ ਸ਼ਬਦ ਪੁਰਸ਼ ਜਾਤੀ ਲਈ ਵਰਤੇ ਜਾਂਦੇ ਹਨ ਉਹਨਾਂ ਨਾਵਾਂ ਨੂੰ ਪੁਲਿੰਗ (M asculine Gender) ਆਖਦੇ ਹਨ। ਜਿਹੜੇ ਸ਼ਬਦ ਇਸਤਰੀ ਜਾਤੀ ਲਈ ਵਰਤੇ ਜਾਂਦੇ ਹਨ। ਉਹਨਾਂ ਨਾਵਾਂ ਨੂੰ ਇਸਤਰੀ ਲਿੰਗ (Feminine Gender) ਆਖਦੇ ਹਨ। ਜਿਵੇਂ:-

**ਪੁਲਿੰਗ** :-

ਪਿਤਾ, ਘੋੜਾ, ਬਧੋਬੀ, ਸੰਤ, ਭਗਤ, ਵਕੀਲ

**ਇਸਤਰੀ** :-

ਮਾਤਾ, ਕੁੜੀ, ਧੋਬਣ, ਘੋੜੀ, ਮਲਕਾ, ਸ਼ੇਰਨੀ।

ਲਿੰਗ ਪਛਾਨਣ ਦੇ ਹੇਠ ਲਿਖੇ ਨਿਯਮ ਵੀ ਹਨ:-

(i) ਸ਼ਬਦਾਂ ਦੇ ਅੰਤ ਵਿਚ ਕੰਨ (ਾ) ਲੱਗਣ ਵਾਲੀਆਂ ਸਭ ਕਿਰਿਆਵਾਂ ਪੁਲਿੰਗ ਸ਼ਬਦ ਪੁਲਿੰਗ ਅਤੇ ਸ਼ਬਦ ਦੇ ਅੰਤ ਬਿਹਾਰੀ ਵਾਲੀਆਂ ਕਿਰਿਆਵਾਂ ਇਸਤਰੀ ਲਿੰਗ ਹੁੰਦੀਆਂ ਹਨ। ਜਿਵੇਂ :-

1. ਪੁਲਿੰਗ ਸ਼ਬਦ :- ਚਾਚਾ, ਮੁੰਡਾ, ਚਰਖਾ, ਬੱਚਾ, ਸੋਟਾ
2. ਇਸਤਰੀ ਲਿੰਗ ਸ਼ਬਦ : - ਚਾਚੀ, ਕੁੜੀ, ਚਰਖੀ, ਬੱਚੀ, ਸੋਟੀ

(ii) ਪੁਲਿੰਗ ਨਾਵਾਂ ਦੇ ਅੰਤ ਵਿਚ "ਣੀ" ਅਤੇ 'ਨੀ' ਅੱਖਰ ਲਗਾ ਕੇ ਹੇਠ ਲਿਖੇ ਸ਼ਬਦ ਇਸਤਰੀ ਲਿੰਗ ਬਣਦੇ ਹਨ ਜਿਵੇਂ :-

"ਣੀ ਅੱਖਰ"

**(ੳ) ਪੁਲਿੰਗ : -**

ਸੰਤ, ਭਗਤ, ਨਾਗ, ਵਕੀਲ, ਭੀਲ

**ਇਸਤਰੀ ਲਿੰਗ :-**

ਸੰਤਣੀ, ਭਗਤਣੀ, ਨਾਗਣੀ, ਵਕੀਲਣੀ, ਭੀਲਣੀ।

"ਨੀ" ਅੱਖਰ

**(ਅ) ਪੁਲਿੰਗ :-**

ਸ਼ੇਰ, ਸੇਵਾਦਾਰ, ਚੋਰ, ਫ਼ਕੀਰ, .....

**ਇਸਤਰੀ ਲਿੰਗ :-**

ਸ਼ੇਰਨੀ, ਸੇਵਾਦਾਰਨੀ, ਚੋਰਨੀ, ਫਕੀਰਨੀ....

(ਸ) ਕੁਝ ਪੁਲਿਸ ਸ਼ਬਦ ਐਸੇ ਵੀ ਹਨ ਜਿਨ੍ਹਾਂ ਇਸਤਰੀ ਲਿੰਗ ਅਲੋਕਾਰੇ ਹੁੰਦੇ ਹਨ, ਅਜਿਹੇ ਸ਼ਬਦ

**ਨੋਟ**

ਕਾਫ਼ੀ ਹਨ, ਕੁਝ ਹੇਠ ਲਿਖੇ ਉਦਾਹਰਣ ਦੇ ਤੌਰ 'ਤੇ ਹਨ ਜਿਵੇਂ:

| ਪੁਲਿੰਗ | ਇਸਤਰੀ ਲਿੰਗ | ਪੁਲਿੰਗ | ਇਸਤਰੀ ਲਿੰਗ |
|---|---|---|---|
| ਸੰਢਾ | ਕੁੜੀ | ਪੁਰਸ਼ | ਇਸਤਰੀ |
| ਬਲਦ | ਗਊ | ਨਵਾਬ | ਬੇਗਮ |
| ਫੁੱਟੜ | ਭੂਆ | ਵਰ | ਕੰਨਿਆ |
| ਗਭਰੂ | ਮੁਟਿਆਰ | ਮਾਸੜ | ਮਾਸੀ |
| ਜਵਾਈ | ਧੀ | | |

(ਹ) ਭਾਸ਼ਾ ਵਿਚ ਕੁਝ ਅਜਿਹੇ ਨਾਂਵ ਹਨ ਜਿਨ੍ਹਾਂ ਦਾ ਨਾਂ ਪੁਲਿੰਗ ਅਤੇ ਨਾਂ ਹੀ ਇਸਤਰੀ ਲਿੰਗ ਹੈ ਜਿਵੇਂ:

| | | | |
|---|---|---|---|
| ਅਸਮਾਨ | ਦੁੱਧ | ਮਿਠਾਸ | ਸੂਰਜ |
| ਘਿਉ | ਪਿਤਲ | ਚੰਦ | ਵੱਗ |
| ਮੀਤ | ਸੋਨਾ | ਬੁਢੇਪਾ | ਤੇਲ |

## ਉੱਤਰ ਮਾਲਾ : ਸਵੈ ਮੁਲਾਂਕਣ

1. ਵਚਨ ਤੋਂ ਕੀ ਭਾਵ ਹੈ। ਕਿੰਨੇ ਪ੍ਰਕਾਰ ਦੇ ਹੁੰਦੇ ਹਨ ਉਦਾਹਰਣ ਸਾਹਿਤ ਦੱਸੋ।
2. ਵਚਨ ਬਦਲੋ : –
   (ਕ) ਮੁੰਡਾ, ਤੀਵੀ, ਰਾਜਾ, ਬਾਲ
   (ਖ) ਨਦੀ, ਕਪੜਾ, ਦੁਆਰ
3. ਖਾਲੀ ਥਾਵਾਂ ਭਰੋ
   1. ਕੁੜੀਆਂ..... ਕੱਤ ਰਹੀਅ ਹਨ।
   2. ਪੰਛੀ....... ਚੁੱਗ ਰਹੇ ਹਨ।
   3. ਹਾਲੀ ....... ਵਾਹ ਰਹੇ ਹਨ।
   4. ਮੁੰਡੇ..... ਖੇਡ ਰਹੇ ਹਨ।

4. ਲਿੰਗ ਬਾਰੇ ਜਾਣਕਾਰੀ ਦਿਓ। ਇਹ ਕਿੰਨੇ ਪ੍ਰਕਾਰ ਦੇ ਹਨ। ਲਿੰਗ ਬਦਲਣ ਦੇ ਮੋਟੇ ਮੋਟੇ ਨਿਯਮ ਦੱਸੋ।
5. ਹੇਠ ਲਿਖੇ ਨਾਂਵ ਕਿਸ ਲਿੰਗ ਦੀ ਕਿਸ ਸ਼੍ਰੇਣੀ ਵਿਚ ਆਉਂਦੇ ਹਨ?
   ਗੱਭਰੂ, ਰਾਣੀ, ਸੂਰਜ, ਖੰਡ,
6. ਹੇਠ ਲਿਖੇ ਨਾਂਵਾ ਦੇ ਲਿੰਗ ਬਦਲੋ:–
   ਨਰ, ਨਾਈ, ਸੇਠ, ਫੱਫੜ, ਸ਼ੇਰਨੀ, ਧੰਨ, ਝੋਟਾ,
   ਮਾਲਣ, ਸੱਪ, ਸੂਰੀ, ਸਹੁਰਾ, ਮਾਸੀ

•••

# ਅਧਿਆਏ-5: ਸ਼ਬਦ-ਰਚਨਾ

## (Word-Building)

***ਵਿਸ਼ਾ-ਵਸਤੂ (Contents)***

1. ਸ਼ਬਦ ਰਚਨਾ ਦੀ ਪਰਿਭਾਸ਼ਾ
2. ਸ਼ਬਦ ਦੇ ਦੋ ਹਿੱਸਿਆਂ 'ਤੇ ਵਿਚਾਰ
3. ਸ਼ਬਦ ਰਚਨਾ ਦੇ ਰੂਪ
4. ਉੱਤਰ ਮਾਲਾ : ਸਵੈ ਮੁਲਾਂਕਣ

ਉਹ ਬੋਲ ਜੋ ਇਕ ਤੋਂ ਵਧੇਰੇ ਅੱਖਰਾਂ ਤੋਂ ਮਿਲ ਕੇ ਬਣੇ ਹੋਣ ਉਹਨਾਂ ਨੂੰ 'ਸ਼ਬਦ' ਕਹਿੰਦੇ ਹਨ। ਜਿਵੇਂ :-

ਅੰਬ, ਆਈ, ਦੁੱਧ, ਧਰਤੀ, ਸੂਰਜ ਆਦਿ

ਸ਼ਬਦ ਜੋ ਆਪਣੇ ਆਪ ਵਿਚ ਪੂਰਨ ਹੋਵੇ ਅਤੇ ਕਿਸੇ ਹੋਰ ਦੀ ਸਹਾਇਤਾ ਨਾਲ ਨਾਂ ਬਣਿਆ ਹੋਵੇ, ਉਸ ਨੂੰ ਮੂਲ ਸ਼ਬਦ ਕਹਿੰਦੇ ਹਨ। ਜਿਵੇਂ :-

'ਰੋਗ, ਘਰ, ਬਾਲ, ਕਾਲ' ਆਦਿ

ਕੁਝ ਸ਼ਬਦ ਅਜਿਹੇ ਵੀ ਹਨ ਜੋ ਹੋਰ ਅੱਖਰਾਂ ਜਾਂ ਸ਼ਬਦਾਂ ਜਾਂ ਸਬਦਾਂਸ਼ ਦੀ ਸਹਾਇਤਾ ਨਾਲ ਬਣਿਆ ਹੋਵੇ। ਉਸ ਨੂੰ ਰਚਿਤ-ਸ਼ਬਦ ਕਹਿੰਦੇ ਹਨ। ਜਿਵੇਂ :-

| | | | | |
|---|---|---|---|---|
| ਅ | + | ਰੋਗ | = | ਅਰੋਗ |
| ਬੇ | + | ਘਰ | = | ਬੇਘਰ |
| ਅ | + | ਮਰ | = | ਅਮਰ |
| ਅ | + | ਕਾਲ | = | ਅਕਾਲ |
| ਬਾਲ | + | ਪਨ | = | ਬਾਲਪਨ |

ਪੰਜਾਬੀ ਵਿਚ ਸ਼ਬਦ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ

1. ਸਾਰਥਕ ਸ਼ਬਦ
2. ਨਿਰਾਰਥਕ ਸ਼ਬਦ

### 1. ਸਾਰਥਕ ਸ਼ਬਦ :-

ਇਹ ਉਹ ਮੂਲ ਸ਼ਬਦ ਹਨ ਜਿਨਾਂ ਸ਼ਬਦਾਂ ਦਾ ਕੋਈ ਖਾਸ ਅਰਥ ਨਿਕਲਦਾ ਹੋਵੇ। ਉਹਨਾਂ ਨੂੰ ਆਮ-ਬੋਲਚਾਲ ਦੀ ਭਾਸ਼ਾ ਵਿਚ ਸਾਰਥਕ ਸ਼ਬਦ ਕਹਿੰਦੇ ਹਨ : ਜਿਵੇਂ :-

ਲੜਕਾ, ਮਨ, ਰੋਟੀ, ਸੁੱਖ, ਨੱਕ ਆਦਿ

### 2. ਨਿਰਾਰਥਕ ਸ਼ਬਦ :-

ਬੋਲਚਾਲ ਦੀ ਭਾਸ਼ਾ ਵਿਚ ਕੁਝ ਅਜਿਹੇ ਸ਼ਬਦ ਵੀ ਅਸੀਂ ਬੋਲ ਜਾਂਦੇ ਹਾਂ। ਅਸੀਂ ਭਾਵ ਤਾਂ ਸਮਝ ਜਾਂਦੇ ਹਾਂ ਪਰ ਉਸ ਦਾ ਅਰਥ ਨਹੀਂ ਨਿਕਲਦਾ। ਉਸ ਨੂੰ ਨਿਰਾਰਥਕ ਸ਼ਬਦ ਕਹਿੰਦੇ ਹਨ। ਜਿਵੇਂ :-

(i) ਰੋਟੀ, ਰੁਟੀ ਖਾ ਕੇ ਜਾਣਾ।

(ii) ਲਿਖਣ ਲਈ ਕਲਮ ਕੁਲਮ ਹੈ ਜਾਂ ਨਹੀਂ?

ਉਪਰੋਕਤ ਵਾਕਾਂ ਵਿਚ **ਰੋਟੀ** ਸ਼ਬਦ ਦਾ ਅਰਥ ਤਾਂ ਹੈ ਜਿਸ ਨੂੰ ਅਸੀਂ ਸਾਰਥਕ ਸ਼ਬਦ ਆਵੇਗਾ ਪਰ **ਰੁਟੀ** ਸ਼ਬਦ ਤਾਂ ਹੈ ਪਰ ਇਸ ਦਾ ਆਪਣੇ-ਆਪੇ ਵਿਚ ਕੋਈ ਅਰਥ ਨਹੀਂ। ਇਸ ਲਈ ਇਸ ਨੂੰ ਨਿਰਾਰਥਕ ਸ਼ਬਦ

ਨੋਟ

ਆਖਾਂਗੇ। ਇਸੇ ਤਰ੍ਹਾਂ ਦੂਸਰੇ ਵਾਕ ਵਿਚ ਜਿੱਥੇ 'ਕਲਮ' ਸਾਰਥਕ ਸ਼ਬਦ ਹੈ, ਉਥੇ 'ਕੁਲਮ' ਨਿਰਾਰਥਕ ਸ਼ਬਦ ਹੈ।

ਸ਼ਬਦ-ਰਚਨਾ ਕਿਸੇ ਭਾਸ਼ਾ ਦੀ ਰਚਨਾ-ਪਕਿਰਿਆ ਨੂੰ ਪੇਸ਼ ਕਰਦੀ ਹੈ ਸ਼ਬਦ-ਰਚਨਾ ਦਾ ਸਬੰਧ ਭਾਸ਼ਾ ਦੀ ਉਤਪਤੀ, ਭਾਵ ਸ਼ਬਦ ਦੇ ਨਿਕਾਸ ਅਤੇ ਵਿਕਾਸ ਨਾਲ ਹੈ। ਇਸ ਦੇ ਨਾਲ ਹੀ ਸ਼ਬਦ ਰਚਨਾ ਵੇਲੇ ਸ਼ਬਦ ਸਿਰਜਣਾ ਦੀਆਂ ਵਿਧੀਆਂ ਦਾ ਅਧਿਐਨ ਕੀਤਾ ਜਾਂਦਾ ਹੈ। ਸ਼ਬਦ ਕੀ ਹੈ? ਇਸ ਤੋਂ ਜਾਣੂ ਹੋਣ ਉਪਰੰਤ ਇਹ ਵੀ ਜ਼ਰੂਰੀ ਹੈ ਕਿ ਸ਼ਬਦ ਰਚਨਾ ਅਤੇ ਸ਼ਬਦ ਬਣਤਰ ਸਬੰਧੀ ਪਏ ਭਰਮ ਭੁਲੇਖੇ ਤੋਂ ਵੀ ਜਾਣੂ ਹੋਇਆ ਜਾਵੇ। ਇਸ ਲਈ ਸਬੰਧਤ ਭਾਸ਼ਾ ਦੇ ਨਿਕਾਸ ਅਤੇ ਉਸਦੇ ਸੰਪਰਕ ਵਿਚ ਆਉਣ ਵਾਲੀਆਂ ਹੋਰ ਭਾਸ਼ਾਵਾਂ ਬਾਰੇ ਜਾਣਕਾਰੀ ਹੋਣਾ ਜ਼ਰੂਰੀ ਹੈ। ਇਸ ਲਈ ਸ਼ਬਦ, ਬਣਤਰ ਅਤੇ ਸ਼ਬਦ ਰਚਨਾ ਦੇ ਵਖਰੇਵੇਂ ਨੂੰ ਹੋਰ ਸਪੱਸ਼ਟਤਾ ਸਾਹਿਤ ਸਮਝਣ ਲਈ ਪੰਜਾਬੀ ਸ਼ਬਦ ਭੰਡਾਰ ਨੂੰ ਧਿਆਨ ਰਖਦਿਆਂ ਸ਼ਬਦ ਦੇ ਭੇਦ ਬਾਰੇ ਵੀ ਜਾਣਕਾਰੀ ਜ਼ਰੂਰੀ ਹੈ। ਸ਼ਬਦ ਤੋਂ ਭਾਵ, ਸ਼ਬਦਾਂ ਦੀ ਉਤਪਤੀ ਹੈ। ਅਰਥਾਤ ਉਹਨਾਂ ਦੇ ਨਿਕਾਸ ਅਤੇ ਵਿਕਾਸ ਦਾ ਅਸਲ ਹੈ। ਇਤਿਹਾਸਕ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਵੇ ਤਾਂ ਪੰਜਾਬੀ ਸਭ ਖੇਤਰੀ ਭਾਸ਼ਾਵਾਂ ਤੋਂ ਪੁਰਾਣੀ ਹੈ।

ਭਾਰਤੀ ਆਰੀਆ ਦਾ ਸਭ ਤੋਂ ਪੁਰਾਣਾ ਰੂਪ ਵੈਦਿਕ-ਭਾਸ਼ਾ ਨੂੰ ਸਵੀਕਾਰ ਕੀਤਾ ਜਾਂਦਾ ਹੈ। ਪੰਜਾਬੀ ਦਾ ਮੁੱਢ ਵੈਦਿਕ-ਸੰਸਕ੍ਰਿਤ ਵਿਚ ਢੂਡਿਆ ਜਾ ਸਕਦਾ ਹੈ, ਕਿ ਉਂਝ ਵੈਦਿਕ ਭਾਸ਼ਾ ਵਿਚ ਪੰਜਾਬੀ ਦੀ ਸੁਰ ਵਰਗਾ ਲੱਛਣ ਹੈ। ਇਸ ਲਈ ਵੈਦਿਕ ਬੋਲੀ ਦੇ ਕੁਝ ਸ਼ਬਦ ਹੁਣ ਵੀ ਪੰਜਾਬੀ ਬੋਲੀ ਦਾ ਹਿੱਸਾ ਹਨ। ਜਿਵੇਂ ਕਿ ਗੱਡਣਾ, ਅੱਡਣਾ, ਕਾਂ, ਪਿੰਜਰਾ, ਕੁੰਡਾ ਆਦਿ। ਸਮਾਂ ਪਾ ਕੇ ਵੈਦਿਕ ਭਾਸ਼ਾ ਦਾ ਪ੍ਰਭਾਵ ਘੱਟ ਗਿਆ। ਸਥਾਨਕ ਭਾਸ਼ਾਵਾਂ ਦਾ ਸੋਧਿਆ-ਸੰਵਾਰਿਆ ਰੂਪ, ਸੰਸਕ੍ਰਿਤ-ਭਾਸ਼ਾ ਦੇ ਰੂਪ ਵਿਚ ਨਿਖਰ ਕੇ ਸਾਹਮਣੇ ਆਇਆ। ਸੰਸਕ੍ਰਿਤ ਦੇ ਕਈ ਸ਼ਬਦ ਪੰਜਾਬੀ ਵਿਚ ਸਹਿਜੇ ਹੀ ਪ੍ਰਵੇਸ਼ ਕਰ ਗਏ। ਇਸ ਤੋਂ ਬਾਅਦ ਪੰਜਾਬੀ ਦਾ ਸਬੰਧ ਸ਼ੋਰ ਸੈਨੀ, ਪ੍ਰਾਕਿਰਤ ਨਾਲ ਹੈ, ਪਾਣੀ ਨਾਲ ਵੀ ਇਸ ਦਾ ਸਬੰਧ ਮੰਨਿਆ ਜਾਂਦਾ ਹੈ। ਇਤਨਾ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਭਾਸ਼ਾ ਵਿਚ ਸ਼ਬਦ ਭੰਡਾਰ ਬਹੁਤ ਅਮੀਰ ਹੈ। ਪੰਜਾਬੀ ਸ਼ਬਦਾਵਲੀ ਦੇ ਪੱਖ ਤੋਂ ਪੰਜਾਬੀ ਦੇ ਸ਼ਬਦ-ਰੂਪਾਂ ਨੂੰ ਅਸੀਂ ਚਾਰ ਵਰਗਾਂ ਵਿਚ ਵੰਡ ਸਕਦੇ ਹਾਂ।

1. ਤਤਸਮ ਸ਼ਬਦ
2. ਤਦਭਵ ਸ਼ਬਦ
3. ਦੇਸੀ ਸ਼ਬਦ
4. ਵਿਦੇਸ਼ੀ ਸ਼ਬਦ

## 1. ਤਤਸਮ ਸ਼ਬਦ :-

ਜਿਹੜੇ ਵਿਕਸਤ ਬੋਲੀਆਂ ਵਿਚ ਆਪਣਾ ਰੂਪ ਨਹੀਂ ਬਦਲਦੇ। ਭਾਵ ਬਿਨਾਂ ਕਿਸੇ ਰੋਦ-ਬਦਲ ਦੇ ਆਪਣੇ ਮੂਲ ਰੂਪ ਵਿਚ ਪੰਜਾਬੀ ਭਾਸ਼ਾ ਵਿਚ ਇਸਤੇਮਾਲ ਹੁੰਦੇ ਹਨ ਉਸ ਨੂੰ ਤਤਸਮ ਸ਼ਬਦ ਕਹਿੰਦੇ ਹਨ। ਜਿਵੇਂ ਤੱਤ ਦਾ ਅਰਥ ਹੈ "ਉਸਦੇ" ਅਤੇ 'ਸਮ' ਦਾ ਅਰਥ ਸਾਮਾਨ। ਮਿਸਾਲ ਵਜੋਂ ਸੰਸਕ੍ਰਿਤ ਭਾਸ਼ਾ ਦੇ ਜੋ ਸ਼ਬਦ ਉਸੇ ਰੂਪ ਵਿਚ ਪੰਜਾਬੀ 'ਚ ਆ ਗਏ ਹਨ ਜਿਵੇਂ "ਆਕਾਸ਼, ਸਹਿਜ, ਸਤਿ, ਹੀਨ, ਪੰਞ, ਦੀਨ" ਆਦਿ ਸ਼ਬਦ।

## 2. ਤਦਭਵ-ਸ਼ਬਦ :-

ਅਜਿਹੇ ਸ਼ਬਦ ਜੋ ਕੁਝ ਜ਼ਰੂਰੀ ਪਰਿਵਤਰਨ ਕਰਕੇ ਮੂਲ ਬੋਲੀ ਤੋਂ ਲਏ ਜਾਂਦੇ ਹਨ। ਉਹਨਾਂ ਸ਼ਬਦਾਂ ਨੂੰ ਤਦਭਵ, ਸ਼ਬਦ ਕਹਿੰਦੇ ਹਨ। ਸੰਸਕ੍ਰਿਤ ਅਨੇਕਾਂ ਸ਼ਬਦ ਅਜਿਹੇ ਹਨ ਜੋ ਪੰਜਾਬੀ ਦੇ ਆਪਣੇ ਨਿਵੇਕਲੇ ਧੁੰਨੀ-ਪ੍ਰਬੰਧ ਕਾਰਨ ਬਦਲ ਗਏ ਹਨ। ਇਸ ਪੱਖੋਂ ਸੰਸਕ੍ਰਿਤ, ਫਾਰਸੀ, ਅਰਬੀ, ਅੰਗਰੇਜ਼ੀ, ਅਰਬੀ ਆਦਿ ਸ਼ਬਦ ਪੰਜਾਬੀ ਵਿਚ ਪ੍ਰਚਲਤ ਹੋਏ ਹਨ। ਜਿਵੇਂ:-

| | | |
|---|---|---|
| ਦੁਗਧ | - | ਦੁੱਧ |
| ਹਸਤ | - | ਹੱਥ |
| ਸਟੇਸ਼ਨ | - | ਟੇਸ਼ਨ |

ਨੋਟ

## 3. ਦੇਸ਼ੀ-ਸ਼ਬਦ :-

ਉਹ ਸ਼ਬਦ ਜੋ ਮੂਲ ਰੂਪ ਵਿਚ ਵਿਰਸੇ ਵਿਚੋਂ ਲਏ ਗਏ ਹੋਣ। ਉਹ ਨਾ ਤਾਂ ਸੰਸਕ੍ਰਿਤ ਦੇ ਹਨ ਅਤੇ ਨਾ ਹੀ ਵਿਦੇਸ਼ੀ ਭਾਸ਼ਾ ਦੇ ਸ਼ਬਦ ਹਨ। ਪੰਜਾਬੀ ਪੂਰੇ ਪੰਜਾਬ ਪ੍ਰਦੇਸ਼ ਦੀ ਬੋਲੀ ਮੰਨੀ ਜਾਂਦੀ ਹੈ। ਦੇਸੀ ਭਾਸ਼ਾ ਸ਼ਬਦ ਇਸ ਪ੍ਰਕਾਰ ਹਨ:

ਇੱਟ, ਛਾਤੀ, ਕੱਦੂ, ਮੰਜੀ ਆਦਿ

## 4. ਵਿਦੇਸ਼ੀ-ਸ਼ਬਦ :-

ਪੰਜਾਬ ਇਕ ਸਰਹੱਦੀ ਇਲਾਕਾ ਹੈ। ਅਨੇਕਾਂ ਹਮਲਾਵਰ ਸਮੇਂ ਸਮੇਂ ਸਿਰ ਪੰਜਾਬ ਆਏ। ਉਨ੍ਹਾਂ ਦੇ ਲੰਮੇ ਸਮੇਂ ਤੱਕ ਭਾਰਤ ਵਿਚ ਰਹਿਣ ਕਰਕੇ, ਜਿੱਥੇ ਸਾਡਾ ਪਹਿਰਾਵਾ, ਜੀਉਣ ਢੰਗ, ਵਿਚਾਰ ਸਭਿਆਚਾਰ ਪ੍ਰਭਾਵਿਤ ਹੋਇਆ, ਉੱਥੇ ਸਾਡੀ ਭਾਸ਼ਾ ਵਿਚ ਵੀ ਮਲੋ-ਮਲੀ ਬਹੁਤ ਸਾਰੇ ਅਜਿਹੇ ਸ਼ਬਦ ਆ ਗਏ, ਜੋ ਉਹਨਾਂ ਦੇ ਸਭਿਆਚਾਰ ਅਤੇ ਭਾਸ਼ਾ ਵਿਚ ਵਰਤੇ ਜਾਂਦੇ ਹਨ। ਅਜਿਹੇ ਕੁਝ ਵਿਦੇਸ਼ੀ ਭਾਸ਼ਾ ਦੇ ਸ਼ਬਦ ਹੇਠਾਂ ਦਿੱਤੇ ਜਾਂਦੇ ਹਨ:

### 1. ਅਰਬੀ ਭਾਸ਼ਾ ਦੇ ਸ਼ਬਦ :-

ਅਖ਼ਬਾਰ, ਇਤਰ, ਜਲਸਾ, ਕਾਗਜ਼, ਕੁਰਸੀ
ਜਲੂਸ, ਤੁਫਾਨ, ਫਾਇਦਾ, ਜੁਰਮਾਨਾ, ਅਜ਼ਾਦ ਆਦਿ

### 2. ਫਾਰਸੀ ਭਾਸ਼ਾ ਦੇ ਸ਼ਬਦ:-

ਆਦਮੀ, ਮਰਦਰਸਾ, ਪਿਆਜ, ਪਰੀ
ਸ਼ਰਬਤ, ਚੀਜ, ਗੁਲਾਬ, ਦਰਵਾਜ਼ਾ ਆਦਿ

### 3. ਤੁਰਕੀ ਭਾਸ਼ਾ ਦੇ ਸ਼ਬਦ:-

ਚਾਕੂ, ਕੈਂਚੀ, ਤੋਪ, ਖੰਜਰ, ਦਰੋਗਾ
ਬਾਰੂਦ, ਚਮਚਾ, ਸੌਗਾਤ, ਲਾਸ਼, ਜ਼ਿੰਮੀਦਾਰ ਆਦਿ

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪੰਜਾਬ ਭਾਸ਼ਾ ਦੇ ਸ਼ਬਦ ਭੰਡਾਰ ਵਿਚ ਵੈਦਿਕ, ਸੰਸਕ੍ਰਿਤ, ਕਲਾਸੀਕਲ, ਪ੍ਰਾਕ੍ਰਿਤ , ਅਪਭੰਸ ਦੇ ਸ਼ਬਦ ਮੌਜੂਦ ਹਨ, ਉੱਥ ਮੁਗਲਾਂ ਦੇ ਆਉਣ ਨਾਲ ਅਰਬੀ, ਫਾਰਸੀ ਅਤੇ ਤੁਰਕੀ ਭਾਸ਼ਾ ਦੇ ਸ਼ਬਦਾਂ ਦਾ ਵਾਧਾ ਹੋਇਆ। ਇਸੇ ਤਰ੍ਹਾਂ ਅੰਗਰੇਜਾਂ ਦੇ ਭਾਰਤ ਵਿਚ ਆਉਣ ਨਾਲ ਬਹੁਤ ਸਾਰੇ ਵਿਦੇਸ਼ੀ ਸ਼ਬਦਾਂ ਦਾ ਪੰਜਾਬੀ ਵਿਚ ਪ੍ਰਵੇਸ਼ ਹੋਇਆ। ਇਨ੍ਹਾਂ ਸ਼ਬਦਾਂ ਨੂੰ ਪੰਜਾਬੀਆਂ ਨੇ ਆਪਣੇ ਅਨੁਸਾਰ ਢਾਲ ਕੇ ਵਰਤਿਆ। ਜਿਵੇਂ:-

### 1. ਅੰਗਰੇਜ਼ੀ ਭਾਸ਼ਾ ਦੇ ਸ਼ਬਦ :-

ਸਕੂਲ, ਲਾਇਬ੍ਰੇਰੀ, ਕਾਲਜ, ਡਾਕਟਰ,
ਇੰਜਣ, ਸਾਈਕਲ, ਫੁੱਟਬਾਲ, ਸਟੇਸ਼ਨ ਆਦਿ।

### 2. ਪੁਰਤਗੇਜ਼ੀ ਭਾਸ਼ਾ ਦੇ ਸ਼ਬਦ :-

ਆਲੂ, ਬਾਲਟੀ, ਕਮਰਾ, ਤਿਜੋਰੀ, ਪਾਦਰੀ,
ਆਲਪਿੰਨ, ਤੌਲੀਆ, ਚਾਬੀ ਆਦਿ

### 3. ਫਰਾਂਸੀਸੀ ਭਾਸ਼ਾ ਦੇ ਸ਼ਬਦ :-

ਪੁਲਿਸ, ਕਾਰਟੂਨ, ਕੂਪਨ, ਗੋਦਾਮ ਆਦਿ

### 4. ਯੂਨਾਨੀ ਭਾਸ਼ਾ ਦੇ ਸ਼ਬਦ :-

ਐਟਮ, ਡੇਲਟਾ, ਟੈਲੀਗਰਾਫ਼, ਟੈਲੀਫੋਨ ਆਦਿ

ਨੋਟ

**5. ਚੀਨੀ ਭਾਸ਼ਾ ਦੇ ਸ਼ਬਦ :-**

ਚਾਹ, ਲੀਚੀ, ਪਟਾਕਾ, ਤੂਫਾਨ ਆਦਿ

## ਉੱਤਰ ਮਾਲਾ : ਸਵੈ ਮੁਲਾਂਕਣ

1. ਸ਼ਬਦ ਕਿਸ ਨੂੰ ਕਹਿੰਦੇ ਹਨ?
2. ਸ਼ਬਦ ਰਚਨਾ ਤੋਂ ਕੀ ਭਾਵ ਹੈ?
3. ਸ਼ਬਦ ਕਿੰਨੇ ਪ੍ਰਕਾਰ ਦੇ ਹਨ?
4. ਤਤਸਮ ਸ਼ਬਦ ਅਤੇ ਤਦਭਵ ਸ਼ਬਦਾਂ ਵਿਚ ਕੀ ਅੰਤਰ ਹੈ?
5. ਦੇਸੀ ਸ਼ਬਦ ਅਤੇ ਵਿਦੇਸ਼ ਸ਼ਬਦਾਂ ਬਾਰੇ ਜਾਣਕਾਰੀ ਆਪਣੇ ਸ਼ਬਦਾਂ ਵਿਚ ਲਿਖੋ।
6. ਹੇਠ ਲਿਖੇ ਸ਼ਬਦ ਕਿਸ ਭਾਸ਼ਾ ਦੇ ਹਨ
   ਮਾਲਕ, ਗਰੀਬ, ਜ਼ਮੀਨ, ਚਸਮਾ, ਖੰਜਰ, ਸੌਗਾਤ, ਲਾਸ਼, ਆਦਮੀ

•••

ਨੋਟ

# ਅਧਿਆਏ-6: ਕਾਰਕ
## (Case)

***ਵਿਸ਼ਾ-ਵਸਤੂ (Contents)***

1. ਕਾਰਕ ਦੀ ਪਰਿਭਾਸ਼ਾ
2. ਜਾਣ ਪਛਾਣ
3. ਕਾਰਕ ਦੇ ਭੇਦ ਅਤੇ ਵਿਸਥਾਰ
4. ਉੱਤਰ ਮਾਲਾ : ਸਵੈ ਮੁਲਾਂਕਣ

ਨਾਂਵ ਜਾਂ ਪੜਨਾਂਵ ਦੇ ਜਿਨ੍ਹਾਂ ਰੂਪਾਂ ਰਾਹੀਂ ਇਹ ਪਤਾ ਲੱਗੇ ਕਿ ਉਸ ਨਾਂਵ ਜਾਂ ਪੜਨਾਂਵ ਦਾ ਆਪੋ ਵਿਚ ਜਾਂ ਵਾਕ ਦੇ ਹੋਰਨਾਂ ਸ਼ਬਦਾਂ ਨਾਲ ਕੀ ਸਬੰਧ ਹੈ। ਉਸ ਨੂੰ ਕਾਰਕ ਕਹਿੰਦੇ ਹਨ। ਜਿਵੇਂ :-

1. ਕਰਮ ਸਿੰਘ ਨੇ ਸੁਰਜੀਤ ਦਿੱਲੀ ਭੇਜਿਆ।
2. ਮੈਂ ਪੈੱਨ ਨਾਲ ਲਿਖਦਾ ਹਾਂ।

ਉਪਰੋਕਤ ਵਾਕਾਂ ਵਿਚ ਕਰਮ ਸਿੰਘ ਅਤੇ ਸੁਰਜੀਤ ਨਾਲ ਸਬੰਧ ਹੈ। ਇਸੇ ਤਰ੍ਹਾਂ ਕਿਰਿਆ ਦਾ "ਮੈਂ" ਅਤੇ ਪੈੱਨ ਨਾਲ ਸਬੰਧ ਹੈ।

ਮਨੁੱਖ ਸਜਾਣ ਵਿਚ ਜੀਵਨ ਗੁਜਾਰਨ ਲਈ ਕਾਰਜ ਕਰਦਾ ਹੈ। ਇਹ ਕਾਰਜ ਕਿਸੇ ਨਾ ਕਿਸੇ ਦੀ ਮੱਦਦ ਨਾਲ ਹੀ ਹੁੰਦਾ ਹੈ। ਹਰ ਕਾਰਜ ਦਾ ਕੋਈ ਨਾ ਕੋਈ ਮਨੋਰਥ ਵੀ ਹੁੰਦਾ ਹੈ। ਇਸ ਪ੍ਰਭਾਵ ਵੀ ਕਿਸੇ ਨਾ ਕਿਸੇ ਉੱਪਰ ਪੈਂਦਾ ਹੈ। ਇਹ ਸਾਰੀ ਸਾਨੂੰ ਕਾਰਕਾਂ ਤੋਂ ਮਿਲਦੀ ਹੈ। ਇਸ ਨੂੰ ਇੰਝ ਕਹਿ ਸਕਦੇ ਹਾਂ ਕਿ ਜਦੋਂ ਕੋਈ ਦੋ ਮਨੁੱਖ ਵਾਰਤਾਲਾਪ ਸਮੇਂ ਇਕ ਦੂਜੇ ਨਾਲ ਕੌਣ ਕਿਸ ਨੂੰ, ਕਿਸ ਲਈ, ਕਿਸ ਨਾਲ, ਕਿੱਥੇ, ਕਿਸ ਦਾ ਆਦਿ ਪ੍ਰਸ਼ਨ ਪੈਦਾ ਹੋਣ ਤਾਂ ਅਸਲ ਵਿਚ ਉਹ ਕਾਰਕ ਹੀ ਪੁੱਛਣਗੇ ਹੁੰਦੇ ਹਨ ਕਾਰਜ ਅੱਠ ਪ੍ਰਕਾਰ ਦੇ ਹਨ:-

| | ਕਾਰਕ | ਕਾਰਕੀ ਚਿੰਨ |
|---|---|---|
| 1. | ਕਰਤਾ ਕਾਰਕ (Nominative case) | ਨੇ |
| 2. | ਕਰਮ ਕਾਰਕ (Objective case) | ਨੂੰ |
| 3. | ਕਰਨ ਕਾਰਕ (Instrumental case) | ਰਾਹੀ, ਦੁਆਰਾ, ਨਾਲ |
| 4. | ਸੰਪਰਦਾਨ ਕਾਰਕ (Dative case) | ਲਈ, ਖਾਤਰ, ਵਾਸਤੇ |
| 5. | ਅਪਾਦਾਨ ਕਾਰਕ (Ablative case) | ਤੋਂ, ਕੋਲੋਂ, ਪਾਧੋਂ |
| 6. | ਸੰਬੰਧ ਕਾਰਕ (Possessive case) | ਦਾ, ਦੇ, ਮੇਰਾ, ਤੇਰਾ, ਦੀ |
| 7. | ਅਧਿਕਰਣ ਕਾਰਕ (Locative case) | ਵਿਚ, ਪਰ, ਤੇ ਉੱਤੇ, ਅੰਦਰ |
| 8. | ਸੰਬੋਧਨ ਕਾਰਕ (Vocative case) | ਓਏ, ਏ, ਹੇ, ਨੀ, ਆ ਵੇ |

### (1) ਕਰਤਾ ਕਾਰਕ :-

ਜਿਹੜਾ ਵਾਕ ਦੀ ਕਿਰਿਆ ਨੂੰ ਕਹਿਣ ਵਾਲਾ ਹੁੰਦਾ ਹੈ। ਉਸ ਵਿਚ ਕਰਤਾ ਕਾਰਕ ਹੁੰਦਾ ਹੈ। ਕਰਤਾ ਕਾਰਕ ਪਛਾਣ ਲਈ, ਵਾਕ ਦੀ ਕਿਰਿਆ ਨਾਲ, ਕਿਸੇ 'ਨੇ', ਜਾਂ 'ਕੌਣ' ਲਾ ਕੇ ਸੁਆਲ ਕਰੋ ਉਤਰ ਕਰਤਾ ਕਾਰਕ ਹੋਵੇਗਾ ਜਿਵੇ:-

1. ਰਾਮ ਨੇ ਪੁਸਤਕ ਪੜ੍ਹੀ।

ਪ੍ਰਸ਼ਨ :- ਪੁਸਤਕ ਕਿਸ ਨੇ ਪੜ੍ਹੀ? ... ਰਾਮ ਨੇ।

ਇਸੇ ਤਰ੍ਹਾਂ : ਜਸਮੀਤ ਖੇਡ ਰਹੀ ਹੈ।

ਪ੍ਰਸ਼ਨ : - ਕੌਣ ਖੇਡ ਰਹੀ ਹੈ?... 'ਜਸਮੀਤ'

ਨੋਟ

## 2. ਕਰਮ ਕਾਰਕ :-

ਜਿਸ ਵਾਕ ਅੰਦਰ ਕਿਰਿਆ ਦਾ ਫਲ ਪਵੇ ਉਸ ਨੂੰ ਕਰਮ ਕਾਰਕ ਆਖਿਆ ਜਾਂਦਾ ਹੈ। ਇਸ ਅਨੁਸਾਰ ਕਰਮ ਕਾਰਕ ਦੀ ਪਛਾਣ ਕਰਨ ਲਈ ਕਿਰਿਆ ਨਾਲ 'ਕਿਸ ਨੂੰ' 'ਕਿੱਥੇ ਕੀ' ਦੇ ਸੁਆਲ ਕਰੋ, ਉੱਤਰ ਕਰਮ ਕਾਰਕ ਹੋਵੇਗਾ।

ਜਿਵੇਂ :-

1. ਤੁਸੀਂ ਮੈਨੂੰ ਮਾਰਿਆ।
2. ਹਰਮੀਤ ਨੇ ਗਾਣਾ ਗਾਇਆ

ਪਹਿਲੇ ਵਾਕ ਵਿਚ ਤੁਸੀਂ ਕਿਸ ਨੂੰ ਮਾਰਿਆ ਉੱਤਰ "ਮੈਨੂੰ"

ਦੂਸਰੇ ਵਾਕ ਵਿਚ ਹਰਮੀਤ ਨੇ ਕੀ ਗਾਇਆ ਉੱਤਰ "ਗਾਣਾ"

## 3. ਕਰਨ ਕਾਰਕ :-

ਵਾਕ ਵਿਚ ਜਿਸ ਚੀਜ਼ ਦੁਆਰਾ ਕੰਮ ਹੋਵੇ ਜਾਂ ਕਰਵਾਇਆ ਜਾਵੇ ਭਾਵ ਜੋ ਸ਼ਬਦ ਕਿਰਿਆ ਦੇ ਪੂਰਾ ਹੋਣ ਵਿਚ ਸਾਧਨ ਦੇ ਰੂਪ ਵਿਚ ਕੰਮ ਆਵੇ। ਉਸ ਨੂੰ ਕਰਨ ਕਾਰਕ ਆਖਦੇ ਹਨ। ਇਸ ਨੂੰ ਪਛਾਨਣ ਲਈ ਸੁਆਲ ਕਰੋ ਕਿ 'ਕਿਸ ਨਾਲ', ਜਾਂ "ਕਾਹਦੇ ਨਾਲ" ਇਸ ਤਰ੍ਹਾਂ ਨਾਲ ਕਰਨ ਕਾਰਕ ਦਾ ਪਤਾ ਲੱਗ ਜਾਵੇਗਾ ਜਿਵੇਂ :-

1. ਜਸਮੀਤ ਨੇ ਪੈੱਨ ਨਾਲ ਸਾਰੀ ਕਿਤਾਬ ਲਿਖੀ
2. ਰਾਮ ਨੇ ਰਾਵਣ ਨੂੰ ਤੀਰ ਨਾਲ ਮਾਰਿਆ।

ਉੱਪਰਲੇ ਵਾਕ ਵਿਚ ਸਵਾਲ ਕਰਾਂਗੇ ਕਿ ਜਸਮੀਤ ਨੇ ਕਿਸ ਨਾਲ ਕਿਤਾਬ ਲਿਖੀ ਤਾਂ ਉੱਤਰ ਹੋਵੇਗਾ "ਪੈੱਨ ਨਾਲ"।

ਇਸੇ ਤਰ੍ਹਾਂ ਦੂਸਰੇ ਵਾਕ ਵਿਚ ਰਾਮ ਨੇ ਰਾਵਣ ਨੂੰ ਕਿਸ ਤਰ੍ਹਾਂ ਮਾਰਿਆ ਇਸ ਦੇ ਨਾਲ ਉੱਤਰ ਹੈ ਕਿ "ਤੀਰ ਨਾਲ" ਦੋਹਾਂ ਵਾਕਾਂ ਵਿਚ "ਨਾਲ" ਸ਼ਬਦ ਕਾਰਕ 'ਚਿੰਨ ਹੈ।

## 4. ਸੰਪਰਦਾਨ ਕਾਰਕ :-

ਜਿਸ ਵਾਕ ਵਿਚ ਨਾਂਵ ਜਾਂ ਪੜਨਾਂਵ ਲਈ ਕੋਈ ਕੰਮ ਕੀਤਾ ਜਾਂਦਾ ਹੋਵੇ; ਉਸ ਵਿਚ ਸੰਪਰਦਾਨ ਕਾਰਕ ਹੁੰਦਾ ਹੈ: ਜਿਵੇਂ :-

1. ਭਗਤ ਸਿੰਘ ਨੇ ਦੇਸ਼ ਵਾਸਤੇ ਜਾਨ ਦੀ ਬਾਜੀ ਲਾ ਦਿੱਤੀ।
2. ਹਰਸਿਮਰਨ ਮੇਰੇ ਲਈ ਫਰੂਟ ਲੈ ਕੇ ਆਇਆ।

ਪਹਿਲੇ ਵਾਕ ਵਿਚ ਪ੍ਰਸ਼ਨ ਜੇ ਕੀਤਾ ਜਾਵੇ ਕਿ ਭਗਤ ਸਿੰਘ ਨੇ ਕਿਸ ਵਾਧਾ ਜਾਂ ਕਿਸ ਲਈ ਜਾਨਬਾਰੀ ਤਾਂ ਉਸ ਦਾ ਉੱਤਰ ਹੈ "ਦੇਸ਼ ਵਾਸਤੇ" ਦੂਜੇ ਵਾਕ ਵਿਚ ਹਰਸਿਮਰਨ ਕਿਸ ਦੇ ਲਈ ਜਾ ਨਿਸ ਵਾਸਤੇ ਫਰੂਟ ਲਿਆਇਆ ਉਸ ਦਾ ਉੱਤਰ ਹੋਵੇਗਾ "ਮੇਰੇ ਲਈ"। ਇਸ 'ਦੇਸ਼ ਵਾਸਤੇ' ਅਤੇ "ਮੇਰੇ ਲਈ" ਦੋਨੋਂ ਸੰਪਾਰਦਾਨ ਕਾਰਕ ਹਨ।

## 5. ਅਪਾਦਾਨ ਕਾਰਕ :-

ਵਾਕ ਰਾਹੀਂ ਜਿਸ ਕੋਲੋਂ ਕੋਈ ਚੀਜ਼ ਅਲੱਗ ਹੋਵੇ ਜਾਂ ਕੰਮ ਅਰੰਭ ਹੋਵੇ ਉਸ ਨੂੰ ਅਪਾਦਾਨ ਕਾਰਨ ਆਖਿਆ ਜਾਂਦਾ ਹੈ ਜਿਵੇਂ:-

1. ਜਲੰਧਰੋਂ ਚਿੱਠੀ ਆਈ ਹੈ।
2. ਦਰਖਤ ਤੋਂ ਫਲ ਡਿੱਗਦਾ ਹੈ।

ਪਹਿਲੇ ਵਾਕ ਵਿਚ ਜੇ ਪ੍ਰਸ਼ਨ ਕੀਤਾ ਜਾਵੇ ਕਿ ਚਿੱਠੀ ਕਿਥੋਂ ਆਈ ਹੈ ਤਾਂ ਉਸ ਦਾ ਉੱਤਰ ਹੋਵੇ ਕਿ "**ਜਲੰਧਰੋ**" ਇਸ ਇਹ ਸ਼ਬਦ ਨੂੰ ਆਪੀ **ਅਪਾਦਾਨ ਕਾਰਕ** ਆਖਾਂਗੇ। ਦੂਜੇ ਵਾਕ ਵਿਚ ਜੇ ਪ੍ਰਸ਼ਨ ਕੀਤਾ ਜਾਵੇ ਕਿ 'ਫੇਲ' ਕਿਥੋਂ ਡਿੱਗਾ ਤਾਂ ਉੱਤਰ ਹੋਵੇਗਾ ਕਿ **ਦਰਖਤ ਤੋਂ** ਇਸ ਲਈ ਇਹ **ਅਪਾਦਾਨ** ਕਾਰਕ ਹੋਵੇਗਾ, ਕਿਉਂਕਿ ਕਿਸੇ ਚੀਜ ਦਾ ਅੱਡਾ ਹੋਣਾ ਜਾਂ ਵੱਖ ਹੋਣਾ ਜਾਂ ਸੰਕੇਤ ਮਿਲੇ ਉਸ ਨੂੰ ਅਪਾਦਾਨ ਕਾਰਕ ਕਹਿੰਦੇ ਹਨ। ਇਸ ਦੀ ਪਛਾਣ, ਅੱਖਰ, ਤੋਂ ਕੋਲੋਂ, ਪਾਧੋ, ਆਦਿ ਨਾਲ ਹੁੰਦੀ ਹੈ।

## 6. ਸੰਬੰਧ ਕਾਰਕ :-

ਵਾਕਾਂ ਵਿੱਚ ਜਿਸ ਤੋਂ ਕਿਸੇ ਚੀਜ਼ ਦਾ ਸੰਬੰਧ ਪ੍ਰਗਟ ਹੋਵੇ ਜਾਂ ਵਾਕਾਂ ਵਿਚ ਹੋਰ ਸ਼ਬਦਾਂ ਦੇ ਨਾਲ ਸੰਬੰਧ ਦਾ ਬੋਧ ਕਰਾਉਣ ਵਾਲੇ ਨਾਂਵ ਜਾਂ ਪੜਨਾਂਵ ਨੂੰ ਸੰਬੰਧ ਕਾਰਕ ਆਖਿਆ ਜਾਂਦਾ ਹੈ। ਜਿਵੇਂ :-

ਵਾਕਾਂ ਵਿਚ ਜਿਸ ਤੋਂ ਕਿਸੇ ਚੀਜ਼ ਦਾ ਸੰਬੰਧ ਪ੍ਰਗਟ ਹੋਵੇ ਜਾਂ ਵਾਕਾਂ ਵਿਚ ਹੋਰ ਸ਼ਬਦਾਂ ਦੇ ਨਾਲ ਸੰਬੰਧ ਦਾ ਬੋਧ ਕਰਾਉਣ ਵਾਲੇ ਨਾਂਵ ਜਾਂ ਪੜਨਾਂਵ ਨੂੰ ਸੰਬੰਧ ਕਾਰਕ ਆਖਿਆ ਜਾਂਦਾ ਹੈ ਜਿਵੇਂ:-

1. ਹਰਜੀਤ ਦੀ ਪੁਸਤਕ ਪੁਰਾਣੀ ਹੈ।
2. ਉਸਦੇ ਦੋਵੇਂ ਹੱਥ ਜ਼ਖਮੀ ਹਨ?

ਪਹਿਲੇ ਵਾਕ ਵਿਚ ਪੁਰਾਣੀ ਪੁਸਤਕ ਕਿਸ ਦੀ ਜਵਾਬ ਆਏਗ "ਹਰਜੀਤ ਦੀ" ਦੂਜੇ ਵਾਕ ਵਿਚ ਦੋ ਹੱਥ ਕਿਸ ਦੇ 'ਜ਼ਖਮੀ' ਹਨ? ਉੱਤਰ ਆਵੇਗਾ 'ਉਸਦੇ' ਇਸ ਵਿਚ ਸੰਬੰਧ ਕਾਰਕ ਹਨ। ਇਨ੍ਹਾਂ ਵਿਚ ਅੱਖਰ 'ਦਾ, ਦੇ, ਦੀ ਆਦਿ "ਸੰਬੰਧ ਕਾਰਕ" ਹਨ।

## 7. ਅਧਿਕਰਨ ਕਾਰਕ :-

ਜਿਹੜਾ ਕਿਸੇ ਚੀਜ਼ ਦਾ ਸਹਾਰਾ ਜਾਂ ਅਧਾਰ ਹੋਵੇ ਭਾਵ ਵਾਕ ਵਿਚ ਕਿਰਿਆ ਦਾ ਕੰਮ ਜਿਸ ਨਾਂਵ ਜਾਂ ਪੜਨਾਂਵ ਦੇ ਆਸਰ ਜਾ ਜਿਸ ਥਾਂ ਹੋਵੇ, ਉਸ ਨੂੰ ਅਧਿਕਰਣ ਕਾਰਕ ਆਖਿਆ ਜਾਂਦਾ ਹੈ:- ਜਿਵੇਂ

1. ਵਿਦਿਆਰਥੀ ਜਮਾਤ ਵਿਚ ਹਾਜ਼ਰ ਸਨ।
2. ਵਿਦਿਆਰਥੀ ਕੁਝ ਬੈਂਚਾਂ ਤੇ ਬੈਠੇ ਸਨ।

ਪਹਿਲੇ ਵਾਕ ਵਿਚ ਵਿਦਿਆਰਥੀ ਕਿੱਥੇ ਹਨ। ਇਸ ਦਾ ਜਵਾਬ ਹੈ ਕਿ ਵਿਦਿਆਰਥੀ ਜਮਾਤ ਵਿਚ ਹਨ।

ਦੂਜੇ ਵਾਕ ਵਿਚ ਵਿਦਿਆਰਥੀ ਕਿੱਥੇ ਬੈਠੇ ਹਨ। ਜਵਾਬ ਹੈ ਕਿ ਵਿਦਿਆਰਥੀ ਬੈਂਚਾਂ ਤੇ। ਇਹ ਸ਼ਬਦ ਅਧਿਕਰਨ ਕਾਰਕ ਹਨ।

ਇਹਨਾਂ ਦੀ ਪਛਾਣ ਇਹਨਾਂ ਅੱਖਰਾਂ ਨਾਲ ਹੈ : ਵਿੱਚ, ਪਰ, ਉੱਤੇ, ਅੰਦਰ ਆਦਿ

## 8. ਸੰਬੋਧਨ ਕਾਰਕ :-

ਵਾਕਾਂ ਵਿਚ ਨਾਂਵ ਜਾਂ ਪੜਨਾਂਵ ਦਾ ਉਹ ਰੂਪ ਜਿਸ ਵਿਚ ਸੰਬੋਧਨ ਦੀ ਕਿਰਿਆ ਹੋਵੇ ਅਤੇ ਨਾਲ ਹੀ ਵਿਸਮਿਕ ਚਿੰਨ੍ਹ ਲੱਗਾ ਹੋਵੇ ਜਿਵੇ:

ਹੇ ਰਾਮ ਮੇਰੀ ਰਖਿਆ ਕਰੋ।

ਉ ਕਾਕਾ, ਗੱਲਾਂ ਸੁਣੀਂ ਜ਼ਰਾ!

ਪਹਿਲੇ ਵਾਕ ਵਿਚ ਰਾਮ ਨੂੰ ਸਹਾਇਤਾ ਲਈ ਪੁਕਾਰਿਆ ਗਿਆ ਹੈ। ਦੂਜੇ ਵਾਕ ਵਿਚ ਕਾਕੇ ਨੂੰ ਬੁਲਾਇਆ ਗਿਆ ਹੈ। ਇਸ ਲਈ ਜਿਸ ਤੋਂ ਪੁਕਾਰ ਜਾਂ ਬੁਲਾਏ ਜਾਣ ਦਾ ਗਿਆਨ ਹੋਵੇ, ਉਸ ਨੂੰ ਸੰਬੋਧਨ ਕਾਰਕ ਆਖਿਆ ਜਾਂਦਾ ਹੈ। ਇਸ ਦੀ ਪਛਾਣ ਲਈ ਕਿਵੇਂ ਪੁਕਾਰਿਆ? ਜਾਂ ਕਿਵੇਂ ਸੰਬੋਧਨ ਕੀਤਾ? ਇਸ ਤਰ੍ਹਾਂ ਦੇ ਸੁਆਲ ਕਰਨ ਨਾਲ ਜਿਹੜਾ ਉੱਤਰ ਹੋਵੇਗਾ, ਉਹ ਸੰਬੋਧਨ ਕਾਰਕ ਹੋਵੇਗਾ। ਸੰਬੋਧਨ ਕਾਰਕ ਚਿੰਨ੍ਹਾਂ ਦੀ ਪਛਾਣ ਦਾ ਅੱਖਰ ਇੰਝ ਹਨ, ਓ, ਏ, ਹੇ, ਨੀ ਆ, ਵੇ ਆਦਿ।

ਨੋਟ

## ਉੱਤਰ ਮਾਲਾ : ਸਵੈ ਮੁਲਾਂਕਣ

1. ਪ੍ਰਸ਼ਨ : –
   (i) ਕਾਰਕ ਕਿਸ ਨੂੰ ਆਖਦੇ ਹਨ?
   (ii) ਕਾਰਕ ਦੇ ਪ੍ਰਕਾਰਾਂ ਨੂੰ ਆਪਣੇ ਸ਼ਬਦਾਂ ਵਿਚ ਲਿਖੋ
   (iii) ਕਰਤਾ ਕਾਰਕ ਅਤੇ ਕਰਮ ਕਾਰਕ ਦਾ ਭੇਦ ਉਦਾਹਰਣ ਸਾਹਿਤ ਸਪੱਸ਼ਟ ਕਰੋ।
2. ਹੇਠ ਲਿਖੇ ਵਾਕਾਂ ਵਿਚ ਅੰਡਰ ਲਾਈਨ ਸ਼ਬਦਾਂ ਦੇ ਕਾਰਕ ਦੱਸੋ।
   (ੳ) ਰਮਾ ਪੈੱਨ ਨਾਲ ਲਿਖ ਰਹੀ ਹੈ।
   (ਅ) ਉਹ ਸ਼ਹਿਰ ਤੋਂ ਬਾਹਰ ਗਿਆ ਹੈ।
   (ੲ) ਪਾਗਲ ਨੂੰ ਪੱਥਰ ਨਾ ਮਾਰੋ।
   (ਸ) ਅਜੀਤ ਕੋਠੇ ਤੋਂ ਡਿੱਗ ਪਿਆ।
   (ਹ) ਸਿਮਰ ਮੇਰੇ ਲਈ ਸੂਟ ਲਿਆਇਆ।
   (ਕ) ਨੀਰੂ ਚਾਕੂ ਨਾਲ ਆਲੂ ਛਿਲ ਰਹੀ ਹੈ।
   (ਖ) ਗੰਗਾ ਹਿਮਾਲਾ ਤੋਂ ਨਿਕਲਦੀ ਹੈ।
   (ਗ) ਉਏ, ਸ਼ਰਮਾ! ਗੱਲ ਤਾਂ ਸੁਣ।
   (ਘ) ਜਸਮੀਤ ਸਿਮਰਨ ਤੋਂ ਕਾਪੈ ਲੈਣ ਗਈ।
   (ਙ) ਗਰੀਬਾਂ ਦੀ ਸੇਵਾ ਕਰੋ।
   (ਚ) ਮੇਜ਼ ਤੇ ਕਿਤਾਬਾਂ ਰੱਖ ਦਿਓ।

•••

ਨੋਟ

# ਅਧਿਆਏ-7: ਨਾਂਵ

## (Noun)

*ਵਿਸ਼ਾ-ਵਸਤੂ (Contents)*


1. ਨਾਂਵ ਦੀ ਪਰਿਭਾਸ਼ਾ
2. ਜਾਣ ਪਛਾਣ
3. ਵਿਸਥਾਰ
4. ਨਾਂਵ ਦੇ ਭੇਦ
5. ਉਦਾਹਰਣ
6. ਉੱਤਰ ਮਾਲਾ : ਸਵੈ ਮੁਲਾਂਕਣ


ਉਹ ਸ਼ਬਦ ਜੋ ਕਿਸੇ ਮਨੁੱਖ, ਵਸਤੂ ਅਤੇ ਸਥਾਨ ਆਦਿ ਦੇ ਭਾਵ ਦੇ ਨਾਂਮ ਦਾ ਬੋਧ ਕਰਾਉਂਦਾ ਹੋਵੇ। ਉਹਨਾਂ ਨੂੰ ਨਾਂਵ ਕਿਹਾ ਜਾਂਦਾ ਹੈ। ਜਿਵੇਂ:-

1. **ਰਾਮ ਦਿੱਲੀ** ਰਹਿੰਦਾ ਹੈ।
2. **ਗਾਂ ਦੁੱਧ** ਦਿੰਦੀ ਹੈ।
3. **ਮਧੂ ਮੰਗਲਵਾਰ** ਪੈਦਾ ਹੋਈ।
4. **ਭਾਰਤ** ਦੀ ਰਾਜਧਾਨੀ **ਦਿੱਲੀ** ਹੈ।
5. **ਗੁਰੂ ਗ੍ਰੰਥ ਸਾਹਿਬ** ਇਕ ਧਾਰਮਿਕ ਪੁਸਤਕ ਹੈ।

ਉਪਰੋਕਤ ਵਾਕਾਂ ਵਿਚ ਅੰਡਰ ਲਾਈਨ ਕੀਤੇ ਹੋਏ ਸ਼ਬਦ ਨੂੰ ਵੇਖੋ, ਰਾਮ ਇਕ ਮਨੁੱਖ ਦਾ ਨਾਂਮ ਹੈ। ਦਿੱਲੀ ਇਕ ਸ਼ਹਿਰ ਦਾ ਨਾਮ ਹੈ। ਗਾਂ ਇਕ ਪਸ਼ੂ ਹੈ ਅਤੇ ਦੁੱਧ ਇਕ ਪੀਣ ਵਾਲੀ ਚੀਜ਼ ਦਾ ਨਾਂਮ ਹੈ। ਇਸੇ ਤਰ੍ਹਾਂ ਮਧੂ ਇਕ ਲੜਕੀ ਦਾ ਨਾਮ ਅਤੇ ਮੰਗਲਵਾਰ ਇਕ ਖਾਸ ਦਿਨ ਦਾ ਨਾਮ ਹੈ। ਭਾਰਤ ਇਕ ਦੇਸ਼ ਦਾ ਨਾਮ ਅਤੇ ਗੁਰੂ ਗਰੰਥ ਸਾਹਿਬ ਇਕ ਧਾਰਮਿਕ ਪੁਸਤਕ ਦਾ ਨਾਮ ਹੈ।

ਨਾਂਵ ਪੰਜ ਪ੍ਰਕਾਰ ਦੇ ਹੁੰਦੇ ਹਨ:

1. ਖਾਸ ਨਾਂਵ (Proper Noun)
2. ਜਾਤੀ ਨਾਂਵ- ਆਮ ਨਾਂਵ (Commen Noun)
3. ਇਕੱਠ ਵਾਚਕ ਨਾਂਵ (Colletive Noun)
4. ਵਾਸਤੁਵਾਚਕ ਨਾਂਵ (Material Noun)
5. ਭਾਵ ਵਾਚਕ ਨਾਂਵ (Abstract Noun)

### ਖਾਸ ਨਾਂਵ:-

ਕਿਸੇ ਖਾਸ ਥਾਂ, ਚੀਜ਼, ਜੀਵਾਂ ਆਦਿ ਲਈ ਵਰਤੇ ਜਾਣ ਅਤੇ ਇਨ੍ਹਾਂ ਨੂੰ ਆਮ ਤੋਂ ਖਾਸ ਬਣਾਉਣ, ਉਨ੍ਹਾਂ ਨੂੰ ਖਾਸ ਨਾਂਵ ਆਖਿਆ ਜਾਂਦਾ ਹੈ:-

1. ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ।

ਉਪਰੋਕਤ ਵਾਕ ਵਿਚ ਚੰਡੀਗੜ੍ਹ ਇਕ ਖਾਸ ਸ਼ਹਿਰ ਹੈ ਅਤੇ ਪੰਜਾਬ ਇਕ ਸੂਬੇ ਦਾ ਖਾਸ ਨਾਮ ਹੈ। ਇਸ ਲਈ ਇਹ ਸ਼ਬਦ ਖਾਸ ਨਾਂਵ ਹਨ।

### ਆਮ ਨਾਂਵ:-

ਉਹ ਸ਼ਬਦ ਜੋ ਨਾਂਵ ਆਮ ਮਨੁੱਖਾਂ, ਵਸਤੂਆਂ, ਜਾਨਵਰ ਆਦਿ ਲਈ ਵਰਤੇ ਜਾਂਦੇ ਹਨ। ਭਾਵ ਜਿਨ੍ਹਾਂ

**ਨੋਟ**

ਨਾਵਾਂ ਨਾਲ ਇਕ ਜਾਤ ਜਾਂ ਜਮਾਤ ਦੀ ਚੀਜ਼ ਦਾ ਬੋਧ ਹੁੰਦਾ ਜਿਨ੍ਹਾਂ ਨਾਵਾਂ ਨਾਲ ਇਕ ਜਾਤ ਜਾਂ ਜਮਾਤ ਦੀ ਚੀਜ਼ ਦਾ ਬੋਧ ਹੁੰਦਾ ਹੋਵੇ ਉਨ੍ਹਾਂ ਨੂੰ ਜਾਤੀ ਵਾਚਕ ਨਾਂਵ ਆਖਦੇ ਹਨ।

1. **ਬੱਚੇ** ਮੈਦਾਨ ਵਿਚ ਖੇਲ੍ਹ ਰਹੇ ਹਨ।
2. ਮੇਰੀ **ਛੱਤਰੀ** ਬਹੁਤ ਮਹਿੰਗੀ ਹੈ।
3. **ਮੱਖਣ** ਜੀਵਨ ਲਈ ਬਹੁਤ ਜ਼ਰੂਰੀ ਹੈ।
4. **ਦਰੱਖਤ** ਸਾਨੂੰ **ਫੱਲ** ਦਿੰਦੇ ਹਨ।

ਇਨ੍ਹਾਂ ਸੱਤਰਾਂ ਵਿਚ ਬੱਚੇ, ਛੱਤਰੀ, ਮੱਖਣ, ਦਰੱਖਤ ਜਾਤੀ ਵਾਚਕ ਨਾਂਵ ਹਨ। ਨਾਂਵ ਉਸ ਵੇਲੇ ਜਾਤੀ ਵਾਚਕ ਨਾਂਵ ਬਣ ਜਾਂਦੇ ਹਨ। ਜਦੋਂ ਉਸ ਦਾ ਪ੍ਰਯੋਗ ਵਿਅਕਤੀ ਜਾਂ ਵਸਤੂ ਦੀ (Clan) ਵਰਗ ਨੂੰ ਦਰਸਾਉਂਦਾ ਹੋਵੇ ਜਿਵੇਂ:–

ਸੁਰਿੰਦਰ ਸਾਡੇ ਸਕੂਲ ਦਾ **ਦਾਰਾ ਸਿੰਘ** ਹੈ।

ਸੈਕਸਪੀਅਰ ਵਲੈਤ ਦਾ **ਕਾਲੀਦਾਸ** ਹੈ।

ਇਹਨਾਂ ਸਤਰਾਂ ਵਿਚ ਦਾਰਾ ਸਿੰਘ, ਕਾਲੀ ਦਾਸ ਜਾਤੀ ਵਾਚਕ ਸ਼ਬਦ ਬਣ ਗਏ ਹਨ।

## ਇਕੱਠ ਵਾਚਕ ਨਾਂਵ :-

ਉਹ ਨਾਂਵ ਜਿਹੜਾ, ਚੀਜਾਂ, ਜੀਵਾਂ ਆਦਿ ਦੇ ਇਕੱਠ ਜਾਂ ਸਮੂਹ ਸ਼੍ਰੇਣੀ ਲਈ ਵਰਤਿਆ ਜਾਂਦਾ ਹੈ। ਜਿਵੇਂ:–

1. ਸਾਡੀ **ਟੀਮ** ਫੁਟਵਾਲ ਮੈਚ ਜਿੱਤ ਗਈ।
2. ਹਿੰਦੁਸਤਾਨੀ **ਆਰਮੀ** ਬਹੁਤ ਬਹਾਦੁਰੀ ਨਾਲ ਲੜੀ।
3. ਮੈਂ ਆਪਣੀ **ਕਲਾਸ** ਦਾ ਮਨੀਟਰ ਹਾਂ।
4. ਇਲਾਕੇ ਦੀ **ਭੀੜ** ਨੇ ਚੋਰ ਨੂੰ ਨਸਾ ਦਿੱਤਾ।

ਉਪਰੋਕਤ ਵਾਕਾਂ ਵਿਚ ਟੀਮ, ਆਰਮੀ, ਕਲਾਸ, ਭੀੜ ਆਦਿ ਸ਼ਬਦਾਂ ਨਾਲ ਸਮੂਹ ਦਾ ਬੋਧ ਹੁੰਦਾ ਹੈ। ਇਸ ਲਈ ਇਹ ਸ਼ਬਦ ਇਕੱਠ ਵਾਚਕ ਹਨ।

## ਵਸਤੂ-ਵਾਚਕ ਨਾਂਵ:-

ਉਹ ਸ਼ਬਦ ਜਿਨ੍ਹਾਂ ਨਾਲ ਚੀਜਾਂ ਜਾਂ ਵਸਤਾਂ ਦਾ ਗਿਆਨ ਹੁੰਦਾ ਹੋਵੇ ਜਾਂ ਉਹ ਨਾਂਵ ਸ਼ਬਦ ਜਿਸ ਨਾਲ ਐਸੇ ਪਦਾਰਥਾਂ ਦਾ ਬੋਧ ਹੋਵੇ ਜਿਸ ਨਾਲ ਦੂਸਰੀਆਂ ਚੀਜਾਂ ਬਣ ਸਕਣ ਉਸ ਨੂੰ ਵਸਤੂ–ਵਾਚਕ ਨਾਂਵ ਆਖਦੇ ਹਨ ਅਤੇ ਸਧਾਰਣ ਹਾਲਤ ਵਿਚ ਅਜਿਹੇ ਨਾਵਾਂ ਦਾ ਬਹੁ–ਵਚਨ ਨਹੀਂ ਬਣ ਸਕਦਾ।

1. ਕਾਪਰ ਇਕ ਲਾਭਕਾਰੀ ਵਸਤੂ ਹੈ।
2. ਮੇਰੀ ਅਗੂਠੀ ਸੋਨੇ ਦੀ ਬਣੀ ਹੈ।
3. ਬਰਾਸ ਪੀਲੇ ਰੰਗ ਤੇ ਹੈ।
4. ਗਰਮੀਆਂ ਵਿਚ ਸ਼ਰਬਤ ਬਹੁਤ ਪੀਤਾ ਜਾਂਦਾ ਹੈ।

ਉਪਰੋਕਤ ਸਰਤਾਂ ਵਿਚ ਕਾਪਰ, ਸੋਨਾ, ਬਰਾਸ, ਸਰਬਤ ਵਸਤੂ–ਵਾਚਕ ਸ਼ਬਦ ਹਨ।

## ਭਾਵ-ਵਾਚਕ ਨਾਂਵ:-

ਜਿਨ੍ਹਾਂ ਚੀਜਾਂ ਦਾ ਆਕਾਰ ਨਹੀਂ, ਭਾਵ ਉਹ ਭਾਵ ਜਿਨ੍ਹਾਂ ਨੂੰ ਸਿਰਫ਼ ਮਹਿਸੂਸ ਕੀਤਾ ਜਾ ਸਕਦਾ ਹੈ; ਛੂਹ ਨਹੀਂ ਸਕਦੇ, ਜੋ ਸਥਾਨ ਘੇਰ ਨਹੀਂ ਸਕਦੇ ਉਹ ਭਾਵ–ਵਾਚਕ ਨਾਂਵ ਹਨ ਜਿਵੇਂ:–

1. ਖੂਬਸੂਰਤੀ ਚਾਰ ਦਿਨ ਦੀ ਚਾਨਣੀ ਹੈ।
2. ਗਰੀਬੀ ਬੁਰੀ ਨਿਆਮਤ ਹੈ।
3. ਹੱਸਣਾ ਸਿਹਤ ਲਈ ਅੱਛਾ ਹੈ।

ਇਨ੍ਹਾਂ ਉਪਰੋਕਤ ਸਤਰਾਂ ਵਿਚ, ਖ਼ੂਬਸੂਰਤੀ, ਗਰੀਬੀ, ਹੱਸਣਾ ਆਦਿ ਸ਼ਬਦਾਂ ਨੂੰ ਭਾਵ-ਵਾਚਕ ਨਾਂਵ ਆਖਿਆ ਜਾਂਦਾ ਹੈ।

1. ਕਦੇ-ਕਦੇ ਖਾਸ ਨਾਂਵ ਜਾਤੀ ਨਾਵਾਂ ਦੀ ਤਰ੍ਹਾਂ ਵੀ ਵਰਤੇ ਜਾਂਦੇ ਹਨ ਜਿਵੇਂ ਪਹਿਰਾਵਾ (ਵੇਸ਼) ਸਾਦਾ ਹੋਣਾ ਚਾਹੀਦਾ ਹੈ।
2. ਕਦੇ-ਕਦੇ ਖਾਸ ਨਾਮ, ਜਾਤੀ ਨਾਵਾਂ ਦੀ ਤਰ੍ਹਾਂ ਵਰਤੇ ਜਾਂਦੇ ਹਨ ਜਿਵੇਂ:

ਸਾਡੇ ਦੇਸ਼ ਵਿਚ ਰਾਮ ਅਤੇ ਭਰਤ ਵਰਗੇ ਅੱਜ ਕਿੱਥੇ ਹਨ?

ਅੱਜ ਤਾਂ ਘਰ ਘਰ ਰਾਵਣ ਅਤੇ ਵਿਭੀਖਣ ਹਨ।

ਇੱਥੇ ਰਾਮ, ਭਰਤ, ਰਾਵਣ ਤੇ ਵਿਭੀਖਣ ਸ਼ਬਦ ਮਨੁੱਖਾ ਦਾ ਬੋਧ ਨਹੀਂ ਕਰਵਾਉਂਦੇ, ਸਗੋਂ ਉਹਨਾਂ ਵਰਗੇ ਗੁੱਟ ਰੱਖਣ ਵਾਲੇ ਸਭ ਮਨੁੱਖਾਂ ਲਈ ਵਰਤੇ ਗਏ ਹਨ। ਇਸ ਲਈ ਨਾਂਵ ਖਾਸ ਨਾਂਵ ਹੁੰਦਿਆ ਹੋਇਆ ਵੀ ਜਾਤੀ ਨਾਂਵ ਬਣ ਗਏ ਹਨ।

3. ਕਈ ਵਾਰ ਆਮ ਨਾਂਵ ਖਾਸ ਨਾਂਵਾ ਵਾਂਗ ਵਰਤੇ ਜਾਂਦੇ ਹਨ ਜਿਵੇਂ:-

ਗਾਂਧੀ ਜੀ ਅਤੇ ਨਹਿਰੂ ਜੀ ਸਾਡੇ ਹਰਮਨ ਪਿਆਰੇ ਨੇਤਾ ਹਨ।

ਗਾਂਧੀ ਅਤੇ ਨਹਿਰੂ ਜਾਂ ਗੋਤ ਹੋਣ ਕਾਰਣ ਜਾਤੀ ਨਾਂਵ ਹਨ। ਪਰ ਇੱਥੇ ਗਾਂਧੀ ਜੀ ਦਾ ਮਤਲਬ ਜਾਤੀ ਤੋਂ ਨਹੀਂ, ਸਗੋਂ ਮੋਹਨ ਦਾਸ ਕਰਮ ਚੰਦ ਗਾਂਧੀ ਹੈ। ਇਸੇ ਤਰ੍ਹਾਂ ਨਹਿਰੂ ਤੋਂ ਭਾਵ ਪੰਡਿਤ ਜਵਾਹਰ ਲਾਲ ਨਹਿਰੂ ਹੈ। ਇਸ ਲਈ ਇਹ ਸ਼ਬਦ ਜਾਤੀ ਵਾਚਕ ਹੁੰਦਿਆ ਵੀ ਖਾਸ ਨਾਂਵ ਬਣ ਗਏ ਹਨ।

## ਖਾਸ ਨਾਂਵ ਵਸਤੂ :-

ਵਾਚਕ ਨਾਂਵ ਤੇ ਭਾਵ-ਵਾਚਕ ਨਾਂਅ ਆਮ ਤੌਰ 'ਤੇ ਇਕ ਵਚਨ ਵਿਚ ਵਰਤੇ ਜਾਂਦੇ ਹਨ। ਜਿਵੇਂ :-

(ੳ) ਸਾਡੇ ਪਿੰਡ ਵਿਚ ਚਾਰ ਕਰਤਾਰ ਸਿੰਘ ਹਨ।

(ਅ) ਮੈਂ ਸਾਗਰਾਂ ਅਤੇ ਨਦੀਆਂ ਨੂੰ ਚੀਰ ਗਿਆ।

(ੲ) ਸੁਖਾਂ ਵਿਚ ਪੈ ਕੇ ਉਹ ਜ਼ਿੰਦਗੀ ਦਾ ਆਦਰਸ਼ ਭੁਲ ਬੈਠਾ।

## ਉੱਤਰ ਮਾਲਾ : ਸਵੈ ਮੁਲਾਂਕਣ

1. ਨਾਂਵ ਕਿਸ ਨੂੰ ਆਖਦੇ ਹਨ। ਇਹ ਕਿੰਨੇ ਪ੍ਰਕਾਰ ਦੇ ਹਨ ਲਿਖੋ।
2. ਹੇਠ ਲਿਖੇ ਸ਼ਬਦ ਕਿਸ ਕਿਸ ਪ੍ਰਕਾਰ ਦੇ ਨਾਂਵ ਹਨ:
   ਪ੍ਰੋਹਿਤ, ਬਾਲ, ਜੰਝ, ਮਿਠਾਸ, ਸੋਨਾ, ਸ਼ਹਿਰ, ਗੰਗਾ, ਵਿਦਿਆਰਥੀ
3. ਹੇਠ ਲਿਖੇ ਵਾਕਾਂ ਵਿਚੋਂ ਨਾਂਵ ਸ਼ਬਦ ਚੁਣੋ
   (1) ਜੰਗਲ ਵਿਚ ਸ਼ੇਰ ਘੁੰਮ ਰਿਹਾ ਹੈ।
   (2) ਕਲਮ ਨਾਲ ਚਿੱਠੀ ਲਿਖੋ।
   (3) ਭਾਰਤ ਇਕ ਪ੍ਰਗਤੀਸ਼ੀਲ ਦੇਸ਼ ਹੈ।
   (4) ਪੁਲਿਸ ਨੇ ਚੋਰ ਨੂੰ ਫੜ ਲਿਆ ਹੈ।
   (5) ਰਾਂਝੇ ਨੇ ਮੱਝੀਆਂ ਚਾਰੀਆਂ।

•••

ਨੋਟ

# ਅਧਿਆਏ-8: ਪੜਨਾਂਵ

## (Pronoun)

***ਵਿਸ਼ਾ-ਵਸਤੂ (Contents)***


1. ਪੜਨਾਂਵ ਦੀ ਪਰਿਭਾਸ਼ਾ
2. ਜਾਣ-ਪਛਾਣ ਤੇ ਪੜਨਾਂਵ ਦਾ ਪ੍ਰਯੋਗ
3. ਪੜਨਾਂਵ ਦੇ ਭੇਦ
4. ਉਦਾਹਰਣ
5. ਉੱਤਰ ਮਾਲਾ : ਸਵੈ ਮੁਲਾਂਕਣ


ਜੋ ਸ਼ਬਦ ਨਾਂਵ ਸ਼ਬਦ ਦੀ ਥਾਂ ਤੇ ਵਰਤਿਆ ਜਾਵੇ ਉਸ ਨੂੰ ਪੜਨਾਂਵ ਆਖਿਆ ਜਾਂਦਾ ਹੈ। ਨਾਂਵ ਸ਼ਬਦ ਨੂੰ ਬਾਰ-ਬਾਰ ਵਰਤਣ ਦੀ ਥਾਂ ਪੜਨਾਂਵ ਸ਼ਬਦਾਂ ਦੀ ਵਰਤੋਂ ਕੀਤੀ ਜਾਂ ਬਾਰ-ਬਾਰ ਨਾਂਵ ਵਰਤਣ ਨਾਲ ਦਿਮਾਗ ਵਿਚ ਵਾਕ ਰਚਨਾ ਅੱਖਰਦੀ ਹੈ। ਪੜਨਾਂਵ ਸ਼ਬਦ ਦੀ ਵਿਸ਼ੇਸਤਾ ਇਹ ਹੈ ਕਿ ਇਨ੍ਹਾਂ ਨੂੰ ਵਰਤਣਾ ਬਹੁਤ ਸੁਖਾਲਾ ਹੈ ਜਿਵੇਂ:-

ਰਾਮ ਮੇਰਾ ਪੱਕਾ ਦੋਸਤ ਹੈ। ਰਾਮ ਕੱਦ ਵਿਚ ਉੱਚਾ ਤੇ ਲੰਬਾ ਹੈ। ਰਾਮ ਸੁਭਾਅ ਵੱਲੋਂ ਪਿਆਰ ਵਾਲਾ ਹੈ। ਰਾਮ ਹਮੇਸ਼ਾ ਪੜ੍ਹਦਾ ਰਹਿੰਦਾ ਹੈ। ਰਾਮ ਬੜਾ ਚੰਗਾ ਗਾਉਂਦਾ ਹੈ।

ਪੜਨਾਂਵ ਦਾ ਪ੍ਰਯੋਗ :- ਰਾਮ ਮੇਰਾ ਪੱਕਾ ਦੋਸਤ ਹੈ। ਉਸ ਦਾ ਕੱਦ ਉੱਚਾ ਤੇ ਲੰਬਾ ਹੈ। ਉਸ ਦਾ ਸੁਭਾਅ ਪਿਆਰ ਵਾਲਾ ਹੈ। ਉਹ ਹਮੇਸ਼ਾ ਪੜ੍ਹਦਾ ਰਹਿੰਦਾ ਹੈ। ਬੜਾ ਚੰਗਾ ਗਾਉਂਦਾ ਹੈ।

ਅਰੰਭ ਵਿਚ ਰਾਮ ਨਾਂਵ ਨਾਲ ਵਾਕ ਦੀ ਬਣਤਰ ਹੈ। ਬਾਕੀ ਵਾਕਾਂ ਵਿਚ ਉਹ ਉਸ ਦਾ ਪੜਨਾਵ ਸ਼ਬਦਾਂ ਨਾਲ ਵਾਕ ਦੀ ਬਣਤਰ ਕੀਤੀ ਹੈ।

ਪੜਨਾਂਵ ਦੇ ਹੇਠ ਲਿਖੇ ਭੇਦ ਹਨ:

1. ਪੁਰਖ ਵਾਚਕ ਪੜਨਾਂਵ (Personal Pronoun)
2. ਪ੍ਰਸ਼ਨ ਵਾਚਕ ਪੜਨਾਂਵ (Interogative Pronoun)
3. ਸੰਬੰਧ ਵਾਚਕ ਪੜਨਾਂਵ (Relative Pronoun)
4. ਨਿਸਚੇਵਾਚਕ ਪੜਨਾਂਵ (Demonstrative Pronoun)
5. ਅਨਿਸਚਿਤ ਵਾਚਕ ਪੜਨਾਂਵ (Indefinite Pronoun)
6. ਨਿੱਜ ਵਾਚਕ ਪੜਨਾਂਵ (Relextive Pronoun)

### 1. ਪੁਰਖ ਵਾਚਕ ਪੜਨਾਂਵ:-

ਜਿਸ ਪੜਨਾਂਵ ਤੋਂ ਕਿਸੇ ਪੁਰਸ਼ ਜਾਂ ਵਿਅਕਤੀ ਜਾਂ ਵਸਤੂ ਦਾ ਬੋਧ ਹੁੰਦਾ ਹੋਵੇ। ਉਸ ਨੂੰ ਪੁਰਖ ਵਾਚਕ ਪੜਨਾਂਵ ਆਖਦੇ ਹਨ।

ਜਿਵੇਂ :-

(i) **ਮੈਂ** ਸੌਂ ਰਿਹਾ ਹਾਂ।

(ii) **ਉਹ** ਸੌਂ ਰਿਹਾ ਹੈ।

(iii) **ਅਸੀਂ** ਸੌਂ ਰਹੇ ਹਾਂ।

(iv) **ਉਹ** ਸੌਂ ਰਹੀ ਹੈ।

(v) **ਤੁਸੀਂ** ਸੌਂ ਰਹੇ ਹੋ।

ਨੋਟ

(vi) **ਉਹ** ਸੌ ਰਹੇ ਹਨ।

(vii) ਮੈਂ ਤੁਹਾਨੂੰ ਪੁੱਛਦਾ ਹਾਂ, **ਉਹ** ਕੀ ਕਰ ਰਿਹਾ ਹੈ?

ਉਪਰੋਕਤ ਵਾਕਾਂ ਵਿਚ ਅੰਡਰ ਲਾਈਨ ਸ਼ਬਦਾਂ ਨੂੰ (ਮੈਂ, ਅਸੀਂ, ਉਹ, ਤੁਸੀਂ ਆਦਿ ਸ਼ਬਦਾਂ ਨੂੰ ਪੁਰਖ ਵਾਚਕ ਪੜਨਾਂਵ ਆਖਦੇ ਹਾਂ) ਉਪਰੋਕਤ ਵਾਕਾਂ ਵਿਚ ਇਕ ਹੋਰ ਗੱਲ ਸਪੱਸ਼ਟ ਹੁੰਦੀ ਹੈ। ਪਹਿਲੇ ਵਾਕ ਵਿਚ ਮੈਂ, ਉਹ, ਪੜਨਾਂਵ ਹਨ। 'ਮੈਂ, ਅਸੀਂ ਆਦਿ ਬੋਲਣ ਵਾਲਾ ਜਾਂ ਗੱਲ ਕਰ ਵਾਲਾ ਆਪਣੇ ਲਈ ਵਰਤਦਾ ਹੈ। ਬੋਲ ਵਾਲੇ ਜਾਂ ਗੱਲ ਕਰਨ ਵਾਲੇ ਉੱਤਮ ਪੁਰਖ ਕਹਿੰਦ ਹਨ।

'ਤੂੰ ਤੁਸੀਂ' ਆਦਿ ਸ਼ਬਦ ਨਾਲ ਗੱਲ ਕੀਤੀ ਜਾਵੇ ਉਸ ਲਈ ਵਰਤੇ ਜਾਂਦੇ ਹਨ ਜਿਸ ਨਾਲ ਗੱਲ ਕਰੀਏ ਉਸ ਨੂੰ ਮੱਧਮ ਪੁਰਖ ਆਖਦੇ ਹਾਂ।

ਉਹ ਆਦਿ ਜਿਸ ਦੇ ਸਬੰਧ ਵਿਚ ਗੱਲ ਕਰੀਏ, ਉਸ ਲਈ ਵਰਤੇ ਜਾਂਦੇ ਹਨ। ਗੱਲ ਕਰਨ ਵਾਲੇ ਜਿਸ ਬਾਬਤ ਗੱਲ ਕਰਨ, ਉਸ ਨੂੰ **ਅਨਯ ਪੁਰਖ** ਕਿਹਾ ਜਾਂਦਾ ਹੈ। ਇਸ ਲਈ ਮੈਂ, ਅਸੀਂ, ਤੂੰ, ਤੁਸੀਂ, ਉਹ, ਇਹ ਆਦਿਕ ਕਿਸੇ ਨਾ ਕਿਸੇ ਪੁਰਖ ਲਈ ਵਰਤੇ ਗਏ ਹਨ। ਇਸ ਲਈ **ਪੁਰਖ ਵਾਚਕ ਪੜਨਾਂਵ** ਹਨ।

ਮੂਲ ਰੂਪ ਵਿਚ ਜਿਨ੍ਹਾਂ ਪੜਨਾਵਾਂ ਰਾਹੀਂ ਬੋਲਣ ਵਾਲੇ, ਸੁਣਨ ਵਾਲੇ ਜਾਂ ਜਿਸ ਦੇ ਸੰਬੰਧ ਵਿਚ ਕੁਝ ਕਿਹਾ ਜਾ ਰਿਹਾ ਹੋਵੇ, ਦਾ ਗਿਆਨ ਹੋਵੇ, ਉਹਨਾਂ ਨੂੰ ਪੁਰਖ-ਵਾਚਕ ਪੜਨਾਂਵ ਕਹਿੰਦੇ ਹਨ।

ਇੰਝ ਪੁਰਖ ਵਾਚਕ ਦੇ ਤਿੰਨ ਪ੍ਰਕਾਰ ਦੇ ਹੁੰਦੇ ਹਨ:

**(i) ਉੱਤਮ ਪੁਰਖ (First Person) :-**

ਜਿਸ ਪੜਨਾਂਵ ਰਾਹੀਂ ਲਿਖਣ ਜਾਂ ਬੋਲਣ ਵਾਲਾ ਆਪਣੇ ਆਪ ਲਈ ਕਰਦਾ ਹੈ, ਉਸ ਨੂੰ ਉੱਤਮ ਪੁਰਖ ਕਹਿੰਦੇ ਹਨ ਜਿਵੇਂ ਮੈਂ, ਅਸੀਂ।

**(ii) ਮੱਧਮ ਪੁਰਖ (Second Person):-**

ਜਿਸ ਪੜਨਾਂਵ ਦੀ ਵਰਤੋਂ ਸੁਨਣ ਵਾਲੇ ਜਾਂ ਪੜ੍ਹਨ ਵਾਲੇ ਲਈ ਕੀਤੀ ਜਾਵੇ, ਉਸ ਨੂੰ ਮੱਧਮ ਪੁਰਖ ਆਖਿਆ ਜਾਂਦਾ ਹੈ ਤੂੰ, ਤੁਸੀਂ।

**(iii) ਅਨਯ ਪੁਰਖ (Third Person) :-**

ਜਿਸ ਪੜਨਾਂਵ ਦੀ ਵਰਤੋਂ ਕਿਸੇ ਹੋਰ ਮਨੁੱਖ ਲਈ ਕੀਤੀ ਹੋਵ। ਉਸ ਨੂੰ ਅਨਯ ਪੁਰਖ ਕਹਿੰਦੇ ਹਨ। ਜਿਵੇਂ : ਇਹ, ਉਹ।

## 2. ਪ੍ਰਸ਼ਨ ਵਾਚਕ ਪੜਨਾਂਵ (Interogative Parounon) :-

ਜੋ ਪੜਨਾਂਵ ਪ੍ਰਸ਼ਨ ਪੁੱਛਣ ਦਾ ਕੰਮ ਕਰੇ। ਉਹ ਸ਼ਬਦ ਹਨ **ਕੌਣ**, **ਕੀ**, **ਕਿਹੜਾ**। ਸ਼ਬਦ ਕੌਣ ਮਨੁੱਖ ਬੌਧਕ ਨਾਂਵਾ ਲਈ ਵਰਤਿਆ ਜਾਵੇ। **ਕੀ** ਸ਼ਬਦ ਜਾਨਵਰਾਂ, ਬੇਜਾਨ ਪਦਾਰਥਾਂ ਅਤੇ ਭਾਵਵਾਦੀ ਨਾਂਵਾਂ ਲਈ ਵਰਤਿਆ ਜਾਂਦਾ ਹੈ। 'ਕਿਹੜਾ' ਸ਼ਬਦ ਹਰ ਸ਼੍ਰੇਣੀ ਦੇ ਨਾਂਵਾਂ ਲਈ ਵਰਤਿਆ ਜਾਂਦਾ ਹੈ। ਜਿਵੇਂ:-

(ੳ) ਤੁਹਾਡੇ ਹੱਲ **ਕੌਣ** ਵਾਹੁੰਦਾ ਹੈ? (ਕਿਸਾਨ)

(ਅ) ਤੁਸੀਂ **ਕੀ** ਪੜ੍ਹ ਰਹੇ ਹੋ? (ਪੋਥੀ)

(ੲ) ਕਿਹੜਾ ਉਥੇ ਜਾਵੇਗਾ (ਰਾਮ ਸਿੰਘ)

## 3. ਸੰਬੰਧਕ ਵਾਚਕ ਪੜਨਾਂਵ (Relative Prounon) :-

ਜੋ ਦੋ ਵਾਕਾਂ ਜਾਂ ਉਪਵਾਕਾਂ ਦਾ ਆਪਸ ਵਿਚ ਸੰਬੰਧ ਸਥਾਪਤ ਕਰਦਾ ਹੈ। ਉਸ ਨੂੰ ਸੰਬੰਧਕ ਵਾਚਕ ਪੜਨਾਂਵ ਆਖਦੇ ਹਾਂ। ਜਿਵੇਂ

1. ਜਿਹੋ ਜਿਹੀ ਤੁਹਾਡੀ ਖੁਰਾਕ ਹੋਵੇਗੀ, ਤਿਹੋ ਜਿਹੀ ਤਹਾਡੀ ਸਿਹਤ ਹੋਵੇਗੀ।
2. ਜਿਹੜੇ ਮਿਹਨਤ ਕਰਨਗੇ, ਉਹ ਰੱਜ ਖਾਣਗੇ।

ਨੋਟ

## 4. ਨਿੱਸੇ ਵਾਚਕ ਪੜਨਾਂਵ (Demonstrative Prounon) :-

ਜਿਹੜੇ ਸ਼ਬਦ ਸਾਹਮਣੇ ਪਈਆਂ ਚੀਜਾਂ ਵਲ, ਭਾਵੇਂ ਉਹ ਦੂਰ ਜਾਂ ਨੇੜੇ ਹੋਣ, ਇਸ਼ਾਰਾ ਕਰਕੇ ਸੰਬੋਧਨ ਕਰਦਾ ਹੋਵੇ। ਉਹਨਾਂ ਨੂੰ ਨਿਸਚੇ ਵਾਚਕ ਪੜਨਾਂਵ ਆਖਦੇ ਹਾਂ। ਇਹ ਲਈ ਦੋ ਪ੍ਰਕਾਰ ਦੇ ਹੁੰਦੇ ਹਨ।

**(ੳ) ਨਿਕਟ-ਵਰਤੀ ਨਿਸਚੇ ਵਾਚਕ ਪੜਨਾਂਵ :-**

ਉਹ ਸ਼ਬਦ, ਜਿਹੜਾ ਨੇੜੇ ਪਈ ਚੀਜ਼ ਵੱਲ ਇਸ਼ਾਰਾ ਕਰਕੇ ਉਸ ਨਾਂਵ ਦੀ ਥਾਂ ਵਰਤਿਆ ਜਾਵੇ ਉਸ ਨੂੰ ਨਿਕਟ-ਵਰਤੀ ਨਿਸਚੇ ਵਾਚਕ ਪੜਨਾਂਵ ਆਖਦੇ ਹਾਂ।

ਜਿਵੇਂ :-

ਇਹ ਮੇਰੀ ਪੈਨਸਲ ਹੈ

ਇਸ ਟੇਬਲ ਤੇ ਮੈਂ ਬੈਠਾਂਗਾ।

**(ਅ) ਦੂਰ ਵਰਤੀ ਨਿਸਚੇ ਵਾਚਕ ਪੜਨਾਂਵ :-**

ਉਹ ਸ਼ਬਦ ਜਿਹੜੇ ਦੂਰ ਪਈ ਜਾ ਦਿਸ ਰਹੀ ਵਸਤੂ ਵਲ ਇਸ਼ਾਰਾ ਕਰਕੇ ਉਸ ਦੇ ਨਾਂਵ ਦੀ ਥਾਂ ਵਰਤਿਆ ਜਾਵੇ। ਉਸ ਨੂੰ ਦੂਰਵਰਤੀ ਨਿਸਚੇ ਵਾਚਕ ਪੜਨਾਂਵ ਕਹਿੰਦੇ ਹਨ। ਜਿਵੇਂ : ਉਹ ਦਾ ਇਸ਼ਾਰਾ। ਆਮ ਤੌਰ ਤੇ ਗਾਹਕ ਦੁਕਾਨ ਵਿਚ ਪਏ ਮਾਲ ਵੱਲ ਇਸ਼ਾਰਾ ਕਰਕੇ ਆਖੇ 'ਉਹ' ਕਪੜਾ ਵਿਖਾਓ।

## 5. ਅਨਿੱਸੇ ਵਾਚਕ ਪੜਨਾਂਵ (Indefenite Pronoun) :-

ਉਹ ਪੜਨਾਂਵ ਜਿਹੜੇ ਚੀਜਾਂ ਦੀ ਗਿਣਤੀ ਬਾਰੇ ਪੂਰਾ-ਪੂਰਾ ਗਿਆਨ ਨਾ ਕਰਾ ਸਕਣ। ਭਾਵ ਜਿਨ੍ਹਾਂ ਤੋਂ ਕਿਸੇ ਵਿਸ਼ੇਸ਼ ਵਿਅਕਤੀ, ਵਸਤੂ ਆਦਿ ਵੱਲ ਸੰਕੇਤ ਨਾ ਮਿਲਦਾ ਹੋਵੇ, ਇਕ ਅਸਪੱਸ਼ਟ ਜਿਹਾ ਸੰਕੇਤ ਕਰੇ, ਉਸ ਨੂੰ ਅਨਿਸਚੇ ਵਾਚਕ ਪੜਨਾਂਵ ਕਹਿੰਦੇ ਹਨ। ਅਨਿਸਚਿਤ ਪੜਨਾਂਵ ਦੀ ਵਰਤੋਂ ਸ਼ਬਦ ਹਨਃ - ਸਭ, ਕੋਈ, ਅਨੇਕ, ਵਿਰਲੇ, ਬਹੁਤੇ, ਕੁਝ ਆਦਿ।

(i) **ਸਭ** ਮਨੁੱਖ ਜੁੱਤੀਆਂ ਲਾਹ ਰਹੇ ਸਨ।

(ii) **ਵਿਰਲੇ** ਸਾਧੂ ਹੀ ਭਗਤੀ ਕਰਦੇ ਹਨ।

(iii) **ਸਾਰੇ** ਮੁੰਡੇ ਹੀ ਮੇਲਾ ਵੇਖਣ ਚਲੇ ਗਏ।

(iv) **ਅਨੇਕ** ਜੋਧੇ ਲੜਾਈ ਵਿਚ ਮਾਰੇ ਗਏ।

(v) **ਕੋਈ** ਬੱਚਾ ਵੀ ਮੱਥਾ ਟੇਕਣ ਨਹੀਂ ਗਿਆ।

## 6. ਨਿੱਜ ਵਾਚਕ ਪੜਨਾਂਵ (Reflexiue Pronoun) :-

ਉਹ ਸ਼ਬਦ ਜੋ ਆਪਣੇ ਕਰਤਾ ਨਾਲ ਮਿਲ ਕੇ ਇਸ ਨੂੰ ਖਾਸ ਵਿਸ਼ੇਸਤਾ ਦੇਵੇ ਉਸ ਨੂੰ ਨਿੱਜਵਾਚਕ ਪੜਨਾਂਵ ਕਹਿੰਦੇ ਹਨ, ਜਿਵੇਂ:

(i) ਮੈਂ **ਆਪ** ਤੁਹਾਡੇ ਘਰ ਆਵਾਂਗਾ।

(ii) ਤੁਸੀਂ **ਆਪ** ਤਾਂ ਇਹ ਗੱਲ ਆਖੀ ਸੀ।

(iii) ਮੈਂ **ਆਪ** ਜੀ ਤੋਂ ਖਿਮਾ ਮੰਗੀ ਸੀ।

ਇਥੇ 'ਆਪ' ਸ਼ਬਦ ਨਿੱਜ ਵਾਚਕ ਪੜਨਾਂਵ ਹੈ।

## ਉੱਤਰ ਮਾਲਾ : ਸਵੈ ਮੁਲਾਂਕਣ

1. ਪੜਨਾਂਵ ਕਿਸ ਨੂੰ ਆਖਦੇ ਹਨ। ਉਦਾਹਰਣ ਸਹਿਤ ਲਿਖੋ।
2. ਪੜਨਾਂਵ ਅਤੇ ਨਾਂਵ ਵਿਚ ਅੰਤਰ ਸਪੱਸ਼ਟ ਕਰੋ।

**ਨੋਟ**

3. ਨਿਸਚੇ–ਵਾਚਕ ਪੜਨਾਂਵ ਅਤੇ ਅਨਿਸਚੇ ਵਾਚਕ ਪੜਨਾਂਵ ਵਿਚ ਅੰਤਰ ਸਪੱਸ਼ਟ ਕਰੋ।
4. ਹੇਠ ਲਿਖੇ ਵਾਕਾਂ ਵਿਚ ਅੰਡਰਲਾਈਨ ਸ਼ਬਦਾਂ ਦੇ ਪੜਨਾਂਵ ਦੇ ਪ੍ਰਕਾਰ ਲਿਖੋ:–
    1. **ਕੌਣ** ਆਇਆ ਹੈ?
    2. ਜਮਾਤ ਵਿਚੋਂ **ਬਹੁਤੇ** ਬੱਚੇ ਗੈਰਹਾਜ਼ਰ ਸਨ।
    3. ਜੋ ਬੀਜੋਗੇ **ਉਹੀ** ਵਢੋਗੇ।
    4. **ਇਹ** ਮੇਰੀ ਕਾਰ ਹੈ।
    5. ਆਪਣਾ ਕੰਮ **ਆਪ** ਕਰਨਾ ਚਾਹੀਦਾ ਹੈ।
    6. ਮੇਰੀ ਕਾਪੀ **ਕਿਸ** ਨੇ ਚੁੱਕੀ ਹੈ?
    7. ਉਹ ਘੜੀ ਲਿਆਓ **ਜਿਹੜੀ** ਤੁਸੀਂ ਮੈਨੂੰ ਦਿੱਤੀ।
    8. **ਉਸ ਦੇ** ਪਿਤਾ ਦਿੱਲੀ ਗਏ।
    9. **ਤੁਸੀਂ** ਚਲੋ ਮੈਂ ਆਇਆ।
    10. ਤੁਹਾਨੂੰ **ਕੋਈ** ਬੁਲਾ ਰਿਹਾ ਹੈ।
5. ਹੇਠ ਲਿਖੇ ਵਾਕਾਂ ਵਿਚ ਪੜਨਾਂਵ ਚੁਣੋ ਅਤੇ ਪ੍ਰਕਾਰ ਵੀ ਲਿਖੋ:
    1. ਅਸੀਂ ਆਪਣੇ ਘਰ ਜਾ ਰਹੇ ਹਾਂ।
    2. ਦੇਖੋ ਬਾਹਰ ਕੌਣ ਆਇਆ ਹੈ।
    3. ਅਸੀਂ ਆਪਦੇ ਘਰ ਜਾ ਰਹੇ ਹਾਂ।
    4. ਜਿਸ ਤਨ ਲਾਗੇ ਉਹੀ ਤਨ ਜਾਣੇ।
    5. ਕੌਣ ਹੈ ਜੋ ਦੁੱਖ ਸੁੱਖ ਅਨੁਭਵ ਨਹੀਂ ਕਰਦਾ?
    6. ਕਈ ਸਦਾ ਝੂਠ ਬੋਲਦੇ ਹਨ।
    7. ਜਿਸ ਨੂੰ ਦੇਖੋ ਉਹ ਹੀ ਪੈਸੇ ਪਿੱਛੇ ਭੱਜ ਰਿਹਾ ਹੈ।
    8. ਆਪਸ ਵਿਚ ਮਿਲ ਜੁਲ ਕੇ ਕੰਮ ਕਰੋ।
    9. ਤੁਸੀਂ ਮੇਰਾ ਕੰਮ ਕਰ ਦਿਓ।
    10. ਜਿਹੜੇ ਮਿਹਨਤ ਕਰਨਗੇ, ਉਹ ਰੱਜ ਖਾਣਗੇ।

•••

ਨੋਟ

# ਅਧਿਆਏ-9: ਕਿਰਿਆ

## (Verb)

***ਵਿਸ਼ਾ-ਵਸਤੂ (Contents)***


1. ਕਿਰਿਆ ਦੀ ਪਰਿਭਾਸ਼ਾ
2. ਉਦਾਹਰਣ
3. ਵਿਸਥਾਰ
4. ਕਿਰਿਆ ਦੇ ਭੇਦ
5. ਕਿਰਿਆ ਭੇਦਾਂ ਦੇ ਉਪ ਭੇਦ ਉਦਾਹਰਣ ਸਹਿਤ
6. ਉੱਤਰ ਮਾਲਾ : ਸਵੈ ਮੁਲਾਂਕਣ


ਮਨੁੱਖ ਜਿਸ ਵਾਤਾਵਰਣ ਅਤੇ ਹਾਲਾਤ ਵਿਚ ਰਹਿੰਦਾ ਹੈ। ਉਹ ਕੁਝ ਨਾ ਕੁਝ ਸੰਸਾਰ ਵਿਚ ਰਹਿੰਦਿਆਂ ਕੋਈ ਨਾ ਕੋਈ ਕਿਰਿਆ ਕਰਦਾ ਰਹਿੰਦਾ ਹੈ। ਇਸ ਹਾਲਤ ਵਿਚ ਹੋਣ ਵਾਲੀ ਕਿਰਿਆ ਨੂੰ ਜਿਨ੍ਹਾਂ ਸ਼ਬਦਾਂ ਵਿਚ ਪ੍ਰਗਟ ਕਰਦਾ ਹੈ। ਭਾਵ ਕਿਸੇ ਮਨੁੱਖ ਜਾਂ ਵਸਤੂ ਦੇ ਕੰਮ, ਕਾਲ ਸਹਿਤ ਪ੍ਰਗਟ ਕਰਨ ਵਾਲੇ ਸ਼ਬਦਾਂ ਨੂੰ ਵਿਆਕਰਣ ਵਿਚ ਕਿਰਿਆ ਆਖਦੇ ਹਨ। ਪੰਜਾਬੀ ਭਾਸ਼ਾ ਵਿਚ ਕਿਰਿਆ ਆਮ ਤੌਰ 'ਤੇ ਵਾਕ ਅੰਤ ਵਿਚ ਆਉਂਦੀ ਹੈ। ਇਸੇ ਤੋਂ ਹੀ ਵਾਕ ਦੇ ਕਰਤਾ ਅਤੇ ਕਰਮ ਆਦਿ ਦਾ ਪਤਾ ਚੱਲਦਾ ਹੈ ਜਿਵੇਂ :-

1. ਰਾਮ ਦੁੱਧ **ਪੀਂਦਾ** ਹੈ
2. ਸਲਮਾ ਚਿੱਠੀ **ਲਿਖਦੀ** ਹੈ।
3. ਸੁਰਿੰਦਰ **ਖੇਡਦਾ** ਹੈ
4. ਕੁੱਤਾ **ਭੌਂਕਦਾ** ਹੈ।

ਉਪਰਲੇ ਵਾਕਾਂ ਵਿਚ ਅੰਡਰ ਲਾਈਨ ਸ਼ਬਦ ਕਿਸੇ ਪੁਰਖ ਜਾਂ ਵਸਤੂ ਦਾ ਕੰਮ ਕਾਲ ਸਹਿਤ ਪ੍ਰਗਟ ਕਰ ਰਹੇ ਹਨ। ਇਸ ਲਈ ਇਨ੍ਹਾਂ ਸ਼ਬਦਾਂ ਨੂੰ ਕਿਰਿਆ ਆਖਿਆ ਜਾਂਦਾ ਹੈ। ਵਾਕਾਂ ਵਿਚ ਕੰਮ ਕਰਨ ਵਾਲੇ ਨੂੰ ਕਰਤਾ ਅਤੇ ਜਿਸ ਉੱਤੇ ਕੰਮ ਕੀਤਾ ਜਾਵੇ ਉਸ ਨੂੰ ਕਰਮ ਆਖਦੇ ਹਨ। ਜਿਵੇਂ :-

ਮਹਿੰਦਰ ਸਿੰਘ ਨੇ ਪੱਤਰ ਲਿਖਿਆ।

ਉਪਰੋਕਤ ਵਾਕ ਵਿਚ ਮਹਿੰਦਰ ਸਿੰਘ ਕਰਤਾ ਹੈ। ਅਤੇ 'ਪੱਤਰ' ਸ਼ਬਦ ਕਰਮ ਹੈ।

ਕਿਰਿਆ ਦੇ ਤਿੰਨ ਭੇਦ ਹਨ:

1. ਅਕਰਮਕ ਕਿਰਿਆ
2. ਸਕਰਮਕ ਕਿਰਿਆ
3. ਦੁਕਰਮਕ ਕਿਰਿਆ

### 1. ਅਕਰਮਕ ਕਿਰਿਆ :-

ਸ਼ਬਦੀ ਅਰਥ ਮੁਤਾਬਿਕ ਜਿਸ ਵਿਚ ਕਰਮ ਨਾ ਹੋਵੇ। ਇਸ ਲਈ ਵਾਕ ਤੋਂ ਕਿਰਿਆ ਦਾ ਕੇਵਲ ਕਰਤਾ ਹੋਵੇ ਕਰਮ ਨਾ ਹੋਵੇ; ਉਸ ਨੂੰ ਆਕਰਮ ਕਿਰਿਆ ਆਖਦੇ ਹਨ।

1. ਮੁੰਡਾ ਪੜ੍ਹਦਾ ਹੈ।
2. ਰਾਮ ਖੇਡਦਾ ਹੈ।
3. ਕੁੱਤਾ ਭੌਂਕਦਾ ਹੈ।

ਉਪਰੋਕਤ ਤਿੰਨੋ ਵਾਕ ਅਕਰਮਕ ਕਿਰਿਆ ਵਾਲੇ ਵਾਕ ਹਨ!

ਅਕਰਮਕ ਕਿਰਿਆ ਦੇ ਵੀ ਦੋ ਭੇਦ ਹਨ:-

ਨੋਟ

**(ੳ) ਪੂਰਣ ਅਕਰਮਕ :-**

ਜਿਹੜੀ ਕਿਰਿਆ ਆਪਣੇ ਕਰਤਾ ਨਾਲ ਮਿਲ ਕੇ ਵਾਕ ਦੇ ਭਾਵ ਨੂੰ ਪੂਰਾ ਕਰਨ ਦੇਵੇ ਪੂਰਣ ਆਕਰਮਕ ਕਿਰਿਆ ਅਖਵਾਉਂਦੀ ਹੈ ਜਿਵੇਂ:-

ਕ੍ਰਿਸ਼ਨਾ ਗਾਉਂਦੀ ਹੈ। ਰਜਿੰਦਰ ਪੜ੍ਹਦਾ ਹੈ।

**(ਅ) ਅਪੂਰਣ ਅਕਰਮਕ :-**

ਜਿਹੜੀ ਕਿਰਿਆ ਵਾਕ ਦੇ ਭਾਵ ਨੂੰ ਪੂਰਾ ਨਾ ਕਰੇ ਉਸ ਨੂੰ ਅਪੂਰਣ ਆਕਰਮਕ ਕਿਰਿਆ ਆਖਦੇ ਹਨ ਜਿਵੇਂ:

ਰਾਮ........ ਹੋ ਗਿਆ ਹੈ।

ਉਪਰੋਕਤ ਵਾਕ ਵਿਚ ਹੋ ਗਿਆ ਵਾਕ ਦੇ ਭਾਵ ਨੂੰ ਪੂਰਾ ਨਹੀਂ ਕਰਦੇ ਸੋ ਇਹ ਅਪੂਰਣ ਆਕਰਮਕ ਕਿਰਿਆ ਹੈ।

## 2. ਸਕਰਮਕ ਕਿਰਿਆ :-

ਜਿਨ੍ਹਾਂ ਵਾਕਾਂ ਵਿਚ ਕਰਤਾ, ਕਰਮ ਅਤੇ ਕਿਰਿਆ ਤਿੰਨੋਂ ਹੀ ਹੋਣ ਉਸ ਨੂੰ ਸਕਰਮਕ ਕਿਰਿਆ ਆਖਦੇ ਹਨ।

ਜਿਵੇਂ :-

ਕੁੜੀ ਚਿੱਠੀ ਲਿਖਦੀ ਹੈ।

ਕੁੜੀ ਗੀਤ ਗਾਉਂਦੀ ਹੈ।

ਮੁੰਡਾ ਕਿਤਾਬ ਪੜ੍ਹਦਾ ਹੈ।

ਸਕਰਮਕ ਕਿਰਿਆ ਵੀ ਤਿੰਨ ਭੇਦ ਹਨ ਜਿਵੇਂ :

**(ੳ) ਇਕਹਿਰੀ ਸਕਰਮਕ ਕਿਰਿਆ :-**

ਜਿਸ ਕਿਰਿਆ ਨੂੰ ਇਕੋ ਕਰਮ ਦੀ ਲੋੜ ਹੋਵੇ। ਜਿਵੇਂ:-

ਉਹ ਚਾਹ ਪੀਂਦਾ ਹੈ।

**(ਅ) ਦੁਹਰੀ ਸਕਰਮਕ ਕਿਰਿਆ :-**

ਇਸ ਕਿਰਿਆ ਲਈ ਪ੍ਰਧਾਨ ਅਤੇ ਅਪ੍ਰਧਾਨ ਦੋ ਕਰਮਾਂ ਦੀ ਲੋੜ ਹੁੰਦੀ ਹੈ: ਜਿਵੇਂ :

ਉਸਨੇ ਮੁੰਡੇ ਨੂੰ ਸਕੂਲ ਭੇਜਿਆ।

**(ੲ) ਮਿਸ਼ਰਤ ਸਕਰਮਕ ਕਿਰਿਆ :-**

ਇਸ ਕਿਰਿਆ ਲਈ ਇਕ ਕਰਮ ਅਤੇ ਕਿਰਿਆ-ਵਿਸ਼ੇਸ਼ਣ ਦੀ ਵੀ ਲੋੜ ਪੈਂਦੀ ਹੈ। ਜਿਵੇਂ :-

ਸ਼ਾਮ ਨੇ ਮੇਜ਼ ਉੱਤੇ ਚਾਹ ਰੱਖੀ।

## 3. ਦੁਕਰਮਕ ਕਿਰਿਆ :-

ਵਿਆਕਰਣ ਵਿਚ ਕੁਝ ਐਸੇ ਵਾਕ ਜਿਸ ਵਾਕ ਦੀ ਕਿਰਿਆ ਨੂੰ ਜਿਸ ਦੇ ਦੋ ਕਰਮ ਹੋਣ, ਦੁਕਰਮਕ-ਕਿਰਿਆ ਕਹਿੰਦੇ ਹਨ।

(ੳ) ਮਾਂ-ਪੁੱਤਰ ਨੂੰ ਭੋਜਨ ਛਕਾਂਦੀ ਹੈ।

(ਅ) ਉਸ ਨੇ ਪਿਤਾ ਜੀ ਨੂੰ ਚਿੱਠੀ ਲਿਖੀ।

ਉਪਰੋਕਤ ਪਹਿਲੇ ਵਾਕ ਵਿਚ 'ਪੁੱਤਰ' ਅਤੇ ਭੋਜਨ ਦੋ ਕਰਮ ਹਨ। ਦੂਜੇ ਵਾਕ ਵਿਚ 'ਪਿਤਾ' ਅਤੇ 'ਚਿੱਠੀ' ਦੋ ਕਰਮ ਹਨ। ਇਸ ਤਰ੍ਹਾਂ ਉਪਰੋਕਤ ਦੋ ਵਾਕਾਂ ਦੀ ਕਿਰਿਆ ਨੂੰ ਦੁਕਰਮਕ ਕਿਰਿਆ ਆਖਦੇ ਹਨ:

**ਨੋਟ** : ਕਈ ਵੇਰ ਅਕਰਮਕ ਕਿਰਿਆ ਨਾਲ ਉਸੇ ਕਿਰਿਆ ਤੋਂ ਬਣਿਆ ਹੋਇਆ ਨਾਂਵ ਕਰਮ ਦੀ ਥਾਂ

**ਨੋਟ**

ਵਰਤ ਕੇ ਸਕਰਮਕ ਬਣਾ ਲਿਆ ਹੋਇਆ ਨਾਂਵ ਕਰਮ ਦੀ ਥਾਂ ਵਰਤ ਕੇ ਸਕਰਮਕ ਬਣਾ ਲਿਆ ਜਾਂਦਾ ਹੈ ਜਿਵੇਂ :-

(i) ਰਾਜਾ ਕੁੱਤੇ ਦੀ ਮੌਤ ਮਰਿਆ।

(ii) ਮਹਾਰਾਜਾ ਰਣਜੀਤ ਸਿੰਘ ਨੇ ਕਈ ਲੜਾਈਆਂ ਲੜੀਆਂ।

(iii) ਉਹ ਧੁਰੀ ਬਹਿਣੀ ਬੈਠਾ।

(iv) ਮੁੰਡਾ ਮੀਲ ਦੀ ਦੌੜ ਦੌੜਿਆ।

ਉਪਰੋਕਤ ਇਨ੍ਹਾਂ ਵਾਕਾਂ ਵਿਚ, ਮੌਤ, ਲੜਾਈਆਂ, ਬਹਿਣੀ, ਦੌੜ ਸ਼ਬਦ ਕਿਰਿਆ ਤੋਂ ਬਣੇ ਹਨ। ਐਸੇ ਸ਼ਬਦਾਂ ਨੂੰ ਵਿਆਕਰਣ ਦੀ ਭਾਸ਼ਾ ਵਿਚ ਸਜਾਤੀ ਕਰਮ ਕਹਿੰਦੇ ਹਨ।

## ਉੱਤਰ ਮਾਲਾ : ਸਵੈ ਮੁਲਾਂਕਣ

1. ਕਰਿਆ ਕਿਸ ਨੂੰ ਆਖਦੇ ਹਨ? ਆਪਣੇ ਸ਼ਬਦਾਂ ਵਿਚ ਲਿਖੋ।
2. ਕਿਰਿਆ ਦੇ ਭਾਗ ਕਿਹੜੇ ਹਨ। ਉਦਾਹਰਣ ਸਹਿਤ ਸਪੱਸ਼ਟ ਕਰੋ।
3. ਪੂਰਣ ਅਤੇ ਅਪੂਰਣ ਅਕਰਮਕ ਬਾਰੇ ਆਪਣੇ ਵਿਚਾਰ ਲਿਖੋ।
4. ਕਰਤਾ ਪੂਰਖ ਅਤੇ ਕਰਮ ਪੂਰਕ ਤੋਂ ਕੀ ਭਾਵ ਹੈ?
5. ਸਜਾਤੀ ਕਰਮ ਜਿਵੇਂ ਬਣਦ ਹਨ। ਉਦਾਹਰਣ ਸਾਹਿਤ ਸਪੱਸ਼ਟ ਕਰੋ।

•••

ਨੋਟ

# ਅਧਿਆਏ-10: ਵਿਸ਼ੇਸ਼ਣ
## (Adjective)

***ਵਿਸ਼ਾ-ਵਸਤੂ* (Contents)**


1. ਵਿਸ਼ੇਸ਼ਣ ਦੀ ਪਰਿਭਾਸ਼ਾ
2. ਵਿਸਥਾਰ
3. ਵਿਸ਼ੇਸ਼ਣ ਦੇ ਭੇਦ
4. ਵਿਸ਼ੇਸ਼ਣ ਦੇ ਭੇਦਾਂ ਦੇ ਉਪ-ਭੇਦਾਂ ਦਾ ਉਦਾਹਰਣ ਸਹਿਤ ਵਿਸਥਾਰ
5. ਉੱਤਰ ਮਾਲਾ : ਸਵੈ ਮੁਲਾਂਕਣ


## ਵਿਸ਼ੇਸ਼ਣ (Adective)

ਸ਼ੁੱਧ ਪੰਜਾਬੀ ਭਾਸ਼ਾ ਦੇ ਬੋਲਣ ਅਤੇ ਲਿਖਣ ਅਤੇ ਲਈ ਕੁਝ ਨਿਯਮ ਉਲੀਕੇ ਗਏ ਹਨ। ਜਿਨ੍ਹਾਂ ਨਾਲ ਬੋਲੀ ਖਾਸ ਤੌਰ ਮਾਤ-ਭਾਸ਼ ਬੋਲਣ, ਲਿਖਣ ਅਤੇ ਸਿੱਖਣ ਲਈ ਸਹਾਈ ਹੁੰਦੀ ਹੈ। ਇਹ ਨਿਯਮ ਵਿਆਕਰਣ ਦੇ ਅਧੀਨ ਸਮਝੇ ਜਾਂਦੇ ਹਨ। ਪਿੱਛੇ ਅਸੀਂ ਕੁਝ ਨਿਯਮ ਦਾ ਵਿਸਥਾਰ ਪਾਠਕਾਂ ਸਾਹਵੇਂ ਰੱਖ ਚੁੱਕੇ ਹਾਂ। ਇਸ ਅਧਿਆਏ ਵਿਚ ਵਿਆਕਰਣ ਦਾ ਉਹ ਰੂਪ ਸਪੱਸ਼ਟ ਕਰਾਂਗੇ ਜਿਸ ਨੂੰ ਅਸੀਂ ਵਿਸ਼ੇਸ਼ਣ ਕਹਿੰਦੇ ਹਨ। ਜਿਸ ਦੀ ਪਰਿਭਾਸ਼ਾ ਇਹ ਹੈ। ਜੋ ਸ਼ਬਦ ਨਾਂਵਾਂ ਜਾਂ ਪੜਨਾਵਾਂ ਦੇ ਗੁਣ ਔਗੁਣ, ਗਿਣਤੀ, ਮਿਣਤੀ ਦੱਸਣ ਅਤੇ ਇਨ੍ਹਾਂ ਨੂੰ ਆਮ ਤੋਂ ਖਾਸ ਬਣਾਉਣ, ਉਹਨਾਂ ਨੂੰ ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ:-

1. **ਬੀਬਾ** ਮੁੰਡਾ, **ਨੇਕ** ਇਸਤਰੀ, **ਚੰਗੇਰਾ** ਬਾਲਕ, ਲਹੌਰੀ ਪੱਠਾ।
2. **ਦੋ** ਪੁਰਸ਼, **ਦੂਜਾ** ਮੁੰਡਾ, **ਦੂਣਾ** ਦੁੱਧ, **ਪੌਣਾ** ਗਜ਼
3. **ਥੋੜਾ** ਦੁੱਧ, **ਬਹੁਤਾ** ਗੁੜ, **ਸੇਰ** ਭਰ ਪਾਣੀ
4. **ਇਹ** ਪੁਸਤਕ, **ਉਹ** ਘੜੀ, **ਔਹ** ਕੁੜੀਆਂ, **ਔਹ** ਕੁਰਸੀ
5. **ਆਪਣਾ** ਘਰ, ਕੌਣ ਪੁਰਸ਼, **ਕੀ** ਗਲ, **ਮੇਰਾ** ਘੋੜਾ

ਉਪਰੋਕਤ ਅੰਡਰ ਲਾਈਨ ਸ਼ਬਦ ਆਪਣੇ ਨਾਲ ਵਾਲੇ ਸ਼ਬਦਾਂ (ਨਾਵਾਂ ਜਾਂ ਪੜਨਾਵਾਂ) ਦੀ ਵਿਸ਼ੇਸ਼ਤਾ ਪ੍ਰਗਟ ਕਰਦੇ ਹਨ। ਵਿਸ਼ੇਸ਼ਤਾ ਪ੍ਰਗਟ ਕਰਨ ਵਾਲੇ ਸ਼ਬਦ ਗੁਣ, ਔਗੁਣ ਦੱਸਦੇ ਹਨ। ਦੂਜੀ ਸੱਤਰ ਵਿਚ ਆਏ ਸ਼ਬਦ ਨਾਵਾਂ ਗਿਣਤੀ ਤੇ ਦਰਜਾ ਆਦਿ ਦੱਸਦੇ ਹਨ। ਤੀਜੀ ਸੱਤਰ ਵਿਚਲੇ ਸ਼ਬਦ ਮਿਣਤੀ ਜਾਂ ਤੋਲ ਅਤੇ ਚੌਥੀ ਸੱਤਰ ਵਿਚਲੇ ਸ਼ਬਦ ਨਾਵਾਂ ਨੂੰ ਨਿਸਚਿਤ ਤੌਰ ਤੇ ਦੱਸਦੇ ਹਨ ਅਤੇ ਪੰਜਵੀਂ ਸੱਤਰ ਵਿਚ ਨਾਵਾਂ ਨਾਲ ਲੱਗੇ ਸ਼ਬਦ ਆਪਣੇ ਪੜਨਾਂਵੀ ਰੂਪ ਤੋਂ ਵਿਸ਼ੇਸ਼ਣ ਜਾਂਦੇ ਹਨ। ਇਸ ਲਈ ਜਿਸ ਨਾਂਵ ਜਾਂ ਪੜਨਾਂਵ ਨਾਲ ਕੋਈ ਵਿਸ਼ੇਸ਼ ਸ਼ਬਦ ਲੱਗੇ ਹੋਣ। ਉਹਨਾਂ ਨੂੰ ਵਿਸ਼ੇਸ਼ਣ ਕਹਿੰਦੇ ਹਨ, ਜਿਵੇਂ ਕਿ ਉੱਪਰ ਸਪੱਸ਼ਟ ਕਰ ਦਿੱਤਾ ਗਿਆ ਹੈ। ਇਹ ਵਿਸ਼ੇਸ਼ ਸ਼ਬਦ ਨਾਂਵ ਤੋਂ ਪਹਿਲਾਂ ਵੀ ਦਿਸ ਜਾਂਦੇ ਹਨ ਅਤੇ ਨਾਂਵ ਤੋਂ ਬਾਅਦ ਵੀ ਜਿਵੇਂ:-

1. ਸੋਹਣਾ ਫੁੱਲ ਲੈ ਆਓ।
2. ਉਹ ਫੁੱਲ ਸੋਹਣਾ ਹੈ।

## ਵਿਸ਼ੇਸ਼ਣ ਦੇ ਭੇਦ (Kinds of Adjectives) :-

1. ਗੁਣ ਵਾਚਕ ਵਿਸ਼ੇਸ਼ਣ (Quality Adjectives)
2. ਸੰਖਿਅਕ ਵਾਚਕ ਵਿਸ਼ੇਸ਼ਣ (Numerial Adjectives)
3. ਪਰਿਆਣ ਵਾਚਕ ਵਿਸ਼ੇਸ਼ਣ (Quanlity Adjectives)

ਨੋਟ

4. ਨਿਸਚੇਵਾਚਕ ਵਿਸ਼ੇਸ਼ਣ (Deconstrative Adjectives)
5. ਪੜਨਾਂਵੀ ਵਾਚਕ ਵਿਸ਼ੇਸ਼ਣ (Proneun Ajectives)

**ਗੁਣ ਵਾਚਕ ਵਿਸ਼ੇਸ਼ਣ :-**

ਜੋ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਦਾ ਗੁਣ, ਦੋਸ਼, ਰੰਗ, ਪ੍ਰਗਟ ਕਰੇ। ਉਸ ਨੂੰ ਗੁਣ ਵਾਚਕ ਵਿਸ਼ੇਸ਼ਣ ਕਹਿੰਦੇ ਹਨ। ਉਦਾਹਰਣ ਲਈ ਹੇਠ ਲਿਖੇ ਵਾਕਾਂ ਵਿਚ ਗੁਣ ਪ੍ਰਗਟ ਹੁੰਦੇ ਹਨ:-

**1. ਗੁਣ :-**

ਸੁਸ਼ੀਲ, ਦਿਆਲੂ, ਧਰਮਾਤਮਾ, ਚੰਗਾ।

**2. ਦੋਸ਼ :-**

ਅਭਿਮਾਨੀ, ਲੋਭੀ, ਬੁਰਾ, ਪਾਪੀ ਆਦਿ।

**3. ਦਿਸ਼ਾ:-**

ਪੂਰਬ, ਉਤਰ, ਪੱਛਮ, ਦੱਖਣ ਆਦਿ।

**4. ਦੇਸ਼ :-**

ਭਾਰਤ, ਵਲੈਤ, ਚੀਨ, ਜਪਾਨ ਆਦਿ।

**5. ਸਥਾਨ :-**

ਉਪਰਲਾ ਹੇਠਲ ਵਿਚਕਾਰਲਾ

**6. ਅਵਸਥਾ :-**

ਕਮਜ਼ੋਰ, ਮੁੱਖੀ, ਦੁੱਖੀ, ਤਕੜਾ ਆਦਿ।

**7. ਰੰਗ :-**

ਕਾਲਾ, ਨੀਲਾ, ਪੀਲਾ, ਸਫੈਦ ਆਦਿ

**8. ਅਕਾਰ :-**

ਗੋਲ, ਚੌਰਸ, ਤਿਕੋਨਾ ਪਤਲਾ ਆਦਿ

1. ਗੁਣਵਾਚਕ ਵਿਸ਼ੇਸ਼ਣ ਦੀਆਂ ਤਿੰਨ ਅਵਸਥਾਵਾਂ ਹਨ:-

## (ੳ) ਸਾਧਾਰਨ ਅਵਸਥਾ :-

ਜਦੋਂ ਕਿਸੇ ਵਿਸ਼ੇਸ਼ ਦੀ ਕਿਸੇ ਦੂਜੇ ਵਿਸ਼ੇਸ਼ ਨਾਲ ਤੁਲਨਾ ਨਾ ਕੀਤੀ ਜਾਵੇ, ਸਗੋਂ ਸਾਧਾਰਨ ਤੌਰ ਤੇ ਹੀ ਉਸ ਦੇ ਗੁਣ ਜਾਂ ਔਗੁਣ ਦੱਸੇ ਜਾਣ ਤਾਂ ਉਸ ਵੇਲੇ ਉਸ ਨੂੰ ਵਿਸ਼ੇਸ਼ਣ ਦੀ ਅਵਸਥਾ ਸਾਧਾਰਣ ਹੁੰਦਾ ਹੈ ਜਿਵੇਂ:-

(i) ਚੰਗਾ ਮੁੰਡਾ ਦੌੜਦਾ ਹੈ। (ਚੰਗਾ)
(ii) ਇਹ ਮੁੰਡਾ ਧਿਆਣਾ ਹੈ। (ਧਿਆਣਾ)
(iii) ਉਸ ਪਾਸ ਡੱਬਾ ਕੁੱਤਾ ਹੈ। (ਡੱਬਾ)

## (ਅ) ਅਧਿਕਰਤ ਅਵਸਥਾ :-

ਜਦੋਂ ਕਿਸੇ ਵਿਸ਼ੇਸ਼ ਨੂੰ ਗੁਣਾਂ ਜਾਂ ਔਗੁਣਾਂ ਵਿਚ ਕਿਸੇ ਦੂਜੇ ਨਾਲੋਂ ਵੱਧ ਜਾਂ ਘੱਟ ਦੱਸਿਆ ਜਾਵੇ ਤਾਂ ਵਿਸ਼ੇਸ਼ਣ ਦੀ ਅਧਿਕਰਤ ਅਵਸਥਾ ਹੁੰਦੀ ਹੈ। ਜਿਵੇਂ :-

(i) ਜਸਮੀਤ, ਹਰਪ੍ਰੀਤ ਨਾਲੋਂ ਸੁੰਦਰ ਹੈ। (ਨਾਲੋਂ ਸੁੰਦਰ)

(ii) ਇਹ ਪਪੀਤਾ ਉਸ ਤੋਂ ਚੰਗਾ ਹੈ। (ਤੋਂ ਚੰਗਾ)

(iii) ਸ਼ਾਮ ਸਿੰਘ, ਕੇਹਰ ਸਿੰਘ ਨਾਲੋਂ ਮਾੜਾ ਹੈ। (ਨਾਲੋਂ ਮਾੜਾ)

**ਨੋਟ**

## (ੲ) ਅਧਿਕਰਮ ਅਵਸਥਾ :-

ਜਦੋਂ ਕਿਸੇ ਵਿਸ਼ੇਸ਼ ਨੂੰ ਬਾਕੀ ਸਭ ਨਾਲੋਂ ਵੱਧ ਜਾਂ ਮੰਦਾ ਦੱਸਿਆ ਜਾਵੇ ਤਾਂ ਉਸ ਸਮੇਂ ਵਿਸ਼ੇਸ਼ਣ ਦੀ ਅਧਿਕਰਮ ਅਵਸਥਾ ਹੁੰਦੀ ਹੈ। ਜਿਵੇਂ :–

(i) ਸਿਮਰਨ ਸਾਰੇ ਮੁੰਡਿਆਂ ਨਾਲੋਂ ਚੰਗਾ ਹੈ। (ਸਾਰਿਆਂ ਨਾਲੋਂ ਚੰਗਾ)

(ii) ਇਹ ਮਕਾਨ ਸਭ ਤੋਂ ਸੁੰਦਰ ਹੈ। (ਸਭ ਤੋਂ ਸੁੰਦਰ)

(iii) ਇਹ ਕੱਪੜਾ ਸਭ ਤੋਂ ਵਧੀਆ ਹੈ। (ਸਭ ਤੋਂ ਵਧੀਆ)

**ਨੋਟ** :-

(ੳ) ਜੇ ਗੁਣਾ ਦੀ ਕੁਝ ਨਿਉਣਤਾ ਜਾਂ ਘਾਟ ਪ੍ਰਗਟ ਕਰਨੀ ਹੋਵੇ ਤਾਂ ਗੁਣ ਵਾਚਕ ਵਿਸ਼ੇਸ਼ਣ ਨਾਲ ਜਿਹਾ ਜਾ ਜੇਹੀ ਸ਼ਬਦ ਲਾ ਦੇਂਦੇ ਹਨ।
ਜਿਵੇਂ : 'ਕਾਲਾ ਜਿਹਾ ਕੱਪੜਾ, ਕਾਲੀ ਜਿਹੀ ਟੋਪੀ!'

(ਅ) ਨਾਂ ਦੇ ਨਾਲ ਨਾਮ, ਨਾਮਕ, ਰੂਪੀ, ਸੰਬੰਧ ਲਗਾਉਣ ਨਾਲ ਗੁਣ ਵਾਚਕ ਵਿਸ਼ੇਸ਼ਣ ਬਣ ਜਾਂਦੇ ਹਨ ਜਿਵੇਂ :– 'ਘਰੋਗੀ ਕੰਮ'

(ੲ) ਨਾਂਵ ਵੀ ਕਦੇ-ਕਦੇ ਗੁਣ ਵਾਚਕ ਵਿਸ਼ੇਸ਼ ਸਮਾਨ ਵਰਤੇ ਜਾਂਦੇ ਹਨ ਜਿਵੇਂ :– 'ਖੱਤਰੀ ਵੰਸ਼'

(ਸ) ਵਿਸ਼ੇਸ਼ਣ ਦਾ ਅਲੋਪ ਕਰਕੇ ਵਾਚਕ ਵਿਸ਼ੇਸ਼ਣ ਦਾ ਵਰਤਨ ਨਾਂਵ ਦੀ ਤਰ੍ਹਾਂ ਹੁੰਦਾ ਹੈ ਜਿਵੇਂ :– 'ਅਮੀਰਾ ਦਾ ਕੀ ਕਹਿਣਾ'।

## 2. ਸੰਖਿਆ ਵਾਚਕ ਵਿਸ਼ੇਸ਼ਣ :-

ਜੋ ਵਿਸ਼ੇਸ਼ਣ ਆਪਣੇ ਵਿਸ਼ੇਸ਼ ਦੀ ਗਿਣਤੀ, ਦਰਜਾ, ਸਪੁੱਚਤਾ, ਕਸਰ, ਗੁਣਾ ਅਤੇ ਵਿਸ਼ੇਸ਼ ਦੀ ਹਰ ਗੱਲ ਨਿਖੇੜ ਕੇ ਦੱਸਣ, ਉਹਨਾਂ ਨੂੰ ਸੰਖਿਆ ਵਾਚਕ ਵਿਸ਼ੇਸ਼ਣ ਦੀ ਹੇਠ ਲਿਖੀਆਂ ਸੱਤ ਕਿਸਮਾਂ ਹਨ:–

### (i) ਗਿਣਤੀ ਵਾਚਕ :-

ਇਹ ਉਹ ਸੰਖਿਆ ਵਾਚਕ ਵਿਸ਼ੇਸ਼ਣ ਹੁੰਦੇ ਹਨ ਜੋ ਵਸਤਾਂ ਦੀ ਪੂਰੀ-ਪੂਰੀ ਗਿਣਤੀ ਦੱਸਣ ਜਿਵੇਂ : – ਇਕ, ਦੋ, ਤਿੰਨ ਆਦਿ

### (ii) ਕਰਮ ਵਾਚਕ :-

ਅਜਿਹੇ ਸੰਖਿਆ ਵਾਚਕ ਵਿਸ਼ੇਸ਼ਣਾਂ ਨੂੰ ਜਿਹੜੇ ਚੀਜਾਂ ਦਾ ਦਰਜਾ ਨੰਬਰ ਦੱਸਣ ਕਿ ਕੋਈ ਚੀਜ਼ ਕਿੰਨੀ ਹੈ। ਕਰਮਵਾਚਕ ਕਹਿੰਦੇ ਹਨ। ਜਿਵੇਂ:–

ਪਹਿਲਾ, ਦੂਜਾ, ਚਾਲੀਵਾਂ, ਅਸੀਵਾਂ, ਹਜਾਰਵਾਂ, ਲੇਖਣ ਆਦਿ

### (iii) ਕਸਰ ਵਾਚਕ ਜਾਂ ਕਸਰੀ :-

ਇਹ ਉਹ ਸੰਖਿਆ ਵਾਚਕ ਵਿਸ਼ੇਸ਼ਣ ਹੁੰਦੇ ਹਨ ਜਿਹੜੇ ਕਿਸੇ ਵਸਤ ਦੇ ਹਿੱਸਿਆਂ ਦੀ ਗਿਣਤੀ ਦਾ ਪਤਾ ਦੇਣ। ਜਿਵੇਂ :–

ਅੱਧਾ, ਪੌਣਾ, ਚੌਥਾ (ਹਿੱਸਾ), ਅੱਠਵਾਂ (ਹਿੱਸਾ)

### (iv) ਗੁਣ ਵਾਚਕ :-

ਇਹ ਉਹ ਸੰਖਿਆਵਾਚਕ ਵਿਸ਼ੇਸ਼ਣ ਹਨ ਜਿਹੜੇ ਇਹ ਦੱਸਣ ਕਿ ਕੋਈ ਚੀਜ਼ ਦੂਜੀ ਨਾਲੋਂ ਕਿੰਨੇ ਗੁਣਾ ਹੈ। ਜਿਵੇਂ : –

ਨੋਟ

ਦੁਗਣਾ, ਤਿਗੁਣਾ, ਚੌਗਣਾ, ਜਾਂ ਚਾਰ ਗੁਣਾ, ਪੰਜ ਗੁਣਾ, ਦੱਸ ਗੁਣਾ ਵੀਹ ਗੁਣਾ, ਤੀਹ ਗੁਣਾ ਆਦਿ

**(v) ਨਿਖੇੜ ਵਾਚਕ ਜਾਂ ਨਿਖੇੜਕ :-**

ਇਹ ਉਹ ਸੰਖਿਆ ਵਾਚਕ ਵਿਸ਼ੇਸ਼ਣ ਹੁੰਦੇ ਹਨ, ਜਿਹੜੇ ਬਹੁਤੀਆਂ ਵਿਚੋਂ ਕੁਝ ਵਸਤਾਂ ਨੂੰ ਨਿਖੇੜ ਕੇ ਦੱਸਣ। ਜਿਵੇਂ:-

ਹਰ ਇਕ, ਹਰ ਕੋਈ, ਹਰੇਕ, ਦੋ-ਦੋ, ਪੰਜ-ਪੰਜ, ਛੇ-ਛੇ, ਆਦਿ।

**(vi) ਸਪੁੱਚਤਾ ਵਾਚਕ :-**

ਜਿਹੜਾ ਸੰਖਿਆ ਵਾਚਕ ਵਿਸ਼ੇਸ਼ਣ ਕਿਸੇ ਚੀਜ਼ ਦੀ ਸਮੁੱਚੀ ਗਿਣਤੀ ਨੂੰ ਪ੍ਰਗਟ ਕਰੇ, ਉਸ ਨੂੰ ਸਮੁੱਚਤਾ ਵਾਚਕ ਆਖਦੇ ਹਨ। ਜਿਵੇਂ:-

ਦੋਵੇਂ, ਤਿੰਨੇ, ਚਾਰੇ, ਤਿੰਨਾਂ ਦੇ ਤਿੰਨ, ਵੀਹਾਂ ਦੀਆਂ ਵੀਹ, ਆਦਿ।

**(vii) ਅਨਿਸ਼ਚਿਤ ਵਾਚਕ : -**

ਇਹ ਉਹ ਸੰਖਿਆਵਾਚਕ ਵਿਸ਼ੇਸ਼ਣ ਹੁੰਦੇ ਹਨ ਜਿਹੜੇ ਕਿਸੇ ਚੀਜ਼ ਦੀ ਪੂਰੀ-ਪੂਰੀ ਗਿਣਤੀ ਨਾ ਦੱਸਣ ਜਿਵੇਂ :

ਸਭ, ਥੋੜੇ, ਕੁਝ, ਹੋਰ, ਸਾਰੇ, ਕਈ, ਵਿਰਲੇ, ਵਿਰਲਾ ਆਦਿ

## 3. ਪਰਿਮਾਣ ਵਾਚਕ ਵਿਸ਼ੇਸ਼ਣ :-

ਜੋ ਵਿਸ਼ੇਸ਼ਣ ਆਪਣੇ ਵਿਸ਼ੇਸ਼ ਦੀ ਮਿਣਤੀ, ਤੋਲ ਜਾਂ ਮਾਪ ਨਿਸਚਿਤ ਜਾਂ ਅਨਿਸ਼ਚਿਤ ਰੂਪ ਵਿਚ ਦੱਸਣ, ਉਹਨਾਂ ਨੂੰ ਪਰਿਮਾਣ ਵਾਚਕ ਵਿਸ਼ੇਸ਼ਣ ਕਹਿੰਦੇ ਹਨ।

ਇਹਨਾਂ ਦੇ ਉਪਭੇਦ ਦੋ ਹਨ:- ਨਿਸ਼ਚਤਾ ਅਤੇ ਅਨਿਸਚਤਾ

**(i) ਨਿਸ਼ਚਤਾ :-**

ਇਸ ਵਿਚ ਪੂਰੀ-ਪੂਰੀ ਮਿਣਤੀ ਜਾਂ ਮਾਪ ਤੋਲ ਦੱਸਣ ਵਾਲੇ ਸ਼ਬਦ ਨੂੰ ਨਿਸ਼ਚਤ ਪਰਿਮਾਣ ਵਾਚਕ ਕਹਿੰਦੇ ਹਨ।

ਜਿਵੇਂ:- ਤਿੰਨ ਤੋਲੇ ਸੋਨਾ, ਮਣ ਭਰ ਆਟਾ, ਦੋ ਗਜ਼ ਕਪੜਾ।

**ਅਨਿਸਚਤਾ :-**

ਇਸ ਵਿਚ ਉਹ ਸ਼ਬਦ ਜੋ ਆਪਣੇ ਵਿਸ਼ੇਸ਼ ਦੀ ਪੂਰੀ ਮਿਣਤੀ ਜਾਂ ਮਾਪ ਤੋਲ ਨਾ ਦਸ ਸਕੇ।

ਜਿਵੇਂ :- ਬਹੁਤਾ ਦੁੱਧ, ਥੋੜਾ ਅੰਨ, ਘੱਟ ਪਾਣਾ

## 4. ਨਿਸ਼ਚੇਵਾਚਕ ਵਿਸ਼ੇਸ਼ਣ :-

ਜੋ ਵਿਸ਼ੇਸ਼ਣ ਆਪਣੇ ਵਿਸ਼ੇਸ਼ ਨੂੰ ਸੈਨਤ ਜਾਂ ਇਸ਼ਾਰੇ ਦੁਆਰਾ ਆਮ ਤੋਂ ਖਾਸ ਬਣਾਵੇ ਉਸ ਨੂੰ ਨਿਸ਼ਚੇ ਵਾਚਕ ਵਿਸ਼ੇਸ਼ਣ ਆਖਦੇ ਹਨ। ਉਹਨਾਂ ਦੀ ਵਰਤੋਂ ਦੋ ਪ੍ਰਕਾਰ ਕਰਕੇ ਹੁੰਦੀ ਹੈ। ਜਿਵੇਂ:-

1. ਨਿਕਟ ਵਰਤੀ :- **ਇਹ** ਕੁੜੀ, **ਐਹ** ਕੁੜੀ
2. ਆਮ ਵਰਤੀ :- **ਉਹ** ਆਦਮੀ **ਔਹ** ਆਦਮੀ

## 5. ਪੜਨਾਂਵੀ ਵਾਚਕ ਵਿਸ਼ੇਸ਼ਣ : -

ਉਹ ਸ਼ਬਦ ਜਦੋਂ ਇਹ ਸੈਨਤ ਜਾਂ ਇਸ਼ਾਰੇ ਦੇ ਰੂਪ ਵਿਚ ਨਹੀਂ, ਸਗੋਂ ਨਾਂਵ ਨਾਲ ਲਗਾ ਕੇ ਉਸ ਦੀ ਉਸੇ ਰੂਪ ਵਿਚ ਵਿਸ਼ੇਸ਼ਤਾ ਜਾਂ ਖਾਸੀਅਤ ਪ੍ਰਗਟ ਕਰਦਾ ਹੈ ਤਾਂ ਉਸ ਨੂੰ ਪੜਨਾਂਵੀ ਵਿਸ਼ੇਸ਼ਣ ਆਖਾਂਗੇ ਜਿਵੇਂ :-

1. ਉਹ ਮਨੁੱਖ ਜੋ ਲੋਕਾਂ ਦਾ ਭਲਾ ਕਰਦੇ ਹਨ, ਮੁਕਤੀ ਪਾਉਂਦੇ ਹਨ।
2. ਕਿਹੜੀ ਚੀਜ਼ ਹੈ, ਜੋ ਸਾਡੇ ਘਰ ਨਹੀਂ।
3. ਕੀ ਗਲ ਤੁਸੀਂ ਨਹੀਂ ਸੀ?

ਇਥੇ ਅੰਡਰ ਲਾਈਨ ਕੀਤੇ ਸ਼ਬਦ ਬਹੁ ਵਚਨ ਪੜਨਾਂਵੀ ਵਿਸ਼ੇਸ਼ਣ ਹਨ। ਇਹ ਵੀ ਦੋ ਪ੍ਰਕਾਰ ਦੇ ਹਨ:-

## 1. ਮੂਲ ਰੂਪ ਪੜਨਾਂਵੀ ਵਿਸ਼ੇਸ਼ਣ :-

ਜੋ ਆਪਣੇ ਪੜਨਾਂਵੀ ਰੂਪ ਵਿਚ ਹੀ ਵਿਸ਼ੇਸ਼ਣ ਬਣ ਜਾਣ, ਉਸ ਨੂੰ ਮੂਲ ਰੂਪ ਪੜਨਾਂਵੀ ਵਿਸ਼ੇਸ਼ਣ ਆਖਦੇ ਹਨ। ਜਿਵੇਂ :-

**ਕੌਣ** ਆਦਮੀ! **ਕੀ** ਹਾਲ ਏ।

ਉਪਰੋਕਤ ਸ਼ਬਦ ਕੌਣ, ਕੀ, ਮੂਲ ਰੂਪ ਪੜਨਾਂਵੀ ਵਿਸ਼ੇਸ਼ਣ ਹਨ।

## 2. ਉਤਪੰਨ ਰੂਪ ਪੜਨਾਂਵੀ ਵਿਸ਼ੇਸ਼ਣ :-

ਜੋ ਸ਼ਬਦ ਪੜਨਾਂਵਾਂ ਤੋਂ ਬਣਨ ਉਸ ਨੂੰ ਉਤਪੰਨ ਪੜਨਾਵੀ ਵਿਸ਼ੇਸ਼ਣ ਆਖਦੇ ਹਨ। ਜਿਵੇਂ :- ਮੇਰਾ, ਤੇਰਾ, ਇਸਦਾ, ਕਿੰਨਾ ਆਦਿ।

ਇਸ ਦੇ ਭੇਦ ਹੇਠ ਲਿਖੇ ਹਨ:-

| ਵਿਸ਼ੇਸ਼ਣ ਤੋਂ | ਪੜਨਾਂਵ |
|---|---|
| ਉਹ ਮੁੰਡਾ ਬੀਬਾ ਹੈ। | ਉਹ ਬੀਬਾ ਹੈ। |
| ਕੌਣ ਬੰਦਾ ਆਇਆ ਸੀ। | ਕੌਣ ਆਇਆ ਸੀ? |
| ਕੀ ਗਲ ਕੀਤੀ ਜੇ? | ਕੀ ਕਿਹਾ ਜੇ? |

## ਉੱਤਰ ਮਾਲਾ : ਸਵੈ ਮੁਲਾਂਕਣ

1. ਵਿਸ਼ੇਸ਼ਣ ਕਿਸ ਨੂੰ ਆਖਦੇ ਹਨ? ਵਿਸ਼ੇਸ਼ਣ ਕਿਤਨੇ ਪ੍ਰਕਾਰ ਦੇ ਹਨ। ਉਦਾਹਰਣ ਸਾਹਿਤ ਚਿੰਨਾ ਰਾਹੀਂ ਸਪੱਸ਼ਟ ਕਰੋ।
2. ਹੇਠ ਲਿਖੇ ਸ਼ਬਦਾਂ ਦੀ ਵਿਸ਼ੇਸ਼ਣ ਅਤੇ ਆਮ ਨਾਂਉ ਦੇ ਰੂਪ ਵਿਚ, ਵਾਕਾਂ ਵਿਚ ਵਰਤੋਂ ਕਰੋ:-
   ਧਰਮੀ, ਆਗੂ, ਦਾਨੀ ਸ਼ਹੀਦ, ਮਿਹਨਤੀ, ਗਾਲ੍ਹੜੀ, ਹੰਕਾਰੀ, ਦਾਨੀ
3. ਹੇਠ ਲਿਖੇ ਵਾਕਾਂ ਵਿਚ ਬਰੈਕਟਾਂ ਵਿਚੋਂ ਢੁਕਵੇਂ ਵਿਸ਼ੇਸ਼ਣ ਚੁਣ ਕੇ ਸਾਹਮਣੇ ਲਿਖੋ:-
   (ੳ) ਮੁੰਡਿਆਂ ਨੇ (ਸਰਬੱਤ, ਪੰਜਵਾਂ, ਸਾਰਾ, ਕੁਲ ਦੁੱਧ ਪੀਇਆ...
   (ਅ) (ਇਹ ਚਾਰ, ਸਭ) ਘੋੜਾ ਮੇਰਾ ਹੈ।
   (ੲ) (ਸੁੰਦਰ, ਦੋ-ਦੋ, ਨੌਂ, ਕਿਹੜੇ) ਰੁਪੈ ਲੈ ਕੇ ਜਾਓ....
   (ਸ) ਕੱਲ੍ਹ ਅਸੀਂ ਕਣਕ ਵਿਚੋਂ (ਸਾਰੇ, ਸੁੰਦਰ, ਮੁੱਠ ਕੁ)
   (ਹ) (ਕੌਣ, ਕਾਲਾ, ਪੰਜ-ਪੰਜ) ਕੁੱਤਾ ਬਹੁਤ ਭੌਂਕਦਾ ਹੈ...
4. ਨਿਚੇਵਾਚਕ ਵਿਸ਼ੇਸ਼ਣ ਅਤੇ ਨਿਸਚੇ ਵਾਚਕ ਪੜਨਾਂਵ ਤੋਂ ਕੀ ਭਾਵ ਹੈ ਆਪੋ ਵਿਚ ਕੀ ਭੇਦ ਹੈ। ਉਦਾਹਰਣ ਸਾਹਿਤ ਸਪੱਸ਼ਟ ਕਰੋ।
5. ਪ੍ਰਸ਼ਨਵਾਚਕ ਪੜਨਾਉ ਅਤੇ ਪੜਨਾਂਵੀ ਵਿਸ਼ੇਸ਼ਣ ਵਿਚ ਕੀ ਭੇਦ ਹੈ। ਉਦਾਹਰਣ ਸਾਹਿਤ ਸਪੱਸ਼ਟ ਕਰੋ।

•••

ਨੋਟ

# ਅਧਿਆਏ-11: ਕਿਰਿਆ ਵਿਸ਼ੇਸ਼ਣ
## (Adverb)

*ਵਿਸ਼ਾ-ਵਸਤੂ (Contents)*

1. ਕਿਰਿਆ ਵਿਸ਼ੇਸ਼ਣ ਦੀ ਪਰਿਭਾਸ਼ਾ
2. ਕਿਰਿਆ ਵਿਸ਼ੇਸ਼ਣ ਦੇ ਭੇਦ
3. ਕਿਰਿਆ ਵਿਸ਼ੇਸ਼ਣ ਦੇ ਉਪ-ਭੇਦ ਉਦਾਹਰਣ ਸਹਿਤ
4. ਉੱਤਰ ਮਾਲਾ : ਸਵੈ ਮੁਲਾਂਕਣ

ਸ਼ਬਦੀ ਅਰਥ ਮੁਤਾਬਿਕ ਕਿਰਿਆ ਉਹ ਸ਼ਬਦ ਹੈ ਜਿਸ ਨਾਲ ਕਿਸੇ ਮਨੁੱਖ ਜਾਂ ਵਸਤੂ ਦੇ ਕੰਮ, ਕਾਲ ਸਾਹਿਤ ਪ੍ਰਗਟ ਕਰਨ, ਉਹਨਾਂ ਸ਼ਬਦਾਂ ਨੂੰ ਕਿਰਿਆ ਆਖਿਆ ਜਾਂਦਾ ਹੈ। ਜੋ ਸ਼ਬਦ ਨਾਂਵਾਂ ਜਾਂ ਪੜਨਾਵਾਂ ਦੇ ਗੁਣ ਔਗੁਣ, ਗਿਣਤੀ, ਮਿਣਤੀ ਦੱਸਣ ਅਤੇ ਇਨ੍ਹਾਂ ਨੂੰ ਆਮ ਤੋਂ ਖਾਸ ਬਣਾਉਣ ਉਹਨਾਂ ਨੂੰ ਵਿਸ਼ੇਸ਼ਣ ਕਹਿੰਦੇ ਹਨ। ਕਿਰਿਆ-ਵਿਸ਼ੇਸ਼ਣ ਦੋ ਸ਼ਬਦਾਂ ਦਾ ਸੁਮੇਲ ਹੈ। ਇਹ ਦੋਵੇਂ ਸ਼ਬਦ ਵੱਖ-ਵੱਖ ਸ਼ਬਦਾਂ ਕਿਰਿਆ-ਵਿਸ਼ੇਸ਼ਣ ਸਥਾਪਤ ਕਰਦੀਆਂ ਹਨ। ਕਿਰਿਆ ਵਿਸ਼ੇਸ਼ਣ ਉਹ ਸ਼ਬਦ ਹੈ, ਜੋ ਕਿਸੇ ਕਿਰਿਆ ਦੀ ਵਿਸ਼ੇਸ਼ਤਾ ਪ੍ਰਗਟ ਕਰੇ, ਜਾਂ ਵਾਕ ਦੀ ਕਿਰਿਆ ਦੇ ਕੰਮ ਦੇ ਹੋਣ ਦਾ ਸਮਾਂ, ਅਸਥਾਨ ਜਾਂ ਕਾਰਨ ਦੱਸੇ। ਭਾਵ ਜਿਹੜੇ ਸ਼ਬਦ ਕੰਮ ਦਾ ਕਿਵੇਂ ਹੋਣਾ, ਕਦ ਹੋਣਾ, ਕਿੱਥੇ ਹੋਣ, ਨਾ ਹੋਣਾ ਆਦਿ ਪ੍ਰਗਟ ਕਰਨ, ਉਨ੍ਹਾਂ ਨੂੰ ਕਿਰਿਆ ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ :-

1. ਉਹ ਕਾਹਲਾ ਤੁਰਦਾ ਹੈ।
2. ਅਸੀਂ ਇੱਥੇ ਰਹਿੰਦੇ ਹਾਂ।
3. ਮੈਂ ਨਹੀਂ ਜਾਵਾਂਗਾ।
4. ਮੈਂ ਕਲ ਬੰਬਈ ਜਾਵਾਂਗਾ।

ਉਪਰੋਕਤ ਵਾਕਾਂ ਵਿਚ 'ਕਾਹਲਾ, ਕੱਲ੍ਹ, ਇਥੇ, ਨਹੀਂ, ਸ਼ਬਦ ਕੰਮ ਦਾ ਕਿਵੇਂ ਹੋਣਾ, ਕਦ ਹੋਣਾ, ਕਿੱਥੇ ਹੋਣਾ ਜਾਂ ਨਾ ਹੋਣਾ ਆਦਿ ਪ੍ਰਗਟ ਕਰਦੇ ਹਨ।

## ਕਿਰਿਆ-ਵਿਸ਼ੇਸ਼ਣ ਦੇ ਭੇਦ (Kinds of Adverb) : -

ਕਿਰਿਆ-ਵਿਸ਼ੇਸ਼ਣ ਦੇ ਹੇਠ ਲਿਖੇ ਭੇਦ ਅੱਠ ਪ੍ਰਕਾਰ ਦੇ ਹਨ:-

1. ਕਾਲ-ਵਾਚਕ ਕਿਰਿਆ-ਵਿਸ਼ੇਸ਼ਣ (Adverbs of time)
2. ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ (Adverbs of Place)
3. ਪ੍ਰਕਾਰ-ਵਾਚਕ ਕਿਰਿਆ-ਵਿਸ਼ੇਸ਼ਣ (Adverbs of manner)
4. ਪਰਿਮਾਣ-ਵਾਚਕ ਕਿਰਿਆ-ਵਿਸ਼ੇਸ਼ਣ (Adverbs of Quantity)
5. ਸੰਖਿਆ-ਵਾਚਕ ਕਿਰਿਆ ਵਿਸ਼ੇਸ਼ਣ (Adverbs of Number)
6. ਨਿਰਣਾ-ਵਾਚਕ ਕਿਰਿਆ ਵਿਸ਼ੇਸ਼ਣ (Adverbs of Affirmation)
7. ਕਾਰਣ-ਵਾਚਕ ਕਿਰਿਆ-ਵਿਸ਼ੇਸ਼ਣ (Adverbs of Cause)
8. ਤਾਕੀਦੀ-ਵਾਚਕ ਕਿਰਿਆ-ਵਿਸ਼ੇਸ਼ਣ (Adverbs of Emphasis)

### (i) ਕਾਲ-ਵਾਚਕ:-

ਜਿਹੜੇ ਕਿਰਿਆ ਵਿਸ਼ੇਸ਼ਣ ਕਿਰਿਆ ਦੇ ਕੰਮ ਦਾ ਸਮਾਂ ਦੱਸਣ, ਉਹਨਾਂ ਨੂੰ ਕਾਲ ਵਾਚਕ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ :- ਕਦ, ਤੱਦ, ਹੁਣ, ਭਲਕੇ, ਪਰਸੋ, ਅੱਜ, ਕੱਲ੍ਹ, ਜਦੋਂ, ਪਹਿਲਾ ਬਾਰ-ਬਾਰ, ਆਮ ਕਰਕੇ ਸਵੇਰੇ, ਸ਼ਾਮੀ ਆਦਿ ਸ਼ਬਦਾਂ ਤੋਂ ਪਤਾ ਲਗਦਾ ਹੈ।

(ii) **ਸਥਾਨ ਵਾਚਕ** :–

ਜਿਨ੍ਹਾਂ ਸ਼ਬਦਾਂ ਨਾਲ ਕਿਰਿਆ ਦੇ ਕੰਮ ਦੀ ਥਾਂ, ਦਸ਼ਾ ਜਾਂ ਟਿਕਾਣਾ ਦੱਸਣ ਉਹਨਾਂ ਨੂੰ ਸਥਾਨ ਵਾਚਕ ਕਿਰਿਆ–ਵਿਸ਼ੇਸ਼ਣ ਕਹਿੰਦੇ ਹਨ।

ਜਿਵੇਂ :– ਉਥੋਂ, ਇਥੇ, ਉੱਤੇ ਇਧਰ, ਉੱਧਰ, ਦੂਰ ਨੇੜੇ, ਅੰਦਰ ਬਾਹਰ, ਆਰ ਪਾਰ, ਸੱਜੇ–ਖੱਬੇ ਆਦਿ।

(**iii**) **ਪ੍ਰਕਾਰ-ਵਾਚਕ** :-

ਅਜਿਹੇ ਸ਼ਬਦ ਜਿਹੜੇ ਕਿਰਿਆ ਦੇ ਕੰਮ ਦੇ ਹੋਣ ਦੀ ਪਰਕਾਰ ਜਾਂ ਢੰਗ ਦੱਸਣ, ਉਹਨਾਂ ਨੂੰ ਪ੍ਰਕਾਰ ਜਾਂ ਢੰਗ ਦੱਸਣ, ਉਹਨਾਂ ਨੂੰ ਪ੍ਰਕਾਰ–ਵਾਚਕ ਕਿਰਿਆ ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ : – ਹੌਲੀ–ਹੌਲੀ, ਅਚਾਨਕ, ਥੋੜਾ, ਮਾੜਾ ਜਿਹਾ, ਰੋਂਦਾ ਹੋਇਆ ਆਦਿ ਸ਼ਬਦ।

(**iv**) **ਪਰਿਮਾਣ-ਵਾਚਕ** :-

ਅਜਿਹੇ ਸ਼ਬਦ ਜੋ ਕਿਰਿਆ ਦੇ ਕੰਮ ਦਾ ਅੰਦਾਜ਼ਾ ਜਾਂ ਪਰਿਮਾਣ ਦੱਸਣ ਭਾਵ ਕੰਮ ਦੀ ਮਿਕਦਾਰ, ਗੁਣ, ਅੰਦਾਜਾ ਜਾਂ ਮਿਣਤੀ ਦੱਸਣ ਉਸ ਨੂੰ ਪਰਿਮਾਣ–ਵਾਚਕ ਕਿਰਿਆ–ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ:– ਵੱਧ ਘੱਟ, ਬਰਾਬਰ, ਥੋੜਾ ਮਾੜਾ ਜਿਹਾ, ਜਰਾ ਕੁ ਆਦਿ ਸ਼ਬਦ ਹਨ।

(**v**) **ਸੰਖਿਆ-ਵਾਚਕ** :-

ਅਜਿਹੇ ਸ਼ਬਦ ਜੋ ਕਿਸੇ ਕੰਮ ਦੇ ਹੋਣ ਜਾ ਨਾ ਹੋਣ ਦਾ ਗਿਣਤੀ ਜਾਂ ਵਾਰੀ ਦੱਸਣ ਭਾਵ ਜਿਹੜੇ ਸ਼ਬਦ ਕੰਮ ਦੇ ਹੋਣ ਦੀ ਵਾਰੀ ਪ੍ਰਗਟ ਕਰਨ ਉਹਨਾਂ ਨੂੰ ਸੰਖਿਆ ਵਾਚਕ ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ : ਇਕ ਵਾਰੀ, ਦੋਬਾਰਾ, ਕਈ ਵਾਰੀ, ਆਖਰੀ ਵਾਰ ਆਦਿ ਸ਼ਬਦ ਹਨ।

(**vi**) **ਨਿਰਣਾ-ਵਾਚਕ** :-

ਅਜਿਹੇ ਸ਼ਬਦ ਜਿਹੜੇ ਕਿਰਿਆ ਦੇ ਕੰਮ ਦੇ ਹੋਣ ਜਾਂ ਨਾ ਹੋਣ ਬਾਰੇ ਨਿਰਣਾ ਕਰਨ ਉਹਨਾਂ ਨੂੰ ਨਿਰਣਾ–ਵਾਚਕ ਕਿਰਿਆ ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ ਹਾਂ, ਨਾ, ਆਹੋ, ਹਾਂ ਜੀ, ਹੱਛਾ ਜੀ ਆਦਿ

(**vii**) **ਕਾਰਣ-ਵਾਚਕ** :-

ਅਜਿਹੇ ਸ਼ਬਦ ਜੋ ਕਿ ਕਿਰਿਆ ਦੇ ਕੰਮ ਦੇ ਹੋਣ ਜਾਂ ਕਾਰਣ ਜਾਂ ਸਬੱਬ ਪ੍ਰਗਟ ਕਰਨ। ਉਹਨਾਂ ਨੂੰ ਕਾਰਣ–ਵਾਚਕ ਕਿਰਿਆ ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ: –ਕਿਉਂਕਿ, ਇਸ ਲਈ, ਤਾਂ ਜੋ ਆਦਿ।

(**viii**) **ਤਾਕੀਦੀ ਵਾਚਕ** :-

ਜਿਹੜੇ ਸ਼ਬਦ ਕਿਰਿਆ ਦੇ ਕੰਮ ਹੋਣ ਦੀ ਪ੍ਰੋੜਤਾ ਕਰਨ ਜਾਂ ਤਾਕੀਦ ਕਰਨ ਲਈ ਵਰਤੇ ਜਾਣ, ਉਸ ਨੂੰ ਤਾਕੀਦੀ–ਵਾਚਕ, ਕਿਰਿਆ ਵਿਸ਼ੇਸ਼ਣ ਕਹਿੰਦੇ ਹਨ। ਜਿਵੇਂ: – ਬਹੁਤ ਹੀ, ਤੱਕ, ਹਾਂ, ਨਾ ਬਿਲਕੁਲ ਆਦਿ ਸ਼ਬਦ ਹਨ।

ਕਿਰਿਆ–ਵਿਸ਼ੇਸ਼ਣ ਦੀਆਂ ਤਿੰਨ ਅਵਸਥਾਵਾਂ ਹਨ:–

(**ੳ**) **ਸਾਧਾਰਣ ਅਵਸਥਾ** :-

ਜਦ ਕਿਰਿਆ ਵਿਸ਼ੇਸ਼ਣ ਕੇਵਲ ਕਿਰਿਆ ਵਿਸ਼ੇਸ਼ਣ ਦਾ ਹੀ ਕੰਮ ਦੇਣ ਤੇ ਹੋਰ ਕੋਈ ਕੰਮ ਨਾ ਕਰਨ ਤਾਂ ਉਹ ਸਾਧਾਰਣ ਅਵਸਥਾ ਵਿਚ ਹੁੰਦੇ ਹਨ। ਜਿਵੇਂ:– ਸ਼ਾਮ ਸਿੰਘ ਕਾਹਲਾ ਤੁਰਦਾ ਹੈ। ਮੈਂ, ਸਵੇਰੇ ਆਵਾਂਗਾ।

(**ਅ**) **ਪ੍ਰਸ਼ਨਿਕ ਅਵਸਥਾ** :-

ਜਦ ਕੋਈ ਸ਼ਬਦ ਕਿਰਿਆ–ਵਿਸ਼ੇਸਣ ਦੇ ਨਾਲ–ਨਾਲ ਪੁੱਛਣ ਦਾ ਕੰਮ ਵੀ ਕਰੇ ਉਸ ਨੂੰ ਪ੍ਰਸ਼ਨਿਕ ਅਵਸਥਾ ਕਹਿੰਦੇ ਹਨ।

ਜਿਵੇਂ :– ਇਹ ਦੁਘਰਟਨਾ **ਕਿੱਥੇ** ਹੋਈ, ਤੁਸੀਂ **ਕਦੋਂ** ਆਵੋਗੇ।

ਸ਼ਬਦ 'ਕਿਥੇ' ਅਤੇ 'ਕਦੋਂ' ਸ਼ਬਦ ਪ੍ਰਸਨਿਕ ਅਵਸਥਾ ਵਾਲੇ ਹਨ।

ਨੋਟ

**(ਏ) ਯੋਜਕੀ ਅਵਸਥਾ :-**

ਉਹ ਸ਼ਬਦ ਜੋ ਕਿਰਿਆ ਵਿਸ਼ੇਸ਼ਣ ਹੋਣ ਅਤੇ ਦੋ ਵਾਕਾਂ ਨੂੰ ਜੋੜਨ ਦਾ ਵੀ ਕੰਮ ਕਰਨ ਤਾਂ ਉਹ ਯੋਜਕੀ ਅਵਸਥਾ ਵਿਚ ਹੁੰਦੇ ਹਨ। ਜਿਵੇਂ:–

'**ਜਿਥੇ** ਤੁਸੀਂ ਆਖੋਗੇ ਆਂ ਮਿਲਾਂਗਾ, ਜਦ ਉਹ ਆਵੇਗਾ **ਤਦ** ਮੈਂ ਚਲਾਂਗਾ।

ਇਸ ਵਾਕ ਵਿਚ ਸ਼ਬਦ 'ਜਿਥੇ', ਅਤੇ 'ਤਦ' ਜਦ ਯੋਜਕੀ ਅਵਸਥਾ ਵਾਲੇ ਹਨ।

## ਕਿਰਿਆ ਵਿਸ਼ੇਸ਼ਣ ਦੀ ਰਚਨਾ (Formation of Adverbs) :-

ਕਿਰਿਆ ਵਿਸ਼ੇਸ਼ਣ ਦੀ ਰਚਨਾ ਦੋ ਤਰ੍ਹਾਂ ਨਾਲ ਹੁੰਦੀ ਪਹਿਲੀ ਤਰਾਂ ਦੀ ਕਿਰਿਆ ਵਿਸ਼ੇਸ਼ਣ ਦੀ ਰਚਨਾ, ਪਿਛੇਤਰ (Suffixes) ਲਾਇਆ ਹੁੰਦੀ ਹੈ। ਜਿਵੇਂ:–

**(ੳ) ਨਾਂਵ ਤੋਂ :-**

ਰਾਤ ਤੋਂ ਰਾਤੀਂ, ਹੱਥ ਤੋਂ ਹੱਥੀਂ।

**(ਅ) ਪੜਨਾਂਵ ਤੋਂ :-**

ਹੁਣ, ਇਧਰ, ਜਿਥੇ, ਜਦੋਂ ਕਦੋਂ ਆਦਿ।

**(ੲ) ਕਿਰਿਆ ਤੋਂ :-**

ਖੜੇ ਖੜੇ, ਉਠਦੇ ਹੋਏ, ਰੋਂਦੇ ਹੋਇਆ ਆਦਿ।

**(ਸ) ਵਿਸ਼ੇਸ਼ਣ ਤੋਂ :-**

ਹੌਲੀ ਹੌਲੀ, ਚੁੱਪ, ਚੁੱਪ, ਪਹਿਲਾਂ, ਪਿਛੋਂ ਆਦਿ

**(ਹ) ਹੋਰਨਾਂ ਸ਼ਬਦਾਂ ਤੋਂ :-**

ਪਿੱਛੇ ਤੋਂ ਪਿਛਾਂਹ, ਅੱਗੇ ਤੋਂ ਅਗਾਂਹ ਆਦਿ

(ਕ) ਸ਼ਬਦਾਂ ਨਾਲ ਸਬੰਧਕ ਜੋੜਨ ਲਈ ਵੀ ਕਿਰਿਆ ਵਿਸ਼ੇਸ਼ਣ ਬਣ ਜਾਂਦੇ ਹਨ। ਜਿਵੇਂ : –
"ਰਾਤ ਤੀਕ, ਇਥੋ ਤੀਕ, ਇਥੋਂ ਤੀਕ, ਦਿਨ ਨੂੰ, ਉਤਾਂਹ ਨੂੰ"

(ਖ) ਇਕ ਸ਼ਬਦ ਨੂੰ ਦੋ ਸ਼ਬਦਾਂ ਦੇ ਵਿਚਕਾਰ ਲਿਖ ਕੇ ਵੀ ਕਿਰਿਆ ਵਿਸ਼ੇਸ਼ਣ ਬਣਾਏ ਜਾਂਦੇ ਹਨ। ਜਿਵੇਂ:
ਘੜੀ ਦੀ ਘੜ, ਬਹੁਤੇ ਤੋਂ ਬਹੁਤਾ, ਥੋੜੇ ਤੋਂ ਥੋੜਾ ਆਦਿ।

(ਗ) ਪੂਰਬ ਪੂਰਨ ਕਾਰੰਦਤ ਜੋੜ ਕੇ :– ਚਿੱਤ ਲਾਕੇ, ਤੱਕ ਕੇ, ਅੱਕ ਕੇ

(ਘ) ਕਿਰਿਆ ਫਲ ਦੇ ਸੰਧੰਧਕੀ ਰੂਪ ਤੋਂ ਪਹਿਲਾਂ ਹੋਰ ਕੋਈ ਸ਼ਬਦ ਲਾਉਣ ਨਾਲ ਵੀ ਕਿਰਿਆ ਵਿਸ਼ੇਸ਼ਣ ਬਣ ਸਕਦੇ ਹਨ: ਜਿਵੇਂ:–

"ਪੜਾਈ ਕੀਤੇ ਬਿਨਾਂ ਪਾਸ ਹੋਣਾ ਅਸੰਭਵ ਹੈ।

## ਉੱਤਰ ਮਾਲਾ : ਸਵੈ ਮੁਲਾਂਕਣ

1. ਕਿਰਿਆ ਵਿਸ਼ੇਸ਼ਣ ਤੋਂ ਕੀ ਭਾਵ ਹੈ? ਇਹਨਾਂ ਦੇ ਭੇਦਾਂ ਨੂੰ ਉਦਾਹਰਣ ਸਾਹਿਤ ਆਪਣੇ ਸ਼ਬਦਾਂ ਵਿਚ ਸਪੱਸ਼ਟ ਕਰੋ।
2. ਵਿਸ਼ੇਸ਼ਣ ਅਤੇ ਕਿਰਿਆ ਵਿਸ਼ੇਸ਼ਣ ਵਿਚ ਕੀ ਭੇਦ ਹਨ?
3. 'ਸਥਾਨ ਵਾਚਕ ਕਿਰਿਆ' ਵਿਸ਼ੇਸ਼ਣ ਅਤੇ ਕਾਲ ਵਾਚਕ ਕਿਰਿਆ ਵਿਸ਼ੇਸ਼ਣ ਵਿਚ ਕੀ ਅੰਤਰ ਹੈ। ਪਰਿਭਾਸ਼ਾ ਦੇ ਕੇ ਉਦਾਹਰਣ ਸਾਹਿਤ ਸਪੱਸ਼ਟ ਕਰੋ।

**ਨੋਟ**

4. ਹੇਠ ਲਿਖੇ ਕਿਰਿਆ ਵਿਸ਼ੇਸ਼ਣਾਂ ਨੂੰ ਵਾਕਾਂ ਵਿਚ ਵਰਤੋਂ:-

| | | | |
|---|---|---|---|
| ਇਸ ਲਈ, | ਕਿਉਂਕਿ, | ਤਾਂ ਜੋ, | ਜਰੂਰ |
| ਤਿੰਨ ਤਿੰਨ, | ਇਕ ਵਾਰ | ਅੰਦਰ, | ਸਵੇਰੇ |
| ਕਾਹਲੀ, | ਸਾਰਾ, | ਭਲਕੇ, | ਨਿਰਪੁਰਾ |

5. ਕਿਰਿਆ ਵਿਸ਼ੇਸ਼ਣ ਦੀਆਂ ਅਵਸਥਾਵਾਂ ਕਿੰਨੇ ਪ੍ਰਕਾਰ ਦੀਆਂ ਹਨ। ਵੇਰਵੇ ਉਦਾਹਰਣ ਸਾਹਿਤ ਦਿਓ।
6. ਹੇਠ ਲਿਖੇ ਵਾਕਾਂ ਦੀਆਂ ਖ਼ਾਲੀ ਥਾਵਾਂ ਵਿਚ ਉਚਿਤ ਕਿਰਿਆ ਵਿਸ਼ੇਸ਼ਣ ਭਰੋ:-
   (ੳ) ਮਿਹਨਤ ਦਾ ਫਲ...... ਮਿਲਦਾ ਹੈ।
   (ਅ) ਇਹ ਦੁਕਾਨਦਾਰ ਸੌਦਾ..... ਤੋਲਦਾ ਹੈ।
   (ੲ) ਇਹ ਕੰਮ..... ਕਰਨਾ ਹੈ।
   (ਸ) ਸਿਮਰਨ......... ਮਿਹਨਤ ਕਰਦੀ ਰਹੀ, ਪਰ ਪਾਸ...... ਹੋਈ।
   (ਹ) ਇਕ ਪੁਸਤਕ....... ਵਿਕ ਰਹੀ ਹੈ।

•••

ਨੋਟ

# ਅਧਿਆਏ-12: ਅਗੇਤਰ-ਪਿਛੇਤਰ

## (Prefixes-Suffixes)

***ਵਿਸ਼ਾ-ਵਸਤੂ (Contents)***

1. ਅਗੇਤਰ, ਪਿਛੇਤਰ ਦੀ ਪਰਿਭਾਸ਼ਾ
2. ਉਦਾਹਰਣ ਸਹਿਤ ਵਿਸਥਾਰ
3. ਉੱਤਰ ਮਾਲਾ : ਸਵੈ ਮੁਲਾਂਕਣ

ਅਗੇਤਰ ਅਤੇ ਪਿਛੇਤਰ ਸ਼ਬਦਾਂ ਨੂੰ ਸਮਝਣ ਲਈ ਸਭ ਤੋਂ ਪਹਿਲਾਂ ਮੂਲ ਸ਼ਬਦ ਅਤੇ ਰਚਿਤ ਸ਼ਬਦਾਂ ਬਾਰੇ ਜਾਨਣਾ ਜ਼ਰੂਰੀ ਹੈ। ਜੋ ਸ਼ਬਦ ਆਪਣੇ ਆਪ ਵਿਚ ਪੂਰਨ ਹੋਵੇ ਕਿਸੇ ਹੋਰ ਸ਼ਬਦ ਤੋਂ ਨਾਂ ਬਣਿਆ ਹੋਵੇ, ਉਸ ਨੂੰ ਮੂਲ-ਸ਼ਬਦ ਆਖਦੇ ਹਨ। ਜਿਵੇਂ :-

ਘਰ, ਦਾਲ, ਭਗਤ, ਮੁਖ, ਰੋਗ, ਬਾਲ-ਆਦਿ

ਜੋ ਸ਼ਬਦ ਕਿਸੇ ਹੋਰ ਸ਼ਬਦਾਂ ਦੀ ਜਾਂ ਸ਼ਬਦਾਂ ਦੀ ਮਦਦ ਨਾਲ ਬਣਿਆ ਹੋਵੇ ਉਸ ਨੂੰ ਰਚਿਤ ਸ਼ਬਦ ਆਖਦੇ ਹਨ ਜਿਵੇਂ :-

| | | | | |
|---|---|---|---|---|
| ਅ | + | ਰੋਗ | = | ਅਰੋਗ |
| ਬੇ | + | ਘਰ | = | ਬੇਘਰ |
| ਅ | + | ਕਾਲ | = | ਅਕਾਲ |
| ਸਿਰ | + | ਪੀ | = | ਸਿਰ ਪੀ |
| ਅ | + | ਮਰ | = | ਅਮਰ |
| ਅ | + | ਚਾਰ | = | ਅਚਾਰ |

ਦੋ ਜਾਂ ਦੋ ਤੋਂ ਵੱਧ ਸ਼ਬਦਾਂ ਦੇ ਮਿਲਾਪ ਤੋਂ ਬਣੇ ਹੋਏ ਰਚਿਤ ਸ਼ਬਦਾਂ ਨੂੰ ਸਮਾਧੀ ਸ਼ਬਦ ਕਹਿੰਦੇ ਹਨ-

| | | |
|---|---|---|
| ਕਮ + ਅਦਲ | ਸੁਤ - ਉਨੀਂਦਾ | ਸ੍ਵੈਦੇਸ਼, ਪਰ - ਦੇਸ਼ |
| ਮਿਲ-ਵਰਤਨ | ਅਜ-ਕਲ | ਬਦ-ਕਿਸਮਤ |
| ਬਦ-ਨਾਮ | ਟਕ-ਸਾਲ | ਪਗ-ਡੰਡੀ |
| ਮਾਲ-ਗੁਦਾਮ | ਲੁੱਟ-ਮਾਰ | ਮੋਹ-ਮਾਇਆ |
| ਮਾਲ-ਮੰਡੀ | ਪੱਖ-ਪਾਤੀ | |

ਉਪਰੋਕਤ ਸ਼ਬਦ ਰਚਨਾਂ ਤੋਂ ਬਾਅਦ ਉਹ ਸ਼ਬਦ ਆਉਂਦੇ ਹਨ ਜਿਨ੍ਹਾਂ ਮੂਲ ਸ਼ਬਦਾਂ ਦੇ ਅੱਗੇ ਉਹ ਚਿੰਨ੍ਹ ਜਾਂ ਅੱਖਰ, ਲੱਗ ਜਾਣ ਜਿਸ ਨਾਲ ਲੱਗ ਕੇ ਸ਼ਬਦ ਦੀ ਨਵੀਂ ਰਚਨਾ ਕਰ ਦੇਵੇ। ਇਸ ਜੋ ਮੂਲ ਸ਼ਬਦ ਹਨ ਉਨ੍ਹਾਂ ਸ਼ਬਦਾਂ ਦੇ ਅਰਥਾਂ ਵਿਚ ਵਿਸ਼ੇਸ਼ਤਾ ਪੈਦਾ ਕਰੇ ਉਸ ਨੂੰ ਅਸੀਂ ਅਗੇਤਰ ਆਖਦੇ ਹਾਂ। ਜਿਵੇਂ :-

ਕੁ + ਬੁਰਾ = ਕੁਬੁਰਾ ਅਪ + ਮਾਨ = ਅਪਮਾਨ

ਪਰ + ਧਨ = ਪਰਧਨ ਪਰ + ਦੇਸ਼ = ਪਰਦੇਸ਼

ਇਸੇ ਤਰ੍ਹਾਂ ਮੂਲ ਸ਼ਬਦਾਂ ਦੇ ਅੰਤ ਵਿਚ ਜਿਹੜੇ ਸ਼ਬਦਾਂ ਲਗਾ ਦਿੱਤੇ ਜਾਣ ਤਾਂ_ਸ ਨੂੰ ਅਸੀਂ "ਪਿਛੇਤਰ" ਆਖ ਦਿੰਦੇ ਹਨ। ਪਰ ਉਸ ਸ਼ਬਦਾਂ ਦੇ ਵਿਸ਼ੇਸ਼ ਅਰਥ ਜ਼ਰੂਰ ਹੋਣ। ਜਿਵੇਂ :-

| | | | |
|---|---|---|---|
| ਆ- ਝਗੜਾ | ਅਧਿਆਪਕ | ਪੰਡਤਾਂ | |
| ਈ- ਬੁਰਿਆਈ | ਭਿਖਾਰੀ | ਖਿਡਾਰੀ | |
| ਆਣੀ-ਪੰਡਤਾਣੀ | ਖਤਰਾਣੀ | ਜਿਠਾਣੀ | ਦਿਰਾਣੀ। |

## ਅਗੇਤਰ ਵਾਲੇ ਕੁਝ ਸ਼ਬਦ

ਨੋਟ

| | | |
|---|---|---|
| ਅਨ | – | ਅਨਪੜ, ਅਨਬਨ, ਅਨਗਿਣਤ, ਅਨਜਾਣ |
| ਅਧ | – | ਅਧਵਾਟੇ, ਅਧਰਿੜਾ, ਅਪਸ਼ਬਦ, ਅਪਮਾਨ |
| ਅਣ | – | ਅਣਡਿੱਠਾ, ਅਣਬਣ, |
| ਕ | – | ਕਰੂਪ, ਕਪੁੱਤਰ, ਕੁਰੀਤੀ, ਕੁਚੱਜ |
| ਖੜ | – | ਖੜਤਾਲ, ਖੜਪੈਂਚ |
| ਧੰਨ | – | ਧਨਵੰਤ, ਧੰਨਵਾਨ, ਧੰਨਭਾਵ, |
| ਨਿ | – | ਨਿਹਫਲ, ਨਿਹਚਲ, ਨਿਰਵਿਘਨ |
| ਪਰ | – | ਪਾਦੇਸ਼, ਪਰਧੰਨ, ਪਰਇਸਤਰੀ, |
| ਬ | – | ਬੇਗੁਨਾਹ, ਬੇਡੌਲ, ਬੇਅਸੂਲ, ਬੇਪਾਰ, ਬੇਦਖਲ, ਬੇਸ਼ਰਮ, ਬੇਅਸਰ, ਬੇਰਹਿਮ |
| ਮਨ | – | ਮਨਚਲਾ |
| ਲਾ | – | ਲਾਇਲਾਜ, ਲਾਚਾਰ,ਲਾਪ੍ਰਵਾਹ, ਲਾਵਾਰਸ |
| ਵਿ | – | ਵਿਕਾਰ, ਵਿਜੋਗ, ਵਿਅਰਥ, ਵਿਕਾਸ। |
| ਸ਼ਾਹ | – | ਸ਼ਾਹਵਾਜ਼, ਸ਼ਾਹਸਵਾਰ, ਸ਼ਾਹਸਰ |

## ਪਿਛੇਤਰ ਵਾਲੇ ਕੁਝ ਸ਼ਬਦ

| | | |
|---|---|---|
| ਊ | – | ਕਮਾਊ, ਡਰੂ, ਤਾਰੂ, ਖਾਊ, ਤੋੜੂ, ਜੋੜੂ |
| ਓ | – | ਪਕਾਓ, ਜਾਓ, ਕਮਾਓ, ਸਜਾਓ। |
| ਆਈ | – | ਬੁਰਾਈ, ਪੜ੍ਹਾਈ, ਕਮਾਈ, ਲੜਾਈ |
| ਆਰੀ | – | ਸੁਨਿਆਰੀ, ਖਿਡਾਰੀ, ਲਿਖਾਰੀ, ਲੁਹਾਰੀ |
| ਈ | – | ਲੰਬਾਈ, ਘਟਾਈ, ਚੌੜਾਈ |
| ਆਣੀ | – | ਦਿਰਾਣੀ, ਜਿਠਾਣੀ, ਮਾਸਟਰਾਣੀ, ਪੰਡਤਾਣੀ |
| ਆਲਾ | – | ਸ਼ਿਵਾਲਾ, ਗਵਾਲਾ, ਹਿਮਾਲਾ |
| ਈਲਾ | – | ਚਮਕੀਲਾ, ਸ਼ਰਮੀਲਾ, ਜ਼ਹਿਰੀਲਾ, ਭੜਕੀਲਾ |
| ਇਕ | – | ਆਤਮਿਕ, ਧਾਰਮਿਕ, ਸਮਾਜਿਕ |
| ਸਾਰ | – | ਮਿਲਣਸਾਰ, ਹੰਡਣਸਾਰ, ਤੜਕਸਾਰ,ਸਵੇਰਸਾਰ |
| ਹਾਰ | – | ਹੋਣਹਾਰ, ਭੁਲਣਹਾਰ, ਸਾਲੇਹਾਰ, ਬਖਸ਼ਣਹਾਰ, ਰੱਖਣਹਾਰ, ਸਿਰਜਣਹਾਰ, ਕਰਨਹਾਰ |
| ਹੀਣ | – | ਧਰਮਹੀਣ, ਕਰਮਹੀਣ, ਟੂਣੇਹਾਰੀ |
| ਕਾਰ | – | ਨਾਵਕਾਰ, ਨਾਟਕਕਾਰ,ਚਿੱਤਰਕਾਰ, ਸਲਾਹਕਾਰ, ਟੀਕਾਕਾਰ, ਸਲਾਹਕਾਰ, ਕਲਾਕਾਰ, |
| ਸ | – | ਦਿਵਸ, ਮਿਠਾਸ, ਪਿਆਸ, |
| ਤ | – | ਰੰਗਤ,ਸੰਗਤ, ਪੰਗਤ, ਪਿੱਠਤ, |
| ਤਾਈ | – | ਮੂਰਖਤਾਈ, ਸੂਰਮਤਾਈ, |
| ਦਾਰੀ | – | ਵਫਾਦਾਰੀ, ਠੇਕੇਦਾਰੀ, ਦੁਕਾਨਦਾਰੀ |
| ਪਨ | – | ਨੀਲਾਪਨ, ਮੂਰਖਪਨ, ਬਚਪਨ, ਪਿਆਣਾਪਨ, |
| ਪਾ | – | ਜਣੇਪਾ, ਰੰਡੇਪਾ, ਬੁਢੇਪਾ |

ਨੋਟ

| | | |
|---|---|---|
| ਲੂ | – | ਕਿਰਪਾਲੂ, ਸ਼ਰਧਾਲੂ, ਦਿਆਲੂ |
| ਵਰ | – | ਤਾਕਤਵਰ, ਜਾਨਵਰ, ਜ਼ੋਰਾਵਰ, ਬਖਤਾਵਰ, |
| ਵੰਦ | – | ਅਲਵੰਦ, ਲੋੜਵੰਦ, ਭਾਈਵੰਦ, ਲਾਹੇਵੰਦ |
| ਵਾਲ | – | ਸਾਂਝੀਵਾਲ, ਮਹੀਂਵਾਲ, ਭਾਈਵਾਲ |
| ੜ | – | ਬੁੱਢੜ, ਭੁੱਖੜ, ਛੁੱਟੜ |

## ਉੱਤਰ ਮਾਲਾ : ਸਵੈ ਮੁਲਾਂਕਣ

1. ਰਚਿਤ ਸ਼ਬਦ ਬਾਰੇ ਵਿਚਾਰ ਆਪਣੇ ਸ਼ਬਦਾਂ ਵਿਚ ਲਿਖੋ।
2. ਅਗੇਤਰ, ਅਤੇ ਪਿਛੇਤਰ ਸ਼ਬਦਾਂ ਦੀ ਵਿਆਖਿਆ ਕਰੋ
3. ਹੇਠਲੇ ਅਗੇਤਰ ਲਗਾ ਕੇ ਸ਼ਬਦ ਬਣਾਓ :–

| | | | | |
|---|---|---|---|---|
| ਬੇ | ਸਾਹ | ਨਿਸ | ਨਿਰ | ਅਪ |
| ਮਹਾ | ਪਰ | ਅਤਿ | ਸੁ | ਨਿਰ |

4. ਹੇਠ ਲਿਖੇ ਪਿਛੇਤਰਾਂ ਲਗਾ ਕੇ ਸ਼ਬਦ ਬਣਾਉ :–

| | | | | |
|---|---|---|---|---|
| ਗਾਰ | ਆਲੂ | ਗੀਰ | ਬਾਜ਼ | ਸਾਰ |
| ਆਲਾ | ਹੀਣ | ਦਾਨ | ਆਲੂ | ਸ਼ਾਲਾ |

5. ਹੇਠ ਲਿਖੇ ਸ਼ਬਦਾਂ ਦੇ ਅਗੇਤਰ ਵੱਖ ਕਰਦੇ ਉਸਦੇ ਸਾਹਮਣੇ ਦਿੱਤੀ ਥਾਂ ਤੇ ਲਿਖੋ–
   (ੳ) ਲਾਇਲਾਜ
   (ਅ) ਬਦਮਾਸ਼
   (ੲ) ਅੱਧਵਾਟੇ
   (ਸ) ਵਿਅਰਥ
   (ਹ) ਦੁਰਲੱਭ
6. ਹੇਠ ਲਿਖੇ ਸ਼ਬਦਾਂ ਤੋਂ ਪਿਛੇਤਰ ਵੱਖ ਕਰਕੇ ਸਾਹਮਣੇ ਦਿੱਤੀ ਥਾਂ 'ਤੇ ਲਿਖੋ।
   (ੳ) ਮਜ਼ੇਦਾਰ
   (ਅ) ਟਕਸਾਲ
   (ੲ) ਕਰਨਹਾਰ
   (ਸ) ਧੜੀਅਲ
   (ਹ) ਖਾਨਦਾਨ

•••

ਨੋਟ

# ਅਧਿਆਇ-13: ਸਮਾਨਾਰਥਕ ਸ਼ਬਦ
## (Synonyms-Word)

***ਵਿਸ਼ਾ-ਵਸਤੂ (Contents)***


1. ਸਮਾਨਾਰਥਕ ਸ਼ਬਦ ਦੇ ਅਰਥ
2. ਉਦਾਹਰਣ ਸਹਿਤ ਸਮਾਨਾਰਥਕ ਸ਼ਬਦ ਦੇ ਭਾਵ
3. ਉੱਤਰ ਮਾਲਾ : ਸਵੈ ਮੁਲਾਂਕਣ


ਸ਼ਬਦ ਭੰਡਾਰ ਨੂੰ ਅਮੀਰ ਬਣਾਉਣ ਲਈ ਇਕੋ ਅਰਥ ਦੇ ਬਹੁ-ਸ਼ਬਦਾਂ ਦੀ ਰਚਨਾ ਕਰਨੀ। ਪਰ ਨਵੇਂ ਰਚੇ ਸ਼ਬਦਾਂ ਦੇ ਅਰਥ ਵਿਚ ਕੋਈ ਫਰਕ ਨਾ ਪਵੇ। ਇਸ ਲਈ ਸਮਾਨਾਰਥਕ ਸ਼ਬਦ ਜਾਂ ਪ੍ਰਨਾਇਵਾਦੀ ਸ਼ਬਦ ਵੀ ਆਖਦੇ ਹਾਂ। ਜਿਤਨੇ ਜ਼ਿਆਦਾ ਸਮਅਰਥਾ ਸ਼ਬਦਾਂ ਦੀ ਰਚਨਾ ਕੀਤੀ ਜਾਵੇਗੀ ਉਨ੍ਹਾਂ ਹੀ ਭਾਸ਼ਾ ਦੇ ਭੰਡਾਰ ਵਿਚ ਜ਼ਿਆਦਾ ਹੋਵੇਗਾ। ਪੰਜਾਬੀ ਭਾਸ਼ਾ ਵਿਚ ਸਮਾਨਾਰਥਕ ਸ਼ਬਦਾਂ-ਭੰਡਾਰ ਦੀ ਕੋਈ ਘਾਟ ਨਹੀਂ ਸਗੋਂ ਇਸ ਪੱਖੋਂ ਪੰਜਾਬ ਭਾਸ਼ਾ ਸ਼ਬਦ-ਭੰਡਾਰ ਪੱਖੋਂ ਕਾਫੀ ਅਮੀਰ ਹੈ। ਪੰਜਾਬੀ ਭਾਸ਼ਾ ਦਾ ਹਾਜਮਾ ਇਤਨਾ ਵਧੀਆ ਕਿ ਦੂਜੀਆਂ ਭਾਸ਼ਾਵਾਂ ਵਿਚੋਂ ਆਏ ਸ਼ਬਦ ਪੰਜਾਬੀ ਭਾਸ਼ਾ ਦੇਆਪਣੇ ਸ਼ਬਦ ਲਗਦੇ ਹਨ। ਇੰਝ ਅਸੀਂ ਵੇਖਦੇ ਹਾਂ ਕਿ ਪੰਜਾਬੀ ਭਾਸ਼ਾ ਵਿਚ ਸੰਸਕ੍ਰਿਤ, ਅਰਬੀ, ਫਾਰਸੀ, ਅੰਗ੍ਰੇਜ਼ੀ ਆਦਿ ਸ਼ਬਦਾਂ ਦੀ ਭਰਮਾਰ ਹੈ ਅਤੇ ਇਉਂ ਲਗਦਾ ਹੈ ਕਿ ਇਹ ਸ਼ਬਦ ਪੰਜਾਬੀ ਦੇ ਆਪਣੇ ਹੀ ਹੋਣ ਜਿਵੇਂ। ਜਿਵੇਂ-ਅਰਬੀ ਭਾਸ਼ਾ ਤੋਂ ਪੰਜਾਬੀ ਭਾਸ਼ਾ ਵਿਚ ਹੇਠ ਲਿਖੇ ਸ਼ਬਦ ਆਏ ਹਨ :-

| | | | | |
|---|---|---|---|---|
| ਉੱਤਮ | ਅਜੀਬ | ਆਫਤ | ਅਸਰ | ਅਲ੍ਹਾ |
| ਆਖਰ | ਇਜਲਾਸ | ਇੱਛਾ | ਇਨਾਮ | ਈਮਾਨ |
| ਸਲਾਮ | ਸੂਰਤ | ਹੁਕਮ | ਹਮਲਾ | ਹਵਾਲਾਤ |
| ਨਤੀਜਾ | ਕੀਮਤ | ਰੱਬ | | |

ਇਸੇ ਤਰ੍ਹਾਂ ਤੁਰਕੀ ਭਾਸ਼ਾ ਦੇ ਸ਼ਬਦ ਪੰਜਾਬੀ ਵਿਚ ਇਸ ਤਰ੍ਹਾਂ ਹਨ :-

| | | | | |
|---|---|---|---|---|
| ਉਰਦ (ਉੜਦੂ) | ਏਲਚੀ | ਸਰਾਇ | ਸਿਪਾਹੀ | ਸੁਗਾਤ |
| ਚਾਕੂ | ਗਲੀਚਾ | ਕੈਂਚੀ | ਕਿੱਲਾ | ਕਲਗੀ |
| ਚੀਲ੍ਹ | ਲਫੰਗਾ | ਲਾਸ਼ | ਵਲਾਇਤ | ਮੁਚੱਲਕਾ |
| ਬਾਰੂਦ | ਬੇਗਮ | | | |

ਫਰਾਂਸੀਸੀ ਤੋਂ ਆਏ ਪੰਜਾਬੀ ਵਿਚ ਸ਼ਬਦ ਘੁਲ ਗਏ :-

| | | | | |
|---|---|---|---|---|
| ਉਮੀਦ | ਅਨਾਰ | ਅਰਾਮ | ਹਜ਼ਾਰ | ਸਿਰੋਪਾ |
| ਸ਼ਿਕਾਰ | ਸ਼ਤਾਬਦੀ | ਸਰਦਾਰ | ਕੂਚਾ | ਕਮੀਜ਼ |
| ਕਮਜ਼ਾਤ | ਹਿੰਦ | ਗਰਮ | ਖਾਲਸਾ | ਗਵਾਹ |
| ਚਾਦਰ | ਪੁਰਜ਼ | ਯਾਰ | ਰੁਮਾਲ | |

ਪਸ਼ਤੋ ਆਏ ਸ਼ਬਦ :-

| | | | | |
|---|---|---|---|---|
| ਕੁੱਬਾ | ਗੁਆਂਢੀ | ਪਠਾਨ | ਪੀੜ੍ਹਾ | ਮਾੜੀ |
| ਮੂੜ੍ਹੀ ਰੰਬੀ | ਗਿੱਟਾ | ਖਹਿਜੜਾ ਆਦਿ। | | |

ਇਸੇ ਤਰ੍ਹਾਂ ਅੰਗ੍ਰੇਜ਼ੀ ਵਿਚੋਂ ਆਏ ਸ਼ਬਦ ਵੀ ਇੰਝ ਲਗਦੇ ਹਨ ਜਿਵੇਂ ਕਿ ਪਹਿਲਾਂ ਤੋਂ ਹੀ ਪੰਜਾਬੀ ਵਿਚ ਮੌਜੂਦ ਹਨ ਜਿਵੇਂ :-

| | | | | |
|---|---|---|---|---|
| ਹਾਲ | ਹੋਟਲ | ਕਮੀਸ਼ਨ | ਕੰਪਨੀ | ਟਿਕਟ |
| ਡਿਗਰੀ | ਕ੍ਰਾਇਮ | ਡਰਾਮਾ | ਨੋਟ | ਮੈਂਬਰ |

**ਨੋਟ**

ਰੇਲ ਡੀਪੂ ਪਾਰਟੀ

ਪੰਜਾਬੀ ਵਿਚ ਪੁਰਤਗਾਲੀ ਸ਼ਬਦ ਸਿੱਧੇ ਵੀ ਆਏ ਅਤੇ ਕੁਝ ਅੰਗ੍ਰੇਜ਼ੀ ਰਾਹੀਂ ਆਏ। ਜੋ ਪੰਜਾਬੀ ਵਿਚ ਘੁਲ-ਮਿਲ ਗਏ।

ਇਸ ਲਈ ਉਪਰੋਕਤ ਸ਼ਬਦ ਭੰਡਾਰ ਬਾਰੇ ਦੱਸਣ ਤੋਂ ਭਾਵ ਇਹ ਸੀ ਕਿ ਪੰਜਾਬੀ ਭਾਸ਼ਾ ਦਾ ਭੰਡਾਰ ਬਹੁਤ ਅਮੀਰ ਹੈ। ਇਸ ਲਈ ਵਿਦਿਆਰਥੀਆਂ ਨੂੰ ਸਮਾਨਾਰਥਕ ਸ਼ਬਦ ਤਲਾਸ਼ ਕਰਨ ਵਿਚ ਕੋਈ ਔਖ ਨਹੀਂ ਹੋਵੇਗੀ। ਪੰਜਾਬੀ ਭਾਸ਼ਾ ਦਾ ਸਾਗਰ ਅਥਾਹ ਹੋ ਚੁਭੀ ਮਾਰ ਕੇ ਅਨੇਕਾਂ ਸ਼ਬਦਾਂ ਦੇ ਮੋਤੀ ਕੱਢ ਸਕਦੇ ਹੋ। ਉਦਾਹਰਣ ਵਜੋਂ ਹੇਠ ਲਿਖ ਸਮਾਨਾਰਥਕ ਸ਼ਬਦਾਂ ਨੂੰ ਲਿਖਣ ਦੀ ਕੋਸ਼ਿਸ਼ ਕਰ ਰਹੇ ਹਾਂ :-

| | **ਸ਼ਬਦ** | **ਸਮਾਨਾਰਥਕ ਸ਼ਬਦ** |
|---|---|---|
| 1. | ਉਸਤਾਦ | ਗੁਰੂ, ਸਿੱਖਿਅਕ, ਅਧਿਆਪਕ |
| 2. | ੱਜਲ | ਸਾਫ, ਚਿੱਟ, ਸੂਛ, ਚਮਕਦਾਰ, ਚਮਕੀਲਾ |
| 3. | ਉਜਾੜ | ਬੀਆਬਾਨ, ਵੀਰਾਨਾ, ਸੁੰਨਾ, ਇਕਾਂਤ, ਇਕੱਲ |
| 4. | ਉਚਿਤ | ਠੀਕ, ਜਾਇਜ਼, ਯੋਗ, ਢੁਕਵਾਂ, ਅਨੁਕੂਲ |
| 5. | ਉੱਤਮ | ਬੇਹਤਰੀਨ, ਪ੍ਰਮੁੱਖ, ਚੰਗਾ, ਸ੍ਰੇਸ਼ਟ |
| 6. | ਊਤ | ਝੱਲਾ, ਉੱਜਡ, ਮੂਰਖ, ਬੇ-ਅਦਲ,ਜਾਹਲ, ਮੂਰਖ, ਮੂੜ |
| 7. | ਅਕਲ | ਮੱਤ, ਸਿਆਣਪ, ਬੁੱਧੀ, ਸਮਝ, ਸੋਚ, ਗਿਆਨ |
| 8. | ਅਹੰਕਾਰ | ਘੁਮੰਡ, ਹੈਂਕੜ, ਹਉਮੈਂ, ਮੈਂ-ਮੇਰੀ, ਆਕੜ, ਮਾਣ |
| 9. | ਅਸਲ | ਸਰੋਤ, ਸੋਮਾ, ਮੂਲ, ਜੜ੍ਹ |
| 10. | ਅਕਾਲ ਪੁਰਖ | ਵਾਹਿਗੁਰੂ, ਭਗਵਾਨ, ਕਰਤਾਰ, ਈਸ਼ਵਰ, ਪ੍ਰਮਾਤਮਾ |
| 11. | ਆਥਣਾ | ਸਮਝ, ਲੋਢਾ ਵੇਲਾ, ਸ਼ਾਮ, ਤ੍ਰਿਕਾਲਾ, ਸੰਧਿਆ |
| 12. | ਅੰਤਰ | ਫਰਕ, ਫਾਸਲਾ, ਅਧਮਾਨਤਾ, ਭੇਦ |
| 13. | ਇਸਤਰੀ | ਜਨਾਨੀ, ਔਰਤ, ਤੀਵੀਂ, ਜੋਰੂ, ਅਰਧਾਰਾਨੀ, ਸੁਆਣੀ |
| 14. | ਇਨਸਾਨ | ਮਰਦ, ਪੁਰਖ, ਆਦਮੀ, ਮਨੁੱਖ, ਬੰਦਾ, ਮਾਨਵ |
| 15. | ਸੰਗ | ਸੰਗਤ, ਟੋਲੀ, ਇਕੱਠ, ਜਥਾ, ਸਾਥ ਮੇਲ |
| 16. | ਸਰਦੀ | ਪਾਲਾ, ਠੰਡ, ਸਿਆਲ |
| 17. | ਸਰਲ | ਸੁਖਾਲਾ, ਸੌਖਾ, ਆਸਾਨ |
| 18. | ਸੱਜਰਾ | ਨੌਂ-ਬਰ ਨੌਂ,ਨਵੀਨ, ਤਾਜਾ, ਨਵਾਂ |
| 19. | ਸੁੰਦਰ | ਦਿਲਕਸ਼, ਮਨਮੋਹਣਾ, ਖੂਬਸੂਰਤ, ਸੋਹਣਾ, ਮਨੋਹਰ |
| 20. | ਹੁਸ਼ਿਆਰ | ਚੁਸਤ, ਚਲਾਕ, ਚਤੁਰ, ਤੇਜ, ਚੁਸਤ |
| 21. | ਹੁੰਮਸ | ਘੁਟਣ, ਵੱਟ, ਉਮਸ, ਹੁੱਧੜ ਸਿਲੇਟ |
| 22. | ਹੈਵਾਨ | ਢੋਰ, ਡੰਗਰ, ਪਸ਼ੂ, ਜਾਨਵਰ, ਸ਼ੈਤਾਨ, ਜਾਹਲ |
| 23. | ਕਹਾਣੀ | ਕਿੱਸਾ, ਵਰਤਾ, ਕਥਾ, ਬ੍ਰਿਤਾਂਤ, ਬਾਤ, ਗਪ, ਗੱਲਬਾਤ |
| 24. | ਦਲੇਰ | ਫੰਡਰ, ਬੰਜਰ, ਬੇਕਾਰ, ਵਿਅਰਥ ਫਲਹੀਣ |
| 25. | ਕਾਮਨੀ | ਸੋਹਣੀ, ਮੁਟਿਆਰ, ਕਾਮ ਪਿਆਰੀ, ਰਸੀਲੀ, ਸੁੰਦਰੀ |
| 26. | ਕਿੱਸਾ | ਬਿਰਤਾਂਤ, ਲੋਕ-ਕਥਾ, ਘਟਨਾ, ਵਿਥਿਆ, ਵਰਤਾ, ਕਹਾਣੀ |
| 27. | ਕੂੜਾ | ਗੰਦ, ਰੱਦੀ, ਖਿਲਾਰਾ, ਢੇਰ, ਨਿਕਸੁਕ, ਫਜੂਲ |
| 28. | ਖੁੱਡ | ਟੋਲਾ, ਵਿਰਲ, ਛੇਕ, ਮੋਰੀ, ਖੁੱਤੀ |
| 29. | ਖੇੜਾ | ਹੁਲਾਸ, ਅਨੰਦ, ਖੁਮਾਰੀ, ਮੌਜ, ਮਸਤੀ, ਖੁਸ਼ੀ |
| 30. | ਖੋਟਾ | ਝੂਠਾ, ਜਾਅਲੀ, ਮਿਲਾਵਟੀ, ਅਪਵਿੱਤਰ |
| 31. | ਗੱਦਾਰ | ਦਗਾਬਾਜ਼, ਫਰੇਬੀ, ਧੋਖੇਬਾਜ਼, ਨਮਕਹਰਾਮ, |

**ਨੋਟ**

32. ਗਰੀਬ ਕੰਗਾਲ, ਨਿਰਧਨ, ਫਕੀਰ, ਨਿਮਾਣਾ, ਮੁਥਾਜ
33. ਗਿਆਨੀ ਸਿਆਣਾ, ਵਿਦਵਾਨ, ਪੰਡਿਤ, ਜਾਣਕਾਰ, ਬੁਧੀਮਾਨ
34. ਗੁਰੂ ਸੰਤ, ਉਪਦੇਸ਼ਕ, ਉਸਤਾਦ, ਅਧਿਆਪਕ
35. ਘਟੀਆ ਹੀਣਾ, ਕਮੀਨਾ, ਸਸਤਾ, ਮਾੜਾ, ਹੌਲਾ
36. ਘਰ ਕੋਠਾ, ਮਕਾਨ, ਟਿਕਾਣਾ, ਥਾਂ, ਰਿਹਾਇਸ਼
37. ਘੋਲ ਸੁਸਤੀ, ਆਲਸ, ਢਿੱਲੇ, ਲਾਪ੍ਰਵਾਹ, ਅਰਾਮਪੁਣਾ
38. ਘੁੰਡੀ ਹੱਕ, ਅੜਚਨ, ਭੇਦ, ਗੁੰਝਲ, ਵਟ, ਮਰੋੜ
39. ਚੁਸਤ ਵਰਤੀਲਾ, ਉਦਮੀ, ਤੇਜ, ਹੁਸ਼ਿਆਰ, ਤੇਜ਼
40. ਚੋਜ ਕੌਤਕ, ਕਮਾਲ, ਕਰਾਮਾਤ, ਲੀਲਾ, ਕਾਰਨਾਮਾ, ਕਰਤੱਬ
41. ਛੱਪੜ ਟੋਭਾ, ਛੰਭ, ਤਲਾਅ, ਢਾਰਾ, ਛੱਪੜੀ
42. ਛੋਟਾ ਨਿੱਕਾ, ਬੌਣਾ, ਨੀਵਾਂ, ਥੋੜਾ, ਮਧਰਾ
43. ਜਨਾਨੀ ਔਰਤ, ਤੀਵੀਂ, ਜੋਰੂ, ਇਸਤਰੀ, ਪਤਨੀ, ਰੰਨ
44. ਜਵਾਕ ਬਾਲਕ, ਬੱਚਾ, ਕਾਕਾ, ਬਾਲ, ਨਿਆਣਾ
45. ਜਿਸਮ ਦੇਹ, ਧੜ, ਤਨ, ਸਰੀਰ, ਕਾਇਆ, ਬਾਦਲ, ਜੁੱਸਟ
46. ਜ਼ੋਰ ਤਾਕਤ, ਹਿੰਮਤ, ਤਾਣ, ਸ਼ਕਤੀ, ਬਲ, ਦਲੇਰੀ, ਮਰਦਾਨਗੀ
47. ਝਿਜਕ ਸ਼ਰਮ, ਸੰਗ, ਝਾਕਾ, ਲੱਜਾ, ਹਯਾ, ਭੈਅ
48. ਝੁੱਡੂ ਬੇਵਕੂਫ, ਕਮਲਾ ਮੂੜ੍ਹ, ਮੂਰਖ, ਲੋਲ੍ਹਾ, ਬੇਕਾਰ
49. ਟੈਂ ਘੁਮੰਡ, ਹੰਕਾਰ, ਆਕੜ, ਅਭਿਮਾਨ, ਹਉਂ, ਮਾਣ
50. ਠਹਿਰਨਾ ਖਲਾਰਨਾ, ਖੜਨਾ, ਰੁਕਣਾ, ਟਿਕਟਾਂ, ਖੜੋਣਾ
51. ਠੰਡ ਪਾਲਾ, ਸਰਦੀ, ਠਰੀ, ਕੱਕਰ, ਕੋਗਾ
52. ਠੋਕਣਾ ਧਕੇਲਣਾ, ਧੁਸਾਉਣਾ, ਧੱਕਣਾ, ਖੋਬਣਾ, ਵਾੜਨਾ
53. ਡਰ ਸਹਿਮ, ਭੈਅ, ਖੌਫ, ਤੌਖਲਾ
54. ਢਿਲਾ ਕਮਜ਼ੋਰ, ਨਿਕੰਮਾ, ਸੁਸਤ, ਅਵੇਸਲਾ, ਢਿੱਲੜ
55. ਢੋਲ ਨਰਮਰਾਂ, ਡਰਾ, ਧੌਂਮਾਂ, ਡਓਮ
56. ਤਪੱਸਿਆ ਧਿਆਨ, ਜੱਪ, ਸਿਮਰਨ, ਤੱਪ, ਸਾਧਨਾ, ਸਿਮਰਨ
57. ਤਲਵਾਰ ਸ਼ਮਸੀਰ, ਖੜਕ,ਸ੍ਰੀ ਸਾਹਿਬ, ਕਿਰਪਾਨ, ਤੇਗ
58. ਤੇਜ ਨੂਰ, ਪ੍ਰਤਾਪ, ਜਲਵਾ, ਜਲਾਲ, ਪ੍ਰਕਾਸ਼, ਚਮਨ
59. ਦਇਆ ਕਿਰਪਾ, ਕਰੁਣਾ, ਰਹਿਮ, ਨਦਰ, ਮਿਹਰ, ਬਖਸ਼ਿਸ਼
60. ਦਾਤਾ ਪਰਉਪਕਾਰੀ, ਦੇਣਵਾਲਾ, ਬਖਸ਼ਣਹਾਰ, ਉਦਾਰ, ਦਾਨੀ
61. ਦੋਸਤੀ ਪਿਆਰ, ਸੱਜਣਤਾਈ, ਧਾਰੀ, ਮਿੱਤਰਤਾਈ
62. ਧਰਮ ਮੱਤ, ਵਿਸ਼ਵਾਸ, ਮਜ਼੍ਹਬ, ਅਸੂਲ
63. ਧਿਆਨ ਸੁਰਤੀ, ਇਕਾਗਰਤਾ, ਸਾਧਨਾ, ਯਾਦ, ਸਿਮਰਨ
64. ਨਕਲੀ ਜਾਅਲੀ, ਦਿਖਾਵਟੀ, ਗਲਤ, ਝੂਠਾ, ਖੋਟਾ
65. ਨਜ਼ਰ ਦ੍ਰਿਸ਼ਟੀ, ਦੇਖਣੀ, ਧਿਆਨ, ਰੌਸ਼ਨੀ, ਨਿਗਾਹ
66. ਨਿਰਾਲਾ ਵੱਖਰਾ, ਨਿਵੇਕਲਾ, ਅੱਲਗ, ਅੱਡ, ਵਚਿੱਤਰ-ਵਿੱਲਖਣ
67. ਪਤਨੀ ਤੀਵੀਂ, ਅਰਧਾਂਗਨੀ, ਬੰਨੀ, ਰੰਨ, ਘਰਵਾਲੀ, ਜੋਰੂ
68. ਪਤਾ ਜਾਣਕਾਰੀ, ਸਿਰਨਾਵਾਂ, ਜਾਣਕਾਰੀ
69. ਪੰਧ ਰਸਤਾ, ਵਾਦ, ਪੱਥ, ਰਸਤਾ, ਦੂਰੀ
70. ਪੰਥ ਮਾਰਗ, ਫਿਰਕਾ, ਮਜ਼੍ਹਬ, ਸੰਪਰਦਾਇ, ਪੱਥ

**ਨੋਟ**

| | | |
|---|---|---|
| 71. | ਫਸਾਦ | ਝਗੜਾ, ਲੜਾਈ, ਵਿਧਰੋਹ, ਦੰਗਾ, ਵੱਡ-ਟੁੱਕ |
| 72. | ਬਹਿਸ | ਵਾਦ-ਵਿਵਾਦ, ਚਰਚਾ, ਗੱਲਬਾਤ, ਤਕਰਾਰ, ਵਿਵਾਦ |
| 73. | ਬਿਰਤਾਂਤ | ਕਹਾਣੀ, ਵਿਆਖਿਆ, ਵਾਰਤਾ, ਵਰਨਣ, ਕਥਾ |
| 74. | ਭਸੂੜੀ | ਝਗੜਾ, ਝਮੇਲਾ, ਸਿਆਪਾ, ਪੰਗਾ, ਔਕੜ |
| 75. | ਭਾਪਾ | ਪਿਉ, ਪਿਤਾ, ਪਾਪਾ, ਬਾਪੂ, ਬਾਪ, ਬੁੜ੍ਹਾ |
| 76. | ਭੁੱਲ | ਕਸੂਰ, ਗਲਤੀ, ਦੋਸ਼, ਨੁਕਸ, ਖਤਾ, ਕਮੀ |
| 77. | ਭੋਗ | ਅੰਤ, ਖਾਤਮਾ, ਅੰਤਮ-ਸਸਕਾਰ, ਸਮਾਪਤੀ, ਕਾਮ-ਕ੍ਰੀੜਾ |
| 78. | ਮਸਤੀ | ਖੁਮਾਰੀ, ਮਦਹੋਸ਼ੀ, ਸਰੂਰ, ਘੂਟੀ |
| 79. | ਮਹਾਨ | ਤੇਜਸਵੀ, ਬੁਲੰਦ, ਵਿਸ਼ਾਲ, ਸ਼੍ਰੇਸ਼ਟ, ਉੱਚਾ, ਵੱਡਾ |
| 80. | ਮਾਂ | ਮੰਮੀ, ਝਾਈ, ਜਨਣੀ, ਮਾਤਾ, ਬੀਬੀ |
| 81. | ਮੋਖ | ਛੁਟਕਾਰਾ, ਬੰਦ ਖਲਾਸੀ, ਮੁਕਤੀ |
| 82. | ਯੁੱਧ | ਰਣ, ਜੰਗ, ਲੜਾਈ, ਮੁਕਾਬਲਾ, ਟਾਕਰਾ |
| 83. | ਯੋਜਨਾ | ਤਰਤੀਬ, ਨਕਸ਼ਾ, ਉਪਾਅ, ਢੰਗ, ਵਿਉਂਤ |
| 84. | ਰਚਨਾ | ਉਸਾਰਨਾ, ਸੰਵਾਰਨਾ, ਤਿਆਰ ਕਰਨਾ, ਬਣਾਉਣਾ |
| 85. | ਰਮਣੀਕ | ਸੁੰਦਰ, ਮਨਮੋਹਣਾ, ਲੁਭਾਉਣਾ, ਮਨੋਰੰਜਕ |
| 86. | ਲੋਭ | ਹਿਰਸ, ਕਾਮਨਾ, ਖਾਹਿਸ਼, ਲਾਲਚ, ਚਾਹ, ਜ਼ਰੂਰਤ |
| 87. | ਵਿਆਹ | ਲਾਵਾਂ, ਕਾਜ, ਅਨੰਦ-ਕਾਰਜ, ਸ਼ਾਦੀ, ਫੇਰੇ, |
| 88. | ਵਿੱਦਿਆ | ਪੜ੍ਹਾਈ, ਇਲਮ, ਚੁਨਰ, ਅਧਿਐਨ, ਸਿੱਖਿਆ |

## ਉੱਤਰ ਮਾਲਾ : ਸਵੈ ਮੁਲਾਂਕਣ

1. ਸਮਾਨਾਰਥਕ ਸ਼ਬਦ ਤੋਂ ਤੁਹਾਡਾ ਕੀ ਭਾਵ ਹੈ?
2. ਪੰਜਾਬੀ ਸ਼ਬਦ-ਭੰਡਾਰ ਦੀ ਅਮੀਰੀ ਬਾਰੇ ਜਾਣਕਾਰੀ ਲਿਖੋ।

ਹੇਠ ਲਿਖੇ ਸ਼ਬਦਾਂ ਦੇ ਸਮਾਨਾਰਥਕ ਸ਼ਬਦ ਦੱਸੋ :-

| | | | |
|---|---|---|---|
| ਫਿੱਕਾ | ਬਰਬਾਦੀ | ਪਤਲਾ | ਬੇ-ਅਕਲੀ |
| ਇਸਤਰੀ | ਧਰਮ | ਪੰਥ | ਅਕਲ |
| ਅਨਾਥ | ਉਜਾੜ | ਉਲਟਾ | ਉਮੀਦ |
| ਈਮਾਨ | ਸਰਲ | ਸਜਾਵਟ | ਸਦਾਚਾਰ |
| ਸਰਦਾਰ | ਤਕੜਾ | ਤ੍ਰਿਪਤੀ | ਧੰਨਵਾਨ |

•••

ਨੋਟ

# ਅਧਿਆਏ-14: ਬਹੁ-ਅਰਥਕ ਸ਼ਬਦ
## (One Word, More Meaning)

*ਵਿਸ਼ਾ-ਵਸਤੂ (Contents)*


1. ਬਹੁ ਅਰਥਕ ਸ਼ਬਦ ਦੇ ਅਰਥ
2. ਉਦਾਹਰਣ ਸਹਿਤ ਭਾਵਾਂ ਦਾ ਵਿਸਥਾਰ
3. ਉੱਤਰ ਮਾਲਾ : ਸਵੈ ਮੁਲਾਂਕਣ


ਬੋਲੀ ਵਿਚ ਵੱਖੋ-ਵੱਖਰੀ ਅਵਸਥਾ ਅਨੁਸਾਰ ਇਕ ਸ਼ਬਦ ਦੇ ਕਈ-ਕਈ ਅਰਥ ਹੁੰਦੇ ਹਨ। ਸ਼ਬਦ ਦਾ ਰੂਪ ਉਹੀ ਰਹਿੰਦਾ ਹੈ ਪਰ ਜਦੋਂ ਉਨ੍ਹਾਂ ਸ਼ਬਦਾਂ ਦੇ ਪ੍ਰਸੰਗ ਬਦਲ ਜਾਂਦੇ ਹਨ ਤਾਂ ਉਸ ਦੇ ਅਰਥ ਬਦਲ ਜਾਂਦੇ ਹਨ। ਪੰਜਾਬੀ ਭਾਸ਼ਾ ਵਿਚ ਕਈ ਸ਼ਬਦ ਅਜਿਹੇ ਹਨ ਜਿਨ੍ਹਾਂ ਦੇ ਇਕ ਤੋਂ ਵੱਧ ਅਰਥ ਹੁੰਦੇ ਹਨ। ਅਜਿਹੇ ਸ਼ਬਦਾਂ ਨੂੰ ਬਹੁ ਅਰਥਕ ਸ਼ਬਦ ਕਿਹਾ ਜਾਂਦਾ ਹੈ। ਉਦਾਹਰਣ ਲਈ ਅਸੀਂ ਹੇਠਾਂ ਕੁਝ ਚੋਣਵੇਂ ਬਹੁ-ਅਰਥਕ ਸ਼ਬਦਾਂ ਦਾ ਵੇਰਵਾ ਦਿੰਦੇ ਹਾਂ :-

**ਉਤਾਰ**

1. ਇਸ ਚਿੱਠੀ ਦੀ ਨਕਲ ਉਤਾਰ ਲਓ।
2. ਬਾਹਰੋ ਆ ਕੇ ਉਸ ਨੂੰ ਇਤਰਾ ਗਰਮੀ ਲੱਗੀ ਕਿ ਉਸ ਨੂੰ ਕੱਪੜੇ ਉਤਾਰਨੇ ਪਏ।

**ਉੱਤਰ**

1. **ਦ੍ਰਿਸ਼**—ਪੰਜਾਬ ਭਾਰਤ ਦੇ ਉੱਤਰ ਵੱਲ ਹੈ।
2. **ਜਵਾਬ**—ਸਵਾਲ ਦਾ ਉੱਤਰ ਲਿਖਣ ਤੋਂ ਪਹਿਲਾਂ ਚੰਗੀ ਤਰ੍ਹਾਂ ਵਾਚ ਲਓ।
3. **ਉਤਰਨਾ**—ਬੜੀ ਦੇਰ ਬਾਦ ਪਾਣੀ ਦਾ ਥੱਲੇ ਉੱਤਰਨਾ ਸ਼ੁਰੂ ਹੋਇਆ।

**ਉਠਾ**

1. **ਰੰਗ ਰੂਪ**—ਇਸ ਕੱਪੜੇ ਦਾ ਉਠਾ ਬੜਾ ਅਛਾ ਹੈ।
2. **ਚੁੱਕ ਲੈਣਾ**—ਆਪਣਾ ਡੰਡਾ ਡੇਰਾ ਇਥੋਂ ਉਠਾ ਲਓ।
3. **ਫੋੜਾ**—ਸੱਤੀ ਦਾ ਬਾਂਹ ਤੇ ਉਠਾ ਉੱਠਿਆ ਹੈ।

**ਉੱਲੂ**

1. **ਇਕ ਪੰਛੀ**—ਉੱਲੂ ਦੀਆਂ ਅਵਾਜ਼ਾਂ ਰਾਤ ਨੂੰ ਸੁਣਾਈ ਦੇਂਦੀਆਂ।
2. **ਮੂਰਖ**—ਉਹ ਤਾਂ ਨਿਰਾ ਉੱਲੂ ਹੈ। ਉਸ ਨੂੰ ਤਾਂ ਸਮਝ ਹੀ ਨਹੀਂ।

**ਉਲਟੀ**

1. **ਉਲਟ ਜਾਣਾ**—ਜਿਸ ਤਰ੍ਹਾਂ ਕਾਰ ਉਲਟੀ ਪਈ ਸੀ। ਲਗਦਾ ਡਰਾਇਵਰ ਤਾਂ ਮਰ ਗਿਆ ਗਿਆ ਹੋਣਾ।
2. **ਮੋੜਨੀ**—ਮੈਂ ਆਪਣੇ ਪਿਤਾ ਦੀ ਗੱਲ ਕਦੇ ਨਹੀਂ ਉਲਟੀ।
3. **ਪੁੱਠੀ**—ਉਸ ਨੇ ਤਾਂ ਗਲਾਂ ਗਲਾਂ ਵਿਚ ਉਲਟੀ ਗੰਗਾ ਵਹਾ ਦਿੱਤੀ।
4. **ਹੈਂ**—ਉਸ ਨੂੰ ਤਾਂ ਸਵੇਰ ਤੋਂ ਹੀ ਵਿਚ ਹੀ ਲੱਗੀ ਹੋਈ ਹੈ।

**ਅੱਗਾ**

1. **ਮੌਤ ਦਾ ਦਿਨ**—ਮੈਨੂੰ ਆਪਣਾ ਅੱਗਾ ਨਜ਼ਦੀਕ ਦੇ ਰਿਹਾ ਹੈ।

ਨੋਟ

2. **ਪ੍ਰਲੋਕ**—ਅੱਜ ਕੱਲ੍ਹ ਉਹ ਭਗਤੀ ਬਹੁਤ ਕਰ ਰਿਹਾ। ਉਸ ਸੋਚਦਾ ਹੈ ਕਿ ਇਸ ਨਾਲ ਉਸ ਦਾ ਅੱਗਾ ਸੰਵਰ ਜਾਵੇਗਾ।
3. **ਮੌਕਾ**—ਸਿਆਣੇ ਲੋਕ ਗੱਲ ਕਰਨ ਲੱਗੇ ਅੱਗਾ—ਪਿੱਛਾ ਦੇਖ ਲੈਂਦੇ ਹਨ।
4. **ਅਹਾਲਾ ਹਿੱਸਾ**—ਕਾਰ ਤੇਰੀ ਦਾ ਅੱਗਾ ਅੱਛਾ ਲਗਦਾ ਹੈ ਪਰ ਪਿਛਲਾ ਹਿੱਸਾ ਬੇਕਾਰ ਲੱਗ ਰਿਹਾ ਹੈ।

**ਅੱਕ**

1. **ਇਕ ਬੂਟਾ**—ਅੱਕ ਹਮੇਸ਼ਾ ਉਜਾੜ ਥਾਂ 'ਤੇ ਉੱਗਦਾ ਹੈ।
2. **ਸਤ ਜਾਣਾ**—ਉਸ ਦੀਆਂ ਬੇ—ਤੁਕੀਆਂ ਗੱਲਾਂ ਸੁਮ ਮੈਂ ਅੱਕ ਗਿਆ।

**ਅਰਕ**

1. **ਕੂਹਣੀ**—ਅਰਕ ਉੱਤੇ ਫੋੜੇ ਨੇ ਮਾਰੀ ਜਾਨ ਹੀ ਕੱਢ ਦਿੱਤੀ।
2. **ਇਕ ਦਵਾਣੀ**—ਅਰਕ ਪੀਣ ਨਾਲ ਪੇਟ ਸਾਫ਼ ਰਹਿੰਦਾ ਹੈ।
3. **ਪਸੀਨਾ**—ਪਹਾੜ ਦੀ ਚੜ੍ਹਾਈ ਨੇ ਮੇਰਾ ਅਰਕ ਹੀ ਕੱਢ ਦਿੱਤਾ।

**ਆਕੜ**

1. **ਲੜਨਾ**—ਮੇਰਾ ਨਾਲ ਆਕੜਨਾ ਮੈਂ ਤਾਂ ਸਿੱਧ ਕਰ ਦਉਂ।
2. **ਅੰਗ ਕਠੋਰ ਹੋਣੇ**—ਸਰਦੀਆਂ ਵਿਚ ਅੰਗ ਆਕੜ ਜਾਂਦੇ ਹਨ।
3. **ਘੁਮੰਡ**—ਮੈਨੂੰ ਸਮਝ ਨਹੀਂ ਆਉਣੀ ਕਿ ਤੂੰ ਆਕੜ ਕਿਸ ਗੱਲ ਤੋਂ ਰਿਹਾ ਹੈਂ।

**ਸਰ**

1. **ਫਤਹਿ**—ਹਰੀ ਸਿੰਘ ਨਲੂਏ ਨੇ ਜਮਰੋਦ ਫਤਹਿ ਕਰਕੇ ਖਾਲਸਾਈ ਝੰਡਾ ਲਹਿਰਾ ਦਿੱਤਾ।
2. **ਸਰੋਵਰ**—ਸਰ ਵਿਚ ਕਈ ਕੰਵਲ ਦੇ ਫੁੱਲ ਖਿੜੇ ਹੋਏ ਹਨ।
3. **ਤਾਸ਼ ਦੀ ਸਰ**—ਇਹ ਪਾਨ ਦੀ ਸਰ ਸਾਡੀ ਹੈ ਤੇ ਹੁਕਮ ਦੀ ਸਰ ਤੇਰੀ ਹੈ।
4. **ਕੰਮ ਹੋ ਜਾਣਾ**—ਤੁਸੀਂ ਆਨੰਦ ਲਓ, ਮੇਰਾ ਤਾਂ ਸਰ ਗਿਆ।

**ਸਿੱਕਾ**

1. **ਪੈੱਨ ਦਾ ਸਿੱਕਾ**—ਤੇਰੇ ਪੈੱਨ ਦਾ ਸਿੱਕਾ ਕੋਈ ਖਾਸ ਵਧੀਆ ਨਹੀਂ ਹੈ।
2. **ਇਕ ਧਾਤ**—ਹੋਰ ਧਾਂਤਾਂ ਦੀ ਤਰ੍ਹਾਂ ਸਿੱਕਾ ਵੀ ਸਾਡੇ ਕੰਮ ਆਉਂਦਾ ਹੈ।
3. **ਸੁਰਮਾ**—ਕਾਲਾ ਸਿੱਕਾ ਪੀਸ ਕੇ ਅੱਖਾਂ ਲਈ ਸ਼ਰਮ ਬਣਾਇਆ ਜਾਂਦਾ ਹੈ।
4. **ਰੋਅਬ**—ਸਤੰਵਤ ਨੇ ਆਪਣੇ ਗੁਣਾ ਕਰਕੇ ਲੋਕਾਂ ਵਿਚ ਚੰਗਾ ਸਿੱਕਾ ਗਾਇਆ ਹੋਇਆ ਹੈ।
5. **ਰੁਪੈ**—ਇਹ ਸਿੱਕਾ ਖੋਟਾ ਹੈ ਬਾਜ਼ਾਰ ਵਿਚ ਚੱਲੇਗਾ ਨਹੀਂ।

**ਸੂਤ**

1. **ਜ਼ਾਬਤਾ**—ਆਪਣੇ ਆਪ ਨੂੰ ਸੂਤ ਕੇ ਰੱਖ ਨਹੀਂ ਤਾਂ ਚੰਗਾ ਨਹੀਂ ਹੋਵੇਗਾ।
2. **ਠੀਕ**—ਮੇਰਾ ਕੰਮ ਸੂਤ ਨਹੀਂ ਆਇਆ।
3. **ਲਿੱਸਾ**—ਹਰੀ ਸਿੰਘ ਨੂੰ ਉਸ ਦੀ ਬਿਮਾਰੀ ਨੇ ਸੂਤ ਲਿਆ।
4. **ਖਿੱਚੀ**—ਉਸ ਨੇ ਤਲਵਾਰ ਸੂਤ ਕੇ ਉਸ ਦੇ ਦੇਹ ਮਾਰੀ।
5. **ਮਿਣਤੀ**—ਇਹ ਲੱਕੜੀ ਉਸ ਲੱਕੜੀ ਤੋਂ ਇਕ ਸੂਤ ਮੋਟੀ ਹੈ।
6. **ਸੂਤਰ**—ਕਪਾਹ ਸਸਤੀ ਹੈ ਪਰ ਸੂਤ ਮਹਿੰਗਾ ਹੈ।
7. **ਠੀਕ ਕਰਨ**—ਤੂੰ ਕੁਝ ਜ਼ਿਆਦਾ ਹੀ ਵਿਗੜ ਗਿਆ। ਸੂਤ ਕਰਨਾ ਪਊਗਾ।

ਨੋਟ

**ਸੱਤ**

1. **ਜਤ-ਸਤ**—ਰਾਜਪੂਤ ਔਰਤਾਂ ਆਪਣਾ ਜਤ-ਸੱਤ ਬਚਾਉਮ ਲਈ ਆਪਣੀ ਜਾਨ ਕੁਰਬਾਨ ਕਰ ਦਿੰਦੀਆਂ ਹਨ।
2. **ਤੰਗ ਆ ਜਾਣਾ**—ਬੱਚਿਆਂ ਦੀਆਂ ਸ਼ਰਾਰਤਾਂ ਤੋਂ ਕਈ ਵੇਰ ਸੱਤ ਜਾਈਦਾ ਹੈ।
3. **ਤਾਕਤ**—ਤੇਰੇ ਅੰਦਰ ਸਾਹ–ਸਤ ਤਾਂ ਹੈ ਨਹੀਂ ਤੂੰ ਲੜੇਗਾ ਕੀ?
4. **ਨਿਚੋੜ**—ਪੂਤਨੇ ਦੇ ਸਤ ਦੀ ਤਾਸੀਰ ਠੰਡੀ ਹੁੰਦੀ ਹੈ।

**ਸੂਆ**

1. **ਇਕ ਦੰਦ**—ਉਸ ਦੇ ਬੱਚੇ ਨੇ ਪਹਿਲਾ ਦੰਦ ਕੱਢੇ ਬਾਅਦ ਵਿਚ ਸੂਆ।
2. **ਛੋਟੀ ਨਹਿਰ**—ਰਾਮ ਦੇ ਖੇਤਾਂ ਵਿਚ ਸੂਆ ਨਿਕਲਦਾ ਹੈ।
3. **ਸੂਟਾ**—ਬਿੱਕਰ ਨੇ ਸਾਰਾ ਸੂਆ ਪੀ ਕੇ ਮੱਝ ਵੇਚ ਦਿੱਤੀ।
4. **ਲੋਹੇ ਦਾ ਇਕ ਸੰਦ**—ਜੇ ਉਸ ਨੂੰ ਸਮੇਂ ਸਿਰ ਸੂਆ ਮਿਲ ਜਾਂਦਾ ਤਾਂ ਉਸ ਨੇ ਬੋਰੀ ਸੀਉਂ ਦੇਣੀ ਸੀ।

**ਸਾਰ**

1. **ਹਾਲ—ਚਾਲ ਪੁੱਛਣਾ**—ਆਪਣੇ ਚਾਚੇ ਦੀ ਸਾਰ ਲੈਣ ਲਈ ਹਸਪਤਾਲ ਗਿਆ।
2. **ਨਿਚੋੜ**—ਇਸ ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।
3. **ਲੋਹਾ**—ਮਸ਼ੀਨ ਦੇ ਸਾਰ ਨੂੰ ਜੰਗ ਲੱਗਾ ਹੋਇਆ ਹੈ।
4. **ਝਟ ਪੱਟ**—ਪੁਲਿਸ ਨੂੰ ਵੇਖਦਿਆਂ ਸਾਰ ਹੀ ਚੋਰ ਭੱਜ ਗਿਆ।
5. **ਵਕਤ ਵਧਾਉਣਾ**—ਡਬਲ ਰੋਟੀ ਖਾ ਕੇ ਆਪਣਾ ਸਾਰ ਲਿਆ।
6. **ਪੂਰਾ ਕਰਨਾ**—ਹੁਣ ਮੈਨੂੰ ਤੁਹਾਡੀ ਲੋੜ ਮੈਂ ਆਪਣਾ ਕੰਮ ਆਪ ਹੀ ਸਾਰ ਲਿਆ।

**ਹਾਰ**

1. **ਗਹਿਣਾ**—ਉਸ ਨੇ ਆਪਣੇ ਗਲ ਬੜਾ ਮਹਿੰਗਾ ਸੋਨੇ ਦਾ ਹਾਰ ਪਾਇਆ ਹੋਇਆ ਹੈ।
2. **ਹਾਰ ਜਾਣ**—71 ਦੀ ਲੜਾਈ ਵਿਚ ਪਾਕਿ ਭਾਰਤ ਤੋਂ ਹਾਰ ਗਿਆ।
3. **ਪਿਆਰ**—ਉਸ ਨੇ ਆਪਣੀ ਪ੍ਰੇਮਿਕਾ ਦੇ ਗਲ ਬਾਹਾਂ ਦਾ ਹਾਰ ਪਾ ਦਿੱਤਾ।
4. **ਫੁੱਲਾਂ ਦਾ ਹਾਰ**—ਸਾਰੇ ਵਰਕਰਾਂ ਨੇ ਮੰਤਰੀ ਦੇ ਗੱਲ ਫੁੱਲਾਂ ਦੇ ਹਾਰ ਪਾਏ।
5. **ਥੱਕ ਜਾਣ**—ਉਹ ਹਾਰ ਕੇ ਬੈਠ ਗਿਆ।

**ਕੱਚਾ**

1. **ਪੱਕਾ ਨਾ ਹੋਣਾ**—ਕੱਚੇ ਫੱਲ ਖਾਣ ਨਾਲ ਪੇਟ ਖਰਾਬ ਹੋ ਜਾਂਦਾ ਹੈ।
2. **ਰੱਫ**—ਪਹਿਲਾਂ ਮੈਂ ਕੱਚਾ ਕੰਮ ਕੀਤਾ ਫੇਰ ਪ੍ਰਸ਼ਨਾਂ ਦੇ ਉੱਤਰ ਦਿੱਤੇ।
3. **ਛੋਟਾ**—ਹਾਲੀ ਤੂੰ ਕੱਚਾ ਹੈਂ। ਵੱਡੀਆਂ-ਵੱਡੀਆਂ ਗੱਲਾਂ ਨਾ ਕਰ।
4. **ਆਰਜ਼ੀ**—ਉਸ ਨੂੰ ਹਾਲੀ ਛੁੱਟੀਆਂ ਨਹੀਂ ਮਿਲਦੀਆਂ ਕਿਉਂਕਿ ਨੌਕਰੀ ਹਾਲੀ ਕੱਚੀ ਹੈ।
5. **ਰੰਗ ਹਲਕਾ ਪੈਣਾ**—ਸੂਟ ਦਾ ਰੰਗ ਕੱਚਾ ਹੋਣ ਕਰਕੇ ਦੂਸਰੇ ਕੱਪੜੇ ਵੀ ਖਰਾਬ ਹੋ ਗਏ।
6. **ਗਾਰਾ, ਮਸਾਲਾ**—ਪਹਿਲਾਂ ਕੱਚੇ-ਮਸਾਲੇ ਨਾਲ ਦੀਵਾਰ ਭਰੋ ਫੇਰ ਦੇਖਾਂਗੇ।
7. **ਝੂਠਾ**—ਕੱਚੇ ਮਨੁੱਖ ’ਤੇ ਕਦੇ ਇਤਬਾਰ ਨਾ ਕਰੋ।
8. **ਦਿਲ ਦਾ ਘਿਰਨਾ**—ਮਸਾਲੇ ਵਾਲੀ ਚਾਟ ਖਾ ਕੇ ਉਸ ਦਾ ਦਿਲ ਕੱਚਾ ਹੋ ਰਿਹਾ ਸੀ।

**ਕੰਡਾ**

1. **ਰੁਕਾਵਟ**—ਜੀਵਨ ਨੂੰ ਸਫਲ ਬਣਾਉਣ ਲਈ ਰਾਹ ਵਿਚ ਆਉਣ ਵਾਲੇ ਕੰਡਿਆਂ ਨੂੰ ਦੂਰ ਕਰਨਾ ਚਾਹੀਦਾ ਹੈ।

ਨੋਟ

2. **ਕਿੱਕਰ ਦਾ**—ਬੇਰੀ ਦਾ ਕੰਡਾ ਮੇਰੇ ਪੈਰ ਵਿਚ ਚੁੱਭ ਗਿਆ।
3. **ਦੁਖਦਾਇਕ ਬੰਦਾ**—ਦੁਸ਼ਮਣਾਂ ਦਾ ਕੰਡਾ ਕੱਢ ਹੀ ਸਾਹ ਲਵਾਂਗੇ।
4. **ਤੋਲਣ ਵਾਲਾ**—ਰੇਡੀ ਵਾਲੇ ਨੇ 5 ਕਿਲੋਂ ਅੰਬ ਆਦਿ ਕੰਡੇ 'ਤੇ ਤੋਲਿਆ।
5. **ਮੱਛੀ**—ਕੰਡੇ ਵਾਲੀ ਮੱਛੀ ਕਈਆਂ ਨੂੰ ਚੰਗੀ ਲਗਦੀ ਹੈ।

**ਕਾਜ**

1. **ਕੰਮ ਕਾਰ**—ਘਰ ਜਾਣ ਤੋਂ ਪਹਿਲਾਂ ਆਪਣਾ ਸਾਰਾ ਕੰਮ-ਕਾਜ ਖਤਮ ਕਰ ਗਿਆ।
2. **ਛੇਕ**—ਦਰਜੀ ਨੇ ਕਮੀਜ਼ ਦੇ ਕਾਜ ਮਸ਼ੀਨ ਨਾਲ ਬਣਾਏ।
3. **ਸ਼ਾਦੀ**—ਲੜਕੀ ਦਾ ਕਾਜ ਨਿਰਵਿਘਨ ਸਮਾਪਤ ਹੋਇਆ।

**ਕਰ**

1. **ਸਿਕਰੀ**—ਉਸ ਦੇ ਸਿਰ ਵਿਚ ਬਹੁਤ ਕਰ ਹੈ। ਚੰਗਾ ਸਾਬਣ ਵਰਤ।
2. **ਟੈਕਸ**—ਆਪਣੀ ਆਮਦਨ ਦਾ ਪੂਰਾ ਪੂਰਾ ਕਰ ਜਮ੍ਹਾ ਕਰਾ ਦਿੱਤਾ ਸੀ।
3. **ਕੰਮ ਕਰਨਾ**—ਕਰ ਮਜ਼ਦੂਰੀ ਤੇ ਖਾਹ ਚੂਰੀ
4. **ਹੱਥ**—ਆਪਣੇ ਕਰ—ਕਮਲਾ ਨਾਲ ਦਾਨ ਕਰਾ।

**ਖੁੰਬ**

1. **ਭੱਠੀ**—ਧੋਬੀ ਨੇ ਕੱਪੜਿਆਂ ਨੂੰ ਖੁੰਬ ਚੜ੍ਹਾਇਆ।
2. **ਸਜ਼ਾ ਦੇਣੀ**—ਉਸ ਦੀ ਖੂਬ ਖੁੰਬ ਠੱਪੀ, ਉਂਝ ਉਸ ਨੇ ਠੀਕ ਨਹੀਂ ਸੀ ਹੋਏ।
3. **ਇਕ ਬੂਟੀ**—ਖੁੰਬ ਦੀ ਸਬਜ਼ੀ ਤਾਂ ਬਹੁਤ ਸਵਾਦ ਬਣਦੀ ਹੈ।

**ਖਾਤਰ**

1. **ਮਾਰਨਾ**—ਪੁਲਿਸ ਨੇ ਚੋਰ ਦੀ ਐਨੀ ਖਾਤਰ ਕੀਤੀ, ਉਹ ਮੁੜ ਚੋਰੀ ਨਹੀਂ ਕਰੇਗਾ।
2. **ਸੇਵਾ**—ਚੰਗੇ ਪਰਿਵਾਰ ਹਰ ਆਏ ਗਏ ਦੀ ਚੰਗੀ ਖਾਤਰ ਕਰਦੇ ਹਨ।
3. **ਵਾਸਤੇ**—ਪੁੱਤਰ ਦੇ ਜੀਵਨ ਖਾਤਰ ਮਾਂ ਨੇ ਆਪਣੀ ਜਾਨ ਦੇ ਦਿੱਤੀ।

**ਗੋਡਾ**

1. **ਕੁੱਟਣਾ**—ਮੁਹੱਲੇ ਵਾਲਿਆਂ ਚੋਰ ਨੂੰ ਫੜ ਕੇ ਚੰਗਾ ਗੋਡਾ ਫੇਰਿਆ। ਮੁੜ ਕੇ ਮੁਹੱਲੇ ਵੱਲ ਅੱਖ ਨਹੀਂ ਕਰੇਗਾ।
2. **ਗੁੱਡਣਾ**—ਉਹ ਆਪਣੇ ਖੇਤਾਂ ਵਿਚ ਗੋਡੀ ਕਰ ਰਿਹਾ ਹੈ।
3. **ਲੱਤ ਦਾ ਜੋੜ**—ਵਡੇਰੀ ਉਮਰ ਵਿਚ ਆ ਕੇ ਗੋਡਿਆਂ ਦਾ ਦਰਦ ਰਹਿਣ ਲੱਗ ਪੈਂਦਾ ਹੈ।

**ਗੋਲਾ**

1. **ਬਰੂਦ ਦਾ ਗੋਲਾ**—ਸੱਦਰ ਬਾਜ਼ਾਰ ਸੜਕ 'ਤੇ ਪਏ ਥੈਲੇ ਵਿਚ ਹੱਲਕੇ ਬੰਬ ਦੇ ਗੋਲੇ ਮਿਲੇ।
2. **ਲੋਹੇ ਦਾ ਗੋਲਾ**—ਸੰਤੋਸ਼ ਕਾਲਜ ਖੇਡਾਂ ਵਿਚ ਗੋਲਾ ਸੁੱਟਣ ਵਿਚ ਚੈਂਪੀਅਨ ਹੈ।
3. **ਧਾਗੇ ਦਾ ਗੋਲਾ**—ਧਾਗੇ ਨੂੰ ਠੀਕ ਰੱਕਣ ਲਈ ਉਸ ਦਾ ਗੋਲਾ ਬਣਾ ਲੈਣਾ ਚਾਹੀਦਾ ਹੈ।
4. **ਤਾਸ਼ ਦਾ ਪੱਤਾ**—ਉਸ ਕੋਲ ਚਿੜੀਏ ਦਾਤੇ ਰਾਮਪਾਸ ਹੁਕਮ ਦਾ ਗੋਲਾ ਹੈ।
5. **ਰਸੌਲੀ**—ਡਾ. ਦੇ ਅਪ੍ਰੇਸ਼ਨ ਨਾਲ ਪੇਟ 'ਚੋਂ ਗੋਲਾ ਕੱਢਣ ਨਾਲ ਉਸਦਾ ਪੇਟ ਠੀਕ ਹੋ ਗਿਆ।
6. **ਗਲਾਮ**—ਮੁਹਾਲਾ ਵੇਲੇ ਗੋਲੇ ਰੱਖਣ ਦਾ ਰਿਵਾਜ਼ ਸੀ।

**ਘਰ**

1. **ਵਿਆਹ**—ਸੰਤੀ ਨੇ ਪਿੱਛੇ ਦਿਨੀਂ ਹੋਰ ਘਰ ਕਰ ਲਿਆ।
2. **ਖਾਨੇ**—ਚੌਪਟ ਖੇਲ ਦੇ ਸੋਲਾਂ ਘਰ ਹੁੰਦੇ ਹਨ।

3. **ਮਕਾਨ**—ਅਸਲੀ ਆਰਾਮ ਤਾਂ ਆਪਣੇ ਘਰ ਵਿਚ ਹੀ ਹੈ।
4. **ਅਸਰ ਕਰਨਾ**—ਜਲਸੇ ਵਿਚ ਲੀਡਰਾਂ ਦੀਆਂ ਕਹੀਆਂ ਗੱਲਾਂ ਲੋਕਾਂ ਵਿਚ ਘਰ ਕਰ ਗਈਆਂ।

**ਘੱਟ**

1. **ਵੱਧ ਤੋਂ ਉਲਟ**—ਬਿਮਾਰੀ ਤੋਂ ਬਾਅਦ ਉਸ ਦਾ ਭਾਰ ਘੱਟ ਗਿਆ।
2. **ਦਿੱਲ ਖਰਾਬ ਹੋਣਾ**—ਚੰਡੋਲ ਦੇ ਝੂਟੇ ਲੈਣ ਤੋਂ ਬਾਅਦ ਉਸ ਦਾ ਦਿਲ ਘੱਟ ਰਿਹਾ ਸੀ।

**ਚੱਕਰ**

1. **ਲੋਹੇ ਦਾ ਗੋਲ ਹਥਿਆਰ**—ਗੁਰੂ ਗੋਬਿੰਦ ਸਿੰਘ ਜੀ ਪੱਗੜੀ ਤੋਂ ਲੋਹੇ ਦਾ ਚੱਕਰ ਰਹਿੰਦਾ ਸੀ।
2. **ਫੇਰਾ**—ਨੌਕਰੀ ਤੋਂ ਬਾਅਦ ਪੈਨਸ਼ਨ ਲਈ ਦਫ਼ਤਰ ’ਤੇ ਰੋਜ ਇਹ ਚੱਕਰ ਮਾਰਦਾ ਹੈ।
3. **ਸਨਮਾਨ**—ਸਰਕਾਰ ਵੱਲੋਂ ਬੀਰਤਾ ਲਈ ਪਦਮ ਚੱਕਰ ਦਿੱਤਾ ਜਾਂਦਾ ਹੈ।
4. **ਪਦਮ**—ਗੁਰੂ ਨਾਨਕ ਦੇਵ ਜੀ ਦੇ ਪੈਰਾਂ ਵਿਚ ਪਦਮ ਚੱਕਰ ਸੀ।
5. **ਗੇੜ**—ਸਮੇਂ ਦੇ ਚੱਕਰ ਨੇ ਉਸ ਦਾ ਸਭ ਕੁਝ ਖੋਹ ਲਿਆ।

**ਚੌਂਕੀ**

1. **ਤਾਸ਼ ਦਾ ਪੱਤਾ**—ਸ਼ਾਮ ਪਾਸ ਹੁਕਮ ਦੀ ਚੌਂਕੀ ਹੈ।
2. **ਚਾਰ ਪਾਣੇ ਵਾਲੀ**—ਸਿਮਰਨ ਚੌਂਕੀ ’ਤੇ ਬੈਠਾ ਨਾਹ ਰਿਹਾ ਸੀ ਕਿ ਚੌਂਕੀ ਦਾ ਪਾਵਾ ਟੁੱਟ ਗਿਆ।
3. **ਛੋਟਾ ਥਾਣਾ**—ਛੋਟੀ ਪੁਲਿਸ ਚੌਂਕੀ ਵਿਚ ਰਿਪੋਰਟ ਲਿਖਾਣ ਦਾ ਕੋਈ ਫਾਇਦਾ ਨਹੀਂ।
4. **ਕਰ ਦੇਣ ਵਾਲੀ ਥਾਂ**—ਸ਼ਹਿਰ ਵਿਚ ਦਾਖਲ ਹੋਣ ਤੋਂ ਪਹਿਲਾਂ ਚੌਂਕੀ ’ਤੇ ਕਰ ਦੇਣਾ ਪੈਂਦਾ ਹੈ।

**ਛਾਪਾ**

1. **ਤਲਾਸ਼ੀ**—ਅਚਾਨਕ ਛਾਪੇ ਨਾਲ ਵਪਾਰੀ ਕੰਗਾਲ ਹੋ ਗਿਆ।
2. **ਠੱਪਾ**—ਪਹਿਲਾਂ ਪਿੰਡਾਂ ਵਿਚ ਛਾਪੇ ਦਾ ਕੰਮ ਆਮ ਹੁੰਦਾ ਸੀ।
3. **ਛਪਾਈ**—ਪਾਠ ਪੁਸਤਕ ਦਾ ਛਾਪਾ ਚੰਗਾ ਹੈ।

**ਛੱਕ**

1. **ਨਾਨਕਿਆਂ ਵੱਲੋਂ ਵਿਆਹ ’ਤੇ ਦਾਜ**—ਛੱਕ ਪੂਰਦੇ ਅੰਗਾਂ ਦੇ ਜਾਏ।
2. **ਛੱਕ**—ਭੋਜਨ ਛਕ ਲਓ।

**ਛਿੱਲੜ**

1. **ਸਕ**—ਕੇਲੇ ਦੇ ਛਿੱਲੜ ਸੜਕ ’ਤੇ ਨਾ ਸੁੱਟੋ।
2. **ਰੁਪਿਆਂ**—ਘਰ ਗਏ ਤੇ ਉਸ ਦੇ ਚਾਚਿਆਂ ਤੋਂ ਇਕ ਛਿੱਲੜ ਵੀ ਨਾ ਜੁੜਿਆ।

**ਜਾਗ**

1. **ਹੋਸ਼**—ਅੱਜ ਕੱਲ੍ਹ ਸੁੱਤੀਆਂ ਕੌਮਾਂ ਵੀ ਜਾਗ ਪਈਆਂ ਹਨ।
2. **ਜਮਾਉਣਾ**—ਜ਼ਿਆਦਾ ਦੁੱਧ ਨੂੰ ਜਾਗ ਲਾਉ ਤਾਂ ਹੀ ਦਹੀ ਖੱਟਾ ਹੋ ਜਾਂਦਾ ਹੈ।
3. **ਨੀਂਦ ਖੁੱਲ੍ਹਣੀ**—ਬਾਜ਼ਾਰ ਵਿਚ ਜ਼ਿਆਦਾ ਰੌਲਾ ਪੈਣ ’ਤੇ ਉਹ ਜਾਗ ਪਿਆ।

**ਝੁੱਲ**

1. **ਹਵਾ ਦਾ ਵਗਣਾ**—ਸਵੇਰ ਤੋਂ ਹੀ ਅੱਜ ਝੱਖੜ ਝੁੱਲ ਰਿਹਾ ਹੈ।
2. **ਸਣ ਦਾ**—ਬਲਦਾਂ ’ਤੇ ਝੁੱਲ ਪਾ ਦਿਓ।
3. **ਹਿੱਲਣਾ**—ਨ੍ਹੇਰੀ ਕਾਰਨ ਟਹਿਣੀਆਂ ਤੇਜ਼ੀ ਨਾਲ ਝੁੱਲ ਰਹੀਆਂ ਸਨ।

ਨੋਟ

**ਟੱਲ**

1. **ਘੜਿਆਲ**—ਮੰਦਰ ਵਿਚ ਟੱਲ ਖੜਕਾਇਆ ਜਾਂਦਾ ਹੈ।
2. **ਪਾਸੇ ਦੀ ਲੰਘਣਾ**—ਚਲੋ ਚੰਗਾ ਹੋਇਆ ਬਲਾ ਟੱਲ ਗਈ।

**ਟਿੱਕੀ**

1. **ਛੋਟੀ ਰੋਟੀ**—ਦੋ ਟਿੱਕੀਆਂ ਦੀ ਰੋਟੀ ਲਈ ਬੰਦਾ ਮਾਰਾ-ਮਾਰ ਫਿਰਦਾ ਹੈ।
2. **ਸਾਬਣ**—ਨਿਰੋਲ ਸਾਬਨ ਦੀ ਟਿੱਕੀ ਕੱਪੜੇ ਚੰਗੇ ਨਿਖਾਰਦੀ ਹੈ।
3. **ਨਿਕਲਦੀ ਸੂਰਜ ਦੀ ਟਿੱਕੀ**—ਸੂਰਜ ਦੀ ਟਿੱਕੀ ਨੂੰ ਸਵੇਰ ਵੇਲੇ ਦੇਖਣਾ ਚੰਗਾ ਲਗਦਾ ਹੈ।
4. **ਆਲੂ ਦੀ ਟਿੱਕੀ**—ਸ਼ਾਮੂ ਦੀ ਰੇੜ੍ਹੀ ਦੀ ਆਲੂਆਂ ਦੀ ਟਿੱਕੀ ਬੜੀ ਸਵਾਦ ਹੁੰਦੀ ਹੈ।

**ਡੰਡੀ**

1. **ਪਤਲੀ ਸੋਟੀ**—ਲਾਲਾ, ਤੋਲਣ ਲੱਗਿਆਂ ਡੰਡੀ ਨਾ ਮਾਰੀ।
2. **ਰਾਹ**—ਖੇਤਾਂ ਤੋਂ ਇਹ ਡੰਡੀ ਉਸ ਦੇ ਘਰ ਤੱਕ ਜਾਂਦੀ ਹੈ।
3. **ਸੋਟੀ**—ਸੱਤੀ ਦੇ ਪਿਉ ਨੇ ਉਸ ਨੂੰ ਛੋਟੀ ਡੰਡੀ ਨਾਲ ਮਾਰਿਆ।

**ਢਾਲ**

1. **ਇਕ ਸ਼ਸਤਰ**—ਹੁਣ ਤਲਵਾਰ ਅਤੇ ਢਾਲ ਦੀ ਲੜਾਈ ਦਾ ਯੁੱਗ ਗਿਆ।
2. **ਨਿਵਾਣ**—ਪਹਾੜਾਂ ਦੀ ਢਾਲ 'ਤੇ ਚਾਹ ਪੈਦਾ ਹੁੰਦੀ ਹੈ।
3. **ਢਾਲਣਾ**—ਲੋਹਾਰ ਲੋਹਾ ਢਾਲ ਰਿਹਾ ਹੈ।
4. **ਪਿਘਲਣਾ**—ਸੁਨਿਆਰ ਸੋਨਾ ਢਾਲ ਕਈ ਪ੍ਰਕਾਰ ਦੇ ਗਹਿਣੇ ਤਿਆਰ ਕਰ ਲੈਂਦਾ ਹੈ।

**ਤਾਕ**

1. **ਆੜ**—ਬਿੱਲੀ ਚੂਹੇ ਦੀ ਤਾਕ ਵਿਚ ਬੈਠੀ ਹੈ।
2. **ਤਖ਼ਤੇ**—ਬੂਹੇ ਦੇ ਤਾਕ ਬੰਦ ਕਰ ਦਿਓ।

**ਤੀਰ**

1. **ਕਮਾਨ ਦਾ**—ਉਸ ਦਾ ਤੀਰ ਨਿਸ਼ਾਨੇ 'ਤੇ ਜਾ ਲੱਗਾ।
2. **ਨੱਸ ਜਾਂਣਾ**—ਪੁਲਿਸ ਨੂੰ ਦੇਖਦਿਆਂ ਚੋਰ ਤੀਰ ਹੋ ਗਿਆ।

**ਦਾਰੂ**

1. **ਸ਼ਰਾਬ**—ਦਾਰੂ ਪੀਣਾ ਚੰਗੀ ਗੱਲ ਨਹੀਂ ਹੈ।
2. **ਦਵਾ**—ਉਸ ਦੀ ਬਿਮਾਰੀ ਤੇ ਦਵਾ-ਦਾਰੂ ਅਸਰ ਨਹੀਂ ਕਰਦੀ ਹੈ।
3. **ਇਲਾਜ**—ਆਤਮ ਹੱਤਿਆ ਦੁੱਖਾਂ ਦਾ ਦਾਰੂ ਨਹੀਂ।
4. **ਬਰੂਦ**—ਫੌਜਾਂ ਕੋਲ ਸਿੱਕਾ-ਦਾਰੂ ਨਾ ਹੋਵੇ ਤਾਂ ਲੜਾਈ ਲੜੀ ਜਾ ਸਕਦੀ।

**ਨਾਲ**

1. **ਕੋਲ**—ਤੇਰ ਉਸ ਨਾਲ ਔਖੇ ਵੇਲੇ ਹੋਣਾ ਜ਼ਰੂਰੀ ਹੈ।
2. **ਲੋਹੇ ਦੀ ਨਾਲੀ**—ਖੂਹ ਵਾਲੀ ਨਾਲ ਪਾਣੀ ਬਹੁਤ ਦਿੰਦਾ ਹੈ।
3. **ਸਬੰਧ**—ਉਸ ਦਾ ਆਪਣੇ ਭਰਾ ਨਾਲ ਮੁਹਾਂਦਰਾ ਮਿਲਦਾ ਹੈ।
4. **ਵਰਗੀ**—ਇਸ ਕਿਤਾਬ ਦੇ ਨਾਲ ਦੀ ਕਿਤਾਬ ਬਾਜ਼ਾਰ ਵਿਚ ਗਾਇਬ ਹੈ।

**ਪੂਰਾ**

1. **ਸਵਰਗਵਾਸ**—ਉਹ ਅੱਸੀ 92 ਸਾਲ ਦਾ ਹੋਕੇ ਪੂਰਾ ਹੋਇਆ।

**ਨੋਟ**

2. **ਪੂਰਨ**—ਪੂਰ ਹਿਸਾਬ-ਕਿਤਾਬ ਕਰ ਦਿਉ।

**ਪਾੜ**

1. **ਅੰਤਰ**—ਮੰਨਾ ਵਿਚ ਜਦੋਂ ਪਾੜ ਪੈ ਜਾਏ ਤਾਂ ਦੁਬਾਰਾ ਜੁੜਦੇ ਨਹੀਂ।
2. **ਟੋਟੇ ਕਰਨੇ**—ਕਸ਼ਮੀਰੀ ਲੋਕ (ਹਾਤੋ) ਲੱਕੜੀਆਂ ਪਾੜਨ ਦਾ ਕੰਮ ਕਰਦੇ ਹਨ।
3. **ਟੋਆ**—ਸੁਰਿੰਦਰ ਨੇ ਖੂਹ ਲਈ ਪਾੜ ਪੁਟਵਾ ਦਿੱਤਾ।

**ਫੁੱਲ**

1. **ਫੁੱਲ**—ਗੁਲਾਬ ਦੇ ਫੁੱਲਾਂ ਦੀ ਗੱਲ ਹੀ ਕੁਝ ਹੋਰ ਹੈ।
2. **ਹਲਕਾ**—ਹੱਲਕੇ-ਫੁਲਕੇ ਬਰਤਨ ਬਹੁਤ ਚੱਲਦੇ ਨਹੀਂ।
3. **ਮੋਟਾ ਹੋਣਾ**—ਫਜੂਲ ਖਾਂਦੇ ਰਹਿਣਾ ਬੰਦੇ ਫੁੱਲ ਜਾਂਦੇ ਹਨ।
4. **ਹੰਕਾਰ**—ਉਹ ਬਿਨਾ ਗੁਣਾਂ 'ਤੇ ਹੀ ਐਵੇਂ ਫੁੱਲੀ ਜਾ ਰਿਹਾ ਹੈ।
5. **ਗਹਿਣਾ**—ਪਿੰਡਾਂ ਵਿਚ ਔਰਤਾਂ ਸਿਰਾਂ 'ਤੇ ਚੌਂਕ-ਫੁੱਲ ਪਾਉਂਦੀਆਂ ਸਨ।
6. **ਸਬਜ਼ੀ**—ਬੰਦ-ਗੋਭੀ ਕੱਚੀ ਖਾਣੀ ਵੀ ਚੰਗੀ ਹੈ।
7. **ਹੱਡੀਆਂ**—ਮਰਨ ਤੋਂ ਬਾਅਦ ਬੰਦੇ ਦੇ ਫੁੱਲ ਹਰਿਦੁਆਰਾ ਵਹਾ ਦਿੰਦੇ ਹਨ।

**ਬਾਲ**

1. **ਸੜਨਾ**—ਮਾੜੀਆਂ ਗੱਲਾਂ ਕਰੇਕ ਹਿੱਕ ਨਾ ਬਾਲ।
2. **ਬੱਚੇ**—ਬਾਲ ਖੇਡ ਰਹੇ ਹਨ।

**ਮੱਲ**

1. **ਪਹਿਲਵਾਨ**—ਅਖਾੜੇ ਵਿਚ ਮੱਲ ਘੁੱਲ ਰਹੇ ਹਨ।
2. **ਪਲਣਾ**—ਉਹ ਸਿੱਟ ਮੱਲ ਰਿਹਾ ਹੈ।

**ਲਗ**

1. **ਲਗਣਾ**—ਉਹ ਜਾਂਦਿਆਂ ਕੰਮ 'ਤੇ ਲੱਗ ਗਿਆ ਤੇ ਕੰਮ ਮੁੱਕ ਗਿਆ।
2. **ਲਗ**—ਇਸ ਅੱਖਰ ਨਾਲ ਲਗ ਗਲਤ ਲੱਗੀ ਹੈ।

**ਵਲ**

1. **ਢੰਗ**—ਉਸ ਨੂੰ ਕੰਮ ਕਰਨ ਦਾ ਵਲ ਨਹੀਂ ਹੈ।
2. **ਵਿੰਗ**—ਡੱਕਲੇ ਨੂੰ ਵਲ ਪੈ ਗਿਆ ਹੈ।

## ਉੱਤਰ ਮਾਲਾ : ਸਵੈ ਮੁਲਾਂਕਣ

1. ਬਹੁ-ਅਰਥਕ ਸ਼ਬਦਾਂ ਤੋਂ ਕੀ ਭਾਵ ਹੈ?
2. ਹੇਠ ਲਿਖੇ ਸ਼ਬਦਾਂ ਦੇ ਵੱਧ ਤੋਂ ਵੱਧ ਅਰਥ ਦੱਸੋਂ।
   ਕਾਰ, ਤਾਰ, ਕੋਲ, ਸਰ, ਵਾਰ
3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿਚ ਵਰਤੋਂ ਤਾਂ ਕਿ ਵੱਧ ਤੋਂ ਵਧ ਅਰਥ ਸਮਝ ਆ ਜਾਣ
   ਭਰ, ਭਾਨ, ਲਾਰਾ, ਰੱਖ, ਲੜਾ, ਖੁੰਭ, ਕੰਡਾ, ਡਿਸਕ, ਲੋੌ, ਡੰਡੀ, ਘੜਾ

•••

ਨੋਟ

# ਅਧਿਆਏ-15 : ਬਹੁਤੇ ਸ਼ਬਦਾਂ ਦੀ ਥਾਂ ਇਕ ਸ਼ਬਦ
## (One Word Substitution)

***ਵਿਸ਼ਾ-ਵਸਤੂ (Contents)***

1. ਬਹੁਤੇ ਸ਼ਬਦਾਂ ਦੀ ਥਾਂ ਇਕ ਸ਼ਬਦ ਦੇ ਅਰਥ
2. ਉਦਾਹਰਣ ਸਹਿਤ ਸਪੱਸ਼ਟਤਾ
3. ਉੱਤਰ ਮਾਲਾ : ਸਵੈ ਮੁਲਾਂਕਣ

ਹਰ ਭਾਰਤੀ ਬੋਲੀ ਵਿਚ ਕਈ ਅਜਿਹੇ ਸ਼ਬਦ ਹੁੰਦੇ ਹਨ ਜੋ ਬਹੁਤੀਆਂ ਚੀਜ਼ਾਂ ਦੇ ਇਕੱਠ ਨੂੰ ਪ੍ਰਗਟ ਕਰਦਾ ਹੈ। ਇੰਝ ਹਰ ਬੋਲੀ ਵਿਚ ਸ਼ਬਦਾਵਲੀ ਵਿਚ ਵਾਧਾ ਹੋ ਜਾਂਦਾ ਹੈ। ਪੰਜਾਬੀ ਭਾਸ਼ਾ ਵਿਚ ਵੀ ਅਜਿਹੇ ਸ਼ਬਦਾਂ ਦਾ ਭੰਡਾਰ ਹੈ ਜਿਨ੍ਹਾਂ ਦਾ ਬਹੁਤੇ ਸ਼ਬਦਾਂ ਦੀ ਥਾਂ ਇਕ ਸ਼ਬਦ ਹੀ ਪ੍ਰਯੋਗ ਵਿਚ ਆਉਂਦੇ ਹਨ। ਇਨ੍ਹਾਂ ਸ਼ਬਦਾਂ ਦਾ ਵੇਰਵਾ ਹੇਠਾਂ ਦਿੱਤਾ ਜਾ ਰਿਹਾ ਹੈ :–

| | | |
|---|---|---|
| 1. | ਜਿਹੜਾ ਅਖੰਡ ਪਾਠ ਕਰ ਸਕਦਾ ਹੋਵੇ | ਅਖੰਡ ਪਾਠੀ |
| 2. | ਜਿਹੜਾ ਪਾਠ ਆਦਿ ਤੋਂ ਅੰਤ ਤੀਕ ਲਗਾਤਾਰ ਹੋਵੇ | ਅਖੰਡ ਪਾਠ |
| 3. | ਆਪਣੀ ਇੱਜ਼ਤ ਦਾ ਬਹੁਤ ਖਿਆਲਰੱਖਣ ਵਾਲਾ | ਅਣਖੀਲਾ |
| 4. | ਕਦੇ ਨਾ ਜਿੱਤਿਆ ਜਾ ਸਕੇ | ਅਜਿੱਤ |
| 5. | ਕਦੇ ਨਾ ਮਿਟਾਇਆ ਜਾ ਸਕੇ | ਅਮਿੱਟ |
| 6. | ਜਿਸ ਦੇ ਔਲਾਦ ਨਾ ਹੋਵੇ | ਔਂਤਰਾ |
| 7. | ਜੋ ਸਹਾਰਿਆ ਨਾ ਜਾ ਸਕੇ | ਅਸਹਿ |
| 8. | ਲਗਾਤਾਰ ਕੰਮ ਕਰਨ ’ਤੇ ਥੱਕੇ ਨਾ | ਅਣਥੱਕ |
| 9. | ਰੱਬ ਨੂੰ ਨਾ ਮੰਨਣ ਵਾਲਾ | ਨਾਸਤਕ |
| 10. | ਇਕ ਪਤਨੀ ਦੇ ਹੁੰਦਿਆਂ ਦੂਜੀ ਪਤਨੀ | ਸੌਂਕਣ |
| 11. | ਜਿਹੜਾ ਹਰ ਥਾਂ ਹੋਵੇ | ਸਰਬ–ਵਿਆਪਕ |
| 12. | ਸਾਰੇ ਮੈਂਬਰਾਂ ਦੀ ਜਦੋਂ ਇਕ ਰਾਏ ਹੋਵੇ | ਸਰਬ–ਸੰਮਤੀ |
| 13. | ਜਿਸ ਪਾਠ ਦਾ ਭੋਗ ਹਫ਼ਤੇ ਵਿਚ ਪਵੇ | ਸਪਤਾਹਕ ਪਾਠ |
| 14. | ਜਿਸ ਮਨੁੱਖ ਅੰਦਰ ਕਪਟ ਹੋਵੇ | ਕਪਟੀ |
| 15. | ਆਪਮੇ ਜੀਵਨ ਦੀ ਵਿਸਥਾਰ ਨਾਲ ਵਰਨਣ ਕਰੇ | ਆਤਮਕਥਾ |
| 16. | ਸ਼ਹਿਦ ਦੀਆਂ ਮੱਖੀਆਂ ਨੂੰ | ਛੱਤਾ |
| 17. | ਅੰਗੂਰਾਂ ਦਾ, ਫੁੱਲਾਂ ਦੇ ਇਕੱਠ | ਗੁੱਛਾ |
| 18. | ਬਹੁਤੇ ਮਨੁੱਖਾਂ ਦੇ ਇਕੱਠ ਨੂੰ | ਜਥਾ |
| 19. | ਇਕਠੀਆਂ ਲੜਕੀਆਂ ਦੇ ਇਕੱਠ | ਤ੍ਰਿੰਝਣ |
| 20. | ਜਿੱਥੇ ਘੋੜਿਆਂ ਨੂੰ ਬੰਨ੍ਹਿਆ ਜਾਵੇ | ਤਬੇਲਾ |
| 21. | ਉਹ ਥਾਂ ਜਿੱਥੇ ਗੱਡੀਆਂ, ਮੋਟਰਾਂ ਅਤੇ ਟਾਂਗੇ ਖਲੋਂਦੇ ਹੋਣ | ਅੱਡਾ |
| 22. | ਜਿੱਥੇ ਫੁੱਲ ਬੂਟੇ ਉੱਗੇ ਹੋਣ | ਬਾਗ |

## ਉੱਤਰ ਮਾਲਾ : ਸਵੈ-ਮੁਲਾਂਕਣ

1. ਹੇਠ ਲਿਖੇ ਸ਼ਬਦ ਜਿਨ੍ਹਾਂ ਦਾ ਸੰਕੇਤ ਦਿੰਦੇ ਹਨ ਉਨ੍ਹਾਂ ਦਾ ਵੇਰਵਾ ਦਿਓ :–

| | | | |
|---|---|---|---|
| 1. ਗੁੱਛਾ | 2. ਬੋਲ | 3. ਹੇੜ | 4. ਦਲ |
| 5. ਛੱਤਾ | 6. ਪੰਜਾ | 7. ਬਾਜ਼ਾਰ | 8. ਜਖੀਰਾ |
| 9. ਅੱਡਾ | 10. ਤਬੇਲਾ | | |

# ਭਾਗ-2

ਨੋਟ

# ਅਧਿਆਏ-16: ਗੁਰਮੁੱਖੀ ਲਿੱਪੀ

## (Gurmukhi-Alphabet)

*ਵਿਸ਼ਾ-ਵਸਤੂ* ***(Contents)***

1. ਲਿੱਪੀ, ਅਤੇ ਗੁਰਮੁਖੀ ਲਿੱਪੀ ਦੇ ਅਰਥ
2. ਗੁਰਮੁਖੀ ਲਿੱਪੀ ਦਾ ਜਨਮ ਤੇ ਵਿਕਾਸ
3. ਲਿੱਪੀ ਬਾਰੇ ਵਿਦਵਾਨਾਂ ਦੀ ਰਾਏ
4. ਉੱਤਰ ਮਾਲਾ : ਸਵੈ ਮੁਲਾਂਕਣ

ਲਿੱਪੀ ਰਾਹੀਂ ਮਨੁੱਖ ਆਪਣੀਆਂ ਭਾਵਨਾਵਾਂ ਨੂੰ ਦੂਸਰਿਆਂ ਨਾਲ ਸਾਂਝੀਆਂ ਕਰਦਾ ਹੈ। ਜਿਵੇਂ ਮਨੁੱਖੀ ਜੀਵਨ ਦਾ ਵਿਕਾਸ ਹੋਇਆ ਉਸੇ ਤਰ੍ਹਾਂ ਲਿਪੀ ਦਾ ਵੀ ਵਿਕਾਸ ਹੁੰਦਾ ਗਿਆ। ਯੁਨਾਨੀ ਵਿਦਵਾਨ ਲੋਕ ਕੈਡਮਸ ਨੂੰ ਲਿਪੀ ਦਾ ਜਨਮ ਦਾਤਾ ਮੰਨਦੇ ਹਨ। ਪਰ ਇਹ ਵਿਚਾਰ ਵਿਗਿਆਨਕ ਕਸਵੱਟੀ ਤੇ ਪੂਰਾ ਨਹੀਂ ਉਤਰਦਾ। ਅਸਲੋਂ ਵੱਖ-ਵੱਖ ਲਿੱਪੀਆਂ ਦਾ ਵਿਕਾਸ ਮਨੁੱਖੀ ਸਮਾਜ ਦੇ ਵਿਕਾਸ ਵਿਚੋਂ ਹੀ ਹੋਇਆ। ਵਿਕਾਸ ਦੀਆਂ ਮੰਜ਼ਿਲਾਂ ਤਹਿ ਕਰਕੇ ਵਰਤਮਾਨ ਰੂਪ ਵਿਚ ਪ੍ਰਗਟ ਹੋਈਆਂ। ਇਹ ਮਨੁੱਖ ਦੀ ਆਪਣੀ ਕਾਢ ਹੈ। ਕਈ ਵਿਦਵਾਨਾਂ ਦਾ ਮੱਤ ਹੈ ਕਿ ਪ੍ਰਚੀਨ ਪੂਰਵ ਕਾਲ ਵਿਚ ਭਾਰਤ ਚੀਨ ਅਤੇ ਪੇਰੂ ਵਿਚ ਕਈ ਰੰਗਾਂ ਦੇ ਧਾਗਿਆਂ ਨੂੰ ਕਈ ਪ੍ਰਕਾਰ ਦੀਆਂ ਗੰਢਾਂ ਦੇ ਕੇ ਇਨ੍ਹਾਂ ਨੂੰ ਦੂਰ-ਦੂਰ ਤੱਕ ਸੁਨੇਹਾ ਭੇਜਣ ਲਈ ਵਰਤਿਆ ਜਾਂਦਾ ਸੀ। ਇਸ ਨੂੰ 'ਗੰਢ ਲਿੱਪੀ' ਦਾ ਨਾਮ ਦਿੱਤਾ ਗਿਆ।

ਇਸ ਤੋਂ ਇਲਾਵਾ ਲਿੱਪੀ ਦਾ ਜਨਮ ਸੰਕੇਤਾਂ ਅਤੇ ਇਸ਼ਾਰਿਆਂ ਰਾਹੀਂ ਮਨੁੱਖੀ ਭਾਵਨਾਵਾਂ ਨੂੰ ਸਮਝਾਉਣ ਨਾਲ ਹੋਇਆ ਇਸ ਦੇ ਮੁੱਢਲੇ ਰੂਪ ਦੀਵਾਰਾਂ, ਗੁਫਾਵਾਂ ਉੱਤੇ ਸਿੱਧੀਆਂ, ਲੇਟਵੀਆਂ, ਖੜੀਆਂ, ਲਕੀਰਾਂ ਅਤੇ ਧਾਰਮਿਕ ਚਿੰਨ੍ਹ ਆਦਿ ਉਕਰੇ ਹੋਏ ਰੂਪ ਅੱਜ ਵੀ ਕੀ ਜਗ੍ਹਾ ਮਿਲਦੇ ਹਨ। ਦੀਵਰਾਂ ਉੱਪਰ ਲਕੀਰਾਂ ਖਿੱਚ ਕੇ ਹਿਸਾਬ-ਕਿਤਾਬ ਰੱਖਣ ਦਾ ਤਰੀਕਾ ਪ੍ਰਚਲਿਤ ਸੀ। ਦੀਵਾਰਾਂ ਉੱਪਰ ਪੰਛੀ ਜਾਨਵਰਾਂ, ਦਰੱਖਤ ਦੇ ਪੱਤਿਆਂ ਆਦਿ 'ਚਿੱਤਰ-ਲਿਪੀ' ਰੂਪਦੇ ਰੂਪ ਮਿਲਦੇ ਹਨ। ਚਿੱਤਰ ਲਿਪੀ, ਲਕੀਰ ਲਿਪੀ ਸਾਡੇ ਮੁੱਢਲੇ ਰੂਪ ਹਨ। ਜਿਸ ਰਾਹੀਂ ਮਨੁੱਖ ਆਪਮੇ ਮਨੋਭਾਵਾਂ ਨੂੰ ਦੂਜਿਆਂ ਤੱਕ ਪਹੁੰਚਾਉਣ ਦਾ ਸਾਧਨ ਵਰਤਦੇ ਸਨ।

ਸਿੰਧ-ਘਾਟੀ ਸਭਿਅਤਾ ਦੇ ਲਗਭਗ 500 ਈ. ਪੂਰਬ ਵਿਚ ਆਰੀਆ ਲੋਕ ਉੱਤਰ-ਭਾਰਤ ਵਿਚ ਆਏ। ਸਮਾਂ ਪਾ ਕੇ ਇਨ੍ਹਾਂ ਨੇ 'ਬ੍ਰਹਮੰਡ ਲਿੱਪੀ ਨੂੰ ਜਨਮ ਦਿੱਤਾ। ਇਸ ਤੋਂ ਬਾਅਦ ਸਿਲਾ-ਲੇਖ, ਸਿੱਕਿਆਂ, ਪੁਰਾਤਨ ਬਰਤਨਾਂ ਉੱਤੇ ਉਕਰੇ ਅੱਖਰ ਵੱਖ-ਵੱਖ ਭਾਰਤੀ ਲਿਪੀਆਂ ਨੂੰ ਉਜਾਗਰ ਕਰਦੀ ਹੈ। ਇਨ੍ਹਾਂ ਲਿਪੀਆਂ ਨੂੰ ਬ੍ਰਹਮੀ, ਖੋਰਸ਼ਟੀ, ਸਾਦਧਾ, ਨਾਗਰੀ, ਅਤੇ ਗੁਪਤ ਲਿੱਪੀ ਆਦਿ ਦਾ ਨਾਮ ਦਿੱਤਾ ਗਿਆ। ਹੜੱਪਾ-ਮੋਹਿੰਜੋਦਾਰ ਦੀ ਖੁਦਾਈ ਦੌਰਾਨ ਕਈ ਚਿੱਤਰ ਲਿੱਪੀਆਂ ਦੇ ਰੂਪ ਮਿਲਦੇ ਹਨ। ਪੰਜਾਬੀ ਦੀ ਵਿਕਸਤ ਰੂਪ ਗੁਰਮੁਖੀ ਲਿੱਪੀ ਹੈ। ਗੁਰਮੁਖੀ ਲਿੱਪੀ ਬ੍ਰਹਮੀ ਲਿੱਪੀ ਵਿਚੋਂ ਨਿਕਲੀ ਮੰਨੀ ਜਾਂਦੀ ਹੈ। ਗੁਰਮੁਖੀ ਲਿੱਪੀ ਵੀ ਬਹੁਤ ਪੁਰਾਣੀ ਹੈ। ਪ੍ਰਾਚੀਨ ਸਮੇਂ ਪੰਜਾਬ ਦੇ ਅੱਡ-ਅੱਡ ਇਲਾਕਿਆਂ ਵਿਚ ਸ਼ਾਰਧਾ ਟਾਕਰੀ ਆਦਿ ਲਿੱਪੀ ਦੇ ਰੂਪ ਪ੍ਰਚਲਿਤ ਸੀ। ਸ਼ਾਰਧਾ ਅਤੇ ਟਾਕਰੀ ਲਿੱਪੀ ਦਾ ਗੁਰਮੁਖੀ ਲਿਪੀ ਵਿਚ ਕਾਫੀ ਸੁਮੇਲਤਾ ਹੈ। ਕਿਉਂਕਿ ਇਹ ਤਿੰਨ ਲਿਪੀਆਂ ਬ੍ਰਹਮੀ ਲਿਪੀ ਤੋਂ ਹੀ ਪੈਦਾ ਹੋਈਆਂ ਹਨ। ਇਸ ਲਈ ਗੁਰਮੁਖੀ ਲਿੱਪੀ ਕੋਈ ਨਵੀਨ ਕਾਢ ਨਹੀਂ। ਇਹ ਤਾਂ ਪੰਜਾਬ ਦੀ ਪ੍ਰਾਚੀਨ ਲਿੱਪੀ ਦਾ ਹੀ ਇਕ ਸੰਵਰਿਆ ਰੂਪ ਹੈ। ਇਹ ਆਮ ਪ੍ਰਚਲਤ ਹੈ ਗੁਰਮੁਖੀ ਲਿੱਪੀ ਗੁਰੂਆਂ ਦੀ ਭਾਸ਼ਾ ਹੈ। ਗੁਰੂਆਂ ਨੂੰ ਮੰਨਣ ਵਾਲਾ ਲੋਕਾਂ ਦਾ ਇਹ ਵਿਚਾਰ ਹੈ ਪਰ ਇਹ ਵਿਚਾਰ ਮੂਲੋ ਹੀ ਗ਼ਲਤ ਹੈ। ਲਿਪੀ ਪਹਿਲੋਂ ਹੀ ਮੌਜੂਦ ਸੀ। ਗੁਰੂਆਂ ਨੇ ਤਾਂ ਆਪਣੀ ਬਾਣੀ ਹੀ ਇਸ ਲਿੱਪੀ ਵਿਚ ਲਿਖੀ ਹੈ। ਇਸ ਲਿੱਪੀ ਨੂੰ ਗੁਰੂਆਂ ਨੇ ਅਪਣਾ ਲਿਆ ਸੀ। ਇਸ ਕਰਕੇ ਇਸ ਲਿੱਪੀ ਨੂੰ ਗੁਰਮੁਖੀ ਲਿੱਪੀ ਦਾ ਨਾਮ ਦੇ ਦਿੱਤਾ ਗਿਆ।

ਨੋਟ

## ਗੁਰਮੁਖੀ ਲਿੱਪੀ :-

ਗੁਰਮੁਖੀ ਲਿੱਪੀ ਕੋਈ ਨਵੀਂ ਕਾਢ ਨਹੀਂ ਸੀ, ਇਹ ਤਾਂ ਪੰਜਾਬ ਦੀ ਪ੍ਰਾਚੀਨ ਲਿੱਪੀ (ਅਰਧ ਨਾਗਰੀ) ਦਾ ਹੀ ਇਕ ਸੰਵਰਿਆ ਅਤੇ ਸੁਧਰਿਆ ਰੂਪ ਹੈ। ਗੁਰਮੁਖੀ ਅੱਖਰ ਲਗਪਗ ਡੇਢ ਹਜ਼ਾਰ ਸਾਲ ਪੁਰਾਣੇ ਦੱਸੇ ਜਾਂਦੇ ਹਨ। ਪਰ ਇਨ੍ਹਾਂ ਦਾ ਕਰਮ ਇਹ ਨਹੀਂ ਸੀ। ਗੁਰੂ ਨਾਨਕ ਦੇਵ ਜੀ ਨੇ ਪੱਟੀ ਲਿਖੀ ਉਸ ਵਿਚ "ਸ" ਅੱਖਰ ਪਹਿਲੇ ਰੱਖਿਆ ਹੈ। ਬਾਕੀ ਕਰਮ ਇੰਝ ਹੈ :–

ਸ, ੲ, ੳ, ਛ, ਕ, ਖ, ਗ਼, ਅ<br>
ਚ, ਛ, ਜ, ਝ, ਞ, ਟ, ਠ, ਡ<br>
ਣ, ਤ, ਥ, ਦ, ਧ, ਨ, ਪ<br>
ਫ, ਬ, ਮ, ਯ, ਰ, ਲ, ਵ, ੜ, ਹ

(ਕੁੱਲ 33 ਅੱਖਰ)

ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੁਆਰਾ, 'ਰਾਮ ਕਲੀ ਰਾਗ' ਵਿਚ ਰਚਿਤ 'ਦੱਖਣੀ ਉਂਕਾਰ' ਬਾਣੀ ਵਿਚ ਅੱਖਰਾਂ ਦਾ ਕ੍ਰਮ ਇਸ ਪ੍ਰਕਾਰ ਹੈ :–

ੳ, ਸ, ਧ, ਛ,

ਗੁਰੂ ਅਮਰ ਦਾਸ ਜੀ ਦੁਆਰਾ ਰਚੀ ਗਈ ਪੱਟੀ ਵਿਚ ਅੱਖਰਾਂ ਦਾ ਕ੍ਰਮ ਇਸ ਪ੍ਰਕਾਰ ਹੈ :–

ਅ, ਲ, ਨ, ਛ,ਬ, ਜ, ਸ<br>
ਮ, ਕ, ਤ, ਥ,ਘ, ਦਗ, ਪ<br>
ਭ, ਵ, ਝ, ਧ, ਗ, ਹ, ਰ

(ਕੁਲ 21 ਅੱਖਰ)

ਗੁਰੂ ਅਰਜਨ ਦੇਵ ਜੀ ਰਚੀ "ਬਾਵਨ ਅੱਖਰੀ" ਵਿਚ ਅੱਖਰਾਂ ਦਾ ਕ੍ਰਮ ਇਸ ਪ੍ਰਕਾਰ ਹੈ :–

ੳ, ਅੰ, ਸ, ਧ, ਰ, ਲ, ਯ,<br>
ਕ, ਖ, ਗ, ਘ, ਙ, ਚ, ਛ,<br>
ਜ, ਝ, ਞ, ਟ, ਠ, ਡ, ਢ<br>
ਣ,ਤਸ਼ ਥ, ਦ, ਧ, ਨ, ਪ,<br>
ਫ, ਬ, ਭ, ਮ, ਯ, ਰ, ਲ,<br>
ਵ, ੜ

ਕੁੱਲ 37 ਅੱਖਰ!

ਇੰਝ ਪੰਜਾਬੀ ਅੱਖਰਾਂ ਦਾ ਵਰਤਮਾਨ ਰੂਪ ਹੇਠ ਲਿਖੇ ਕ੍ਰਮ ਰੂਪ ਵਿਚ ਪ੍ਰਚਲਿਤ ਹੋਇਆ।

ੳ, ਅ, ੲ, ਸ, ਹ, ਕ, ਖ, ਗ, ਘ, ਙ<br>
ਚ, ਛ, ਜ, ਝ, ਞ, ਟ, ਠ, ਡ, ਢ, ਣ<br>
ਤ, ਥ, ਦ, ਧ, ਨ, ਪ, ਫ, ਬ, ਭ, ਮ<br>
ਯ, ਰ, ਲ, ਵ, ੜ

ਫਾਰਸੀ ਧੁਨੀਆਂ ਨੂੰ ਲਿਖਣ ਲਈ ਹੇਠ ਲਿਖੇ ਛੇ ਅੱਖਰਾਂ ਹੇਠ ਬਿੰਦੀ ਲਗਾ ਕੇ ਸੰਪੂਰਨ ਕੀਤਾ ਗਿਆ।

ਸ, ਖ, ਗ, ਜ਼, ਫ਼, ਲ਼

ਇਸ ਤਰ੍ਹਾਂ ਇਹ ਪੰਜਾਬੀ ਦੇ ਕੁੱਲ ਅੱਖਰ 41 ਹੋ ਗਏ।

ਗੁਰੂ ਕਾਲ ਸਮੇਂ ਪੰਜਾਬੀ ਬੋਲੀ ਲਈ ਗੁਰਮੁੱਖੀ ਲਿੱਪੀ ਦੇ ਇਹ ਅੱਖਰ ਆਮ ਪ੍ਰਚਲਤ ਸਨ। ਇਸ ਲਈ ਗੁਰੂਆਂ ਨੇ ਗੁਰਮਤ ਸਾਹਿਤ ਸਾਰਾ ਇਨ੍ਹਾਂ ਗੁਰਮੁਖੀ ਅੱਖਰਾਂ ਵਿਚ ਹੀ ਰਚਿੱਆ। ਇਸ ਲਿੱਪੀ ਨੂੰ ਵਧੇਰੇ ਵਰਤੋਂ ਕਰਨ ਕਰਕੇ ਨਵਾਂ ਨਾਮ "ਗੁਰਮੁਖੀ ਲਿਪੀ।" ਨਾਂ ਨਾਲ ਮਸ਼ਹੂਰ ਹੋ ਗਿਆ।

## ਪਰਿਭਾਸ਼ਾ ਗੁਰਮੁਖੀ ਲਿਪੀ :-

ਗੁਰਮੁਖੀ ਲਿਪੀ ਬਾਰੇ ਕੁਝ ਵਿਦਵਾਨਾਂ ਦੀ ਹੇਠ ਲਿਖੀਆਂ ਰਾਵਾਂ ਹਨ ਕਿਉਂਕਿ ਉਪਰੋਕਤ ਪਹਿਲੂਆਂ ਤੇ ਵਿਚਾਰ ਉਪਰੰਤ ਨਿਰਨਾ ਹੋ ਚੁੱਕਾ ਹੈ ਕਿ ਪੰਜਾਬੀ ਦੀ ਪੁਰਾਣੀ ਲਿਪੀ ਅਤੇ ਪੰਜਾਬੀ ਲਈ ਢੁੱਕਵੀਂ ਲਿਪੀ ਗੁਰਮੁਖੀ ਹੀ ਹੈ।

1. ਜੋਜ਼ਫ ਡੇਵਿਡ ਕਨਿੰਘਮ ਨੇ 1848 ਈ. ਵਿਚ ਲਿਖਿਆ ਕਿ "ਇਸ ਸਮੇਂ ਭਾਰਤ ਵਿਚ ਜੋ ਲਿੱਪੀਆਂ ਚਾਲੂ ਹਨ, ਗੁਰਮੁੱਖੀ ਵੀ ਉਨ੍ਹਾਂ ਵਿਚੋਂ ਇਕ ਹੈ, ਕਿਉਂਕਿ ਸਿੱਖ ਗੁਰੂਆਂ ਨੇ ਇਸ ਨੂੰ ਵਰਤੋਂ ਵਿਚ ਲਿਆਂਦਾ, ਇਸ ਲਈ ਇਸ ਨੂੰ ਕਦੇ ਕਦੇ ਗੁਰਮੁਖੀ ਵੀ ਕਿਹਾ ਜਾਂਦਾ ਹੈ ਪਰ ਇਹ ਪੰਜਾਬ ਦੀ ਲਿਪੀ ਦਾ ਹੀ ਦੂਜਾ ਨਾਂ ਹੈ।"
2. ਜੋਹਨ ਬੀਮਜ਼ ਨੇ 1872 ਈ. ਵਿਚ ਆਪਣੇ ਵਿਚਾਰ ਲਿਖਿਆ ਕਿਹਾ ਹੈ ਕਿ "ਪੰਜਾਬੀ ਲਿਖਣ ਲਈ ਵਰਤੇ ਜਾਣ ਵਾਲੇ ਅੱਖਰ 'ਗੁਰਮੁਖੀ' ਸਦਾਉਂਦੇ ਹਨ।"
3. ਦੇਵਿੰਦਰ ਸਤਿਆਰਥੀ ਅਨੁਸਾਰ ਪੰਜਾਬੀ ਭਾਸ਼ਾ ਦੀ ਗੁਰਮੁੱਖੀ ਲਿੱਪੀ ਦੀ ਵਰਨਮਾਲਾ 'ਪੈਂਤੀ ਕਹਾਉਂਦੀ ਹੈ, ਕਿਉਂਕਿ ਇਸ ਵਰਨਮਾਲਾ ਦਾ ਕੰਮ 35 ਅੱਖਰਾਂ ਨਾਲ ਹੀ ਚੱਲਦਾ ਹੈ। ਇਸ ਨੁਕਤੇ ਤੋਂ ਇਹ ਬੜੀ ਸੰਖਿਪਤ ਲਿਪੀ ਹੈ। ਵੈਸੇ ਇਸ ਲਿੱਪੀ ਵਿਚ ਪੰਜਾਬੀ ਭਾਸ਼ਾ ਦੀ ਹਰ ਲੋੜ ਦਾ ਧਿਆਨ ਰੱਖਿਆ ਗਿਆ ਹੈ।"

## ਉੱਤਰ ਮਾਲਾ : ਸਵੈ ਮੁਲਾਂਕਣ

1. ਲਿੱਪੀ ਤੋਂ ਕੀ ਭਾਵ ਹੈ?
2. ਲਿੱਪੀ ਬਾਰੇ ਵਿਦਿਵਾਨਾਂ ਦੀ ਰਾਏ ਬਾਰੇ ਜਾਣਕਾਰੀ ਦੱਸੋ।
3. ਪੰਜਾਬੀ ਲਿੱਪੀ ਦਾ ਨਿਕਾਸ ਤੇ ਵਿਕਾਸ ਬਾਰੇ ਚਰਚਾ ਕਰੋ।

•••

ਨੋਟ

# ਅਧਿਆਏ-17 : ਪੰਜਾਬੀ ਭਾਸ਼ਾ, ਜਨਮ ਤੇ ਵਿਕਾਸ
# (Punjabi Language, Origine and Development)

***ਵਿਸ਼ਾ-ਵਸਤੂ (Contents)***

1. ਪੰਜਾਬੀ ਭਾਸ਼ਾ ਦੀ ਪਰਿਭਾਸ਼ਾ
2. ਪੰਜਬੀ ਭਾਸ਼ਾ ਦਾ ਜਨਮ ਤੇ ਵਿਕਾਸ
3. ਪੰਜਾਬੀ ਸਾਹਿਤ ਦੀ ਵਿਸ਼ੇਸ਼ਤਾ
4. ਵਿਸਥਾਰ
5. ਉੱਤਰ ਮਾਲਾ : ਸਵੈ ਮੁਲਾਂਕਣ

ਪੰਜਾਬੀ ਸਾਹਿਤ ਬਾਰੇ ਜਾਨਣ ਤੋਂ ਪਹਿਲਾਂ ਸਾਨੂੰ ਭਾਰਤੀ ਇਤਿਹਾਸਕ ਪਿਛੋਕੜ ਤੇ ਨਜ਼ਰ ਪਾਉਣੀ ਪਵੇਗੀ। ਭਾਰਤ ਵਿਚ ਅੰਗ੍ਰੇਜ਼ਾਂ ਦੀ ਆਮਦ ਨਾਲ ਸਾਡੇ ਸਮਾਜਕ ਅਤੇ ਰਾਜਨੀਤਕ ਖੇਤਰ ਕਾਫੀ ਬਦਲਾਓ ਆਇਆ। ਅੰਗ੍ਰੇਜ਼ਾਂ ਨੇ ਭਾਰਤ ਵਿਚ ਆਪਣੇ ਰਾਜ ਦੀਆਂ ਜੜ੍ਹਾਂ ਪੱਕੀਆਂ ਕਰਨ ਲਈ ਭਾਰਤ ਵਿਚ ਕੁਝ ਵਿਸ਼ੇਸ਼ ਕਦਮ ਵੀ ਚੁੱਕੇ। ਅੰਗ੍ਰੇਜ਼ੀ ਰਾਜ ਦੀ ਸਥਾਪਤੀ ਪਿੱਛੋਂ ਭਾਰਤ ਵਿਚ ਵਿੱਦਿਆ ਪ੍ਰਣਾਲੀ ਵਿਚ ਤਬਦੀਲੀ ਤਹਿਤ 1781 ਵਿਚ ਕਲਕੱਤਾ ਵਿਚ ਮਦਰਸਾ ਕਾਇਮ ਕੀਤਾ। 1792 ਵਿਚ ਡੰਕਨ ਨੇ ਬਨਾਰਸ ਵਿਚ ਸੰਸਕ੍ਰਿਤ ਵਿਦਿਆਲੇ ਜਾਰੀ ਕਾਤਾ। 1815 ਵਿਚ ਪ੍ਰਾਈਵੇਟ ਅਦਾਰਿਆਂ ਵੱਲੋਂ ਸਿੱਖਿਆ ਖੇਤੱਰ ਵਿਚ ਕੰਮ ਕਰਨ ਦੀ ਆਗਿਆ ਦੇ ਦਿੱਤੀ ਗਈ। 1857 ਵਿਚ ਕਲਕੱਤਾ, ਮਦਰਾਸ ਅਤੇ ਬੰਬਈ ਵਿਚ ਯੂਨੀਵਰਸਿਟੀਆਂ, ਖੁੱਲ੍ਹਣ ਨਾਲ ਉਚੇਰੀ ਵਿੱਦਿਆ ਸ਼ੁਰੂ ਹੋ ਗਈ।

## ਪੰਜਾਬੀ ਭਾਸ਼ਾ ਦਾ ਜਨਮ :-

ਪੰਜਾਬ ਵਿਚ ਵੀ ਇਸ ਪ੍ਰਕਾਰ ਦੀ ਵਿੱਦਿਆ ਪ੍ਰਣਾਲੀ ਨੇ ਜ਼ੋਰ ਫੜਿਆ। 1856 ਵਿਚ ਪੰਜਾਬ ਵਿਚ ਵਿੱਦਿਅਕ ਮਹਿਕਮਾ ਕਾਇਮ ਹੋਇਆ। ਜਿਸ ਦੇ ਪਹਿਲੇ ਡਾਇਰੈਕਟਰ ਈ. ਡੀ. ਆਰਨਲਡ ਸਨ। 1864 ਈ. ਵਿਚ ਗਵਰਨਮੈਂਟ ਕਾਲਜ ਲਾਹੌਰ ਅਤੇ 1875 ਵਿਚ ਮਹਿੰਦਰਾ ਕਾਲਜ ਪਟਿਆਲਾ ਕਾਇਮ ਹੋਵੇ। 1833 ਵਿਚ ਇੰਡੀਆ ਐਕਟ ਦੁਆਰਾ ਨੂੰ ਧਰਮ ਪ੍ਰਚਾਰ ਦੀ ਖੁੱਲ੍ਹ ਮਿਲ ਗਈ। ਇਸ ਨਾਲ ਭਾਰਤ ਵਿਚ ਮਿਸ਼ਨਰੀਆਂ ਦਾ ਇਕ ਤਰ੍ਹਾਂ ਨਾਲ ਹੜ੍ਹ ਜਿਹਾ ਹੀ ਆ ਗਿਆ। ਪੰਜਾਬ ਅੰਦਰ 1849 ਤੋਂ ਬਾਅਦ ਸਿੱਖ ਰਾਜ ਦੀ ਅਰਾਜਕਤਾ ਮਗਰੋਂ ਇਕ ਸਥਾਈ ਸਰਕਾਰ ਕਾਇਮ ਹੋਣ ਨਾਲ ਅੰਗ੍ਰੇਜ਼ ਰਾਜ ਨੇ ਆਪਣੇ ਰਾਜ ਪ੍ਰਬੰਧ, ਕਾਨੂੰਨ ਅਤੇ ਵਿੱਦਿਅਕ ਪ੍ਰਣਾਲੀ ਵਿਚ ਕਈ ਪ੍ਰਕਾਰ ਦੀਆਂ ਤਬਦੀਲੀਆਂ ਲਿਆਂਦੀਆਂ। ਤਾਂ ਜੋ ਪੰਜਾਬ ਦੇ ਲੋਕਾਂ ਦੀ ਨਵੀਂ ਸਰਕਾਰ ਨਾਲ ਹਮਦਰਦੀ ਉਜਾਗਰ ਹੋ ਜਾਵੇ। ਇਹ ਮਹਿਸੂਸ ਹੋਵੇ ਕਿ ਨਵੀਂ ਸਰਕਾਰ ਲੋਕਾਂ ਦੀ ਭਲਾਈ ਲਈ ਕਾਇਮ ਹੋਈ ਹੈ। 1849 ਵਿਚੋਂ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਈਸਾਈਆਂ ਦੇ ਸਕੂਲ ਅਤੇ ਕਾਲਜ ਕਾਇਮ ਹੋਏ।ਇਸ ਨਾਲ ਗੈਰ ਈਸਾਈ ਸੰਸਥਾਵਾਂ ਵਿਚ ਵੀ ਚੇਤਨਾ ਪੈਦਾ ਹੋਈ। ਇਸ ਨਾਲ ਧਰਮ ਅਤੇ ਸਾਹਿਤ ਤੇ ਬਹੁਤ ਪ੍ਰਭਾਵ ਪਿਆ। ਪੰਜਾਬ ਦੇ ਲੋਕ ਹੌਲੇ ਹੋਲੇ ਧਰਮ ਪਰਿਵਰਤਨ ਦੀ ਭਾਵਨਾ ਜਾਗਣ ਲੱਗੀ। ਜਿਸ ਵਿਚ ਨੌਜਵਾਨਾਂ ਦਾ ਝੁਕਾਅ ਕੁਝ ਜ਼ਿਆਦਾ ਹੀ ਸੀ। ਪੰਜਾਬ ਦੇ ਸਿਆਣੇ ਲੋਕਾਂ ਨੂੰ ਇਹ ਚੰਗਾ ਨਾ ਲੱਗਿਆ। ਕਿਉਂਕਿ ਕੁਝ ਸਿੱਖ ਅਤੇ ਹਿੰਦੂ ਨੌਜਵਾਨਾਂ ਨੇ ਲਾਹੌਰ ਵਿਖੇ ਈਸਾਈ ਮੱਤ ਗ੍ਰਹਿਣ ਕਰ ਗਏ। ਸਿਆਣੇ ਧਾਰਮਿਕ ਵਿਦਵਾਨਾਂ ਦੇ ਯਤਨਾਂ ਨਾਲ ਈਸਾਈ ਮੱਤ ਗ੍ਰਹਿਣ ਕਰ ਚੁੱਕੇ ਨੌਜਵਾਨਾਂ ਨੂੰ ਦੁਬਾਰਾ ਆਪਣੇ ਆਪਣੇ ਧਰਮ ਵਿਚ ਵਾਪਿਸ ਲਿਆਂਦਾ ਗਿਆ।

## ਪੰਜਾਬੀ ਭਾਸ਼ਾ ਦਾ ਵਿਕਾਸ :-

ਇਸ ਦੇ ਪ੍ਰਤੀਕਰਮ ਵਜੋਂ ਪੰਜਾਬ ਅੰਦਰ ਕਈ ਲਹਿਰਾਂ ਨੇ ਜਨਮ ਲਿਆ। ਜਿਨ੍ਹਾਂ ਵਿਚ 1873 ਵਿਚ ਸਿੰਘ ਸਭਾ ਲਹਿਰ ਕਾਇਮ ਹੋਈ, ਜਿਸ ਦਾ ਮੰਤਵ ਸਿੱਖ ਧਰਮ ਨੂੰ ਸ਼੍ਰੇਸ਼ਟ ਸਿੱਖ ਧਰਮ ਦੇ ਅਸੂਲਾਂ ਵੱਲ ਮੋੜਨਾ, ਕੁਰੀਤੀਆਂ ਅਤੇ ਕੁਰਹਿਤਾ ਨੂੰ ਤਿਆਗ ਕੇ ਨਿਰੋਲ ਸਿੱਖ ਮਰਿਆਦਾ ਨੂੰ ਕਾਇਮ ਕਰਨਾ ਸੀ। ਸਿੰਘ ਸਭਾ ਦੇ ਮੋਢੀ ਪ੍ਰੋਫੈਸਰ ਗੁਰਮੁਖ ਸਿੰਘ ਨੇ ਓਰੀਐਂਟਲ ਕਾਲਜ ਲਾਹੌਰ ਵਿਚ ਪੰਜਾਬੀ ਦੀ ਪੜ੍ਹਾਈ ਸ਼ੁਰੂ ਕਰਵਾਉਣ ਵਿਚ ਸਫਲ ਹੋ ਗਏ। 1877 ਵਿਚ ਲਾਹੌਰ ਵਿਖੇ ਆਰੀਆ ਸਮਾਜ ਦੀ ਸਥਾਪਨਾ ਹੋਈ। 1855 ਵਿਚ ਅੰਜੁਮਨ-ਇ-ਹਮਾਇਤ-ਏ-ਇਸਲਾਮ ਸਥਾਪਿਤ ਹੋਏ। 1895 ਵਿਚ ਸਨਾਤਨ ਧਰਮ ਦੀ ਸਥਾਪਨਾ ਹੋਈ। ਇਨ੍ਹਾਂ ਸਾਰੀਆਂ ਲਹਿਰਾਂ ਦਾ ਮੁੱਖ ਮੰਤਵ ਇਹ ਹੀ ਸੀ ਕਿ ਆਪਣੇ-ਆਪਣੇ ਧਾਰਮਿਕ ਅਸੂਲਾਂ ਦਾ ਪ੍ਰਚਾਰ ਕਰਨਾ। ਇਸ ਦੇ ਨਾਲ ਹੀ ਆਪਣੇ ਆਪਣੇ ਧਰਮ ਦੇ ਪ੍ਰਚਾਰ ਲਈ ਮਾਸਕ ਪੱਤਰ ਵੀ ਜਾਰੀ ਹੋਏ।

ਇਸ ਕਾਲ ਦਾ ਇਤਿਹਾਸਕ, ਰਾਜਨੀਤਕ ਅਤੇ ਸੰਸਕ੍ਰਿਤਕ ਅਧਿਐਨ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਪੰਜਾਬੀ ਸਾਹਿਤ ਦਾ ਇਨ੍ਹਾਂ ਲਹਿਰਾਂ ਦੇ ਨਾਲ-ਨਾਲ ਵਿਕਾਸ ਹੁੰਦਾ ਗਿਆ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਛੁੱਟ ਪੰਜਾਬੀ ਬੋਲੀ ਅਤੇ ਸੱਭਿਆਚਾਰ ਦੇ ਵਿਕਾਸ ਹੇਤੂ ਪਟਿਆਲਾ ਵਿਖੇ ਪੰਜਾਬੀ ਅਤੇ ਅੰਮ੍ਰਿਤਸਰ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਇਮ ਹੋਈਆਂ। ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਕਾਸ ਦੇ ਨਵੇਂ ਰਾਹ ਖੁੱਲ੍ਹ ਗਏ।

ਉਪਰੋਕਤ ਲੰਬੀ ਭੂਮਿਕਾ ਦਾ ਮਨੋਰਥ ਇਹ ਹੈ ਕਿ ਇਸ ਕਾਲ ਦੇ ਸਾਹਿਤ ਬਾਰੇ ਜਾਣਕਾਰੀ ਪ੍ਰਾਪਤ ਕਰਨ ਤੋਂ ਪਹਿਲਾ ਉਸ ਰਾਜਨੀਤਕ, ਸਮਾਜਿਕ ਅਤੇ ਸੱਭਿਆਚਾਰਿਕ ਪਿਛੋਕੜ ਵਿਚ ਕੰਮ ਕਰ ਰਹੀਆਂ। ਉਨ੍ਹਾਂ ਰੁਚੀਆਂਤੋਂ ਵਾਕਫ ਹੋਇਆ ਜਾਵੇਂ। ਜੋ ਉਸ ਵੇਲੇ ਦੇ ਸਾਹਿਤ ਦਾ ਮੂਲ-ਸਰੋਤ ਬਣਦੀਆਂ ਹਨ।

ਕਿਸੇ ਨਾਲ ਦੇ ਸਾਹਿਤ ਨੂੰ ਸਮਝਣ ਲਈ ਉਸ ਦੇ ਸਮਕਾਲੀ ਸਮਾਜਕ ਅਤੇ ਰਾਜਸੀ ਵਾਤਵਰਣ ਦਾ ਅਧਿਐਨ ਕੀਤਾ ਜਾਵੇ। ਸਾਨੂੰ ਸਾਹਿਤ ਕਿਸ ਨੂੰ ਆਖਦੇ ਇਸ ਬਾਰੇ ਵਿਚਾਰ ਜ਼ਰੂਰੀ ਹੈ।

## ਸਾਹਿਤ :-

ਭਾਸ਼ਾ ਦਾ ਪਹਿਲਾ ਮਹੱਤਵਪੂਰਣ ਪੱਧਰ ਉਚਾਰਣ ਹੁੰਦਾ ਹੈ ਅਤੇ ਇਸ ਦਾ ਦੂਜਾ ਮਹੱਤਵਪੂਰਣ ਪੱਧਰ ਲਿਖਤ ਹੈ। ਲਿਖੱਤ ਪੱਧਰ ਵੀ ਦੋ ਪ੍ਰਕਾਰ ਦੇ ਹਨ। ਇਕ ਆਮ ਲਿਖਤ ਜਿਸ ਦੀ ਸਦੀਵੀ ਕੀਮਤ ਨਾ ਹੋਵੇ ਜਿਵੇਂ ਚਿੱਠੀ-ਪੱਤਰ, ਅਖ਼ਬਾਰਾਂ ਤੇ ਰਸਾਲੇ ਆਦਿ। ਦੂਸਰੀ ਤਰ੍ਹਾਂ ਦੀ ਲਿਖਤ ਜਿਸ ਦੀ ਕੀਮਤ ਸਦੀਵੀ ਹੋਵੇ ਅਤੇ ਅਟੱਲ ਸੱਚਾਈ ਦੀ ਧਾਰਨੀ ਹੋਵੇ। ਅਟੱਲ ਸੱਚਾਈਆਂ ਦੇ ਅਧਾਰਤ ਲਿਖਤਾਂ ਸਾਹਿਤ ਦੇ ਘੇਰੇ ਵਿਚ ਆਉਂਦੀਆਂ ਹਨ ਕਿਉਂਕਿ ਸਾਹਿਤ ਸਮਾਜ ਦਾ ਦਰਪਨ ਹੈ। ਸਾਹਿਤ ਵਿਚ ਮਨੁੱਖ ਦੇ ਹਿੱਤਾਂ ਦਾ ਸੰਪਾਦਨ ਹੁੰਦਾ ਹੈ। ਸਾਹਿਤ ਦੇ ਨਾਲਚੀਜ਼ਾਂ ਸੁੰਦਰ ਤੇ ਮਨੋਹਰ ਪ੍ਰਤੀਤ ਹੁੰਦੀਆਂ ਹਨ। ਕਿਉਂਕਿ ਹੈਨਰੀ ਹਡਸਨ ਅਨੁਸਾਰ ਸਾਹਿਤ ਮੂਲ ਰੂਪ ਵਿਚ ਭਾਸਾ ਦੇ ਮਾਧਿਅਮ ਦੁਆਰਾ ਜੀਵਨ ਦੀ ਅਭਿਵਿਅਕਤੀ ਹੈ।

## ਪੰਜਾਬੀ ਸਾਹਿਤ ਦੀ ਵਿਸ਼ੇਸ਼ਤਾ :-

ਪੰਜਾਬੀ ਭਾਸ਼ਾ ਵਿਚ ਮੌਖਿਕਤਾ ਹੈ। ਜਦੋਂ ਮਨੁੱਖ ਜਨਮ ਲੈਂਦਾ ਹੈ ਤਾਂ ਭਾਸ਼ਾ ਦਾ ਜਨਮ ਵੀ ਮਨੁੱਖ ਦੇ ਜਨਮ ਨਾਲ ਹੀ ਹੁੰਦਾ ਹੈ ਤਾਂ ਉਹ ਹੌਲੀ-ਹੌਲੀ ਮੌਖਿਕ ਰੂਪ ਵਿਚ ਹੀ ਆਪਣੇ ਵੱਡੇ ਵਡੇਰਿਆਂ ਤੋਂ ਸਿੱਖਦਾ ਹੈ। ਭਸ਼ਾ ਪਰਿਵਰਤਨਸ਼ੀਲ ਹੈ। ਸਮੇਂ ਅਨੁਸਾਰ ਨਵੇਂ ਸ਼ਬਦ ਘੜ ਲਏ ਜਾਂਦੇ ਹਨ। ਪੰਜਾਬੀ ਸਾਹਿਤ ਵਿਚ ਅਨੇਕਾਂ ਸ਼ਬਦ ਆਏ ਦੂਜੀਆਂ ਭਾਸ਼ਾਵਾਂ ਤੋਂ ਸ਼ਬਦ ਆਏ ਹਨ। ਉਹ ਹੁਣ ਪੰਜਾਬੀ ਦੇ ਭਾਸ਼ਾ ਦੇ ਆਪਣੇ ਹੀ ਬਣੇ ਹੋਏ ਸ਼ਬਦ ਲਗਦੇ ਹਨ। ਗੁਰੂ ਕਾਲ ਦੀ ਭਾਸ਼ਾ ਅਤੇ ਅੱਜ ਦੀ ਭਾਸ਼ਾਵਿਚ ਅੰਤਰ ਵਖਾਈ ਦੇਵੇਗਗਾ। ਭਾਸ਼ਾ ਕੋਈ ਅਸ਼ੁਧ ਨਹੀਂ ਹੁੰਦੀ ਕੋਈ ਸ਼ਬਦ, ਵਾਕ, ਮੁਹਾਵਰੇ ਤੇ ਸ਼ੁਧ ਜਾਂ ਅਸ਼ੁਧ ਹੋ ਸਕਦੇ ਹਨ।

ਭਾਸ਼ਾ ਵਿਚ ਚਿੰਨ੍ਹ ਦੇ ਚਿਹਨਤਾ ਦੀ ਬਣਤਰ ਨਿਸ਼ਚਤ, ਧੁਨੀਆਂ ਨਾਲ ਕੀਤੀ ਜਾਂਦੀ ਹੈ। ਇਹ ਚਿੰਨ੍ਹ ਨਿਸ਼ਚਿਤ ਨਿਯਮਾਂ ਅਨੁਸਾਰ ਹੀ ਉਚਾਰ ਜਾਂਦੇ ਹਨ। ਜਿਵੇਂ—ਜੀਭੀ-ਨਾਸਕੀ ਵਿਅੰਜਣ—ਙ, ਞ, ਦ, ਨ ਅਤੇ

ਨੋਟ

ਬਹੁਤ ਸਾਰ ਅੱਖਰ, ਉਚਾਰਣ ਵੇਲੇ ਬੁੱਲਾਂ ਦਰਮਿਆਨ ਵਾਪਰਦੀ ਧੁੰਨੀਆਤਮਕ ਪ੍ਰਕਿਰਿਆ ਦੇ ਵੀ ਸ਼ਬਦ ਹਨ। ਇਹ ਅੱਖਰ ਹਨ, ਅ, ਆ, ਈ, ਏ, ੳ, ਆਦਿ। ਕਿਸੇ ਵਿਦਿਵਾਨ ਨੇ ਕਿਹਾ ਹੈ ਕਿ 'ਭਾਸ਼ਾ ਸਮਾਜ ਦਾ ਦਰਪਣ ਹੈ।' ਕੋਈ ਮਨੁੱਖ ਸਮਾਜ ਵਿਚ ਦਿਸਦੇ ਸੰਸਾਰ ਨੂੰ ਕਿਵੇਂ ਵੇਖਦਾ ਹੈ। ਇਹ ਉਸ ਦੀ ਭਾਸ਼ਾ ਦੇ ਸ਼ਬਦਾਂ ਤੋਂ ਸਪੱਸ਼ਟ ਹੁੰਦਾ ਹੈ। ਇਹ ਵਿਸ਼ੇਸ਼ਤਾ ਭਾਸ਼ਾ ਦੀ ਮਹੱਤਵਪੂਰਮ ਹੈ। ਜੇਕਰ ਕਿਸੇ ਮਸਾਜ ਨੂੰ ਸਮਝਣਾ ਹੋਵੇ ਤਾਂ ਉਸ ਸਮਾਜ ਦੀ ਭਾਸ਼ਾ ਨੂੰ ਸਮਝਣਾ ਬਹੁਤ ਹੀ ਜ਼ਰੂਰੀ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਭਾਸ਼ਾ ਇਕ ਅਜਿਹਾ ਮਾਧਿਅਮ ਹੈ। ਜਿਸ ਰਾਹੀਂ ਇਕ ਵਿਅਕਤੀ ਆਪਣੇ ਵਿਚਾਰ ਪੇਸ਼ ਕਰਦਾ ਹੈ। ਭਾਸ਼ਾ ਇਕ ਥਾਂ ਹੀਂ ਤੇ ਨਾ ਰਹਿਕੇ ਪੀੜ੍ਹੀ ਦਰ ਪੀੜ੍ਹ ਅਗਾਂਹ ਨੂੰ ਚੱਲਦੀ ਹੈ।

1. ਪੰਜਾਬੀ ਭਾਸ਼ਾ ਪੰਜਾਬ ਦੇ ਲੋਕਾਂ ਦੀ ਭਾਸ਼ਾ ਹੈ। ਪੰਜਾਬੀ ਭਾਸ਼ਾ ਸਿੱਧੀ ਤੇ ਸਰਲ ਹੈ। ਉਸ ਵਿਚ ਕੋਈ ਵਿੰਘ ਟੇਢ ਨਹੀਂ। ਜੇ ਅਸੀਂ ਉਰਦੂ ਵਿਚ ਕਿਸੇ ਵਿਅਕਤੀ ਨੂੰ ਬੈਠਣ ਲਈ ਕਹਿਣਾ ਹੋਵੇ ਤਾਂ ਅਸੀਂ ਇਸ ਤਰ੍ਹਾਂ ਕਹਾਂਗੇ:—

"ਆਈਏ ਜਨਾਬ, ਤਸ਼ਰੀਫ ਰਖੀਏ।" ਪਰ ਪੰਜਾਬ ਭਾਸ਼ਾ ਇਹੋ ਗੱਲ ਅਸੀਂ ਕਹਾਂਗੇ— "ਬੈਠ ਭਰਾਵਾ"। ਪੰਜਾਬੀ ਭਾਸ਼ਾ ਇਸ ਕਰਕੇ ਵੀ ਵਿਸ਼ੇਸ਼ ਹੈ ਕਿ ਹਾਸਾ, ਮਜ਼ਕਾ, ਠੱਠਾ, ਗਮੀ, ਖੁਸ਼ੀ, ਬਹਾਦਰੀ, ਆਦਿ ਹਰ ਸੰਵੇਗ ਨਾਲ ਭਰਪੂਰ ਹੈ। ਜ਼ਿੰਦਗੀ ਦਾ ਹਰ ਪੱਖ ਇਸ ਵਿਚ ਬਹੁਤ ਚੰਗੀ ਤਰ੍ਹਾਂ ਪ੍ਰਗਟਾਇਆ ਜਾ ਸਕਦਾ ਹੈ। ਇਸ ਵਿਚ ਵਗ੍ਹਦੇ ਪਾਣੀ ਵਰਗੀ ਰਵਾਨਗੀ ਹੈ। ਪੰਜਾਬੀ ਦਾ ਸਾਹਿਤ 'ਮਾਖਿਓ ਮਿੱਠਾ ਹੈ। ਪੰਜਾਬੀ ਸਾਹਿਤ ਵਿਚ ਸਿੱਖਾਂ ਨਾਲੋਂ ਵਧੇਰੇ ਸਾਹਿਤ ਦੀ ਰਚਨਾ, ਹਿੰਦੂ ਅਤੇ ਮੁਸਲਮਾਨਾ ਵਿਦਿਵਾਨਾਂ ਨੇ ਕੀਤੀ ਹੈ, ਜਿਵੇਂ ਧਨੀ ਰਾਮ ਚਾਤ੍ਰਿਕ, ਲਾਲਾ ਬਿਹਾਰੀ ਲਾਲ, ਸ਼ਰਧਾ ਰਾਮ ਫਿਲੌਰੀ, ਵਾਰਸ਼ਾਹ ਸ਼ਾਹ ਮੁਹੰਮਦ, ਬੁੱਲ੍ਹੇ ਸ਼ਾਹ, ਆਦਿ।

ਸ਼ਰਫ ਜਿਹੇ ਕਵੀਆਂ ਨੇ 'ਪੰਜਾਬ' ਨੂੰ ਗੁਲਾਬਦੇ ਫੁੱਲ ਨਾਲ ਤੁਲਨਾ, ਹੇਠ ਲਿਖੇ ਅਨੁਸਾਰ ਕੀਤੀ ਹੈ :-

ਫੁੱਲਾਂ ਵਿਚੋਂ ਫੁੱਲ ਗੁਲਾਬ ਨੀ ਸਹੀਓ।

ਦੇਸ਼ਾਂ ਵਿਚੋਂ ਦੇਸ਼ ਪੰਜਾਬ ਨੀ ਸਹੀਓ।

ਲੋਕ ਗੀਤਾਂ ਵਿਚ ਸਿੱਧੇ ਸਰਲ ਅਤੇ ਸਪੱਸ਼ਟ ਗੱਲਾਂ ਬਹੁਤ ਮਿਲਦੀਆਂ ਹਨ। ਪਤਨੀ ਦਾ ਪਤੀ ਲਾਮ ਤੇ ਗਿਆਹੈ। ਉਹ ਯਾਦ ਕਰਕੇ ਰੋਂਦੀ ਹੈ ਪਰ ਕਿਵੇਂ:—

"ਪਤਨੀ ਸਿਪਾਹੀ ਦੀ ਰੋਂਦੀ ਧੂੰਏਂ ਦਾ ਪੱਜ ਲਾ ਕੇ।"

ਇਸ ਭਾਰਤ ਦੀ ਆਜ਼ਾਦੀ ਲਈ ਗਾਂਧੀ ਨੇ ਸਵਦੇਸ਼ੀ ਕੱਪੜਿਆਂ ਦਾ ਬਾਈਕਾਟ ਕੀਤਾ। ਜਿਸ ਤੇ ਅੰਗਰੇਜ਼ਾਂ ਨੇ ਮਹਾਤਮਾ ਗਾਂਧੀ ਨੂੰ ਕੈਦ ਕਰ ਦਿੱਤਾ। ਇਸ ਨੂੰ ਵੀ ਪੰਜਾਬੀ ਲੋਕਾਂ ਨੇ ਗੀਤਾਂ ਵਿਚ ਇਸ ਤਰ੍ਹਾਂ ਕਿਹਾ:-

"ਸਾਨੂੰ ਦੇ ਗਿਆ ਖੱਦਰ ਦਾ ਬਾਣਾ,

ਆਪ ਗਾਂਧੀ ਕੈਦ ਹੋ ਗਿਆ।"

ਪੰਜਾਬੀ ਭਾਸ਼ਾ ਵਿਚ ਸੁਰਾਂ ਦੀ ਮਹੱਤਤਾ ਖਾਸ ਹੈ। ਵਾਕ ਦੀ ਤਰਤੀਬ ਬਦਲਦਿਆਂ ਇਸ ਦੇ ਅਰਥ ਵੀ ਬਦਲ ਜਾਂਦੇ ਹਨ। ਜਿਵੇਂ ਹੇਠ ਲਿਖੇ ਵਾਕਾਂ ਤੋਂ ਦੇਖਿਆ ਜਾ ਸਕਦਾ ਹੈ:-

ਮੈਂ ਤੈਨੂੰ ਦੱਸਾਂਗਾ।

ਤੈਨੂੰ, ਮੈਂ ਦੱਸਾਂਗਾ,

ਦੱਸਾਂਗਾ, ਮੈਂ ਤੈਨੂੰ?

ਦੱਸਾਂਗਾ ਤੈਨੂੰ, ਮੈਂ!

ਇਨ੍ਹਾਂ ਚਾਰਾਂ ਵਾਕਾਂ ਵਿਚ ਗੱਲਾਂ ਤਾਂ ਇਕੋ ਹੀ ਕਿ ਉਹ ਕੀ ਕਹਿਣਾ ਚਾਹੁੰਦਾ ਹੈ ਪਰ ਉਹ ਕਿਸੇ ਅੰਦਾਜ਼ ਵਿਚ ਕਹਿ ਰਿਹਾ ਹੈ ਇਹ ਗੱਲ ਸੱਪਸ਼ਟ ਹੈ, ਕਿਉਂਕਿ ਸ਼ਬਦ ਤਾਂ ਉਹੀ ਹਨ ਕੇਵਲ ਤਰਤੀਬ ਦੀ ਬਦਲ ਗਈ ਹੈ। ਤਰਤੀਬ ਬਦਲਣ ਨਾਲ ਭਾਵ ਵੀ ਬਦਲ ਗਏ।

ਇੰਝ ਪੰਜਾਬੀ ਭਾਸ਼ਾ ਦੀ ਆਪਣੀ ਬੌਧਿਕ ਪ੍ਰਗਟਾਅ ਦੀ ਸਮਰੱਥਾ ਹੈ। ਅਜੋਕੇ ਸਮੇਂ ਵਿਚ ਪੰਜਾਬੀ ਭਾਸ਼ਾ, ਸਚਮੁਚ ਹੀ ਇਕ ਮਹਾਨ ਭਾਸ਼ਾ ਹੈ ਜਿਸ ਵਿਚ ਆਧੁਨਿਕ ਕਾਲ ਵਿਚ ਮਨੁੱਖ ਦੀ ਪਲ-ਪਲ ਬਦਲ

ਰਹੀ ਜ਼ਿੰਦਗੀ ਦੇ ਹਰ ਭਾਵ ਨੂੰ ਪ੍ਰਗਟ ਕੀਤਾ ਜਾ ਸਕਦਾ ਹੈ। ਇਸ ਲਈ ਸਾਨੂੰ ਆਪਣੀ ਪੰਜਾਬੀ ਭਾਸ਼ਾ ਉੱਪਰ ਮਾਣਹੈ। ਇਹੋ ਤਾਂ ਇਕ ਮਹਾਨ ਵਿਸ਼ੇਸ਼ਤਾ ਹੈ।

## ਉੱਤਰ ਮਾਲਾ : ਸਵੈ ਮੁਲਾਂਕਣ

1. ਪੰਜਾਬੀ ਸਾਹਿਤ ਦੇ ਪਿਛੋਕੜ ਬਾਰੇ ਵਿਚਾਰ ਆਪਣੇ ਸ਼ਬਦਾਂ ਵਿਚ ਲਿਖੋ.
2. ਪੰਜਾਬੀ ਭਾਸ਼ਾ ਤੋਂ ਕੀ ਭਾਵ ਹੈ, ਵਿਚਾਰ ਲਿਖੋ?
3. ਪੰਜਾਬੀ–ਭਾਸ਼ਾ ਦੀ ਵਿਸ਼ੇਸ਼ਤਾ ਕੀ ਹੈ?

•••

ਨੋਟ

# ਅਧਿਆਏ-18 : ਭਾਸ਼ਾ ਤੇ ਪੰਜਾਬੀ ਭਾਸ਼ਾ

## (Language and Punjabi Language)

***ਵਿਸ਼ਾ-ਵਸਤੂ (Contents)***

1. ਭਾਸ਼ਾ ਦਾ ਅਰਥ
2. ਭਾਸ਼ਾ ਦੇ ਰੂਪ
3. ਪੰਜਾਬੀ ਭਾਸ਼ਾ ਦੀ ਉਤਪਤੀ ਤੇ ਵਿਕਾਸ
4. ਪੰਜਾਬ ਅਤੇ ਪੰਜਾਬੀ ਦਾ ਨਾਮਕਰਣ
5. ਪੰਜਾਬੀ ਭਾਸ਼ਾ ਦੀ ਵਿਸ਼ੇਸ਼ਤਾ
6. ਉੱਤਰ ਮਾਲਾ : ਸਵੈ ਮੁਲਾਂਕਣ

**ਭਾਸ਼ਾ :-**

ਮਨੁੱਖ ਭਾਸ਼ਾ ਤੋਂ ਬਿਨਾ ਅਧੂਰਾ ਹੈ। ਭਾਸ਼ਾ ਹੀ ਇਕ ਐਸਾ ਸਾਧਨ ਹੈ ਜੋ ਸਮਾਜ ਵਿਚ ਮਨੁੱਖ ਨੂੰ ਮਨੁੱਖ ਨਾਲ ਜੋੜੀ ਰੱਖਣ ਲਈ ਸਹਾਈ ਹੁੰਦਾ ਹੈ। ਭਾਸ਼ਾ ਰਾਹੀਂ ਹੀ ਮਨੁੱਖ ਨੇ ਸੰਸਾਰ ਵਿਚ ਆਪਣੀ ਪਹਿਚਾਣ ਬਣਾਈ ਹੈ। ਭਾਸ਼ਾ ਮਾਨਵ ਜਾਤੀ ਲਈ ਇਕ ਮਹੱਤਵਪੂਰਣ ਪ੍ਰਾਪਤੀ ਹੈ। ਭਾਸ਼ਾ ਤੋਂ ਬਿਨਾ ਮਨੁੱਖੀ ਸੰਸਾਰ ਅਪੂਰਣ ਹੁੰਦਾ ਹੈ। ਈਸਾਈਆਂ ਦੇ ਮੱਤ ਅਨੁਸਾਰ—"ਪ੍ਰਮਾਤਮਾ ਨੇ ਬਾਬਾ ਆਦਮ ਨੂੰ ਸੰਸਾਰਕ ਸ਼ਕਤੀਆਂ ਨੂੰ ਘਾੜਨ ਦੀ ਸ਼ਕਤੀ ਬਖਸ਼ੀ। ਇਸੇ ਤਰ੍ਹਾਂ ਮਿਸਰ ਦੇ ਦੇਵਤੇ ਤੋਥ ਨੂੰ ਉਨ੍ਹਾਂ ਦੀ ਭਾਸ਼ਾ ਦਾ ਮੋਢੀ ਮੰਨਿਆ ਜਾਂਦਾ ਹੈ।

ਭਾਸ਼ਾ ਸ਼ਬਦ ਦੀ ਉਤਪਤੀ ਸੰਸਕ੍ਰਿਤ ਦੇ ਸ਼ਬਦ ਭਾਸ਼ਾ ਤੋਂ ਹੋਈ ਹੈ। ਭਾਸ਼ਾ ਸ਼ਬਦ ਦੇ ਅਰਥ ਹਨ—ਕਹਿਣਾ, ਬੋਲਣਾ, ਸੰਬੋਧਨ ਕਰਨਾ ਆਦਿ। ਇੰਝ ਭਾਸ਼ਾ ਦਾ ਭਾਵ ਇਹ ਹੈ ਕਿ ਜਿਸ ਨਾਲ ਮਨੁੱਖ ਆਪਣੇ ਭਾਵ ਨੂੰ ਬੋਲ ਕੇ ਕਹਿੰਦੇ ਹੋਵੇ। ਇਸੇ ਤਰ੍ਹਾਂ ਅੰਗ੍ਰੇਜ਼ੀ ਵਿਚ ਭਾਸ਼ਾ ਨੂੰ Language ਆਖਿਆ ਜਾਂਦਾ ਹੈ। ਮੂਲ ਰੂਪ ਵਿਚ ਭਾਸ਼ਾ ਮਨੁੱਖੀ ਵਿਚਾਰਾਂ ਦੇ ਸੰਚਾਰ ਦਾ ਮਾਧਿਅਮ ਹੈ। ਪ੍ਰਸਿੱਧ ਵਿਦਵਾਨ ਹੈਨਰੀ ਸਵੀਟ ਅਨੁਸਾਰ, "ਧੁਨੀਆਂ ਦੁਆਰਾ ਵਿਚਾਰਾਂ ਦੇ ਪ੍ਰਗਟਾਅ ਨੂੰ ਭਾਸ਼ਾ ਕਿਹਾ ਜਾਂਦਾ ਹੈ।" ਇਸੇ ਤਰ੍ਹਾਂ ਉਦੋ ਜੈਸ ਪਰਸਨ ਭਾਸ਼ਾ ਬਾਰੇ ਆਪਣੇ ਵਿਚਾਰ ਦੱਸਦਿਆਂ ਕਹਿੰਦਾ ਹੈ ਕਿ "ਭਾਸ਼ਾ ਇਕ ਮਾਨਵੀ ਕਰਮ ਹੈ ਜਿਸਦਾ ਮਨੋਰਥ ਵਿਚਾਰਾਂ ਅਤੇ ਭਾਵਾਂ ਦਾ ਸੰਚਾਰ ਕਰਨਾ ਹੈ।" ਰੋਨਾਲਡ ਅਨੁਸਾਰ—

"ਭਾਸ਼ਾ ਆਪ ਹੁਦਰੇ ਮੂੰਹ ਬੋਲੀ ਚਿੰਨਾ ਦੀ ਪ੍ਰਣਾਲੀ ਹੈ। ਜਿਸ ਨੂੰ ਮਨੁੱਖੀ ਸੰਚਾਰ ਲਈ ਵਰਤਿਆ ਜਾਂਦਾ ਹੈ।"

**(Introduction to Lingustic P.3.)**

ਡਾ. ਪ੍ਰੇਮ ਪ੍ਰਕਾਸ਼ ਸਿੰਘ—

*"ਭਾਸ਼ਾ ਮਨੁੱਖੀ ਸੰਘ ਵਿਚੋਂ ਉਚਰਿਤ ਧੁਨੀਆਂ ਦਾ ਸਮੂਹ ਹੈ।"*

ਭਾਸ਼ਾ ਦੇ ਸਮੁੱਚੇ ਤੌਰ 'ਤੇ ਦੋ ਰੂਪ ਹਨ

### (ੳ) ਬੋਲ ਚਾਲ ਦੀ ਭਾਸ਼ਾ :-

ਭਾਸ਼ਾਈ ਸਮੂਹ ਵਿਚ ਸੰਚਾਰ ਦੇ ਮਾਧਿਅਮ ਵਜੋਂ ਵਰਤੀ ਜਾਂਦੀ ਭਾਸ਼ਾ ਨੂੰ ਬੋਲ-ਚਾਲ ਦੀ ਭਾਸ਼ਾ ਕਿਹਾ ਜਾਂਦਾ ਹੈ। ਇਹ ਭਾਸ਼ਾ ਕਿਸੇ ਵਿਹਾਰੀ ਭਾਸ਼ਾ ਦਾ ਅਧਾਰ ਬਣਦੀ ਹੈ। ਇਸ ਦਾ ਉਪਯੋਗ ਘਰਾਂ, ਬਜ਼ਾਰਾਂ, ਸੱਭਿਆਚਾਰਕ ਇਕੱਠਾਂ, ਮੇਲਿਆਂ ਆਦਿ ਵਿਚ ਵਧੇਰੇ ਕੀਤਾ ਜਾਂਦਾ ਹੈ। ਇਕ ਭਾਸ਼ਾ ਲੋਕ-ਭਾਸ਼ਾ ਦੇ ਨੇੜੇ ਹੁੰਦੀ ਹੈ। ਇਸ ਵਿਚ ਸ਼ਬਦਾਵਲੀ ਦਾ ਦੁਹਰਾਓ ਵੀ ਬਹੁਤ ਹੁੰਦਾ ਹੈ। ਬੋਲ-ਚਾਲ ਭਾਸ਼ਾ ਵਿਆਕਰਨ ਨਿਯਮਾਂ ਤੋਂ ਆਜ਼ਾਦ ਹੁੰਦੀ ਹੈ।

## (ਅ) ਲਿਖਤੀ ਭਾਸ਼ਾ :-

ਬੋਲ-ਚਾਲ ਭਾਸ਼ਾ ਨਾਲੋਂ ਇਹ ਭਾਸ਼ਾ ਵਿਆਕਰਣਕ ਭਾਸ਼ਾ ਦੇ ਨਿਯਮਾਂ ਵਿਚ ਬੱਝੀ ਹੁੰਦੀ ਹੈ। ਕੋਈ ਮਨੁੱਖ ਜੇਕਰ ਆਪਣੇ ਵਿਚਾਰ ਦੂਸਰੇ ਮਨੁੱਖ ਤੱਕ ਪਹੁੰਚਾਣ ਦੀ ਕੋਸ਼ਿਸ਼ ਕਰਦਾ ਹੈ ਤਾਂ ਪਹਿਲਾਂ ਉਹ ਮਨੁੱਖ ਦੇ ਪੱਧਰ ਦਾ ਖਿਆਲ ਕਰਦਾ ਹੈ। ਉਸ ਪੱਧਰ ਦੇ ਆਧਾਰ 'ਤੇ ਢੁਕਵੇਂ ਸ਼ਬਦ ਅਤੇ ਵਿਸ਼ਰਾਮਾਂ ਦਾ ਧਿਆਨ ਰੱਖ ਕੇ ਉਨ੍ਹਾਂ ਪਾਠਕਾਂ ਤੱਕ ਆਪਣੇ ਵਿਚਾਰ ਪਹੁੰਚਾਣ ਦੀ ਕੋਸ਼ਿਸ਼ ਕਰਦਾ ਹੈ।

(ੲ) ਇਸ ਤੋਂ ਇਲਾਵਾ ਭਾਸ਼ਾ ਦਾ ਪਹਿਲਾ ਰੂਪ ਗੂੰਗੀ ਭਾਸ਼ਾ ਸੀ। ਮਨੁੱਖ ਜਥਾ ਮੁੱਢਲੇ ਰੂਪ ਵਿਚ ਜਦੋਂ ਆਪਣੇ ਖੁਸ਼ੀ-ਗਮੀ ਦੇ ਹਾਵ-ਭਾਵ ਦੂਸਰੇ ਨੂੰ ਦੱਸਣ ਲਈ ਨੱਚਕੇ, ਟੱਪਕੇ, ਸੈਨਤਾ ਨਾਲ ਦੱਸਦਾ ਸੀ। ਇਸ ਨੂੰ ਅਸੀਂ ਗੂੰਗੀ ਭਾਸ਼ਾ ਵੀ ਕਹਿੰਦੇ ਹਨ। ਜਿਵੇਂ ਮੁੱਢਲਾ ਮਨੁੱਖ ਪ੍ਰਾਕ੍ਰਿਤੀ ਦੀ ਗੋਦ ਵਿਚ ਦਿਨ ਰਾਤ ਖੇਡਦਾ ਸੀ, ਸੂਰਜ ਦੀ ਚੜ੍ਹਦੀ ਅਤੇ ਲਹਿੰਦੀ ਲਾਲੀ ਨੂੰ ਵੇਖਦਾ, ਪੰਛੀ ਦੀਆਂ ਸੁਰੀਲੀਆਂ ਅਵਾਜ਼ਾਂ ਅਤੇ, ਚੰਨ ਦੀ ਚਾਨਣੀ ਆਦਿ ਦੀਆਂ ਉਸ ਉੱਪਰ ਅਸਰ ਕਰਦੀਆਂ ਤਾਂ ਉਹ ਆਪਣੇ ਜਜ਼ਬਿਆਂ ਨੂੰ ਨੱਚ-ਟੱਪ ਕੇ ਸੈਨਤਾ ਰਾਹੀਂ ਦਰਸਾਉਣ ਦੀ ਕੋਸ਼ਿਸ਼ ਕਰਦਾ। ਇਸ ਲਈ ਮਨ ਦੇ ਭਾਵ ਪ੍ਰਗਟਾਉਣ ਲਈ ਉਸ ਦੇ ਸਰੀਰਕ ਅੰਗਾਂ ਦੇ ਇਸ਼ਾਰੇ ਸੰਪੂਰਣ ਭਾਸ਼ਾ ਦਾ ਰੂਪ ਨਹੀਂ ਸੀ ਦਿੰਦੇ। ਪਰ ਭਾਸ਼ਾ ਦਾ ਪਹਿਲਾ ਰੂਪ ਜ਼ਰੂਰ ਆਖ ਸਕਦੇ ਹਾਂ। ਖੁਸ਼ੀ ਗਮੀ ਦੀ ਪਹਿਲੀ ਚੀਖ, ਜਾਂ ਅਵਾਜ਼ ਭਾਸ਼ਾ ਦੇ ਰੂਪ ਵਿਚ ਵਿਕਸਤ ਹੁੰਦੀ ਗਈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਭਾਸ਼ਾ ਇਕ ਅਜਿਹਾ ਮਾਧਿਅਮ ਹੈ। ਜਿਸ ਰਾਹੀਂ ਇਕ ਵਿਅਕਤੀ ਆਪਣੇ ਵਿਚਾਰ ਪੇਸ਼ ਕਰਦਾ ਹੈ। ਇਹ ਇਕ ਥਾਂ ਤੇ ਨਾ ਰਹਿ ਕੇ ਪੀੜ੍ਹੀ ਦਰ ਪੀੜ੍ਹੀ ਅਗਾਂਹ ਨੂੰ ਚੱਲਦੀ ਹੈ। ਭਾਸ਼ਾ ਇਕ ਜੀਵਨ ਦਾ ਮਹੱਤਵਪੂਰਣ ਅੰਗ ਹੈ। ਭਾਸ਼ਾ ਤੋਂ ਬਿਨਾ ਵਿਅਕਤੀ ਅਧੂਰਾ ਮੰਨਿਆ ਜਾਂਦਾ ਹੈ। ਭਾਸ਼ਾ ਦਾ ਮਨੁੱਖੀ ਜੀਵਨ ਵਿਚ ਖਾਸ ਯੋਗਦਾਨ ਹੈ। ਸਧਾਰਣ ਸ਼ਬਦਾਂ ਵਿਚ ਭਾਸ਼ਾ ਇਕ ਅਜਿਹਾ ਧੁੰਨੀ ਸਮੂਹ ਹੈ ਜਿਸ ਦੇ ਉਚਾਰਣ ਜਾਂ ਲਿਪੀ ਬੱਧ ਰੂਪ ਦੁਆਰਾ ਮਨੁੱਖ ਆਪਣੇ ਭਾਵਾਂ ਦੇ ਵਿਚਾਰ ਪ੍ਰਗਟ ਕਰਦਾ ਹੈ।

## ਭਾਸ਼ਾ ਦੀ ਉਤਪਤੀ ਤੇ ਵਿਕਾਸ :-

ਭਾਸ਼ਾ ਸ਼ਬਦ ਲਾਤੀਨੀ ਭਾਸ਼ਾ ਦੇ ਅਨੁਸਾਰ ਲਿੰਗੁਆ (Lingua) ਤੋਂ ਬਣਿਆ ਹੈ। ਜਿਸਦਾ ਅਰਥ ਹੈ ਜੀਭ। ਭਾਵ ਜੀਭ ਰਾਹੀਂ ਮਨੁੱਖ ਆਪਣੇ ਮੂੰਹ ਵਿਚੋਂ ਜੋ ਭਿੰਨ-ਭਿੰਨ ਰੂਪ ਵਿਚ ਧੁੰਨੀਆਂ ਦੀ ਆਵਾਜ਼ ਨਿਕਲਦੀ ਹੈ। ਉਹ ਭਾਸ਼ਾ ਦਾ ਰੂਪ ਲੈਂਦੀ ਹੈ। ਵੇਖਿਆ ਜਾਵੇਂ ਭਾਸ਼ਾ ਜਾਂ ਬੋਲੀ ਪ੍ਰਮਾਤਮਾ ਵੱਲੋਂ ਮਨੁੱਖ ਨੂੰ ਦਿੱਤਾ ਹੋਇਆ ਵਰਦਾਨ ਹੈ। ਸ੍ਰਿਸ਼ਟੀ ਦੀ ਰਚਨਾ ਦੇ ਨਾਲ ਨਾਲ ਪ੍ਰਮਾਤਮਾ ਨੇ ਆਪਣੀਦੈਵੀ ਸ਼ਕਤੀ ਰਾਹੀਂ ਭਾਸ਼ਾ/ਬੋਲੀ ਨੂੰ ਬਣਾਇਆ ਹੈ। ਪ੍ਰਾਚੀਨ ਕਾਲ ਵਿਚ ਮਨੁੱਖ, ਪਸ਼ੂਆਂ ਅਤੇ ਪੱਛੀਆਂ ਦੀ ਤਰ੍ਹਾਂ ਜੰਗਲਾਂ ਵਿਚ ਰਹਿੰਦਾ ਸੀ। ਮਨੁੱਖ ਉਨ੍ਹਾਂ ਦੀਆਂ ਭਿੰਨ-ਭਿੰਨ ਅਵਾਜ਼ਾਂ ਦੀਆਂ ਨਕਲਾਂ ਕਰਕੇ ਧੁੰਨੀਆਂ ਦੀ ਉਤਪੱਤੀ ਹੋਈ। ਹੌਲੇ ਹੌਲੇ ਆਪਸੀ ਮੇਲ ਵੱਧਣ ਨਾਲ ਇਨ੍ਹਾਂ ਧੁੰਨੀਆਂ ਦਾ ਵਿਕਾਸ ਹੋਇਆ। ਇਸ ਤੋਂ ਬਾਅਦ ਵੱਖ-ਵੱਖ ਇਲਾਕਿਆ ਦੀਆਂ ਭਾਸ਼ਾਵਾਂ ਦਾ ਜਨਮ ਹੋਇਆ।

ਜਿਵੇਂ ਸਮੇਂ ਦਾ ਪਰਿਵਰਤਨ ਹੁੰਦਾ ਰਹਿੰਦਾ ਹੈ ਠੀਕ ਉਸੇ ਤਰ੍ਹਾਂ ਭਾਸ਼ਾ ਵੀ ਬਦਲਦੀ ਰਹਿੰਦੀ ਹੈ। ਭਾਸ਼ਾ ਤੇ ਆਲੇ ਦੁਆਲੇ ਦੇ ਵੀ ਪ੍ਰਭਾਵ ਪੈਂਦੇ ਰਹਿੰਦੇ ਹਨ। ਇਨ੍ਹਾਂ ਹਾਲਾਤ ਵਿਚ ਹੋਰ ਬੋਲੀਆਂ ਦੇ ਸ਼ਬਦ ਵੀ ਮਿਲਦੇ ਰਹਿੰਦੇ ਹਨ। ਇਸ ਤਰ੍ਹਾਂ ਭਾਸ਼ਾ ਵਿਚ ਪਰਿਵਰਤਨ ਲਗਾਤਾਰ ਹੁੰਦਾ ਰਹਿੰਦਾ ਹੈ। ਇਹ ਹੀ ਇਸਦਾ ਵਿਕਾਸ ਹੈ।

## ਪੰਜਾਬੀ ਭਾਸ਼ਾ ਦਾ ਵਿਕਾਸ :-

- ਪੰਜਾਬੀ ਭਾਸ਼ਾ ਦਾ ਜਨਮ ਅਪਭ੍ਰੰਸ਼ ਦੇ ਰੂਪ ਵਿਚ ਛੇਵੀਂ, ਸੱਤਵੀਂ ਸਦੀ ਦੇ ਸ਼ੁਰੂ ਵਿਚ ਹੋ ਚੁੱਕਾ ਸੀ।
- ਅੱਠਵੀਂ ਸਦੀ ਦੀ ਪੁਸਤਕ 'ਕਵਲਯਮਾਲਾ' ਵਿਚ ਸੋਲ੍ਹਾਂ ਭਾਸ਼ਾਵਾਂ ਦੇ ਨਮੂਨੇ ਮਿਲਦੇ ਹਨ ਜਿਨ੍ਹਾਂ ਵਿਚ ਇਕ 'ਮੱਝ ਦੇਸ਼'ਦੀ ਭਾਸ਼ਾ ਦਾ ਨਮੂਨਾ ਵੀ ਹੈ। ਪੰਜਾਬ ਰਾਵੀ ਤੋਂ ਜਮਨਾ ਤੱਕ

ਨੋਟ

ਮੰਨਿਆ ਮਿਲਦਾ ਹੈ।

- ਪੰਜਾਬੀ ਦਾ ਪਹਿਲਾ ਕਵੀ 'ਅਬਦੁਲ ਰਹਿਮਾਨ' ਮੰਨਿਆ ਜਾਂਦਾ ਹੈ। ਇਹ ਮੁਲਤਾਨ ਦਾ ਰਹਿਣ ਵਾਲਾ ਸੀ ਜਿਸ ਨੇ 1008 ਈ. ਵਿਚ 'ਸੰਨੇਯ ਰਾਸਯ' ਕਾਵਿ ਰਚਨਾ ਕੀਤੀ। ਇਹ ਕਾਲੀ ਦੀ ਸੈਨਾਦੂਤ ਵਾਂਗ ਦੁਖਿਆਰਨ ਦੀ ਭੜਾਸ ਹੈ। ਇਹ 1008 ਈ. ਦਾ ਪੰਜਾਬੀ ਭਾਸ਼ਾ ਦਾ ਨਮੂਨਾ ਹੈ।
- 'ਮਹਿਮਦੂ ਗਜ਼ਨਵੀ' ਦਾ ਪੋਤਰਾ 'ਇਬਰਾਹੀਮ' ਲਾਹੌਰ ਦਾ ਗਵਰਨਰ ਸੀ ਜਿਸ ਦੇ ਦਰਬਾਰ ਵਿਚ ਮਸਾਊਦ ਕਵੀ ਨੇ ਤਿੰਨ ਦੀਵਾਨ ਅਰਬੀ, ਫ਼ਾਰਸੀ ਅਤੇ ਹਿੰਦੀ ਵਿਚ ਲਿਖੇ।
- 'ਮਸਾਊਦ' ਦਾ ਪੁੱਤਰ 'ਅਬੂ' ਵੀ ਚੰਗਾ ਕਵੀ ਸੀ, ਉਸ ਨੇ ਕਾਵਿ ਰਰਚਨਾ ਕੀਤੀ ਪਰ ਉਹ ਉਪਲਬਧ ਨਹੀਂ ਹੈ। ਜੋ ਰਚਨਾਵਾਂ ਮਿਲਦੀਆਂ ਹਨ, ਉਨ੍ਹਾਂ ਵਿਚ ਲੇਖਕਾਂ ਦੇ ਨਾਮ ਨਹੀਂ ਹਨ।
- ਤੇਰ੍ਹਵੀਂ ਸਦੀ ਵਿਚ 'ਫ਼ਕੀਰ ਸ਼ੇਖ ਫ਼ਰੀਦ ਉਦੀਨ ਸ਼ਕਰਗੰਜ' ਦੀ ਰਚਨਾ ਸਲੋਕਾਂ ਤੇ ਸ਼ਬਦਾਂ ਦੇ ਰੂਪ ਵਿਚ ਮਿਲਦੀ ਹੈ, ਜੋ ਪੰਜਾਬੀ ਦਾ ਅਜੋਕਾ ਉੱਤਮ ਨਮੂਨਾ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਸਿ ਦਾ ਸਬੂਤ ਹੈ।

## ਪੰਜਾਬ ਅਤੇ ਪੰਜਾਬੀ ਦਾ ਨਾਮਕਰਣ

ਭਾਵੇਂ ਕਿ ਪੰਜਾਬੀ ਬੋਲੀ/ਭਾਸ਼ਾ ਦਾ ਆਰੰਭ ਆਦਿ ਕਾਲ ਤੋਂ ਹੀ ਮੰਨਿਆ ਜਾ ਸਕਦਾ ਹੈ ਪ੍ਰੰਤੂ ਇਸ ਦਾ ਨਾਮਕਰਣ 'ਪੰਜਾਬ' ਅਤੇ 'ਪੰਜਾਬੀ' ਬਹੁਤ ਦੇਰ ਬਾਅਦ ਹੋਇਆ ਹੈ। ਜਿਸ ਦਾ ਸੰਖੇਪ ਵਰਣਨ ਇੰਜ ਹੈ:—

### 1. ਸਪਤ ਸਿੰਧੂ :-

ਸਿੰਧੂ, ਵਿਤਸਤਾ (ਜੇਹਲਮ), ਚੰਦ੍ਰਭਾਗਾ (ਝਨਾ), ਇਰਾਵਤੀ (ਰਾਵੀ), ਸ਼ਤਦਰੂ (ਸਤਲੁਜ) ਅਤੇ ਸਰਸੁਤੀ (ਘੱਗਰ ਨਦੀ), ਬਿਆਸਆਦਿ ਦਰਿਆਵਾਂ ਵਿਚਕਾਰਲੇ ਇਲਾਕੇ ਨੂੰ 'ਸਪਤ ਸਿੰਧੂ' ਨਾਂ ਨਾਲ ਜਾਣਿਆ ਜਾਂਦਾ ਰਿਹਾ। ਇਸ ਇਲਾਕੇ ਦੀ ਪਹਿਲੀ ਸੱਭਿਅਤਾ ਸਿੰਧ ਘਾਟੀ ਦੀ ਸੱਭਿਅਤਾ ਅਖਵਾਈ, ਜੋ ਭਾਰਤੀ ਵਿਕਾਸ ਦਾ ਮੁੱਢਲਾ ਰੂਪ ਇਤਿਹਾਸਕ ਤੌਰ ਉੱਤੇ ਉਜਾਗਰ ਹੋਇਆ ਹੈ। ਇਹ ਨਾਂ ਰਿਗਵੇਦ, ਜੰਦ ਅਵੇਸਤਾ ਵਿਚ 'ਹਫਤ ਹਿੰਦ' ਦੇ ਨਾਂਅ ਨਾਲ ਪ੍ਰਗਟਾਇਆ ਮਿਲਦਾ ਹੈ। ਈਰਾਨ ਦਾ ਅਸਲ ਨਾਂ 'ਆਰਯਾਯਯਨ/ਆਰੀਆਂ ਦਾ ਘਰ' ਅਤੇ ਗੰਧਾਰ (ਕੰਧਾਰ) 'ਆਰਯਾਵਰਤ' ਕਹਿੰਦੇ ਹਨ। ਇਹ ਪੰਜਾਬ ਦਾ ਪਹਿਲਾ ਨਾਂ ਮੰਨਿਆ ਜਾ ਸਕਦਾ ਹੈ।

### 2. ਵਾਹੀਕ ਦੇਸ਼ (ਹੱਲ ਵਾਹੁਣ ਵਾਲਾ ਦੇਸ਼) :-

ਆਰੀਆ ਲੋਕ ਜਦੋਂ ਗੰਗ-ਦੁਆਬ ਵੱਲ ਗਏਤਾਂ ਇਥੇ ਇਨ੍ਹਾਂ ਨੇ ਆਪਣਾ ਡੇਰਾ ਜਮਾ ਲਿਆਅਤੇ ਖੇਤੀ ਕਰਨ ਲੱਗ ਪਏ। ਆਰੀਆ ਸ਼ਬਦ ਦਾ ਅਰਥ ਵੀ ਹੱਲ ਵਾਹੁਣ ਵਾਲਾ ਦੱਸਿਆ ਜਾਂਦਾ ਹੈ। ਕਿਉਂਕਿ ਮਨੁੱਖ ਕੋਲ ਮੁੱਢਲੇ ਕਿੱਤਿਆਂ ਵਿਚ ਪਸ਼ੂ ਪਾਲਣ ਦਾ ਧੰਦਾ ਪ੍ਰਮੁੱਖ ਰੂਪ ਵਿਚ ਰਿਹਾ ਹੈ। ਇਸੇ ਕਰਕੇ ਮਹਾਂਭਾਰਤ ਵਿਚ ਕਰਣ-ਪਰਬ ਦੇ ਚਾਲੀਵੇਂ ਅਧਿਆਇ ਵਿਚ ਸਤਲੁਜ, ਬਿਆਸ, ਰਾਵੀ, ਝਨਾਂ, ਜੇਹਲਮ, ਸਿੰਧ ਦੇ ਇਲਾਕੇ ਦਾ ਨਾਂ 'ਵਾਹੀਕ ਦੇਸ਼' ਹੈ। ਵਾਹੀਕ ਦਾ ਦੂਜਾ ਅਰਥ ਬਾਹਰਲਾ ਜਾਂ ਬੇਗਾਨਾ ਵੀ ਮਿਲਦਾ ਹੈ ਜੋ ਸੰਸਕ੍ਰਿਤ-ਇੰਗਲਿਸ਼ ਡਿਕਸ਼ਨਰੀ (ਵਾਮਨ ਸ਼ਿਵਰਾਮ ਐਪਟੇ) ਪੰਨਾ ਨੰ. 700 ਵਿਚ ਦਰਜ ਹੈ।

### 3. ਮਦਰ ਦੇਸ਼ :-

ਪੁਰਾਣਾਂ ਅਨੁਸਾਰ ਬਿਆਸ ਦਰਿਆ ਤੋਂ ਲੈ ਕੇ ਜੇਹਲਮ ਤੱਕ ਦਾ ਇਲਾਕਾ 'ਮਦਰ ਦੇਸ਼' ਅਖਵਾਉਂਦਾ ਸੀ। ਜਿਸ ਸਬੰਧੀ 'ਜਾਹਨ ਡਾਊਨ ਸਨ' ਨੇ ਆਪਣੀ ਪੁਸਤਕ 'ਕਲਾਸੀਕਲ ਡਿਕਸ਼ਨਰੀ' ਦੇ ਪੰਨਾ-183 ਉੱਤੇ ਇਸ ਤਰ੍ਹਾਂ ਦਰਜ ਕੀਤਾ ਹੈ।

Madra : the name of a country and people to the north-west of Hindustan. Its capital was Salaika and the territory extended from the Biasto the Chanab or according to others as far as the jehlem.

(Classical Dictionary : John Davison, p. 183)

ਮਦ੍ਰ ਦੇਸ਼ ਹਮ ਕਉ ਲੈ ਆਏ ਭਾਂਤ ਭਾਂਤ ਦਾਈਅਨ ਦੁਲਰਾਏ।

ਬਚਿਤ੍ਰ ਨਾਟਕ (ਗੁਰੂ ਗੋਬਿੰਦ ਸਿੰਘ ਜੀ)

## 4. ਟੱਕ ਦੇਸ਼ :-

ਸਿਥੀਆਨਾਂ ਵਿਚੋਂ ਇਕ ਜਾਤੀ ਟੱਕ ਸੀ ਜਿਸ ਨੇ 'ਸਪਤ ਸਿੰਧੂ' ਵਿਚ ਰਾਜ ਸਥਾਪਤ ਕੀਤਾ ਸੀ। ਇਸ ਕਰਕੇ ਇਸ ਦਾ ਨਾਂ 600 B.C. ਵਿਚ 'ਟੱਕ ਦੇਸ਼' ਪਿਆ। ਫੇਰ ਸਮੇਂ ਸਮੇਂ 'ਟਕਸ਼ਿਲਾ', 'ਤਖਸ਼ਸ਼ਿਲਾ' ਪਿਆ। ਪਾਣਿਨੀ ਦੇ ਅਸ਼ਟਧਿਆਇ 4-3-93 ਸੂਤਰ ਵਿਚ ਵੀ 'ਤਖਸ਼ਸ਼ਿਲਾ' ਨਾਂ ਵਰਤਿਆ ਮਿਲਦਾਹੈ। ਇਸ ਇਲਾਕੇ ਦੀ ਬੋਲੀ 'ਟਾਕਰੀ ਬੋਲੀ' ਅਖਵਾਈ।

## 5. ਪੰਜ-ਨਦ :-

'ਸਪਤ ਸਿੰਧੂ' ਤੋਂ ਬਾਅਦ ਜਿਸ ਨਾਂ ਨੂੰ ਸਭ ਤੋਂ ਵੱਧ ਪ੍ਰਸਿੱਧੀ ਮਿਲੀ ਉਹ ਨਾਂ 'ਪੰਜ-ਨਦ' ਹੈ। ਰਾਜਨੀਤਕ ਅਤੇ ਕੁਦਰਤੀ ਆਫ਼ਤਾਂ ਕਰਕੇ 'ਸਪਤ ਸਿੰਧੂ' ਵਿਚੋਂ ਦੋ ਦਰਿਆ, 'ਸਿੰਧ' ਦਰਿਆ 'ਕਾਬਲ' ਨਾਲ ਜੁੜ ਗਿਆ ਅਤੇ 'ਸਰਸੁਤੀ' ਮੁੱਕ ਗਈ ਅਤੇ ਰੋਪੜ ਨੇੜੇ 'ਸਰਸਾ' ਨਦੀ ਦਾ ਨਾਂ ਇਸੇ ਦਾ ਸੰਖੇਪ ਰੂਪ ਹੈ ਅਤੇ ਬਾਕੀ ਬਚਦੀ 'ਘੱਗਰ' ਨਦੀ ਵਿਚ ਲੁਪਤ ਹੋ ਚੁੱਕੀ ਹੈ। ਸੰਸਕ੍ਰਿਤ ਵਿਚ ਪਾਣੀ ਦੇ ਛੋਟੇ ਜਾਂ ਮੌਸਮੀ ਵਹਿਣ ਨੂੰ 'ਨਦੀ' ਅਤੇ ਵੱਡੇ ਵਹਿਣ ਨੂੰ 'ਨਦ' ਆਖਿਆ ਜਾਂਦਾ ਹੈ। 'ਨਦ' ਦਾ ਅਰਥ ਦਰਿਆ ਵੀ ਹੈ। 'ਪੰਜ-ਨਦ' ਨਾਂ ਦੇਸ਼ ਲਈ ਰਾਮਾਇਣ, ਮਹਾਂਭਾਰਤ ਅਤੇ ਰਾਜਤਰੰਗਣੀ ਵਿਚ ਵਰਤਿਆ ਮਿਲਦ ਹੈ। ਸਤਲੁਜ, ਬਿਆਸ, ਰਾਵੀ, ਜੇਹਲਮ ਅਤੇ ਝਨਾਂ, ਇਹ ਪੰਜੇ ਦਰਿਆ ਮੁਲਤਾਨ ਤੋਂ ਅੱਗੇ ਜਾ ਕੇ ਮਿਠਨਕੋਟ ਨੇੜੇ ਇਕੱਠੇ ਹੋ ਜਾਂਦੇ ਹਨ। ਇਨ੍ਹਾਂ ਦੇ ਇਸ ਸੰਗਮ ਸਥਾਨ ਨੂੰ 'ਪੰਜ-ਨਦ' ਕਿਹਾ ਜਾਂਦਾ ਹੈ। ਇਸ ਤਰ੍ਹਾਂ 'ਪੰਜ-ਨਦ' ਦੇ ਵੱਖੋ ਵੱਖਰੇ ਅਰਥ ਮੰਨੇ ਜਾਂਦੇ ਹਨ।

## 6. ਪੰਜਾਬ :-

'ਪੰਜਾਬ' ਸ਼ਬਦ 'ਪੰਜ-ਨਦ' ਸ਼ਬਦ ਦਾ ਫ਼ਾਰਸੀ ਭਾਸ਼ਾ ਵਿਚ ਅਨੁਵਾਦ ਹੈ, ਜਿਸ ਦਾ ਅਰਥ ਹੈ- 'ਪੰਜ ਆਬ'। ਬੋਲਣ ਵਿਚ ਭਾਵੇਂ ਇਹ ਨਾਮ ਕਦੋਂ ਵੀ ਪ੍ਰਚਲਿਤ ਹੋਇਆ ਹੋਵੇ ਪ੍ਰੰਤੂ ਲਿਖਤੀ ਤੌਰ ਉੱਤੇ ਅਮੀਰ ਖ਼ੁਸਰੋ (1253 ਈ. -1325 ਈ.) ਨੇ ਬਲਬਨ ਬਾਦਸ਼ਾਹ ਦੇ ਪੁੱਤਰ ਦੀ ਮੌਤ ਉੱਤੇ ਇਕ ਮਰਸੀਆ ਲਿਖਿਆ ਸੀ ਜਿਸ ਵਿਚ 'ਪੰਜ-ਆਬ' ਸ਼ਬਦ ਲਿਖਿਆ ਮਿਲਦਾ ਹੈ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਤੇਰਵੀਂ ਸਦੀ ਵਿਚ 'ਪੰਦ-ਨਦ'/ 'ਪੰਜ-ਆਬ' ਨਾਲ ਪ੍ਰਚਲਿਤ ਹੋ ਗਿਆ। ਈਬਨ ਬਤੂਤਾ (1333 ਈ.) ਨੇ ਬੰਜਾਬ (ਪੰਜਾਬ) ਅਤੇ ਸ਼ਾਹ ਤੈਮੂਰ (1399 ਈ.) ਨੇ 'ਪੰਜਾਬ' ਸ਼ਬਦ ਵਰਤੇ ਹਨ। ਖਿਲਜੀਆ ਬੰਸ ਤੋਂ ਬਾਅਦ ਮੁਗਲ ਕਾਲ ਵਿਚ ਇਹ ਨਾਂ ਆਮ ਵਰਤਿਆ ਜਾਣ ਲੱਗਾ ਜਿਸ ਦਾ ਸਬੂਤ 'ਅਕਬਰ-ਨਾਮਾ' ਅਤੇ 'ਆਇਨੇ-ਅਕਬਰੀ' ਵਿਚ ਮਿਲਦਾ ਹੈ। ਜਹਾਂਗੀਰ ਕਾਲ ਵਿਚ ਕਵੀ 'ਕੱਲ੍ਹ' ਨੇ ਵੀ 'ਦੱਲੀ ਰਾਜ ਬੰਸਾਵਲੀ' ਦੇ 19ਵੇਂ ਛੰਦ ਵਿਚ 'ਪੰਜਾਬ' ਸ਼ਬਦ ਵਰਤਿਆ ਹੈ।

ਸਧਰ ਧਰੁਵ ਜੰਗ ਜਾਨਿ, ਧੁਅ ਪੰਜਪਾਬ ਕੋ ਮੁਗਰ।<br>
ਨਗਰ ਲਾਹੌਰ ਕੋਟ ਥਿਰ ਨ੍ਰਿਪ ਜਹਾਂਗੀਰ ਸ਼ਾਹ ਅਕਬਰ ਸੁਤਨ।

ਪੰਜਾਬੀ ਸਾਹਿਤ ਵਿਚ 'ਪੰਜਾਬ' ਦੇ ਨਾਂ ਦਾ ਜ਼ਿਕਰ ਹੇਠ ਲਿਖੀਆਂ ਰਚਨਾਵਾਂ ਵਿਚ ਮਿਲਦਾ ਹੈ :

1. ਭਾਈ ਗੁਰਦਾਸ (1553-1637 ਈ.)-

**ਨੋਟ**

ਪੰਜਾਬੈ ਗੁਰ ਦੀ ਵਡਿਆਈ॥ 24 (ਵਾਰ 11ਵੀਂ)

2. ਜਾਨ ਕਵੀ (1627 ਈ.)–
ਢਾਢੀ ਪਠ ਪੰਜਾਬ ਦੀ ਬੋਲੀ ਪਹਿਰਾਨ।
(ਦੀਵਾਨ ਅਲਫ ਖਾਂ ਕੀ ਵਾਰ)

3. 'ਸੁਣ ਭਾਈ, ਧਰਤੀ ਪੰਜਾਬ ਕੀ ਸਹਰ ਵਟਾਲੇ ਵਿਚ ਅਤੇ ਵਰਨ ਜੱਟ ਦਾ।'
(ਜਨਮ ਪੱਤ੍ਰੀ ਬਾਬੇ ਨਾਨਕ ਕੀ)

4. 'ਏਕ ਦਿਨ ਗੁਰੂ ਬਾਬਾ ਨਾਨਕ ਪੰਜਾਬ ਕੀ ਧਰਤੀ,
ਨਗਰ ਕਰਤਾਰ ਪੁਰ ਬੈਠਾ ਥਾ।'
(ਗੋਸਟਿ ਗੁਰੂ ਬਾਬੇ ਨਾਨਕ ਜੀ ਕੀ)

5. ਬੁੱਲ੍ਹੇ ਸ਼ਾਹ (1680–1753 ਈ.)–
'ਦਰ ਖੁੱਲ੍ਹਾ ਹੈ ਹਸ਼ਰ ਅਜ਼ਾਬ ਦਾ।
ਬੁਰਾਹਾਲ ਹੋਇਆ ਪੰਜਾਬ ਦਾ।'

6. ਵਾਰਸਸ਼ਾਹ (1735–1784 ਈ.)–
'ਸਾਰੇ ਮੁਲਕ ਪੰਜਾਬ ਖਰਾਬ ਵਿਚੋਂ,
ਮੈਨੂੰ ਵੱਡਾ ਅਫ਼ਸੋਸ ਕਸੂਰ ਦਾ ਏ।'
(ਕਿੱਸਾ ਹੀਰ ਰਾਂਝਾ 1768 ਈ.)

7. ਨਜਾਬਤ (18ਵੀਂ ਸਦੀ)
ਏਸੇ ਮੁਲਕ ਪੰਜਾਬ ਵਿਚ, ਚੜ੍ਹ ਹੁਕਮ ਕਮਾਏ।'
(ਵਾਰ ਨਾਦਰ ਸ਼ਾਹ)

8. ਗ਼ੁਲਾਮ ਮਸੁਤਫਾ (1751 ਈ. –1870 ਈ.)–
ਅੰਦਰ ਮੁਲਕ ਪੰਜਾਬ ਦੇ, ਰਾਜਾ ਸੀ ਇਕ ਦਿਨ।
(ਜੰਗ–ਨਾਮਾ ਇਮਾਮ ਹੱਕ)

9. ਹਾਕਮ ਸਿੰਘ ਦਰਵੇਸ਼ (1830 ਈ.)–
'ਬਾਦਸ਼ਾਹ ਰਣਜੀਤ ਸਿੰਘ ਗੁਰੂ ਕੀਤਾ,
ਤੈਨੂੰ ਫੁਲ ਜਿਉਂ ਵਾਂਙ ਗਲਾਬ ਦੇ ਜੀ।
ਹਾਕਮ ਸਿੰਘ ਤੇਰੇ ਜਿਹਾ ਬਾਦਸ਼ਾਹ ਨ,
ਡਿੱਠਾ ਮੁਲਖ ਤੇ ਜੇਹਾ ਪੰਜਾਬ ਦੇ ਜੀ।
(ਸੀਹਰਫ਼ੀ ਗੁਰੂ ਖਾਲਸੇ ਸ਼ਾਹ ਜੀ ਕੀ)

10. ਸ਼ਾਹ ਮੁਹੰਮਦ (1847 ਈ.)–
'ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰਾਂ ਦੋਹਾਂ ਦੇ ਉੱਤੇ ਆਫ਼ਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜਾਤ ਆਈ।'

ਸੰਖੇਪ ਵਿਚ ਇਹ ਆਖਿਆ ਜਾ ਸਕਦਾ ਹੈ ਕਿਕ 'ਪੰਜਾਬ' ਅਤੇ 'ਪੰਜਾਬੀ' ਨਾਂ ਭਾਵੇਂ ਜਿੰਨਾ ਮਰਜ਼ੀ ਪੁਰਾਤਨ ਹੋਵੇ ਪਰ ਉਪਰੋਕਤ ਹਵਾਲਿਆਂ ਅਨੁਸਾਰ ਤੇਰ੍ਹਵੀਂ ਸਦੀ ਤੋਂ ਵਰਤਮਾਨ ਰੂਪ ਵਿਚ ਵਰਤਣਾ ਸ਼ੁਰੂ ਹੋਇਆ, ਜਿਸ ਦੀ ਪ੍ਰਸਿੱਧੀ ਨੂੰ ਨਾਥ–ਜੋਗੀਆਂ, ਸਾਧੂ–ਸੰਤਾਂ ਅਤੇ ਸਿੱਖ ਗੁਰੂਆਂ ਨੇ ਆਪਣੀ ਥਾਪਣਾ ਦੇ ਕੇ ਸਦੀਵੀ ਤੌਰ 'ਤੇ ਸਥਾਪਿਤ ਕਰ ਦਿੱਤਾ ਹੈ। ਜਿਸ ਦੀ ਬਾਅਦ ਵਿਚ ਆਪਣੀ ਲਿਪੀ ਵੀ ਪ੍ਰਚਲਿਤ ਹੋਈ, ਜਿਸ ਦਾ ਨਾਂ 'ਪੰਜਾਬੀ' ਪ੍ਰਚਲਿਤ ਹੋਇਆ ਅਤੇ ਗੁਰੂਆਂ ਵੱਲੋਂ ਮਾਨਤਾ ਮਿਲਣ ਕਾਰਣ ਇਸ ਦਾ ਨਾਂ ਗੁਰਮੁਖੀ ਪੈ ਗਿਆ।

## ਪੰਜਾਬੀ ਭਾਸ਼ਾ ਦੀ ਵਿਸ਼ੇਸ਼ਤਾ :-

ਵਿਸ਼ੇਸ਼ਤਾ ਦੇ ਪੱਖ ਤੋਂ ਅਸੀਂ ਵੇਖੀਏ ਤਾਂ ਪਤਾ ਚੱਲਦਾ ਹੈ ਕਿ ਪੰਜਾਬੀ ਭਾਸ਼ਾ ਦੀ ਆਪਣੀ ਇਕ ਵਿਲੱਖਣ ਲਿੱਪੀ ਹੈ। ਜਿਸ ਨੂੰ 'ਗੁਰਮੁਖੀ ਲਿੱਪੀ' ਆਖਿਆ ਜਾਂਦਾ ਹੈ। ਪੰਜਾਬੀ ਬੋਲੀ ਦੀ ਬੋਲ-ਚਾਲਦਾ ਮੁਹਾਵਰਾ ਪੁਲਿੰਗ ਰੂਪ ਵਾਲਾ ਹੈ। ਪੰਜਬੀਆਂ ਦੇ ਖੁੱਲ੍ਹ ਡੁੱਲੇ ਸੁਭਾਅ ਵਾਂਗ ਖੁਲ੍ਹੀ ਡੁਲ੍ਹੀ ਭਾਵਨਾ ਦੀ ਮਾਲਕ ਹੈ। ਭਾਰਤ ਦੀਆਂ ਸੰਵਿਧਾਨ ਮੁਤਾਬਕ ਮਾਨਤਾ ਪ੍ਰਾਪਤ ਭਾਸ਼ਾਵਾਂ ਵਿਚ ਇਕ ਪੰਜਬੀ ਭਾਸ਼ਾ ਹੈ। ਜਿਸ ਦੀ ਲਿੱਪੀ ਗੁਰਮੁਖੀ ਹੈ। ਪੰਜਾਬੀ ਭਾਸ਼ਾ ਦਾ ਆਪਣਾ ਹਾਜਮਾ ਬਹੁਤ ਮਜ਼ਬੂਤ ਹੈ। ਦੂਸਰੀਆਂ ਭਾਸ਼ਾਵਾਂ ਦੇ ਸ਼ਬਦ ਪੰਜਾਬੀ ਭਾਸ਼ਾ ਵਿਚ ਇੰਝ ਘੁਲ ਮਿਲ ਗਏ ਹਨ ਜਿਵੇਂ ਬਾਹਰੋਂ ਆਏ ਸ਼ਬਦ ਅੱਜ ਪੰਜਾਬੀ ਦੇ ਆਪਣੇ ਹੀ ਹੋਣ। ਜਿਵੇਂ—

(ੳ) ਅਰਬੀ ਸ਼ਬਦ ਤੋਂ ਆਏ ਸ਼ਬਦ ਅੱਜ ਆਪਣੇ ਹੀ ਲਗਦੇ ਹਨ ਜਿਵੇਂ—
ਹਕੀਕਤ, ਹਜਰਤ, ਹਾਲ, ਹਵਾਲਾਤ, ਹਰਾਮ, ਗਰੀਬ, ਜਿਸਮ, ਫਾਇਦਾ, ਤਰਫ।

(ਅ) ਸ਼ਬਦ ਪੰਜਾਬੀ ਭਾਸ਼ਾ ਵਿਚ ਇਸ ਤਰ੍ਹਾਂ ਹਨ:-
ਅਨਾਰ, ਅਫਸੋਸ, ਖਰੀਦ, ਖਾਲਸਾ, ਚਾਦਰ, ਚਰਖਾ, ਹਾਅ, ਨਿਜ਼ਾਮ, ਰੋਹਾਨ।

(ੲ) ਪਸ਼ੋਤ ਤੋਂ ਆਏ ਸ਼ਬਦ :-
ਅਟੀ, ਗੁਆਂਢੀ, ਮਾੜ (ਅਲ) ਰੰਬੀ, ਪੜ੍ਹਾ, ਪਠਾਨ ਹੀਜੜਾ।

(ਸ) ਪੁਰਤਗਾਲੀ ਭਾਸ਼ਾ ਦੇ ਸ਼ਬਦ :-
ਸੰਤਰਾ, ਕਮਰਾ, ਨੀਲਾਮ, ਬਾਲਟੀ, ਫੀਤਾ, ਪੀਪਾ, ਗਾਰਦ, ਅਲਮਾਰੀ।

(ਹ) ਅੰਗ੍ਰੇਜ਼ੀ ਦੇ ਸ਼ਬਦ:-
ਹਾਕੀ, ਹੋਟਲ, ਗਲਾਸ, ਕੋਟ, ਡਰਾਮਾ, ਡਬਲ, ਬਟਨ, ਫਾਲਤੂ ਬਾਲਟੀ।

(ਕ) ਤੁਰਕੀ ਭਾਸ਼ਾ ਦੇ ਸ਼ਬਦ ਪੰਜਾਬੀ ਭਾਸ਼ਾ ਵਿਚ :-
ਗਲੀਚਾ, ਬਹਾਦਰ, ਇਕ, ਬਖਸ਼ੀ ਲਫੰਗਾ, ਦਲਗੀ, ਸੰਦੂਕ, ਬੀਬੀ, ਬੇਗਮ।

ਇੰਝ ਪੰਜਾਬੀ ਭਾਸ਼ਾ ਦੀ ਇਹ ਖਾਸ ਵਿਸ਼ੇਸ਼ਤਾ ਹੈ ਕਿ ਉਹ ਬਾਹਰੀ ਭਾਸ਼ਾ ਦੇ ਸ਼ਬਦ ਸਹਿਜੇ ਆਪਣੇ ਵਿਚ ਸਮਾ ਲੈਂਦੀ ਹੈ। ਪੰਜਾਬੀ ਭਾਸ਼ਾ ਇਕ ਸਰਲ ਅਤੇ ਸਪੱਸ਼ਟ ਕਿਸਮ ਦੀ ਬੋਲੀ ਹੈ। ਇਸ ਲਈ ਇਸ ਵਿਚ ਵਿਆਕਰਣ ਗੁੰਝਲਾ ਘੱਟ ਹਨ।

## ਪੰਜਾਬੀ ਭਾਸ਼ਾ ਦੀਆਂ ਉਪ-ਭਾਸ਼ਾਵਾਂ

ਕਿਸੇ ਵੀ ਭਾਸ਼ਾ ਜਾਂ ਬੋਲੀ ਦੇ ਬੋਲ-ਚਾਲ ਦੇ ਸਥਾਨਕ ਜਾਂ ਇਲਾਕਾਈ ਰੂਪ ਨੂੰ ਉਪ-ਭਾਸ਼ਾ ਜਾਂ ਉਪ-ਬੋਲੀ ਕਿਹਾ ਜਾਂਦਾ ਹੈ। ਇਹ ਬੋਲੀਆਂ ਭਗੋਲਿਕ, ਆਰਥਿਕ ਅਤੇ ਸਮਾਜਕ ਹਾਲਾਤ ਮੁਤਾਬਕ ਮਨੁੱਖੀ ਭਿੰਨਤਾ ਅਤੇ ਗੁਆਂਢੀ ਬੋਲੀਆਂ ਦੇ ਪ੍ਰਭਾਵ ਕਾਰਣ ਹੋਂਦ ਵਿਚ ਆਉਂਦੀਆਂ ਹਨ। ਇਹ ਵਿਸ਼ੇਸ਼ਤਾ ਮਨੁੱਖਾਂ ਦੀ ਉਚਾਰਣ ਥਾਂ ਪਰ ਥਾਂ ਬਦਲਦੀ ਰਹਿੰਦੀ ਹੈ। ਇਸ ਦਾ ਅਸਰ ਵਧੇਰੇ ਕਰਕੇ ਰਾਜਨੀਤਕ ਜਾਂ ਭੁਗੋਲਿਕ ਅਰਥਾਤ ਪਹਾੜ, ਜੰਗਲ, ਦਰਿਆ ਆਦਿ ਵੀ ਕਾਰਣ ਬਣਦੇ ਹਨ। ਜਿਵੇਂ ਦੋ ਦਰਿਆਵਾਂ ਦੇ ਵਿਚਕਾਰ ਵਾਲੇ ਇਲਾਕੇ ਨੂੰ ਦੁਆਬਾ ਆਖਿਆ ਜਾਂਦਾ। ਦਰਿਆ ਦੇ ਦੂਸਰੇ ਪਾਸੇ ਦੇ ਇਲਾਕੇ ਪਾਰ ਦਾ ਇਲਾਕਾ ਆਖਦੇ ਹਨ ਕਿਉਂਕਿ ਪੁਰਾਣੇ ਸਮੇਂ ਵਿਚ ਆਵਾਜਾਈ ਦੇ ਸਾਧਨ ਘੱਟਸਨ। ਆਪਸੀ ਮੇਲ ਘੱਟ ਹੋਣ ਕਰਕੇ ਲੋਕਾਂ ਦੀ ਬੋਲੀ ਕੁਦਰਤੀ ਤੌਰ 'ਤੇ ਵੱਖਰੀ ਹੋ ਜਾਂਦੀ ਹੈ। ਇਸ ਲਈ ਇਸ ਤਰ੍ਹਾਂ ਦੀਆਂ ਭਾਸ਼ਾ ਜਾਂ ਬੋਲੀ ਨੂੰ ਪ-ਭਾਸ਼ਾ ਆਖਿਆ ਜਾਂਦਾ ਹੈ। ਇਕ ਭਾਸ਼ਾ ਅੰਦਰ ਕਈ ਉਪ-ਭਾਸ਼ਾਵਾਂ ਹੋ ਜਾਂਦੀਆਂ ਹਨ।

ਪੰਜਾਬੀ ਭਾਸ਼ਾ ਦੀਆਂ ਬਹੁਤ ਸਾਰੀਆਂ ਉਪ-ਭਾਸ਼ਾਵਾਂ ਹਨ। ਪੰਜਾਬੀ ਭਾਸ਼ਾ 1947 ਤੋਂ ਪਹਿਲਾਂ ਪਾਕਿਸਤਾਨ ਅਤੇ ਭਾਰਤ ਵਿਚ ਪੰਜਾਬੀ ਭਾਸ਼ਾ ਸਾਂਝੇ ਤੌਰ 'ਤੇ ਬੋਲੀ ਜਾਂਦੀ ਸੀ। 1947 ਤੋਂ ਬਾਅਦ ਰਾਜਨੀਤਕ ਤੌਰ 'ਤੇ ਦੋ ਹਿੱਸਿਆਂ ਵਿਚ ਵੰਡੀ ਗਈ। 1966 ਵਿਚ ਭਾਰਤ ਅੰਦਰ ਵੀ ਸੌੜੇ ਰਾਜਨੀਤਕ ਕਾਰਣਾਂ ਕਰਕੇ ਪੰਜਾਬ, ਹਰਿਆਣਾ, ਬਣ ਗਏ। ਲੇਕਿਨ ਅਸੀਂ ਅਣ-ਵੰਡੇਪੰਜਾਬ ਜੋ 1947 ਤੋਂ ਪਹਿਲਾਂਦੇ ਮੁਤਾਬਿਕ ਉਪ ਭਾਸ਼ਾਵਾਂ ਬਾਰੇ ਗੱਲ ਕਰਾਂਗੇ-ਪ੍ਰਮਾਣਿਤ ਰਾਏ ਮੁਤਾਬਕ ਉਪ-ਭਾਸ਼ਾਵਾਂ ਹੇਠ ਲਿਖੇ ਅਨੁਸਾਰ

ਨੋਟ

ਵਰਗੀਕਰਣ ਕੀਤਾ ਗਿਆ ਹੈ। ਪੰਜਾਬੀ ਦੀਆਂ ਉਪ-ਭਾਸ਼ਾਵਾਂ ਦੇ ਵੇਰਵਾ ਹੇਠ ਲਿਖੇ ਅਨੁਸਾਰ-

## 1. ਮਾਝੀ :-

ਭਾਰਤੀ ਪੰਜਾਬ ਦੇ ਅੰਮ੍ਰਿਤਸਰ, ਗੁਰਦਾਸਪੁਰ , ਵਿਚ ਬੋਲੀ ਜਾਂਦੀ ਹੈ। ਜਦਕਿ ਪਾਕਿਸਤਾਨ ਦੇ ਗੁਜਰਾਂਵਾਲੇ, ਲਾਹੌਰ, ਸਿਆਲਕੋਟ, ਸ਼ੇਖੂਪੁਰਾ, ਲਾਇਲਪੁਰ ਅਤੇ ਮਿੰਟਗੁਮਰੀ ਦੇ ਕੁਝ ਹਿੱਸਿਆਂ ਵਿਚ ਮਾਝੀ ਉਪ-ਭਾਸ਼ਾ ਬੋਲੀ ਜਾਂਦਾ ਹੈ।

ਭਾਰਤੀ ਪੰਜਾਬ ਵਿਚ ਇਸ ਭਾਸ਼ਾ ਨੂੰ ਪੰਜਾਬੀਦੀ ਟਕਸਾਲੀ ਭਾਸ਼ਾ ਵੀ ਆਖੀ ਜਾਂਦੀ ਹੈ।

## 2. ਦੁਆਬੀ :-

ਦੁਆਬੇ ਦੀ ਉਪ-ਭਾਸ਼ਾ ਸਤਲੁਜ ਅਤੇ ਬਿਆਸ ਦੇ ਦਰਿਆਵਾਂ ਵਿਚਕਾਰ ਵਸੇ ਇਲਾਕੇ ਦੀ ਬੋਲੀ ਆਖੀ ਜਾਂਦੀ ਹੈ। ਇਹ ਇਲਾਕੇ ਹਨ, ਜਲੰਧਰ, ਕਪੂਰਥਲਾ, ਨਵਾਂਸ਼ਹਿਰ ਅਤੇ ਹੁਸ਼ਿਆਰਪੁਰ ਦੇ ਖੇਤਰਾਂ ਵਿਚ ਬੋਲੀ ਜਾਂਦੀ ਹੈ। ਇਸ ਦਾ ਮਾਝੀ ਨਾਲ ਵੱਡਾ ਫਰਕ ਅਤੇ ਬੇਉਚਾਰਨ ਵਿਚ ਹੈ। ਇਸ ਤੋਂ ਇਲਾਵਾ 'ਸ਼' ਦਾ ਥਾਂ 'ਛ', 'ਵ' ਦੀ ਥਾਂ ਨਾ। ਜਿਵੇਂ ਤੀਵੀਆਂ-ਤੀਮੀਆਂ, ਵਾਹਿਗੁਰੂ-ਬਾਹਿਗੁਰੂ ਵਿਚਕਾਰ ਸ਼ਬਦ ਨੂੰ ਗੱਬੇ ਆਖਦੇ ਹਨ।

## 3. ਮਲਵਈ :-

ਇਹ ਖੇਤਰ ਘੱਗਰ ਨਦੀ ਦੇ ਖੱਬੇਵੱਲ ਅਤੇ ਸਤਲੁਜ ਪਾਰ ਦੱਖਣ ਵੱਲ ਦੇ ਇਲਾਕੇ ਵਾਲਾ ਹੈ। ਫ਼ਿਰੋਜ਼ਪੁਰ, ਬਠਿੰਡਾ, ਫਰੀਦਕੋਟ, ਲੁਧਿਆਣਾ, ਪਟਿਆਲਾ, ਮੋਗਾ, ਮੁਕਤਸਰ ਆਦਿ ਸ਼ਹਿਰ ਇਸ ਇਲਾਕੇ ਵਿਚ ਹਨ। ਇਥੇ ਲੋਕ ਲੱਭਿਆਂ ਨੂੰ ਥਿਆਇਆ, ਬੱਚੇ ਨੂੰ ਜੁਆਕ, ਤੁਹਾਡੇ ਨੂੰ ਥੋਡੇ।

## 4. ਡੋਗਰੀ ਅਤੇ ਪੁਣਛੀ :-

ਇਹ ਦੋਵੇਂ ਉਪ-ਭਾਸ਼ਾਵਾਂ ਜੰਮੂ ਅਤੇ ਕਸ਼ਮੀਰ ਪ੍ਰਾਂਤ ਵਿਚ ਬੋਲੀਆਂ ਜਾਂਦੀਆਂ ਹਨ। ਪੁਣਛ ਉਪ-ਭਾਸ਼ਾ ਪੱਛਮੀ ਪੰਜਾਬੀ ਦੀ ਸ਼ਾਖਾ ਹੈ ਅਤੇ ਡੋਗਰੀ ਪੂਰਬੀ ਪੰਜਾਬੀਦੇ ਵਿਚਕਾਰ ਇਕ ਕੜੀ ਦਾ ਕੰਮ ਕਰਦੀ ਹੈ। ਪੁਣਛੀ ਬੋਲੀ ਝਨਾਂ ਤੇ ਜਿਹਲਮ ਦਰਿਆ ਵਿਚਕਾਰ ਪਹਾੜੀ ਇਲਾਕੇ ਵਿਚ ਬੋਲੀ ਜਾਂਦੀ ਹੈ।

## 5. ਪਠੋਹਾਰੀ :-

ਇਸ ਖੇਤਰ ਵਿਚ ਪਾਕਿਸਤਾਨੀ ਜ਼ਿਲ੍ਹਾ ਜਿਹਲਮ ਦੇ ਪੂਰਬੀ ਖੇਤਰ ਅਤੇ ਜ਼ਿਲ੍ਹਾ ਰਾਵਲਪਿੰਡੀ ਦੇ ਮੈਦਾਨੀ ਇਲਾਕੇ ਆਉਂਦੇ ਹਨ। ਕਸ਼ਮੀਰ ਦੇ ਨਾਲ ਲਗਦੇ ਇਲਾਕੇ ਵਿਚ ਲਗਦੇ ਹਨ। ਇਥੇਦੀ ਭਾਸ਼ਾ ਵਿਚ ਪਸ਼ਤੋ ਦਾ ਵੀ ਪ੍ਰਭਾਵ ਹੈ। ਇਥੋਂ ਦੇ ਲੋਕ ਕਿੱਥੇ ਨੂੰ ਕੁਥੇ, ਸਾਡੇ ਦੀ ਥਾਂ ਅਸਾਂ, ਮੈਂ, ਨੂੰ ਪਿਘੀ, ਤੈਂ ਨੂੰ ਤੁੱਘੀ, ਜਾਏਗਾ ਨੂੰ 'ਜਾਸੀ' 'ਆਉਣ, ਜਾਣ' 'ਅਛਣਾ ਗਛਣਾ' ਆਖਦੇ ਹਨ। ਕੇਂਦਰ-ਪੰਜਾਬੀ ਨਾਲ ਇਸ ਦੇ ਸਬੰਧਤ ਵੀ ਵੱਖਰੇ ਹਨ। ਇਸ ਵਿਚ "ਨੂੰ ਦੀ ਥਾਂ" ਕੀ ਦੀ ਨੂੰ ਨੀਂ।

## 6. ਪੁਆਧੀ :-

ਜਿਹੜਾ ਇਲਾਕਾ ਰੋਪੜ ਤੋਂ ਲੈ ਕੇ ਅੰਬਾਲਾ, ਪਟਿਆਲਾ ਅਤੇ ਫਤਿਆਬਾਦ ਦੇ ਕੁਝ ਇਲਾਕੇ ਅਤੇ ਸਤਲੁਜ ਦੇ ਪੂਰਬੀ ਇਕਾਂਤ ਆਉਂਦਾ ਹੈ। ਘੱਗਰ ਨਦੀ ਦੇ ਪੂਰਬ ਵੱਲ ਹਿਸਾਰ ਤੱਕ ਦਾ ਇਲਾਕੇ ਨੂੰ 'ਪੁਆਧ' ਦਾ ਇਲਾਕਾ ਆਖਿਆ ਜਾਂਦਾ ਹੈ। ਇਥੇ ਬੋਲੀ ਜਾਂਦਾ ਪੁਆਧੀ ਉਪ-ਭਾਸ਼ਾ ਤੇ ਬਾਗੜੀ ਭਾਸ਼ਾ ਦਾ ਵੀ ਪ੍ਰਤੱਖ ਪ੍ਰਭਾਵ ਦਿਸਦਾ ਹੈ। ਇਥੋਂ ਦੇ ਲੋਕ 'ਸਾਨੂੰ' ਦੀ ਥਾਂ 'ਸਾਨੂੰ' ਅਤੇ "ਉਹ ਦਾ' ਨੂੰ ਉਦ੍ਹਾ ਬੋਲਦੇ ਹਨ।

## 7. ਮੁਲਤਾਨੀ :-

ਅਣਵੰਡੇ ਭਾਰਤ ਵਿਚ ਭਾਰਤ ਦੇ ਉੱਤਰ-ਪੱਛਮੀ ਭਾਗ ਹੈ ਜਿਹੜਾ ਹੁਣ ਹਿੱਸਾ ਪਾਕਿਸਤਾਨ ਵਿਚ ਹੈ। ਇਸ ਇਲਾਕੇ ਵਿਚ ਬਹਾਵਲਪੁਰ, ਮੁਜੱਫਗੜ੍ਹ, ਮੁਲਤਾਨ, ਮੀਆਂ ਵਾਲ ਸਾਹਿਰ ਪੈਂਦੇ ਹਨ। ਇਸ ਦਾ ਪ੍ਰਭਾਵ ਕੇਂਦਰ ਬੋਲੀ ਦੇ ਸ਼ਬਦ ਭਾਰੀ ਮਾਤਰਾ ਵਿਚ ਮਿਲਦੇ ਹਨ। ਇਸ ਲਈ ਇਸ ਦਾ ਪ੍ਰਭਾਵ, ਕੇਂਦਰ ਬੋਲੀ ਵਿਚ ਰਚੇ ਜਾਣ ਵਾਲੇ ਸਾਹਿਤ ਉੱਪਰ ਵੀ ਪਿਆ ਹੈ। ਇਸ ਬੋਲੀ ਵਿਚ "ਉਸ ਨੇ ਆਖਿਆ" ਦੀ ਥਾਂ 'ਆਖਿਉਸ' ਕਿਹਾ ਜਾਂਦਾ ਹੈ। ਮੁਲਤਾਨੀ ਵਿਚ 'ਦ' ਨੂੰ 'ਡ' ਆਖਿਆ ਜਾਂਦਾ ਹੈ। ਜਿਵੇਂ ਦੁੱਖ ਨੂੰ ਡੁੱਖ, ਦੇਖਿਆ ਨੂੰ ਡਿੱਠਾ ਆਦਿ ਲਿਖਿਆ ਜਾਂਦਾ ਹੈ।

## ਉੱਤਰ ਮਾਲਾ : ਸਵੈ ਮੁਲਾਂਕਣ

1. ਭਾਸ਼ਾ ਬਾਰੇ ਤੁਹਾਡੇ ਵਿਚਾਰ?
2. ਪੰਜਾਬੀ ਭਾਸ਼ਾ ਤੇ ਉਤਪੱਤੀ ਤੇ ਵਿਕਾਸ ਬਾਰੇ ਜਾਣਕਾਰੀ?
3. ਪੰਜਾਬੀ ਦੀਆਂ ਉਪ-ਭਾਸ਼ਾਵਾਂ ਬਾਰੇ ਨੋਟ?

•••

ਨੋਟ

# ਅਧਿਆਏ-19 : ਪੰਜਾਬੀ ਸਾਹਿਤ ਅਤੇ ਉਸ ਦੇ ਰੂਪ
## (Punjabi Literature and its Kinds)

*ਵਿਸ਼ਾ-ਵਸਤੂ (Contents)*

1. ਪੰਜਾਬੀ ਸਾਹਿਤ ਬਾਰੇ ਜਾਣਕਾਰੀ
2. ਪੰਜਾਬੀ ਕਵਿਤਾ ਅਤੇ ਕਵੀ
3. ਪੰਜਾਬੀ ਕਹਾਣੀ ਕੀ ਹੈ, ਪੰਜਾਬੀ ਕਹਾਣੀਕਾਰ
4. ਪੰਜਾਬੀ ਨਾਵਲ ਅਤੇ ਨਾਵਲਕਾਰ
5. ਪੰਜਾਬੀ ਨਾਟਕ ਅਤੇ ਨਾਟਕਕਾਰ
6. ਪੰਜਾਬੀ ਵਾਰਤਕ, ਵਾਰਤਕਕਾਰ
7. ਉੱਤਰ ਮਾਲਾ : ਸਵੈ ਮੁਲਾਂਕਣ

ਸਾਹਿਤ ਸਮਾਜਿਕ ਸਬਧਾਂ ਦੇ ਸੰਦਰਭ ਵਿਚ ਜਨ-ਜੀਵਨ ਦਾ ਚਿਤਰਨ ਕਰਦਾ ਹੈ। ਸਾਹਿਤ ਦੀ ਮਹਾਨ ਦੇਣ ਇਹ ਹੈ ਕਿ ਉਹ ਇਕ ਮਨੋਬ੍ਰਿਤੀ ਦੀ ਰਚਨਾ ਕਰਦਾ ਹੈ ਅਤੇ ਜੀਵਨ ਦੀ ਕੀਮਤਾਂ ਨਿਰਧਾਰਨ ਕਰਨ ਵਿਚ ਸਹਾਇਕ ਹੁੰਦਾ ਹੈ। ਸਾਹਿਤ ਤੋਂ ਮਨੁੱਖ ਨੂੰ ਆਪਣੇ, ਸਮਾਜਿਕ ਤੇ ਰਾਸ਼ਟਰੀ ਜੀਵਨ ਦਾ ਗਿਆਨ ਹੁੰਦਾ ਹੈ। ਸਾਹਿਤ ਦੇ ਅਧਿਆਪਨ ਤੋਂ ਰਸ ਅਤੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਕਿਉਂਕਿ 'ਸਾਹਿਤ ਸਮਾਜ ਦਾ ਦਰਪਨ ਹੈ।" ਜੀਵਨ ਨੂੰ ਸੇਧ ਦੇਣ ਲਈ ਸਾਹਿਤ ਦੇ ਦੋ ਪ੍ਰਮੁੱਖ ਰੂਪ ਹਨ। ਪਹਿਲਾਂ, ਕਾਵਿ ਅਤੇ ਦੂਸਰਾ ਵਾਰਤਕ। ਅੱਗੋਂ ਵਾਰਤਕ ਦੇ ਅਨੇਕ ਰੂਪ ਹਨ। ਜਿਵੇਂ-ਕਹਾਣੀ, ਨਾਵਲ, ਨਾਟਕ ਆਤਮ-ਕਥਾ ਆਦਿ। ਇਨ੍ਹਾਂ ਦਾ ਵਿਸਥਾਰ ਨਾਲ ਹੇਠਾਂ ਵਿਚਾਰ ਕਰਾਂਗੇ :-

### ਕਵਿਤਾ :-

ਮੋਟੇ ਤੌਰ 'ਤੇ ਕਵਿਤਾ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਇਕ ਸਾਧਾਰਣ ਜਿਸ ਵਿਚ ਸਟੇਜੀ ਕਵਿਤਾ, ਜਾਂ ਹੋਰ ਛੰਦਾ-ਬੰਦੀ ਕਵਿਤਾ ਆਉਂਦੀ ਹੈ। ਦੂਸਰਾ ਸਾਹਿਤਕ ਕਵਿਤਾ/ਕਵਿਤਾ ਸਾਹਿਤ ਦਾ ਇਕ ਐਸਾ ਪ੍ਰਮੁੱਖ ਰੂਪ ਹੈ ਜਿਸ ਅਨੁਸਾਰ ਕਵੀ ਆਪਣੀ ਮਨੋ-ਭਾਵਨਾਵਾਂ ਕਵਿਤਾਵਾਂ ਰਾਹੀਂ ਸਹਿਜੇ ਹੀ ਅਭਿਵਿਅਕਤ ਕਰਦਾ ਹੈ। ਮਹਾਨ ਵਿਦਵਾਨ ਅਨੁਸਾਰ "ਕਵਿਤਾ ਕਲਪਨਾ ਅਤੇ ਮਨੋ ਵੇਗਾਂ ਦੁਆਰਾ ਜੀਵਨ ਦੀ ਵਿਆਖਿਆ ਹੈ।" ਜਾਨਸਨ ਨੇ ਕਵਿਤਾ ਨੂੰ ਸੱਤ ਅਤੇ ਅਨੰਦ ਦੇ ਏਕੀਕਰਣ ਦੀ ਕਲਾ ਮੰਨਿਆ ਹੈ। ਜਿਸ ਵਿਚ ਵਿਵੇਕ ਦੇ ਨਾਲ ਕਲਪਨਾ ਦਾ ਪ੍ਰਯੋਗ ਹੁੰਦਾ ਹੈ। ਕਵਿਤਾ ਇਕ ਛੰਦਮਈ ਰਚਨਾ ਹੁੰਦੀ ਹੈ। ਇਸ ਲਈ, ਇਸ ਵਿਚ ਵਿਚਾਰਾਂ ਦੀ ਥਾਂ ਭਾਵਾਂ ਦੀ ਪ੍ਰਧਾਨਤਾ ਹੁੰਦੀ ਹੈ। ਜਿਸ ਤੋਂ ਅਨੰਦ ਤੇ ਰਸ ਦੀ ਪ੍ਰਾਪਤੀ ਹੁੰਦੀ ਹੈ। ਇਸ ਦੇ ਨਾਲ ਹੀ ਇਸ ਵਿਚ ਭਾਸ਼ਾ ਦੀ ਸੁੰਦਰਤਾ, ਅਲੰਕਾਰ, ਸ਼ਬਦ, ਸ਼ਕਤੀਆਂ, ਅਲੰਕਾਰ, ਛੰਦ ਤੇ ਸੰਗੀਤ ਵੀ ਸ਼ਾਮਿਲ ਹੁੰਦਾ ਹੈ।

ਪੰਜਾਬੀ ਕਵਿਤਾ ਦਾ ਜਨਮ ਬਹੁਤ ਪੁਰਾਣਾ ਹੈ। ਲਿਖਤ ਰੂਪ ਵਿਚ ਪੰਜਾਬੀ ਸਾਹਿਤ ਦਾ ਅਰੰਭ ਜਿਥੇ ਨਾਥਾਂ ਜੋਗੀਆਂ ਦੀਆਂ ਰਚਨਾਵਾਂ, ਨਾਲ ਹੋਇਆ ਮੰਨਿਆ ਜਾਂਦਾ ਹੈ। ਪੰਜਾਬੀ ਕਵਿਤਾ ਦਾ ਮੁੱਢ ਵੀ ਇਨ੍ਹਾਂ ਤੋਂ ਹੀ ਮੰਨਿਆ ਜਾਂਦਾ ਪੰਜਾਬੀ ਸਾਹਿਤ ਦੇ ਵਿਕਾਸ ਪੜ੍ਹਾ ਵਿਚ ਸਭ ਤੋਂ ਲੰਮਾ ਸਮਾਂ ਹੈ ਪਰ ਫਿਰ ਬਹੁਤੀ ਰਚਾ ਨਹੀਂ ਹੋਈ। ਇਸ ਕਾਲ ਵਿਚ ਕੁਝ ਵਾਰਾਂ ਦਾ ਵੀ ਪਤਾ ਲਗਦਾ ਹੈ ਜਿਵੇਂ ਟੁੰਡੇ ਅਸਰਾਜਦੀ ਵਾਰ, ਹਸਨੇ ਮਹਿਮਾ ਦੀ ਵਾਰ, ਟੁੰਡੇ ਅਸਰਾਜੇ ਦੀ ਧੁੰਨੀ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਦੀ ਰਚਨਾ ਕੀਤੀ। ਇਨ੍ਹਾਂ ਦੇ ਰਚਨਹਾਰਿਆਂ ਦਾ ਕੁਝ ਪਤਾ ਨਹੀਂ ਚਲਦਾ। ਨਾਥ ਜੋਗੀਆਂ ਦਾ ਸਮਾਂ 900 ਈ. ਦੇ ਆਸ ਪਾਸ ਹੈ। ਗਿਆਰਵੀਂ ਸਦੀ ਵਿਚ ਬਾਬਾ ਫਰੀਦ ਦੀ ਕਵਿਤਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਮਿਲਦੀ ਹੈ। ਜੋ ਅੱਜ ਦੀ ਪੰਜਾਬੀ ਬੋਲੀ ਦੇ ਵਧੇਰੇ ਨੇੜੇ ਹੈ ਜਿਵੇਂ :-

**ਨੋਟ**

*"ਕਾਲੇ ਮੈਂਡੇ ਕੱਪੜੇ, ਕਾਲਾ ਮੈਂਡਾ ਵੇਸ*
*ਗੁਨਾਹੀ ਭਰਿਆ ਮੈਂ ਫਿਰਾਂ ਲੋਕ ਕਹਿਣ ਦਰਵੇਸ਼'*

ਇਹ ਭਾਸ਼ਾ ਪੱਖੋਂ ਅੱਜ ਦੀ ਪੰਜਾਬੀ ਦੇ ਕਾਫੀ ਨੇੜੇ ਹੈ। ਇਸੇ ਕਾਲ ਵਿਚ ਭਗਤ ਨਾਮ ਦੀ ਬਾਣੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਮਿਲਦੀ ਹੈ। 1469 ਵਿਚ ਗੁਰੂ ਤੋਂ ਬਾਅਦ ਗੁਰੂ ਕਾਲ ਦਾ ਸਮਾਂ ਸੀ, ਇਸੇ ਦੌਰਾਨ, ਗੁਰੂ ਨਾਨਕ ਦੇਵ ਜੀ, ਗੁਰੂ ਅਰਜਨ ਦੇਵ ਜੀ ਤੋਂ ਇਲਾਵਾ ਭਗਤਾਂ ਦੀ ਬਾਣੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਜਿਸ ਨੂੰ ਅਸੀਂ ਸਾਹਿਤ ਵਿਚ ਗੁਰਮਤਿ ਕਾਵਿ ਨਾਲ ਵੀ ਸੰਬੋਧਨ ਕਰਦੇ ਹਾਂ। ਇਸੇ ਹੀ ਕਾਲ ਵਿਚ ਕਿੱਸਾਕਾਰੀ ਦੇ ਰੂਪ ਵਿਚ ਲੰਮੀ ਕਵਿਤਾਵਾਂਦਾ ਵੀ ਪਤਾ ਚੱਲਦਾ। ਜਿਵੇਂ 'ਹੀਰ', 'ਪੀਲੂ ਦਾ ਮਿਰਜਾ ਸਾਹਿਬ' ਆਦਿ ਦੀਆਂ ਰਚਨਾਵਾਂ ਕਾਵਿ ਰੂਪ ਵਿਚ ਮਿਲਦੀਆਂ ਹਨ। ਮਹਾਰਾਜਾ ਰਣਜੀਤ ਸਿੰਘ ਕਾਲ ਵਿਚ 'ਸੱਸੀ ਪੁਨੂੰ ਦਾ ਕਿੱਸਾ ਕਾਵਿ ਰੂਪ ਵਿਚ ਅਤੇ ਵਾਰ ਸਾਹਿਤ ਵਿਚ ਜੰਗਨਾਮਾ 'ਸਿੰਘਾਂ ਤੇ ਫਰੰਗੀਆਂ ਦੀ ਸ਼ਾਹ ਮੁਹੰਮਦ ਦੀ ਰਚਨਾ ਮਿਲਦੀ ਹੈ, ਜਿਸ ਵਿਚ ਸਿੰਘਾਂ ਤੇ ਫਰੰਗੀਆਂ ਦੀ ਲੜਾਈ ਜ਼ਿਕਰ ਹੈ।

1872 ਤੋਂ ਆਧੁਨਿਕ ਸਾਹਿਤ ਦਾ ਯੁੱਗ ਆਉਂਦਾ ਹੈ। ਜਿਸ ਵਿਚ ਭਾਈ ਵੀਰ ਸਿੰਘ ਨੂੰ ਆਧੁਨਿਕ ਕਾਵਿ ਦਾ ਮੋਢੀ ਕਿਹਾ ਜਾਂਦਾ ਹੈ। ਇਨ੍ਹਾਂ ਦੀਆਂ ਪ੍ਰਸਿੱਧ ਰਚਨਾਵਾਂ "ਲਹਿਰਾਂ ਦੇ ਹਾਰ, 'ਬਿਜਲੀਆਂ ਦੇ ਹਾਰ' 'ਮਟਕ ਹੁਲਾਰੇ', ਮੇਰੇ ਮਾਈਆਂ ਜੀਓ ਆਦਿ ਕਾਵਿ ਰਚਨਾਵਾਂ ਦੇ ਸੰਗ੍ਰਹਿ ਮਿਲਦੇ ਹਨ। ਭਾਈ ਸਾਹਿਬ ਦੀਆਂ ਕਵਿਤਾਵਾਂ ਵਿਚ ਅਧਿਆਤਮਕ ਰੰਗ ਜ਼ਿਆਦਾ ਮਿਲਦਾ ਹੈ। ਕਵਿਤਾਵਾਂ ਦਾ ਅਧਾਰ ਵਧੇਰੇ ਗੁਰਮਤ ਸਿਧਾਂਤਾਂ ਉੱਤੇ ਅਧਾਰਤ ਹੈ। ਇਸ ਤੋਂ ਬਾਅਦ ਪੰਜਾਬੀ ਸਾਹਿਤ ਵਿਚ ਪ੍ਰੋ. ਮੋਹਨ ਸਿੰਘ, ਚਰਨ ਸਿੰਘ ਸ਼ਹੀਦ, ਅਮ੍ਰਿਤਾ ਪ੍ਰੀਤਮ ਆਦਿ ਕਵੀਆਂ ਨੇ ਪੰਜਾਬੀ ਸਾਹਿਤ ਨੂੰ ਕਾਵਿ-ਸਾਹਿਤ ਨਾਲ ਭਰਪੂਰ ਕੀਤਾ ਹੈ। ਮੁਢਲੇ ਕਵੀਆਂ ਵਿਚ ਲਾਲਾ ਕਿਰਪਾ ਸਾਗਰ, ਧਨੀ ਰਾਮ ਚਾਤ੍ਰਿਕ, ਡਾ. ਦਿਵਾਨ ਸਿੰਘ ਕਾਲੇਪਾਣੀ, ਬਾਵਾ ਬਲਵੰਤ, ਪ੍ਰੀਤਮ ਸਿੰਘ ਸਫੀਰ ਆਦਿ ਕਵੀਆਂ ਨੇ ਕਾਵਿ-ਸਾਹਿਤ ਨੂੰ ਅਮੀਰ ਕੀਤਾ।

## ਕਹਾਣੀ :-

ਕਹਾਣੀ ਕਹਿਣੀ ਅਤੇ ਸੁਨਣ ਦੀ ਪਰੰਪਰਾ ਉਨੀ ਹੀ ਪੁਰਾਣੀ ਹੈ ਜਿੰਨ ਪੁਰਾਣਾ ਸਾਡਾ ਜੀਵਨ ਹੈ। ਜਿਵੇਂ ਜਿਵੇਂ ਮਾਨਵ ਦਾ ਵਿਕਾਸ ਹੁੰਦਾ ਗਿਆ ਤਿਵੇਂ ਤਿਵੇਂ ਹੀ ਮਾਨਵ ਦੇ ਭਾਵ ਵਿਚਾਰ ਵੀ ਬਦਲਦੇ ਗਏ। ਇਨ੍ਹਾਂ ਦੇ ਨਾਲ ਹੀ ਮਾਨਵ ਦੀਆਂ ਕਹਾਣੀਆਂ ਦੇ ਰੂਪ ਵੀ ਬਦਲਦੇ ਗਏ। ਇਸ ਦਾ ਕਥਾ ਵਸਤੂ ਸੀਮਤ ਤੇ ਛੋਟਾ ਹੁੰਦਾ ਹੈ। ਕਹਾਣੀ ਨੂੰ ਪਾਤਰਾਂ ਰਾਹੀਂ ਨਾਟ ਪ੍ਰਣਾਲੀ, ਸੰਵਾਦ ਰਾਹੀਂ ਪੇਸ਼ ਕੀਤਾ ਜਾਂਦਾ ਹੈ।

ਕਹਾਣੀ ਭਾਰਤ ਦੀ ਇਕ ਪੁਰਾਣੀ ਸਾਹਿਤਕ ਕਲਾ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਕਹਾਣੀਆਂ ਦਾ ਪਹਿਲਾ ਰੂਪ ਪੁਰਾਤਨ ਜਨਮ-ਸਾਖੀਆਂ ਦੇ ਰੂਪ ਵਿਚ ਮਿਲਦਾ ਹੈ। ਇਹਨਾਂ ਤੋਂ ਛੁੱਟ ਪੰਜਾਬ ਦੀਆਂ ਕਹਾਣੀਆਂ ਅਤੇ ਲੋਕ-ਕਥਾਵਾਂ ਨੂੰ ਯੂਰਪੀ ਲੇਖਕਾਂ ਸਰ ਰਿਚਰਡ ਟੈਂਪਲ (1850-1931), ਸ਼੍ਰੀਮਤੀ ਸਟੀਲ ਨੇ ਅੰਗ੍ਰੇਜ਼ੀ ਅਨੁਵਾਦ ਕੀਤਾ। ਇਹਨਾਂ ਵਿਚ ਕਹਾਣੀ ਦਾ ਅੰਸ਼ ਤਾਂ ਜ਼ਰੂਰ ਹੈ ਪਰ ਸੁਹਜਾਤਮਕ ਕਲਾ ਦੀ ਘਾਟ ਮਹਿਸੂਸ ਹੁੰਦੀ ਹੈ। ਭਾਰਤ ਵਿਚ ਅੰਗਰੇਜ਼ ਦੀ ਆਮਦ ਦੇ ਨਾਲ ਆਪਣੇ ਰਾਜ ਦੀਆਂ ਜੜ੍ਹਾਂ ਪੱਕੀਆਂ ਕਰਨ ਲਈ ਈਸਾਈ ਮਿਸ਼ਨਰੀਆਂ ਨੇ ਦੁੱਪਤਰਿਆਂ ਅਤੇ ਚਬੱਤਰਿਆਂ ਰਾਹੀਂ ਆਪਣਾ ਪ੍ਰਚਾਰ ਆਰੰਭਿਆ। ਇਹ ਪ੍ਰਚਾਰ ਕਹਾਣੀ ਸ਼ੈਲੀ ਰੂਪ ਵਿਚ ਹੁੰਦਾ ਸੀ। ਇਹਨਾਂ ਵਿਚ ਪ੍ਰਚਾਰ ਅਤੇ ਉਪਦੇਸ਼ ਵਧੇਰੇ ਹੋਣ ਕਰਕੇ ਕਹਾਣੀ ਦਾ ਅੰਸ਼ ਘੱਟ ਜਾਂਦਾ ਸੀ।

ਮੂਲ ਰੂਪ ਵਿਚ ਆਧੁਨਿਕ ਪੰਜਾਬੀ ਕਹਾਣੀ ਦਾ ਆਰੰਭ ਵਿਕਾਸ ਪੱਛਮੀ ਸਾਹਿਤ ਦੇ ਪ੍ਰਭਾਵ ਨਾਲ ਵੀਹਵੀਂ ਸਦੀ ਵਿਚ ਹੋਇਆ। ਪੰਜਾਬੀ ਵਿਚ ਉਨ੍ਹਾਂ ਦਿਨੀਂ ਰਸਾਲਿਆਂ ਅਤੇ ਅਖ਼ਬਾਰਾਂ ਦਾ ਪ੍ਰਚਲਤ ਹੋਣ ਨਾਲ ਲੇਖ, ਕਹਾਣੀ ਆਦਿ ਰੂਪ ਵਿਚ ਰਚਨਾਵਾਂ ਛਪਣ ਲੱਗ ਪਈਆਂ। ਪੰਜਾਬੀ ਕਹਾਣੀ ਦਾ ਮੋਢੀ ਭਾਈ ਮੋਹਨ ਸਿੰਘ ਆਖਿਆ ਜਾ ਰਿਹਾ ਹੈ। ਇਨ੍ਹਾਂ ਦੀਆਂ ਕਹਾਣੀਆਂ ਸਿੱਖਿਆ ਦੇਣ ਦੇ ਮਕਸਦ ਨਾਲ ਸਨ। ਜਿਵੇਂ ਹੀਰੇ ਦੀਆਂ ਕਣੀਆਂ (1927) ਰੰਗ, ਬਰੰਗੇ ਫੁੱਲ, ਤੇ ਕਿਸਮਤ ਦਾ ਚੱਕਰ (1934) ਆਦਿ ਕਹਾਣੀ ਸੰਗ੍ਰਹਿ ਪੰਜਾਬ ਸਾਹਿਤ ਨੂੰ ਦਿੱਤੇ। ਇਸ ਸਮੇਂ ਗਿਆਨੀ ਗੁਰਦਿੱਤ ਸੋਹਣ ਸਿੰਘ ਜੋਸ਼ ਹੀਰਾ ਸਿੰਘ ਦਰਦ, ਲਾਲ ਸਿੰਘ ਕਮਲਾ ਅਕਾਲੀ, ਆਦਿ ਲੇਖਕਾਂ ਕਹਾਣੀ ਕਲਾ ਦੀ ਭੂਮਿਕਾ ਨਿਭਾਉਣ ਦਾ ਵੱਡਾ ਹੱਥ ਸੀ।

**ਨੋਟ**

ਪ੍ਰਸਿੱਧ ਨਾਵਲਕਾਰ ਨਾਨਕ ਸਿੰਘ ਨੇ ਕਹਾਣੀਆਂ ਵਿਚ ਸਮਾਜ ਦੀਆਂ ਅਤੇ ਸਮਾਜ ਵਿਚ ਵਿਚਰ ਰਹੇ ਪਾਤਰਾਂ ਦੀਆਂ ਮਾਨਸਿਕ ਗੁੰਝਲਾਂ ਨੂੰ ਸੁਲਝਾਉਣ ਪ੍ਰਤੀ ਭਾਵ ਪੂਰਤ ਢੰਗ ਨਾਲ ਪੇਸ਼ ਕੀਤਾ ਗਿਆ ਹੈ। "ਹੰਝੂਆਂ ਦੇ ਹਾਰ" ਸੱਧਰਾ ਦੇ ਹਾਰ, ਮਿੱਧੇ ਹੋਏ ਫੁੱਲ ਆਦਿ ਪ੍ਰਸਿੱਧ ਕਹਾਣੀ ਸੰਗ੍ਰਹਿ ਹਨ। ਇਸ ਤੋਂ ਇਲਾਵਾ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਖੁੱਲ੍ਹੇ ਪਿਆਰ ਦੇ ਵਿਸ਼ੇ ਉੱਤੇ ਅਨੇਕਾਂ ਕਹਾਣੀਆਂ ਪੰਜਾਬੀ ਸਾਹਿਤ ਨੂੰ ਦਿੱਤੇ। ਇਸ ਤੋਂ ਇਲਾਵਾ ਅੰਮ੍ਰਿਤਾ ਪ੍ਰੀਤਮ, ਕੁਲਵੰਤ ਸਿੰਘ ਵਿਰਕ, ਗੁਰਮੁਖ ਸਿੰਘ ਮੁਸਾਫ਼ਰ, ਸੰਤੋਖ ਸਿੰਘ ਧੀਰ ਆਦਿ ਲੇਖਕਾਂ ਨੇ ਪੰਜਾਬੀ ਕਹਾਣੀ ਸੰਗ੍ਰਹਿ ਨਾਲ ਪੰਜਾਬੀ ਸਾਹਿਤ ਨੂੰ ਅਮੀਰ ਕੀਤਾ।

**ਭਾਈ ਵੀਰ ਸਿੰਘ :-**

ਮੁੱਖ ਰੂਪ ਵਿਚ ਪੰਜਾਬੀ ਨਾਵਲ ਦਾ ਮੁੱਢ ਭਾਈ ਵੀਰ ਸਿੰਘ ਦੇ ਨਾਵਲਾਂ ਨਾਲ ਹੀ ਹੁੰਦਾ ਹੈ। ਆਪ ਧਾਰਮਿਕ ਵਿਰਤੀ ਦੇ ਮਾਲਕ ਸਨ। ਈਸਾਈ ਮਿਸ਼ਨਰੀਆਂ ਦੇ ਪ੍ਰਭਾਵ ਨੂੰ ਠੱਲ ਪਾਉਣ ਲਈ ਭਾਈ ਵੀਰ ਸਿੰਘ ਨੇ ਟਰੈਕਟਾਂ ਰਾਹੀਂ ਗੁਰਪੁਰਬਾਂਦੇ ਮੌਕੇ ਸਿੱਖ ਧਰਮ ਦੀ ਵਿਸ਼ੇਸ਼ਤਾ ਤੇ ਪੁਰਾਤਨ ਸਿੱਖ ਇਤਿਹਾਸ ਨੂੰ ਪੇਸ਼ ਕਰਕੇ ਸਿੱਖ ਜਗਤ ਨੂੰ ਸਿੱਖਿਆ ਦੇਣ ਜਾਂ ਸਿੱਖ ਸਮਾਜ ਦਾ ਸੁਧਾਰਕਰਨ ਲਈ ਨਾਵਲ ਲਿਖੇ। ਨਾਵਲਟ ਕਹਾਣੀਆਂ ਰਾਹੀਂ ਪੁਰਾਤਨ ਸਿੱਖਾਂ ਦੀ ਤਸਵੀਰ ਪੇਸ਼ ਕੀਤਾ ਤਾਂ ਜੋ ਸਿੱਖ ਆਪਣੇ ਧਰਮ ਵਿਚ ਪੱਕੇ ਹੋ ਸਕਣ। ਆਪਣੇ ਨਾਵਲਾਂ ਵਿਚ ਭਾਈ ਵੀਰ ਸਿੰਘ ਨੇ ਕੁਝ ਐਸੇ ਵਿਸ਼ੇ ਵੀ ਲਏ ਜਿਸ ਕਾਰਣ ਸਿੱਖਾਂ ਅੰਦਰ ਜਾਗ੍ਰਤੀ ਪੈਦਾ ਹੋ ਸਕੇ। ਜਿਵੇਂ ਗੁਲਾਮੀ ਲਾਹਨਤ ਹੈ। ਰਾਜ ਜਾਂ ਤਾਕਤ ਦਾ ਨਸ਼ਾ ਮਨੁੱਖ ਨੂੰ ਹਉਮੈਂਵਾਦੀ ਬਣਾ ਦੇਣਾ ਹੈ। ਆਚਰਣ ਹੀ ਮਨੁੱਖ ਦਾ ਅਸਲ ਗਹਿਣਾ ਹੈ। 1897 ਈ. ਵਿਚ ਭਾਈ ਵੀਰ ਸਿੰਘ ਨੇ ਨਾਵਲ "ਸੁੰਦਰੀ" ਸਤਵੰਤ ਕੌਰ (1900 ਈ.), 1920 ਈ. ਵਿਚ ਵਿਜੈ ਸਿੰਘ 1921 ਵਿਚ "ਬਾਬ ਨੌਧ ਸਿੰਘ ਨਾਵਲ ਪੰਜਾਬੀ ਸਾਹਿਤ ਨੂੰ ਦਿੱਤੇ। ਇਨ੍ਹਾਂ ਨਾਵਲਾਂ ਵਿਚ ਆਦਰਸ਼ਕ ਸਿੱਖ ਬੀਬੀਆਂ ਅਤੇ ਆਦਰਸ਼ਕ ਸਿੱਖਾਂ ਨੂੰ ਪੇਸ਼ ਕੀਤਾ ਗਿਆ ਹੈ। ਧਾਰਮਿਕ ਅਸੂਲਾਂ ਨੂੰ ਧਾਰਨ ਕਰਕੇ ਸੰਘਰਸ਼ ਦੀਆਂ ਕਹਾਣੀਆਂ ਪੇਸ਼ ਕੀਤੀਆਂ ਗਈਆਂ ਹਨ। ਨਾਵਲਾਂ ਦੀ ਕਹਾਣੀ ਵਿਚ ਲਟਕਾ ਹੈ। ਤਾਂਕਿ ਕਾਹਣੀ ਵਿਚ ਦਿਲਚਸਪੀ ਬਣੀ ਰਹੇ। ਲੜਾਈਆਂ ਨੂੰ ਬੜੇ ਸੁਹਣੇ ਢੰਗ ਪੇਸ਼ ਕੀਤਾ ਗਿਆ ਹੈ। ਪਾਤਰਾਂ ਨੂੰ ਚੰਗੇ ਅਤੇ ਮੰਦੇ ਰੂਪਾਂ ਵਿਚ ਵੰਡਿਆ ਹੋਇਆ ਹੈ। ਮੁਸਲਮਾਨਾਂ ਨੂੰ ਮਾੜਾ ਸਿੱਖਾਂ ਨੂੰ ਚੰਗਾ ਦੱਸਿਆ ਹੈ। ਇਸਦਾਇਹ ਮਤਲਬ ਨਹੀਂ ਕਿ ਉਹ ਮਾੜੇ ਇਸ ਲਈ ਹਨ ਕਿ ਉਹ ਮੁਸਲਮਾਨ ਹਨ। ਸਗੋਂ ਇਸ ਲਈ ਕਿ ਉਹ ਤਾਕਤ ਦੇ ਨਸ਼ੇ ਵਿਚ ਹਉਮੈਂ ਵਿਚ ਆ ਕੇ ਮੰਦੇ ਕੰਮ ਕਰਦੇ ਹਨ। ਪ੍ਰਸਿੱਧ ਨਾਵਲਕਾਰ ਨਾਨਕ ਸਿੰਘ ਨੇ ਕਹਾਣੀ ਕਲਾ 'ਤੇ ਹੱਥ ਅਜਮਾਇਆ। ਉਸ ਦੀਆਂ ਕਹਾਣੀਆਂ ਵਿਚ ਵੀ ਨਾਵਲ ਦਾ ਰੰਗ ਸਾਫ਼ ਵਿਖਾਈ ਦਿੰਦਾ ਹੈ। ਕਹਾਣੀਆਂ ਵਿਚ ਸਮਾਜਿਕ ਅਤੇ ਪਾਤਰਾਂ ਦੀਆਂ ਮਾਨਸਿਕ ਗੁੰਝਲਾਂ ਨੂੰ ਭਾਵ ਪੂਰਤ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਪ੍ਰਸਿੱਧ ਕਹਾਣੀ ਸੰਗ੍ਰਹਿ, "ਹੰਝੂਆਂਦੇ ਹਾਰ', (1934) ਸਧਰਾਂ ਦੇ ਹਾਰ (1936) ਮਿੱਧੇ ਹੋਏ ਫੁੱਲ (1937) ਅਤੇ 'ਸੁਪਨਿਆਂ ਦੀ ਕਬਰ'+ ਹਨ। ਇਸ ਤੋਂ ਇਲਾਵਾ ਗੁਰਬਖਸ਼ ਸਿੰਘ ਪ੍ਰੀਤਲੜੀ ਖੁੱਲ੍ਹੇ ਪਿਆਰ ਦੇ ਵਿਸ਼ੇ ਉੱਤੇ ਅਨੇਕਾਂ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਨੂੰ ਦਿੱਤੇ। ਸੰਤ ਸਿੰਘ ਸੇਖੋਂ, ਸੁਰਜਨ ਸਿੰਘ, ਦੇਵਿੰਦਰ ਸਥਿਆਰਥੀ, ਕਰਤਾਰ ਸਿੰਘ ਦੁੱਗਲ, ਗੁਰਮੁਖ ਸਿੰਘ ਮੁਸਾਫਰ, ਕਲੰਵਤ ਸਿੰਘ ਵਿਰਕ, ਸੰਤੋਖ ਸਿੰਘ ਧੀਰ, ਅੰਮ੍ਰਿਤਾ ਪ੍ਰੀਤਮ ਆਦਿ ਕਹਾਣੀ ਲੇਖਕਾਂ ਆਪਣੇ ਆਪਣੇ ਪੰਜਾਬੀ-ਕਹਾਣੀ ਸੰਗ੍ਰਹਿ ਨਾਲ ਪੰਜਾਬ ਸਾਹਿਤ ਸੰਸਾਰ ਨੂੰ ਅਮੀਰ ਕੀਤਾ।

**ਭਾਈ ਮੋਹਨ ਸਿੰਘ ਵੈਦ :-**

ਭਾਈ ਵੀਰ ਸਿੰਘ ਨੇ ਜਿਥੇ ਧਾਰਮਿਕ ਨਾਵਲ ਲਿਖੇ ਉਥੇ ਭਾਈ ਮੋਹਨ ਸਿੰਘ ਸਮਾਜ ਨੂੰ ਮੁੱਖ ਰੱਖ ਕੇ ਪੰਜਾਬੀ ਵਿਚ ਨਾਵਲਾਂ ਦੀ ਰਚਨਾ ਕੀਤੀ। 1911 ਤੋਂ 1920 ਈ. ਤੱਕ ਆਪ ਨੇ ਸੁਸ਼ੀਲ ਨੂੰਹ, ਸੁਭਾਗ ਕੌਰ, ਸ਼ੇਰ ਸਿੰਘ, ਰਾਮਿੰਦਰ ਕੌਰ, ਸੁਖੀ ਪਰਿਵਾਰ 'ਕਮਾਈ ਦੀ ਬਰਕਤ' ਆਦਿ ਸਮਾਜ-ਸੁਧਾਰਕ ਨਾਵਲਾਂ ਦੀ ਰਚਨਾ ਕੀਤੀ। ਕਲਾ ਪੱਖੋਂ ਭਾਈ ਮੋਹਨ ਸਿੰਘ ਦੇ ਨਾਵਲ ਕਮਜ਼ੋਰ ਸਨ ਪਰ ਫਿਰ ਵੀ ਆਪ ਦੀਆਂ ਰਚਨਾਵਾਂ ਦੀ ਇਤਿਹਾਸਕ ਮਹੱਤਵ ਨੂੰ ਭੁਲਾਇਆ ਨਹੀਂ ਜਾ ਸਕਦਾ।

**ਨਾਨਕ ਸਿੰਘ :-**

ਨਾਨਕ ਸਿੰਘ ਦਾ ਪੰਜਾਬੀ ਨਾਵਲਾਂ ਵਿਚ ਵਿਸ਼ੇਸ਼ ਸਥਾਨ ਹੈ। ਆਪਣੇ ਨਾਵਲਾਂ ਨੂੰ ਧਾਰਮਿਕ ਘੇਰੇ ਵਿਚੋਂ ਕੱਢ ਕੇਜਨ-ਜੀਵਨ ਦੇ ਨੇੜੇ ਲਿਆ ਹੈ। ਨਾਨਕ ਸਿੰਘ ਮੁੱਖ ਤੌਰ 'ਤੇ ਭਾਵਨਾ ਸੁਧਾਰਵਾਦੀ ਅਤੇ ਪ੍ਰਚਾਰਵਾਦੀ ਰਿਹਾ। ਨਾਨਕ ਸਿੰਘ ਨੇ ਆਪਣੇ ਨਾਵਲਾਂ ਵਿਚ ਪਿਆਰ, ਰੁਮਾਂਸ ਦੇ ਦੁਖਾਂਤ, ਨੂੰ ਆਪਣੇ ਨਾਵਲਾਂ ਵਿਚ ਥਾਂ ਦਿੱਤੀ ਹੈ। ਨਾਨਕ ਸਿੰਘ ਦੇ ਨਾਵਲਾਂ ਦੀ ਸਭ ਤੋਂ ਵੱਡੀ ਖ਼ੂਬੀਹੈ ਕਿ ਉਸ ਨੇ ਪੰਜਾਬੀਪਾਠਕ ਪੈਦਾ ਕੀਤੇ। ਪੰਜਾਬੀ ਸਾਹਿਤ ਨੂੰ ਘਰ ਘਰ ਵਿਚ ਪਹੁੰਚਾਇਆ ਨਾਵਾਲੰ ਵਿਚ ਭਾਈਚਾਰਕ ਸੁਧਾਰਾਂ ਵੱਲ ਧਿਆਨ ਦਰਸਾਇਆ ਹੈ। ਇਸ ਨਾਲ ਹੀ ਵਿਅਕਤੀਗਤ ਪੱਧਰ 'ਤੇ ਵੀ ਆਚਰਣ ਉਸਾਰੀ ਲਈ ਸੁਝਾਅ ਦਿੱਤੇ।

ਮੁੱਢਲੇ ਨਾਵਲਾਂ ਵਿਚੋਂ ਸੁਪ੍ਰਸਿੱਧ ਨਾਵਲ "ਚਿੱਟਾ ਲਹੂ" ਨਾਵਲ ਹੈ। ਇਸ ਦੀ ਰਚਨਾ 1932 ਵਿਚ ਹੋਈ। ਇਨ੍ਹਾਂ ਨਾਵਲ ਵਿਚ ਛੂਤ-ਛਾਤ, ਫਿਰਕਾਪ੍ਰਸਤੀ, ਵਿਧਵਾ-ਵਿਆਹ, 'ਅਨਪੜ੍ਹਤਾ' ਆਦਿ ਵਿਸ਼ਿਆਂ ਨੂੰ ਛੋਹਿਆ ਹੈ। ਇਸ ਤੋਂ ਬਿਨਾ, ਪਵਿੱਤਰ ਪਾਪੀ, ਖ਼ੂਨ ਦੇ ਸੋਹਿਲੇ, ਅੱਧ ਖਿੜਿਆ ਫੁੱਲ, ਇਕ ਮਿਆਨ ਦੋ ਤਲਵਾਰਾਂ, ਗੰਗਾ ਜਲੀ ਸ਼ਰਾਬ, ਫੌਲਾਦੀ ਫੁਲੇ ਆਸਤਕ-ਨਾਸਤਕ, ਕਾਗਤਾਂ ਦੀ ਬੇੜੀ, ਆਦਿ ਨਾਵਲਾਂ ਦੀ ਪੰਜਾਬ ਸਾਹਿਤ ਨੂੰ ਦੇਣ ਕੀਤੀ ਹੈ। ਮੁੱਖ ਤੌਰ 'ਤੇ ਨਾਵਲਾਂ ਵਿਚ ਪਤਿਤ-ਸਮਾਜ ਨੂੰ ਪ੍ਰਕਾਸ਼ਮਾਨ ਕੀਤਾ ਹੈ। "ਇਕ ਮਿਆਨ ਦੋ ਤਲਵਾਰਾਂ" ਵਿਚਮਨੁੱਖ ਦੇ ਵਿੱਕਤੀਗਤ ਪਿਆਰ ਅਤੇ ਦੇਸ਼-ਪਿਆਰ ਵਿਚਕਾਰ ਸੰਘਰਸ਼ ਦੱਸਿਆ ਹੈ। ਪਾਤਰਾਂ ਦੀ ਚੋਣ ਆਮਜੀਵਨ ਵਿਚੋਂ ਕੀਤੀ ਹੈ। ਵਧੇਰੇ ਨਾਵਲ ਭਾਵੁਕਤਾ ਪ੍ਰਧਾਨ ਹਨ। ਸਮਕਾਲੀ ਜੀਵਨ ਦੀਆਂ ਸਮੱਸਿਆਵਾਂ ਨੂੰ ਵਧੇਰੇ ਪ੍ਰਧਾਨਤਾ ਦਿੱਤੀ ਹੈ। ਨਾਨਕ ਸਿੰਘ ਨੂੰ ਆਧੁਨਿਕ ਪੰਜਾਬੀ ਨਾਵਲ ਦਾ ਪਿਤਾਮਾ ਕਿਹਾ ਜਾਂਦਾ ਹੈ।

ਇਸ ਤੋਂ ਮਗਰੋਂ ਜਸਵੰਤ ਸਿੰਘ ਕੰਵਲ ਨੇ ਪੰਜਾਬੀ ਨਾਵਲਾਂ ਵਿਚ ਕਹਾਣੀ ਨੂੰ ਰੌਚਿਕਤਾ ਨਾਲ ਪੇਸ਼ ਕਰਨ ਵਿਚ ਅਤੇ ਮੁੱਢਲੇ ਨਾਵਲਾਂ ਵਿਚ ਸਮਾਜਿਕ ਆਦਰਸ਼ ਨੂੰ ਪੇਸ਼ ਕੀਤਾ ਹੈ। ਜਸਵੰਤ ਸਿਘ ਕੰਵਲ ਨੂੰ ਨਾਨਕ ਸਿੰਘ ਦਾ ਉਤਰਾਧਿਕਾਰੀ ਵੀ ਆਖਿਆ ਜਾਂਦਾ ਹੈ। "ਸੱਚ ਨੂੰ ਫਾਂਸੀ", "ਪਾਲੀ" ਨਾਵਲਾਂ ਵਿਚ ਕੰਵਲ ਦੀ ਸਿਰਜਨਾ ਵਿਚ ਰੁਮਾਂਟਿਕ ਆਦਰਸ਼ਵਾਦ ਦਾ ਹੀ ਝਲਕਾਰਾ ਪੈਂਦਾ ਹੈ। "ਪੂਰਨ ਮਾਸ਼ੀ", "ਰਾਤ ਬਾਕੀ ਹੈ" ਵਿਚ ਸਮਾਜਵਾਦੀ ਅੰਸ਼ ਵਧ ਜਾਂਦਾ ਹੈ। 'ਪਾਲ ਨਾਵਲ ਵਿਚ ਪ੍ਰੀਤ ਦੇ ਨਗਮੇ ਗਾਏ ਹਨ।

ਜਸਵੰਤ ਸਿੰਘ ਕੰਵਲ ਦੀ ਸਭ ਤੋਂ ਵੱਡੀ ਦੇਣ ਪੰਜਾਬ ਦੇ ਪੇਂਡੂ ਜੀਵਨ ਨੂੰ ਪੰਜਾਬੀ ਨਾਵਲਾਂ ਦਾ ਸ਼ਿੰਗਾਰ ਬਣਾਇਆ। ਕੰਵਲ ਨਾਨਕ ਸਿੰਘ ਦੀ ਤਰ੍ਹਾਂ ਜ਼ਿੰਦਗੀ ਨੂੰ ਟੁਕੜਿਆਂ ਵਿਚ ਨਹੀਂ ਵੇਖਦਾ ਸਗੋਂ ਸੰਪੂਰਨ ਰੂਪ ਵਿਚਵੇਖਦਾ ਹੈ। ਨਾਵਲ ਵਿਚ ਸੁਧਾਰਵਾਦੀ ਰੁਚੀ ਪ੍ਰਧਾਨ ਹੈ।ਇਕ ਸਫਲ ਪੰਜਾਬੀ ਨਾਵਲਕਾਰ ਹੈ।

ਇਸ ਪੰਜਾਬ ਸਾਹਿਤ ਵਿਚ ਇਨ੍ਹਾਂ ਲੇਖਕਾਂ ਤੋਂ ਬਿਨਾ ਹੋਰ ਪੰਜਾਬੀ ਨਾਵਲਕਾਰਾਂ ਨੇ ਪੰਜਾਬੀ ਨਾਵਲਾਂ ਦੀ ਰਚਨਾ ਕਰਕੇ ਵਿਸ਼ੇਸ਼ ਯੋਗਦਾਨ ਪਾਇਆ। ਉਨ੍ਹਾਂ ਵਿਚ ਮਹਿੰਦਰਾ, ਨਰਿੰਦਰਪਾਲ ਸਿੰਘ, ਸ੍ਰੀਮਤੀ ਅੰਮ੍ਰਿਤਾ ਪ੍ਰੀਤਮ, ਕਰਤਾਰ ਸਿੰਘ ਦੁੱਗਲ, ਤਲੀਪ ਕੌਰ, ਟਿਵਾਣਾ, ਸੋਹਣਸਿੰਘ, ਸੀਤਲਅਤੇ ਨਰੰਜਣ ਤਸਨੀਪ ਆਦਿ ਆਧੁਨਿਕ ਜੀਵਨ ਨੂੰ ਪੇਸ਼ ਕਰਕੇ ਉਨ੍ਹਾਂ ਤੋਂ ਉਪਜੀਆਂ ਸਮੱਸਿਆਵਾਂ ਨੂੰ ਮਨੋਵਿਗਿਆਨਕ ਢੰਗ ਨਾਲ ਸਮੱਸਿਆਵਾਂ ਦਾ ਹੱਲ ਦੱਸਿਆ ਹੈ।

## ਪੰਜਾਬੀ ਨਾਵਲ :-

ਭਾਰਤ ਵਿੱਚ ਅੰਗਰੇਜ਼ਾਂ ਦੇ ਪਰਵੇਸ਼ ਨਾਲ ਜਦੋਂ ਅੰਗਰੇਜ਼ੀ ਵਿਦਿਆ ਅਤੇ ਅੰਗਰੇਜ਼ੀ ਸਾਹਿਤ ਦਾ ਪਸਾਰ ਸ਼ੁਰੂ ਹੋਇਆ ਤਾਂ ਅੰਗਰੇਜ਼ੀ ਸਾਹਿਤ ਨੇ ਭਾਰਤੀ ਬੋਲੀਆਂ ਦੇ ਸਾਹਿਤ ਨੂੰ ਵੀ ਪ੍ਰਭਾਵਿਤ ਕੀਤਾ। ਜਿੱਥੇ ਪੰਜਾਬੀ ਨਿੱਕੀ ਕਹਾਣੀ ਦਾ ਜਨਮ ਪੱਛਮੀ ਸਾਹਿਤ ਦੇ ਪ੍ਰਭਾਵ ਹੇਠ ਹੋਇਆ, ਉਥੇ ਪੰਜਾਬੀ ਨਾਵਲ ਤੇ ਵੀ ਪੱਛਮੀ ਸਾਹਿਤ ਦਾ ਅਸਰ ਹੋਇਆ। ਪੰਜਾਬੀ ਨਿੱਕੀ ਕਹਾਣੀ ਜਿਥੇ ਮਨੁੱਖ ਦੇ ਇਕ ਪੱਖ ਨੂੰ ਲੈ ਕੇ ਉਸਾਰੀ ਜਾਂਦੀ ਹੈ ਉੱਥੇ ਨਾਵਲ ਮਨੁੱਖ ਦਾ ਸਮਾਜ ਦੇ ਸਮੁੱਚੇ ਸਮੱਸਿਆਵਾਂ ਨਾਲ ਸਬੰਧਤ ਘਟਨਾਵਾਂ ਦੇ ਅਧਾਰ ਤੇ ਉਸਾਰਿਆਂ ਜਾਂਦਾ ਹੈ। ਸ਼ਬਦੀ ਅਰਥ ਗਲ+ਗੱਪ। ਭਾਵ ਉਹ ਗੱਲਾਂ ਜੋ ਕੁਝ ਗੱਪਾਂ ਦਾ ਰਲਾ ਵੀ ਹੋਵੇ ਉਸ ਨੂੰ ਗਲਪ ਆਖਿਆ ਜਾਂਦਾ ਹੈ। ਜਦੋਂ ਗਲਪ ਨੂੰ ਨਵੇਂ ਰੂਪ ਵਿਚ ਪੇਸ਼ ਕੀਤਾ ਗਿਆ ਤਾਂ ਉਸ ਨੂੰ ਨਾਵਲ ਦਾ ਨਾਂ ਵੀ ਦਿੱਤਾ ਗਿਆ ਭਾਵ ਗਲ ਅਤੇ ਗਪ ਵਿਚ ਨਵਾਂ ਪਨ ਲਿਆ ਨਾਵਲ ਦੀ ਉਸਾਰੀ ਕੀਤੀ ਗਈ। ਨਾਵਲ ਦੀ

ਨੋਟ

ਉਪਜ, ਅਸਲ ਵਿਚ, ਮਨੁੱਖਾਂ ਵਿਚ ਚੇਤਤਾ ਦੇ ਵਾਧੇ ਨਾਲ ਹੀ ਹੁੰਦੀ ਹੈ। ਨਾਵਲ ਮਨੁੱਖੀ ਜੀਵਨ ਦਾ ਭਰਪੂਰ ਚਿਤ੍ਰ ਹੈ ਤੇ ਇਹ ਚ੍ਰਿਤਨ ਕੇਵਲ ਬੌਧਿਕਤਾ ਦੇ ਵਾਧੇ ਨਾਲ ਹੀ ਹੁੰਦੀ ਹੈ।

ਚੰਗਾ ਨਾ ਅਥਵਾ ਸਫ਼ਲ ਨਾਵਲ ਉਸ ਦੀ ਕਥਾ ਵਸਤੂ ਪਾਤਰ, ਭਾਸ਼ਾ ਸ਼ੈਲੀ, ਉਦੇਸ਼ ਆਦਿ ਤੇ ਨਿਰਭਰ ਕਰਦਾ ਹੈ। ਸਮਾਜ ਵਿਚ ਅਨੇਕ ਬੁਰਾਈਆਂ ਹਨ। ਇਹ ਬੁਰਾਈਆਂ ਇਨਸਾਨ ਜੇ ਕਬੂਲਦਾ ਹੈ ਤਾਂ ਸਮਾਜ ਵਿਚ ਗਿਰਾਵਟ ਆ ਜਾਂਦੀ ਹੈ। ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਲਈ ਮਨੁੱਖੀ ਪਾਤਰ ਦਾ ਸਹਾਰਾ ਲੈ ਕੇ ਵਿਸ਼ੇ ਦੀ ਉਸਾਰੀ ਕਹਾਣੀ ਰਾਹੀਂ ਕਰਦਾ ਹੈ। ਪਾਤਰਾਂ ਦਾ ਕਿਰਦਾਰ ਪਾਤਰ ਉਸਾਰੀ ਰਾਹੀ ਕਰਦਾ ਹੈ ਤਾਂ ਸਮਾਜਿਕ ਬੁਰਾਈਆਂ ਉਜਾਗਰ ਕਰਕੇ। ਪਾਠਕਾਂ ਨੂੰ ਕਹਾਣੀ ਰਾਹੀਂ ਸਮਾਜ ਵਿਚ ਪਈਆਂ ਬੁਰਾਈਆਂ ਤੋਂ ਜਾਣੂ ਕਰਵਾ ਕੇ ਉਸ ਤੋਂ ਕਿਵੇਂ ਛੁਟਕਾਰਾ ਪਾਇਆ ਜਾਵੇ ਇਹ ਹੀ ਨਾਵਲਕਾਰ ਦੀ ਸਫ਼ਲਤਾ ਹੈ। ਸਮਾਜ ਇਕ ਸਰੀਰ ਹੈ। ਜਿਵੇਂ ਮਨੁੱਖ ਦੇ ਸਰੀਰ ਦੇ ਕਿਸੇ ਹਿੱਸੇ ਤੇ ਚੋਟ ਤਾਂ ਕਿਸੇ ਹੋਰ ਤਰ੍ਹਾਂ ਦਾ ਨੁਕਸਾਨ ਹੋ ਜਾਵੇ ਤਾਂ ਉਸ ਦਾ ਸਾਰਾ ਸਰੀਰ ਹਿੱਲ ਜਾਂਦਾ ਹੈ। ਮਨੁੱਖ ਇਕ ਚੰਗੇ ਡਾਕਟਰ ਪਾਸ ਸਾਰੇ ਸਰੀਰ ਦਾ ਨਹੀਂ ਬਲਕਿ ਸਰੀਰ ਦੇ ਉਸ ਹਿੱਸੇ ਦਾ ਇਲਾਜ ਕਰਵਾਉਂਦਾ ਹੈ। ਚੰਗਾ ਡਾਕਟਰ ਉਸ ਦੀ ਨਬਜ਼ ਠੀਕ ਸਮਝ ਕੇ ਉਸ ਦਾ ਇਲਾਜ ਕਰ ਦਿੰਦਾ। ਠੀਕ ਇਸੇ ਤਰ੍ਹਾਂ ਸਮਾਜ ਮਨੁੱਖ ਸਰੀਰਕ ਅੰਗ ਹਨ। ਲੇਖਕ ਇਕ ਚੰਗਾ ਡਾਕਟਰ ਬਣ ਕੇ ਸਮਾਜ ਵਿਚ ਮਨੁੱਖੀ ਵਿਕਾਰਾਂ ਨੂੰ ਜਦੋਂ ਸਮੱਸਿਆਵਾਂ ਨੂੰ ਸਮਝ ਕੇ ਉਸ ਦਾ ਕਹਾਣੀ ਰਾਹੀਂ ਮਾਨਸਿਕ ਤੋਂ ਇਲਾਜ ਕਰਦਾ ਹੈ। ਇਸ ਲਈ ਨਾਵਲਕਾਰ ਮਨੁੱਖਾਂ ਨਾਲ ਵਾਪਰਣ ਵਾਲੀਆਂ ਘਟਨਾਵਾਂ ਦੀ ਪੇਸ਼ਕਾਰੀ ਰਾਹੀਂ ਪੰਜਾਬੀ ਨਾਵਲ ਵਿਕਾਸ ਦੇ ਪੜਾਅ ਪਾਰ ਕਰਦਾ ਹੈ। ਜਿਵੇਂ ਨਾਟਕ ਸਟੇਜ਼ ਤੇ ਖੇਡਣ ਵਾਲਾ ਸਾਹਿਤ ਤੋਂ ਇੰਝ ਨਾਵਲ ਵੀ ... ਦਾ ਰੰਗ ਮੰਚ ਹੈ। ਪੰਜਾਬੀ ਨਾਵਲ ਭਾਰਤ ਦੀ ਕਿਸੇ ਵੀ ਭਾਸ਼ਾ ਤਾਂ ਕੀ ਸੰਸਾਰ ਦੀ ਕਿਸੇ ਵੀ ਭਾਸ਼ਾ ਦੇ ਟਾਕਰਾ ਉੱਤੇ ਰਖਿਆ ਜਾ ਸਕਦਾ ਹੈ। ਮੁੱਖ ਰੂਪ ਵਿੱਚ।

ਇਸ ਪਿੱਛੋਂ ਹਰਚਰਨ ਸਿੰਘ ਨੂੰ ਪ੍ਰੋ. ਆਈ. ਸੀ. ਨੰਦਾ ਦਾ ਵਾਰਿਸ ਆਖਿਆ ਜਾ ਸਕਦਾ ਹੈ। ਪ੍ਰੋ. ਆਈ. ਸੀ. ਨੰਦਾ ਦੇ ਪੂਰਨਿਆਂ 'ਤੇ ਚੱਲ ਕੇ ਪੰਜਾਬੀ ਨਾਟਕ ਦਾ ਮੂੰਹ-ਮੁਹਾਂਦਰਾ ਵੀ ਨਿਖਾਰ ਦਿੱਤਾ। ਆਪਣੇ ਸਮਕਾਲੀ ਨਾਟਕਕਾਰਾਂ ਨਾਲੋਂ ਸਭ ਤੋਂ ਵੱਧ ਨਾਟਕ ਅਤੇ ਇਕਾਂਗੀ ਪੰਜਾਬੀ ਸਾਹਿਤ ਨੂੰ ਦਿੱਤੇ। ਪਹਿਲੀ ਵਾਰ ਪੰਜਾਬੀ ਰੰਗ ਮੰਚ 'ਤੇ ਇਸਤਰੀ ਦਾ ਰੋਲ ਇਨ੍ਹਾਂ ਦੀ ਪਤਨੀ ਨੇ ਕੀਤਾ। ਇਸ ਤੋਂ ਪਹਿਲਾਂ ਇਸਤਰੀ ਦਾ ਰੋਲ ਮਰਦ ਕਰਦੇ ਹੁੰਦੇ ਸਨ। ਹਰਚਰਨ ਸਿੰਘ ਦੇ ਪ੍ਰਸਿੱਧ ਨਾਟਕ ਹਨ-'ਕਮਲਾ ਕੁਮਾਰੀ' (1939) ਖੇਡਣ ਦੇ ਦਿਨ ਚਾਰ (1943), ਚਮਕੌਰ ਦੀ ਗੜ੍ਹੀ (1969), ਰੱਤਾ-ਸਾਲੂ (1947), ਸ਼ੋਭਾ ਸ਼ਕਤੀ (1962), ਕੰਚਨ ਮਾਟੀ (1969) ਅਤੇ ਹੋਰ ਕਈ ਨਾਟਕਾਂ ਵਿਚ ਹਰ ਪ੍ਰਕਾਰ ਦੇ ਵਿਸ਼ੇ ਤੇ ਕਥਾਵਾ ਲਈਆਂ। ਵਧੇਰੇ ਕਰਕੇ ਨਾਟਕਾਂ ਵਿਚ ਸਮਾਜਿਕ ਤੇ ਮਾਨਸਿਕ ਦੁਖਾਂਤ ਹੁੰਦਾ ਹੈ। 'ਤੇਰ ਘਰ ਸੋ ਮੇਰਾ ਘਰ', ਪੁੰਨਿਆ ਦਾ ਚੰਨ, ਸਮਾਜਿਕ ਚੇਤਨਤਾ ਨੂੰ ਪੇਸ਼ ਕਰਦਾ ਹੈ।

ਬਲਵੰਤ ਗਾਰਗੀ ਦੇ ਨਾਟਕਾਂਤੇ ਪੱਛਮੀ ਪ੍ਰਭਾਵ ਵਧੇਰੇ ਪਿਆ। ਪੰਜਾਬੀ ਨਾਟਕਾਂ ਵਿਚ ਲੰਮੇ ਪ੍ਰਯੋਗ ਕੀਤੇ। ਬਲਵੰਤ ਗਾਰਗੀ ਪੰਜਾਬੀ ਨਾਟਕਕਾਰਾਂ ਵਿਚ ਮੋਹਰਲੀ ਕਤਾਰ ਦਾ ਲੇਖਕ ਹੈ। ਪ੍ਰਸਿੱਧ ਨਾਟਕ, "ਤਾਰਾ ਟੁੱਟਿਆ, ਪੁਣੀ ਦਾ ਅੱਗ, ਸੈੱਲ ਪੱਥਰ, ਕੇਸਰੋ, ਕਣਕ ਦੀ ਬਲੀ, 'ਕੁਆਰੀ ਟਿਸੀ, ਆਦਿ ਹਨ। ਬਲਵੰਤ ਗਾਰਗੀ ਨੇ ਆਧੁਨਿਕ ਵਿਸ਼ਿਆਂ ਨੂੰ ਪੰਜਾਬੀ ਨਾਟਕ ਵਿਚ ਸਮੋਣ ਦਾ ਯਤਨ ਕੀਤਾ ਹੈ। ਇਹ ਦੇਣ ਪੰਜਬੀ ਨਾਟਕ ਨੂੰ ਬਹੁਤ ਵੱਡੀ ਹੈ।

## ਪੰਜਾਬੀ ਨਾਟਕ :-

ਨਾਟਕ ਵਿਚ ਜੀਵਨ ਦੇ ਵਿਸ਼ਾਲ ਘੋਲ ਦੀ ਕਥਾ ਦਾ ਵਿਸਥਾਰ ਹੁੰਦਾ ਹੈ। ਜੀਵਨ ਦਾ ਵਿਸ਼ਾਲ ਘੋਲ ਭਾਵੇਂ ਨਾਵਲਾਂ ਵਿਚ ਵੀ ਵਿਖਾਇਆ ਜਾਂਦਾ ਹੈ। ਪਰ ਨਾਵਲ ਵਿਚ ਇਸ ਨੂੰ ਸਟੇਜ ਤੇ ਪਾਤਰਾਂ ਦੇ ਐਕਟਿੰਗ ਰਾਹੀਂ ਦਰਸ਼ਕਾਂ ਨੂੰ ਜੀਵਨ ਦੇ ਘੋਲ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਜੇ ਨਾਟਕ ਨੂੰ ਰੰਗ ਮੰਚ 'ਤੇ ਖੇਡਣ ਲਈ ਕਾਰਗਰ ਹੈ ਤਾਂ ਨਾਵਲ ਨੂੰ ਜੇਬੀ ਰੰਗ ਮੰਚ ਆਖ ਸਕਦੇ ਹਾਂ। ਨਾਟਕ ਰਚਨਾ ਦਾ ਉਦੇਸ਼ ਕੇਵਲ ਮਨੋਰੰਜਨ ਕਰਨਾ ਹੀ ਨਹੀਂ ਸਗੋਂ ਜਨ ਸਾਧਾਰਣ ਨੂੰ ਕੋਈ ਸੰਦੇਸ਼, ਦੇਣਾ ਵੀ ਹੁੰਦਾ ਹੈ। ਨਾਵਲ ਵਿਚ ਪਾਠਕ ਪੜ੍ਹਕੇ ਜੀਵਨ ਨੂੰ ਮਹਿਸੂਸ ਕਰਦੇ ਹਨ। ਨਾਟਕ ਵਿਚ ਦਰਸ਼ਕ ਬਣ ਕੇ ਰੰਗ ਮੰਚ ਤੇ ਪਾਤਰ ਦੀ ਐਕਟਿੰਗ ਅਤੇ

**ਨੋਟ**

ਪਾਤਰਾਂ ਵੱਲੋਂ ਬੋਲੇ ਗਏ ਸੰਵਾਦ ਰਾਹੀਂ ਕਹਾਣੀ ਦਾ ਅਨੰਦ ਮਾਣਦੇ ਹਾਂ। ਜਿਵੇਂ ਨਾਵਲ ਦਾ ਛੋਟਾ ਰੂਪ ਨਿੱਕੀ ਕਹਾਣੀ ਹੈ। ਇਸੇ ਤਰ੍ਹਾਂ ਪੰਜਾਬੀ ਨਾਟਕ ਦਾ ਛੋਟ ਰੂਪ ਇਕਾਂਗੀ ਹੈ। ਭਾਵ (ਇਕ-ਅੰਗੀ) ਜਿਸ ਨੂੰ ਅੰਗ੍ਰੇਜ਼ੀ ਵਿਚ ਵਨ ਐਕਟ ਪਲੇਅ ਵੀ ਕਹਿੰਦੇ ਹਾਂ। ਇਕਾਂਗੀ ਇਕ ਨਿੱਕੀ ਜਿਹੀ ਕਹਾਣੀਦਾ ਹੀ ਨਾਟਕੀ ਰੂਪ ਹੈ। ਇਹ ਇਕ ਨਿੱਕੀ ਜਿਹੀ ਸਥਿਤੀ ਜਾਂ ਘਟਨਾ ਉਤੇ ਹੀ ਕੇਂਦਰਿਤ ਹੁੰਦਾ ਹੈ। ਇਸ ਵਿਚ ਆਮ ਤੌਰ 'ਤੇ ਦੋ ਤਿੰਨ ਪਾਤਰ ਹੀ ਭਾਗ ਲੈਂਦੇ ਹਨ ਪਰ ਨਾਟਕ ਜੀਵਨ ਦੇ ਵਿਸ਼ਾਲ ਘੋਲ ਦਾ ਜ਼ਿਕਰ ਕਰਦਾ ਹੈ। ਇਸ ਲੀ ਨਾਟਕ ਵਿਚ ਬਹੁਤ ਸਾਰੇ ਪਾਤਰ ਭਾਗ ਲੈਂਦੇ ਹਨ।

ਪੰਜਾਬ ਵਿਚ ਸੰਸਕ੍ਰਿਤ ਬੋਲੀ ਦੀ ਪ੍ਰਧਾਨਗੀ ਸਮੇਂ ਨਾਟਕ ਲਿਖੇ ਤੇ ਖੇਡੇ ਜਾਂਦੇ ਰਹੇ ਹਨ। ਜਿਵੇਂ 'ਮ੍ਰਿਛਕਟਕ ਅਤੇ ਸ਼ੰਕੁਤਲਾ ਆਦਿ ਨਾਟਕ ਇਸ ਸਮੇਂ ਵੀ ਉਪਲੱਬਧ ਸਨ। ਇਨ੍ਹਾਂ ਵਿਚ ਵੈਦਿਕ ਅਤੇ ਪੌਰਾਣਿਕ ਕਥਾਵਾਂ ਨੂੰ ਮੂਲ ਆਧਾਰ ਬਣਾਇਆ ਗਿਆ ਹੈ। ਪੰਜਾਬ ਵਿਚ ਲੋਕ ਨਾਟ ਪਰੰਪਰਾ, ਦੱਸਵੀਂ ਸਦੀ ਈਸਵੀ ਪਿਚੋਂ ਵਿਕਸਤ ਹੋਣ ਲੱਗੀ। ਇਸ ਪਰੰਪਰਾ ਵਿਚ, ਰਾਮ ਲੀਲਾ, ਲੋਕ ਨਾਟ, ਰਾਸਧਾਰੀ ਨੱਟ ਆਦਿ ਰੂਪ ਵਿਚ ਲੋਕਾਂ ਦਾ ਮਨੋਰੰਜਨ ਕਰਦੇ ਸਨ। ਜੋਗੀ ਨਾਥ ਨਾਲ ਸਬੰਧਤ 'ਗੋਪੀ ਚੰਦ' 'ਰਾਜਾ ਭਰਾਤਰੀ ਹਰੀ' ਆਦਿ ਦੀਆਂ ਕਥਾਵਾਂ ਮੇਲਿਆਂ ਵਿਚ ਲੋਕਾਂ ਦਾ ਮਨੋਰੰਜਨ ਕਰਨ ਲਈ ਪੇਸ਼ ਕੀਤੀਆਂ ਜਾਂਦੀਆਂ। 1980 ਵਿਚ ਪਾਰਸੀ ਥੀਏਟਰੀਕਲ ਕੰਪਨੀ ਦੀਆਂ ਮੰਡਲ ਪੰਜਾਬ ਵਿਚ ਪ੍ਰਵੇਸ਼ ਕੀਤਾ। ਪਹਿਲਾਂ ਉਰਦੂ ਵਿਚ ਨਾਟਕ ਖੇਡਣ ਦੀ ਪ੍ਰਥਾ ਪਈ। ਜਿਸ ਪੰਜਾਬੀਆਂ ਦੀ ਨਾਟਕਾਂ ਵਿਚ ਰੁਚੀ ਵਧਣ ਲੱਗ ਪਈ।

ਡਾ: ਚਰਨ ਸਿੰਘ ਨੇ ਜਿਸ ਦਾ ਸਮਾਂ 1853-1908 ਦਾ ਹੈ, ਕਾਨੀਦਾਸ ਲਿਖਤ 'ਸ਼ਕੁੰਤਲਾ' ਨਾਟਕ ਦਾ ਪੰਜਾਬੀ ਅਨੁਵਾਦ ਕਰਕੇ ਪੰਜਾਬ ਅੰਦਰ ਪੰਜਾਬੀ ਨਾਟਕ ਦਾ ਆਗਾਜ਼ ਕੀਤਾ। 1886-97 ਈ. ਵਿਚ ਗਿਆਨੀ ਦਿੱਤ ਸਿੰਘ ਸਭ ਤੋਂ ਪਹਿਲਾਂ ਮੌਲਿਕ ਪੰਜਾਬੀ ਨਾਟਕ ਰਚਨਾ 'ਸੁਪਨ ਨਾਟਕ' ਤੋਂ ਦੱਸੀ ਗਈ ਹੈ, ਜੋ ਕਿ 'ਖਾਲਸਾ ਸਪਤਾਹਿਕ ਅਖਬਾਰ ਵਿਚ ਡਾਹੀ। 1896 ਖਾਲਸਾ ਟਰੈਕਟ ਸੁਸਾਇਟੀ ਨੇ ਬਾਲ ਵਿਆਹ ਦੀ ਸਮੱਸਿਆ ਸਬੰਧੀ ਇਕ ਨਾਟਕ 'ਸੁਖਵੰਤੀ ਅਤੇ ਚਿੰਤਾਮਣੀ' ਛਪਿਆ। ਸਾਹਿਤਕ ਰੂਪ ਵਿਚ ਪਹਿਲਾ ਮੌਲਿਕ ਪੰਜਾਬੀ ਨਾਟਕ 'ਰਾਜਾ ਲਖਦਾਤਾ ਸਿੰਘ' ਲਿਖਿਆ ਗਿਆ ਜਿਸ ਦਾ ਲੇਖਕ ਭਾਈ ਵੀਰ ਸਿੰਘ ਸੀ। ਭਾਵੇਂ ਇਸ ਵਿਚ ਨਾਟਕੀਅਤਾ ਘੱਟ ਸੀ ਪਰ ਉਪਦੇਸ਼ ਪ੍ਰਧਾਨ ਸੀ।

ਬਾਬਾ ਬੁਧ ਸਿੰਘ, ਜਿਨ੍ਹਾਂ ਦਾ ਸਮਾਂ 1878-1931 ਦਾ ਹੈ, ਨਾਟਕ ਤਕਨੀਕ ਦੇ ਪੱਖੋਂ ਨਿਰੋਲ ਪੰਜਾਬੀ ਭਾਸਾ ਵਿਚ ਨਾਟਕਾਂ ਦੀ ਰਚਨਾ ਕੀਤੀ। ਉਸ ਦੀ ਪਹਿਲੀ ਰਚਨਾ 'ਚੰਦਰ ਗ੍ਰਹਿ' ਇਸ ਤੋਂ ਬਾਅਦ 'ਨਾਰ ਨਵੇਲੀ', 'ਦਾਮਨੀ, 'ਮੁੰਦਰੀ ਛਲ' ਆਦਿ ਨਾਟਕ ਪੰਜਾਬੀ ਸਾਹਿਤ ਨੂੰ ਦਿੱਤੇ। 'ਮੁੰਦਰੀ ਛੱਲ' ਨਾਟਕ ਦਾ ਕੇਂਦਰੀ ਵਿਸ਼ਾ ਇਕ ਮਿਥਿਹਾਸਕ ਕਥਾ ਹੈ। ਲਾਲਾ ਕਿਰਪਾ ਸਾਗਰ ਜਿਸ ਦਾ ਸਮਾਂ 1879-1939 ਦਾ ਹੈ, ਨੇ ਤਿੰਨ ਨਾਟਕ "ਰਣਜੀਤ ਸਿੰਘ (ਦੋ ਭਾਗ) ਤੇ ਡੀਡੋ ਜੰਮਵਾਲ' ਲਿਖੇ। ਇਨ੍ਹਾਂ ਦਾ ਵਿਸ਼ਾ ਮਹਾਰਾਜਾ ਰਣਜੀਤ ਸਿੰਘ ਨੂੰ ਕੌਮੀ ਨਾਇਕ ਦੇ ਰੂਪ ਵਿਚ ਚਿਤਰਨਾ ਅਤੇ 'ਡੀਡੋ ਜੰਮਵਾਲ'" ਵਿਚ ਜੰਮੂ ਦਾ ਇਕ ਨਾਇਕ ਰਣਜੀਤ ਸਿੰਘ ਦਾ ਵੱਧ ਰਹੀ ਸੱਤਾ ਨੂੰ ਵੰਗਾਰਨਾ ਦਾ ਅਸਫਲ ਯਤਨ ਕਰਦਾ ਹੈ। ਇਨ੍ਹਾਂ ਨਾਟਕਾਂ ਵਿਚ ਹਲਕੇ ਫੁਲਕੇ ਗੀਤ ਵੀ ਹੁੰਦੇ ਸਨ। ਰੰਗ ਮੰਚ ਪੱਖੋਂ ਨਾਟਕ ਕਮਜ਼ੋਰ ਸਨ।

ਮੂਲ ਰੂਪ ਵਿਚ ਸੰਸਾਰ ਪ੍ਰਸਿੱਧ ਨੋਰ੍ਹਾ ਰਿਚਰਡ ਨੇ 1911 ਵਿਚ ਲਾਹੌਰ ਆਈ। ਲਾਹੌਰ ਦੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਇਕੱਠਾ ਕਰਕੇ ਭਾਰਤੀ ਭਾਸ਼ਾਵਾਂ ਵਿਚ ਨਾਟਕ ਲਿਖਵਾ ਕੇ ਮੁਕਾਬਲੇ ਕਰਵਾਏ। ਇਨ੍ਹਾਂ ਵਿਚ ਈਸ਼ਵਰ ਚੰਦਰ ਨੰਦਾ "ਇਕਾਂਗੀ ਨਾਟਕ" ਦੁਲਹਨ ਪਹਿਲੇ ਸਥਾਨ 'ਤੇ ਰਿਹਾ। ਅਗਲੇ ਸਾਲ ਉਸ ਦੇ ਨਾਟਕ "ਬੇਬੇ ਰਾਮ ਭਜਨੀ' ਦੂਸਰੇ ਸਥਾਨ 'ਤੇ ਰਿਹਾ। ਇੰਝ ਰੰਗ ਮੰਚ ਤੇ ਪੰਜਾਬ ਨਾਟਕ ਦਾ ਮੋਢੀ ਆਈ ਸੀ ਨੰਦਾ ਨੂੰ ਮੰਨਿਆ ਜਾਂਦਾ ਹੈ ਇਸ ਮਗਰੋਂ ਪ੍ਰੋ. ਆਈ ਸੀ. ਨੰਦਾ ਨੇ ਸੁਭਦਰਾ, ਦੁਲਹਨ, 'ਵਰ ਘਰ', ਲਿਲੀ ਦਾ ਵਿਆਹ ਆਦਿ ਪੰਜਾਬੀ ਨਾਟਕ ਪੰਜਾਬੀ ਸਾਹਿਤ ਨੂੰ ਦਿੱਤੇ।

ਪ੍ਰੋ: ਨੰਦਾ ਪਹਿਲਾ ਨਾਟਕ ਕਾਰ ਹੈ ਜਿਸ ਨੇ ਪੰਜਾਬੀ ਨਾਟਕ ਇਤਿਹਾਸਕ ਅਤੇ ਮਿਥਿਹਾਸਕ ਵਲਗਣ ਵਿਚੋਂ ਕੱਢ ਕੇ ਸਮਕਾਲੀ ਜੀਵ ਨਾਲ ਜੋੜਿਆ। ਪ੍ਰੋ. ਨੰਦਾ ਦੇ ਪਾਤਰ ਆਮ ਜੀਵਨ ਦੇ ਬਹੁਤੇ ਨੇੜੇ ਹੁੰਦੇ ਹਨ, ਬੋਲੀ ਪੱਖੋਂ ਯਥਾਰਥ ਦਾ ਪੱਲਾ ਨਹੀਂ ਛੱਡਦੇ। ਪ੍ਰੋ. ਨੰਦਾ ਪੰਜਾਬੀ ਨਾਟਕ ਦਾ ਪਿਤਾਮਾ ਆਖਿਆ ਜਾ ਸਕਦਾ ਹੈ।

**ਨੋਟ**

ਇਸ ਪਿੱਛੋਂ ਗੁਰਬਖਸ਼ ਸਿੰਘ ਪ੍ਰਤੀ ਲੜੀ ਨੇ 1933-36 ਤੱਕ ਪੰਜਾਬੀ ਰੁਮਾਂਟਿਕ ਨਾਟਕ ਲਿਖੇ। ਪ੍ਰਸਿੱਧ ਨਾਟਕ 'ਪ੍ਰੀਤ ਮੁਕਟ ਪ੍ਰੀਤ ਮਣੀ, ਕੋਧਰੇ ਦੀ ਰੋਟੀ ਆਦਿ ਹਨ। ਇਹ ਨਾਟਕ ਤਕਨੀਕੀ ਪੱਖੋਂ ਢਿੱਲੇ ਹਨ। ਸਮਾਜਕ ਯਥਾਰਥ ਅਤੇ ਵਿਚਾਰਾਂ ਵਾਲੇ ਪੰਜਾਬੀ ਨਟਾਕ ਦਾ ਆਗਮਨ ਮਾਰਕਸਵਾਦੀ ਵਿਚਾਰਧਾਰਾ ਦਾ ਲੇਖਕ ਸੰਤ ਸਿੰਘ ਸੇਖੋਂ ਨੇ ਪੰਜਾਬੀ ਨਾਟਕ ਲਿਖੇ। ਉਸ ਦੇ ਪ੍ਰਸਿੱਧ ਪੰਜਾਬੀ ਨਾਟਕ 'ਮੋਇਆ ਸਾਰ ਨਕਾਈ' 'ਮਿੱਤਰ ਪਿਆਰਾ', 'ਬੇੜਾ ਬੰਧ ਨਾ ਸਕਿਓ', ਆਦਿ ਹਨ ਰੂਸੀ ਸਾਹਿਤ ਦੇ ਪ੍ਰਭਾਵ ਕਾਰਣ ਸਮਾਜਵਾਦੀ ਚੇਤੰਨਤਾ ਤੇ ਫਰਾਇਡ ਤੇ ਲਾਰੰਸ ਦੇ ਪ੍ਰਭਾਵ ਕਾਰਣ ਪੰਜਾਬੀ ਨਾਟਕਾਂ ਵਿਚ ਥੋੜ੍ਹੀ ਅਸ਼ਲੀਲਤਾ ਵੀ ਆਈ।

## ਪੰਜਾਬੀ ਵਾਰਤਕ :-

ਵਾਰਤਕ ਸਾਹਿਤ ਦਾ ਇਕ ਅਨਿਖੜਵਾਂ ਅੰਗਹੈ। ਵਾਰਤਕ ਵਿਚ ਭਾਵੇਂ ਕਵਿਤਾ ਵਰਗੀ ਮਿਠਾਸ ਨਾਂ ਵੀ ਹੋਵੇ ਪਰ ਸਾਡੀ ਬੁੱਧੀ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ। ਕਵਿਤਾ ਦਿਲਦੀ ਬੋਲੀ ਹੈ ਅਤੇ ਵਾਰਤਕ ਦਿਮਾਗ ਦੀ ਬੋਲੀ ਹੈ। ਕਿਉਂਕਿ ਕਵਿਤਾ ਦਿਲ ਦੇ ਵਲਵਲਿਆਂ ਦੇ ਅਧਾਰ 'ਤੇ ਲਿਖੀ ਜਾਂਦੀ ਹੈ ਪਰ ਵਾਰਤਕ ਵਿਚ ਦਲੀਲ ਪ੍ਰਧਾਨਹੈ ਅਤੇ ਹਰ ਗੱਲ ਨੂੰ ਤਰਕ ਦੀ ਕਸ਼ਵਟੀ 'ਤੇ ਪਰਖ ਕੇ ਸਸਮੱਸਿਆ ਅਤੇ ਉਸ ਦੇ ਹੱਲ ਦੀ ਗੱਲ ਕਰਦਾ ਹੈ।

ਪੰਜਾਬੀ ਵਾਰਤਕ ਦਾ ਜਨਮ 16ਵੀਂ ਸਦੀ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਬੰਧੀ ਲਿਖੀਆਂ ਜਨਮ ਸਾਖੀਆਂ ਨੂੰ ਮੰਨਿਆ ਜਾਂਦਾਹੈ। ਇਨ੍ਹਾਂ ਜਨਮ ਸਾਖੀਆਂ ਵਿਚ ਜਿਥੇ ਜੀਵਨ ਗਾਥਾ ਦੱਸੀ ਜਾਂਦੀ ਉਥੇ ਗੁਰਬਾਣੀ ਦੀ ਵਿਆਖਿਆ ਵੀ ਮਿਲਦੀ ਹੈ। ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਵਾਰਤਕ ਦਾ ਜਨਮ, ਧਾਰਮਿਕ ਸਾਹਿਤ ਨਾਲ ਹੋਇਆ, 19ਵੀਂ ਸਦੀ ਪੰਜਾਬ ਵਿਚ ਅੰਗ੍ਰੇਜ਼ਾ ਨੇ ਪੰਜਾਬ ਤੇ ਕਬਜ਼ਾ ਕਰ ਲਿਆ। ਆਪਣੇ ਰਾਜ ਦੀ ਸਥਿਤੀ ਮਜ਼ਬੂਤ ਕਰਨ ਲਈ ਈਸਾਈ ਮਿਸ਼ਨਰੀਆਂ ਨੇ ਆਪਣੇ ਧਰਮ ਦਾ ਪ੍ਰਚਾਰ ਜ਼ੋਰਾਂ ਨਾਲ ਸ਼ੁਰੂ ਕੀਤਾ। ਮੁੱਖ ਮੰਤਵ ਉਨ੍ਹਾਂ ਦਾ ਇਹ ਸੀ ਕਿ ਪੰਜਾਬੀ ਬੋਲੀ ਅਤੇ ਸਾਹਿਤ ਰਾਹੀਂ ਆਪਣੇ ਅਫ਼ਸਰਾਂ ਨੂੰ ਜਾਣੂ ਕਰਵਾਉਣਾ ਸੀ ਤਾਂ ਕਿ ਉਹ ਪੰਜਾਬ 'ਤੇ ਠੀਕ ਤਰ੍ਹਾਂਰਾਜ ਕਰ ਸਕਣ। ਆਪਣੇ ਇਸ ਪ੍ਰਚਾਰ ਲਈ ਪੰਜਾਬੀ ਦੀਆਂ ਉਪ-ਭਾਸ਼ਾਵਾਂ ਦਾ ਵੀ ਉਪਯੋਗ ਕੀਤਾ। ਇਸ ਲਈ ਗੁਰਮੁਖੀ ਲਿਪੀ ਦਾ ਵਿਸ਼ੇਸ਼ ਟਾਈਪ ਤਿਆਰ ਕਰਵਾਇਆ ਗਿਆ। ਇਸ ਦੇ ਨਾਲ ਹੀ ਪੰਜਾਬੀ ਸ਼ਬਦ-ਕੋਸ਼ ਅਤੇ ਵਿਆਕਰਣ ਵੀ ਤਿਆਰ ਕਰਵਾਇਆ।

ਅੰਗ੍ਰੇਜ਼ ਵਿਦਵਾਨ ਜੌਨਬਨੀਅਨ ਦੀ ਪੁਸਤਕ "ਮਿਲਗ੍ਰਿਮਜ਼, ਪ੍ਰੋਗਰੈਸ (1678) ਦਾ ਅਨੁਵਾਦ" ਯਿਸੂਈ ਮੁਸਾਫਰ ਦੀ ਯਾਤਰਾ ਸੁਫਨੇ ਵਿਖੇ" ਅੰਗ੍ਰੇਜ਼ਾਂ ਨੇ ਪੰਜਾਬੀ ਰਚਨਾ ਤਾਂ ਆਪਣੇ ਕਰਕੇ ਕੀਤੀ ਪਰ ਉਸ ਦਾ ਫਾਇਦਾ ਪੰਜਾਬੀ ਭਾਸ਼ਾ ਸਾਹਿਤ ਨੂੰ ਹੋਇਆ। ਬਾਈਬਲ ਦੀਆਂ ਸੁਚਿੱਤਰ ਕਹਾਣੀਆਂ ਅਤੇ ਹੋਰ ਅਨੇਕਾਂ ਟਰੈਕਟ ਅਜਿਹੀਆਂ ਪ੍ਰਸਿੱਧ ਰਚਨਾਵਾਂ ਹਨ ਜਿਨ੍ਹਾਂ ਨੇ ਪੰਜਾਬੀ ਵਾਰਤਕ ਦੇ ਵਿਕਾਸ ਦੀ ਭੂਮਿਕਾ ਨਿਭਾਈ। ਇਸੇ ਹੀ ਸਮੇਂ 1866 ਈ. ਵਿਚ ਸ਼ਰਧਾ ਰਾਮ ਫਲੌਰੀ ਨੇ ਪ੍ਰਸਿੱਧ ਪੁਸਤਕ "ਸੱਖਿ ਰਾਜ ਦੀ ਵਿਥਿਆ" ਅਤੇ 1875 ਵਿਚ "ਪੰਜਾਬੀ ਬਾਤ ਚੀਤ", ਵਾਰਤਕ ਦੀ ਪੁਸਤਕ ਰਚਨਾ ਕੀਤੀ। ਇਹ ਪੁਸਤਕਾਂ ਅੰਗ੍ਰੇਜ਼ਾਂ ਨੇ ਪੰਜਾਬ ਦੇ ਇਤਿਹਾਸ ਅਤੇ ਪੰਜਾਬੀ ਬੋਲੀ ਬਾਰੇ ਜਾਣਕਾਰੀ ਲਈ ਵਰਤੀਆਂ ਗਈਆਂ।

ਇਨ੍ਹਾਂ ਹੀ ਦਿਨਾਂ ਵਿਚ ਈਸਾਈ ਮਿਸ਼ਨਰੀ ਦਾ ਪ੍ਰਚਾਰ ਦੇ ਪ੍ਰਤੀਕਰਮ ਵਜੋਂ ਭਾਰਤੀ ਨੌਜਵਾਨਾਂ ਦਾ ਝੁਕਾਅ ਈਸਾਈ ਵੱਲ ਹੋਣ ਲੱਗ ਪਿਆ ਜਿਸ ਨਾਲ ਭਾਰਤੀ ਵਿਦਵਾਨਾਂ ਨੂੰ ਚਿੰਤਾ ਹੋਣ ਲੱਗੀ। ਇਸ ਲਈ ਇਸ ਪ੍ਰਤੀਕਰਮ ਵਜੋਂ ਪੰਜਾਬ ਅੰਦਰ ਅਨੇਕਾਂ ਲਹਿਰਾ ਨੇ ਜਨਮ ਲਿਆ। ਇਸਲਾਮਿਕ, ਆਰੀਆ ਸਮਾਜ, ਸਨਾਤਕ ਅਤੇ ਸਿੰਘ ਸਭਾ ਲਹਿਰ ਨੇ ਜਨਮ ਲਿਆ।

ਸਿੰਘ ਸਭਾ ਲਹਿਰ ਦੇ ਵਿਚਾਰਾਂ ਦੇ ਪ੍ਰਚਾਰਦਾ ਕੰਮ ਗਿਆਨੀ ਦਿੱਤ ਸਿੰਘ, ਗਿਆਨੀ ਗਿਆਨ ਸਿੰਘ ਅਤੇ ਕਰਮ ਸਿੰਘ ਹਿਸਟੋਰੀਅਨ ਦਾ ਯੋਗ ਕਾਫੀ ਹੈ। ਡਾ. ਗੰਡਾ ਸਿੰਘ ਨੇ ਪੰਜਾਬ ਅਤੇ ਸਿੱਖ ਇਤਿਹਾਸ ਨੂੰ ਵਿਸਥਾਰ ਨਾਲ ਵਾਰਤਕ ਵਿਚ ਉਲੀਕਿਆ। ਪਰ ਇਨ੍ਹਾਂ ਲੇਖਾਂ ਵਿਚ ਵਾਰਤਕ ਵਾਲੇ ਗੁਣ ਸਨ। ਪਰ ਵਿਕਾਸ ਪੱਖੋਂ ਇਕ ਇਹਮ ਕਦਮ ਸੀ। ਭਾਈ ਵੀਰ ਸਿੰਘ ਨੇ "ਵਿਜਰ-ਏ-ਹਿੰਦ ਪ੍ਰੈੱਸ" ਦੀ ਸਥਾਪਨਾ ਕਰਕੇ "ਖਾਲਸਾ ਟਰੈਕਟ ਸੁਸਾਇਟੀ" ਬਣਾਈ। ਸਪਤਾਹਿਕ ਪੱਤਰ 'ਖਾਲਸਾ ਸਮਾਚਾਰ' ਵੀ ਜਾਰੀ ਕੀਤਾ। ਪ੍ਰਸਿੱਧ ਰਚਨਾ

**ਨੋਟ**

ਭਾਈ ਸਾਹਿਬ ਦੀ, 'ਗੁਰੂ ਨਾਨਕ ਚਮਤਕਾਰ, "ਕਲਗੀਧਰ, ਚਮਤਕਾਰ," ਰਚਨਾਵਾਂ ਹਨ ਪਰ ਹੋਰ ਰਚਨਾਵਾਂ ਵਿਚ ਵੀ ਭਾਈ ਸਾਹਿਬ ਦੀ ਵਾਰਤਕ ਦਾ ਮਹੱਤਵਪੂਰਣ ਹਿੱਸਾ ਇਤਿਹਾਸਕ ਅਤੇ ਪ੍ਰਚਲਿਤ ਗਥਾਵਾਂ ਹਨ। ਵਰਤਕ ਵਿਚ ਵਿਸਥਾਰ ਬਹੁਤ ਹੈ। ਰਚਨਾ ਵਿਚ ਬ੍ਰਜ ਭਾਸ਼ਾ ਦਾ ਵੀ ਉਪਯੋਗ ਹੈ।

ਇਸ ਤੋਂ ਬਾਅਦ ਭਾਈ ਮੋਹਨ ਸਿੰਘ ਵੈਦ ਨੇ ਵੀ, ਪੰਜਾਬੀ ਦੇ ਪ੍ਰਚਾਰ ਲਈ ਤੇ ਵਿਕਾਸ ਲਈ 'ਸੁੰਦਰ ਭਾਸ਼ਾ ਪ੍ਰਚਾਰ ਲੜੀ' ਯੋਜਨਾ ਬਣਾਈ, ਪਹਿਲੀ ਵਾਰ ਪ੍ਰੋ. ਪੂਰਨ ਸਿੰਘ 1929 ਵਿਚ "ਖੁੱਲ੍ਹੇ-ਲੇਖ' ਵਾਰਤਕ ਰਚਨਾ ਪੰਜਾਬੀ ਸਾਹਿਤ ਨੂੰ ਦਿੱਤੀ। ਪ੍ਰੋ. ਪੂਰਨ ਸਿੰਘ ਪਹਿਲੇ ਲੇਖਕ ਹਨ ਜਿਨ੍ਹਾਂ ਨੇ ਮੌਲਿਕ ਰਚਨਾ ਦੇ ਨਾਲ ਨਾਲ ਅਲੋਚਨਾ ਦਾ ਵੀ ਮੁੱਢ ਬੰਨਿਆ। ਪੰਦਰਾਂ ਲੇਖਾਂ ਦਾ ਇਹ ਸੰਗ੍ਰਹਿ ਹੈ। 'ਪਿਆਰ', 'ਕਾਵੀ ਦਾ ਦਿਲ', 'ਮਿੱਤਰਤਾ', 'ਵੈਦ' ਆਦਿ ਪ੍ਰਸਿੱਧ ਲੇਖ ਹਨ। ਇਸ ਤੋਂ ਇਲਾਵਾ ਪ੍ਰੋ. ਪੂਰਨ ਸਿੰਘ ਅੰਗ੍ਰੇਜ਼ੀ, ਅਮਰੀਕਨ ਰੂਸੀ ਲੇਖਕਾਂ ਦੀਆਂ ਕਿਰਤਾਂ ਦਾ ਪੰਜਾਬ ਵਿਚ ਖੁੱਲ੍ਹ ਕੇ ਅਨੁਵਾਦ ਕੀਤਾ। ਅਨੁਵਾਦ ਵਿਚ ਵੀ ਮੌਲਿਕਤਾ ਵਰਗੀ ਤਾਜ਼ਗੀ ਹੈ। ਵਾਰਤਕ ਵਿਚ ਸਰਲਤਾ ਵੀ ਹੈ ਅਤੇ ਖੁੱਲ੍ਹ ਵੀ ਬਹੁਤ ਹੈ। ਇਸ ਤੋਂ ਇਲਾਵਾ ਭਾਈ ਜੋਧ ਸਿੰਘ ਨੇ ਗੁਰਮਤ ਸਿਧਾਂਤ ਮੁਤਾਬਕ ਰਚਨਾ ਕੀਤੀ। ਲਾਲ ਸਿੰਘ ਕਮਲਾ ਕਾਲੀ ਨੇ ਜੀਵਨ ਅਨੁਭਵ ਤੇ ਗਿਆਨ ਵਿਸ਼ਾਲ ਹੋਣ ਕਰਕੇ ਧਰਮ, ਰਾਜਨੀਤੀ, ਇਤਿਹਾਸ ਅਤੇ ਸਾਹਿਤ ਆਦਿ ਵਿਸ਼ਿਆਂ ਬਾਰੇ ਵਿਦਵਤਾ ਪੂਰਵਕ ਰਚਨਾਵਾਂ ਲਿਖੀਆਂਹਨ। "ਮੇਰਾ ਵਿਲਾਇਤੀ ਸਫਰਨਾਮਾ", ਮੌਤ ਰਾਣੀ ਦਾ ਘੁੰਡ' 'ਜੀਵਨ ਨੀਤੀ, 'ਮਨ ਦੀ ਮੌਜ ਆਦਿ ਆਪ ਦੀਆਂ ਪ੍ਰਸਿੱਧ ਰਚਨਾਵਾਂ ਹਨ। ਇਸ ਦੇ ਨਾਲ-ਨਾਲ ਜੱਟ ਦਾ ਆਰਟ, ਪੈਰ ਦੀ ਜੁੱਤੀ, ਚਲਦਾ ਹੋਟਲ ਆਦਿ ਹਲਕੇ ਫੁਲਕੇ ਨਿਬੰਧ ਵੀ ਲਿਖੇ, ਆਪਣੀਆਂ ਲਿਖਤਾਂ ਵਿਚ ਪੰਜਾਬ ਦੀ ਸੱਭਿਅਤਾ ਨੂੰ ਅੱਖੋਂ ਉਹਲੇ ਨਹੀਂ ਹੋਣ ਦਿੱਤਾ।

ਚਰਨ ਸਿੰਘ ਸ਼ਹੀਦ ਨੇ ਫਿਰ ਪ੍ਰਿ. ਤੇਜਾ ਸਿੰਘ ਨੇ ਜਿਸ ਦਾ ਸਮਾਂ 1894-1958 ਤੱਕ ਦਾ ਹੈ ਨੇ ਨਿਬੰਧ, ਆਲੋਚਨਾਤਮਕ ਅਤੇ ਟੀਕਾਰਕਾਰ ਦੇ ਤੌਰ 'ਤੇ ਰਚਨਾਵਾਂ ਕਰਕੇ ਪੰਜਾਬੀ ਸਾਹਿਤ ਨੂੰ ਅਮੀਰ ਕਰਨ ਵਿਚ ਵੱਧ ਚੜ੍ਹ ਕੇ ਹਿੱਸਾ ਪਾਇਆ। ਆਪ ਨੇ ਧਾਰਮਿਕ, ਸਮਾਜਿਕ ਰਾਜਨੀਤਕ ਅਤੇ ਸਾਹਿਤਕ ਵਾਰਤਕ ਬਾਰੇ ਢੇਰ ਸਹਿਤ ਪੰਜਾਬੀ ਭਾਸ਼ਾ ਨੂੰ ਦਿੱਤਾ ਤੇਜਾ ਸਿੰਘ ਨੇ ਆਪਣੀ ਵਾਰਤਕ ਵਿਚ ਬੋਲੀ ਨਿਰੋਲ ਠੇਠ ਪੰਜਾਬੀ ਵਰਤੀ ਹੈ। ਅਰੰਭ ਤੋਂ ਹੀ ਉਹ ਆਪਣੇ ਵਿਸ਼ੇ ਵਿਚ ਖੁੱਭ ਜਾਂਦਾ ਹੈ। ਆਪਣੇ ਪਾਠਕਾਂ ਨੂੰ ਵੀ ਖਿੱਚ ਲੈਂਦਾ ਹੈ।

ਗੁਰਬਖਸ਼ ਸਿੰਘ ਪ੍ਰੀਤ ਲੜੀ, ਪੰਜਾਬੀ ਵਾਰਤਕ ਦਾ ਉੱਘਾ ਸ਼ੈਲੀਕਾਰ ਹੈ ਜਿਸ ਨੇ ਵਾਰਤਕ ਨੂੰ ਮਾਂਜ ਸੰਵਾਰ ਕੇ ਸੁਹਣਾ ਬਣਾਇਆ। ਲਿਖਣ ਦਾ ਕੇਂਦਰ ਬਿੰਦੂ ਪ੍ਰੀਤ ਹੈ। 'ਪਿਆਰ ਕਬਜ਼ਾ ਨਹੀਂ 'ਪਹਿਚਾਣ ' ਦੇ ਸਿਧਾਂਤ ਹੀ ਵਧੇਰੀ ਵਾਰਤਕ ਦੀ ਉਸਾਰੀ ਕੀਤੀ ਹੈ। ਪ੍ਰੀਤ ਲੜੀ ਦਾ ਪੰਜਾਬੀ ਵਾਰਤਕ ਵਿਚ ਆਪਣੀ ਨਿਵੇਕਲੀ ਥਾਂ ਹੈ।

ਪ੍ਰੋ. ਸਾਹਿਬ ਸਿੰਘ, ਡਾ. ਬਲਬੀਰ ਸਿੰਘ, ਸ. ਕਪੂਰ ਸਿੰਘ ਆਈ. ਸੀ. ਐਸ. ਅਤੇ ਈਸ਼ਵਰ ਚਿੱਤਰਕਾਰ ਆਦਿ ਪੰਜਾਬੀ ਵਾਰਤਕਾਰਾਂ ਨੇ ਪੰਜਾਬੀ ਵਾਰਤਕ ਸ, ਸਾਹਿਤ ਵਿਚ ਕਾਫੀ ਉੱਘਾ ਯੋਗਦਾਨ ਪਾਇਆ ਹੈ।

ਅੱਜ ਵਾਰਤਕ ਨੂੰ ਮਾਨਵ ਚੇਤਨਾ ਦੀ ਉਸਾਰੀ ਲਈ ਸਭ ਤੋਂ ਵੱਧ ਪ੍ਰਬੰਧ ਸਾਹਿਤਕ ਵਸੀਲਾ ਸਮਝਿਆ ਜਾਂਦਾ ਹੈ। ਇਸ ਸੰਦਰਭ ਵਿਚ ਅੱਜ ਕੱਲ੍ਹ ਪੰਜਾਬੀ ਵਾਰਤਕ ਵਿਚ ਨਿਬੰਧ, ਲਲਿਤ ਨਿਬੰਧ ਰੇਖਾ ਚਿੱਤਰ, ਡਾਇਰੀ ਸਫਰਨਾਮਾ ਅਤੇ ਵਿਗਿਆਨਕ ਢੰਗ ਦੀ ਵਾਰਤਕ ਲਿਖੀ ਜਾ ਰਹੀ ਹੈ।

## ਉੱਤਰ ਮਾਲਾ : ਸਵੈ ਮੁਲਾਂਕਣ

1. ਪੰਜਾਬੀ ਸਾਹਿਤ ਦੇ ਰੂਪਾਂ ਬਾਰੇ ਚਰਚਾ?
2. ਕਵਿਤਾ ਬਾਰੇ ਵਿਚਾਰ ਆਪਣੇ ਸ਼ਬਦਾਂ ਵਿਚ ਲਿਖੋ?
3. ਕਵਿਤਾ ਅਤੇ ਵਾਰਤਕ ਵਿਚ ਕੀ ਫਰਕ ਹੈ?
4. ਕਹਾਣੀ ਅਤੇ ਨਾਵਲ ਵਿਚ ਫਰਕ ?
5. ਪੰਜਾਬੀ ਨਾਟਕ ਦੇ ਜਨਮ ਤੇ ਵਿਕਾਸ ਬਾਰੇ ਚਰਚਾ ਕਰੋ।

•••

# ਭਾਗ-3

ਨੋਟ

# ਅਧਿਆਏ-20 : ਸਾਰ (ਅਣਡਿੱਟਾ ਪੈਰਾ)

## (Unseen Passage)

***ਵਿਸ਼ਾ-ਵਸਤੂ (Contents)***

1. ਸਾਰ (ਅਣਡਿੱਠਾ ਪੈਰਾ) ਦਾ ਅਰਥ
2. ਵਿਸਥਾਰ ਨਾਲ ਜਾਣਕਾਰੀ ਉਦਾਹਰਣ ਸਹਿਤ
3. ਉੱਤਰ ਮਾਲਾ : ਸਵੈ ਮੁਲਾਂਕਣ

ਐਸੇ ਪੈਰ੍ਹੇ ਵਾਰਤਕ ਦੇ ਜੋ ਵਿਦਿਆਰਥੀਆਂ ਨੇ ਪਹਿਲਾ ਕਦੇ ਨਾ ਪੜ੍ਹੇ ਹੋਣ। ਅਜਿਹੇ ਪੈਰ੍ਹਿਆਂ ਦਾ ਭਾਵ ਆਪਣੇ ਸ਼ਬਦਾਂ ਵਿਚ ਲਿਖਣ ਲਈ ਕਿਹਾ ਗਿਆ ਹੋਵੇ। ਇਨ੍ਹਾਂ ਦਿੱਤੇ ਗਏ ਪੈਰ੍ਹਿਆਂ ਵਿਚੋਂ ਕੁਝ ਪ੍ਰਸ਼ਨ ਵੀ ਪੁੱਛੇ ਗਏ ਹੋਣ। ਪ੍ਰਸ਼ਨ ਦੇ ਪੁੱਛਣ ਦਾ ਮਤਲਬ ਤਾਂ ਇਹੋ ਹੀ ਹੈ ਕਿ ਕੀ ਵਿਦਿਆਰਥੀਆਂ ਨੂੰ ਦਿੱਤੇ ਗਏ ਪੈਰ੍ਹੇ ਬਾਰੇ ਪੂਰਣ ਗਿਆਨ ਦੀ ਪ੍ਰਾਪਤ ਹੈ ਜਾ ਨਹੀਂ। ਇਸੇ ਲਈ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਦਿੱਤੇ ਗਏ ਪੈਰ੍ਹੇ ਨੂੰ ਚੰਗੀ ਤਰ੍ਹਾਂ ਪੜ੍ਹਿਆ ਜਾਵੇ। ਪੜ੍ਹਨ ਤੋਂ ਬਾਅਦ ਉਸ ਨੂੰ ਵਿਚਾਰਿਆ ਜਾਵੇ। ਵਾਰ-ਵਾਰ ਪੜ੍ਹਨਾ ਚੰਗਾ ਹੈ। ਪ੍ਰਸ਼ਨਾਂ ਦੇ ਉੱਤਰ ਮੁਤਾਬਕ ਦਿੱਤੇ ਗਏ ਪੈਰ੍ਹੇ ਵਿਚ ਉਨ੍ਹਾਂ ਸਤਰਾਂ ਨੂੰ ਅੰਡਰ ਲਾਈਨ ਕਰੋ ਜਿਨ੍ਹਾਂ ਸਤਰਾਂ ਵਿਚ ਪ੍ਰਸ਼ਨ ਦਾ ਉੱਤਰ ਸੰਭਵ ਹੋਵੇ। ਪ੍ਰਸ਼ਨਾਂ ਦੇ ਕ੍ਰਮਵਾਰ ਇਕ ਦੋ ਜਾਂ ਤਿੰਨ ਨੰਬਰ ਵੀ ਪਾ ਦਿਓ। ਵਾਰ ਵਾਰ ਪ੍ਰਸ਼ਨਾਂ ਦੇ ਉੱਤਰ ਲਿਖੋ। ਉੱਤਰ ਦੇਣ ਲੱਗੇ ਦਿੱਤੇ ਗਏ ਪੈਰ੍ਹੇ ਤੋਂ ਸ਼ਬਦ ਲੈਣ ਦੀ ਕੋਸ਼ਿਸ਼ ਨਾ ਕਰੋ। ਪ੍ਰਸ਼ਨਾਂ ਦਾ ਉੱਤਰ ਮੂਲ ਵਿਚਾਰਾਂ ਦੇ ਆਧਾਰ 'ਤੇ ਹੀ ਹੋਣਾ ਚਾਹੀਦਾ ਹੈ।

ਪ੍ਰਸ਼ਨਾਂ ਦੇ ਉੱਤਰ ਦੇਣ ਲੱਗਿਆਂ ਆਪਣੇ ਵੱਲੋਂ ਕੋਈ ਵੀ ਟਿੱਪਣੀ ਨਾ ਕਰੋ। ਪ੍ਰਸ਼ਨਾਂ ਦਾ ਉੱਤਰ ਸੰਖੇਪ ਅਤੇ ਸਪੱਸ਼ਟ ਅਤੇ ਸਰਲਤਾ ਨਾਲ ਲਿਖਿਆ ਹੋਣਾ ਚਾਹੀਦਾ ਹੈ। ਇਹ ਵੀ ਖਿਆਲ ਰੱਖਣਾ ਜ਼ਰੂਰੀ ਹੈ ਕਿ ਇਹ ਸਭ ਤੀਜੇ ਪੁਰਖ (ਥਰਡ ਪਰਸਨ) ਵਿਚ ਹੀ ਲਿਖਿਆ ਜਾਵੇ। ਪ੍ਰਸ਼ਨ ਦਾ ਉੱਤਰ ਦੇਣ ਲੱਗਿਆਂ ਕੋਈ ਸ਼ਬਦ ਜਾਂ ਮੁਹਾਵਰਾ ਅਜਿਹਾ ਨਹੀਂ ਵਰਤਣਾ ਚਾਹੀਦਾ ਜਿਸ ਦੇ ਅਰਥਾਂ ਤੋਂ ਤੁਹਾਨੂੰ ਆਪ ਵੀ ਭਰੋਸਾ ਨਾ ਹੋਵੇ ਪੈਰ੍ਹੇ ਦਾ ਸਾਰ ਇਸ ਤਰ੍ਹਾਂ ਹੋਵੇ ਕਿ ਪੜ੍ਹਨ ਤੋਂ ਬਾਅਦ ਪੂਰੇ ਲੇਖ ਦਾ ਵਿਚਾਰ ਪੜ੍ਹਨ ਵਾਲੇ ਨੂੰ ਆ ਜਾਵੇ।

**ਵਿਦਿਆਰਕਥੀਆਂ ਦੀ ਜਾਣਕਾਰੀ ਲਈ ਹੇਠਾਂ ਕੁਝ ਅਣਡਿੱਠੇ ਪੈਰ੍ਹੇ ਹੱਲ ਸਹਿਤ ਦਿੱਤੇ ਗਏ ਹਨ :**

ਇਕ ਵਿਦਿਆਰਥੀ ਇਮਤਿਹਾਨ ਦੇਣ ਜਾਂਦਾ ਹੈ। ਹਿਸਾਬ ਦਾ ਪਰਚਾ ਹੈ, ਪਹਿਲਾ ਹੀ ਸਵਾਲ ਤੇ ਗਲਤ ਨਿਕਲ ਆਉਂਦਾ ਹੈ, ਹੁਣ ਜਿਉਂ-ਜਿਉਂ ਉਹ ਇਸੇ ਸਵਾਲ ਨੂੰ ਠੀਕ ਕੱਢਣ ਦੇ ਯਤਨ ਕਰਦਾ ਹੈ, ਤਿਉਂ-ਤਿਉਂ ਉਲਝਨਾਂ ਪੈਂਦੀਆਂ ਜਾਂਦੀਆਂਹਨ। ਇਹ ਸਵਾਲ ਨੂੰ ਠੀਕ ਹੱਲ ਕਰਨਾ ਸੁਚੇਤ ਮਨ ਦੇ ਵੱਸ ਤੋਂ ਬਾਹਰ ਦੀ ਗੱਲ ਹੋ ਜਾਂਦੀ ਹੈ। ਅੱਕ ਕੇ ਉਹ ਇਸ ਸਵਾਲ ਨੂੰ ਛੱਡ ਕੇ ਬਾਕੀ ਦਾ ਪਰਚਾ ਕਰਦਾ ਹੈ, ਅਖੀਰਤੇ ਫਿਰ ਪਹਿਲੇ ਸਵਾਲ ਨੂੰ ਹੀ ਹੱਲ ਕਰਨ ਦਾ ਯਤਨ ਕਰਦਾ ਹੈ ਤੇ ਹੈਰਾਨੀ ਦੀ ਗੱਲ ਹੁੰਦੀ ਹੈ ਕਿ ਉਹ ਸਵਾਲ ਠੀਕ ਨਿਕਲ ਆਉਂਦਾ ਹੈ। ਵਿਦਿਆਰਥੀ ਨੂੰ ਉਸ ਉਲਝਨ ਵਿਚੋਂ ਕਿਸ ਨੇ ਕੱਢਿਆ? ਮਨ ਦੀ ਅਚੇਤ ਅਵਸਥਾ ਨੇ, ਕਿਉਂਕਿ ਸੁਚੇਤ ਮਨ ਤਾਂ ਬਾਕੀ ਪਰਚਾ ਕਰਨ ਵਿਚ ਰੁੱਝਾ ਹੋਇਆ ਸੀ, ਇਤਨੇ ਸਮੇਂ ਵਿਚ ਅਚੇਤ ਮਨ ਨੂੰ ਮੌਕਾ ਮਿਲ ਗਿਆ ਕਿ ਸੁਚੇਤ ਮਨ ਨੂੰ ਰਾਹ ਦੱਸ ਸਕੇ। ਰਾਤ ਨੂੰ ਸੌਣ ਵੇਲੇ ਇਕ ਵਿਦਿਆਰਥੀ ਆਪਣੇ ਆਪ ਨੂੰ ਇਹ ਆਖਦਾ ਹੈ ਕਿ ਸਵੇਰ ਚਾਰ ਵਜੇ ਜਗਾ ਦੇਣਾ। ਇਹ ਗੱਲ ਆਖਣ ਵਾਲਾ ਸੁਚੇਤ ਮਨ ਹੈ ਜੋ ਥੱਕੇ ਹੋਏ ਸਰੀਰ ਦੇ ਨਾਲ ਹੀ ਨੀਂਦ ਵਿਚ ਚਲਾ ਜਾਂਦਾ ਹੈ, ਪਰ ਪੂਰੇ ਚਾਰ ਵਜੇ ਉਸ ਨੂੰ ਜਾਗ ਆ ਜਾਂਦੀ ਹੈ, ਕਿਸ ਨੇ ਜਗਾਇਆ? ਅਚੇਤ ਮਨ ਨੇ, ਜੋ ਸੁਚੇਤ ਮਨ ਦੇ ਆਰਾਮ ਕਰਨ ਤੇ ਪਹਿਰੇ 'ਤੇ ਆ ਖਲੋਂਦਾ ਹੈ। ਜੀਵਨ ਦੇ ਅਜਿਹੇ ਕਈ ਹੋਰ ਰੋਜ਼ਾਨਾ ਤਜ਼ਰਬੇ ਅਸਾਨੂੰ ਇਹ ਯਕੀਨ ਦਿਵਾਉਂਦੇ ਹਨ ਕਿ ਅਸਾਡੇ ਰੋਜ਼ਾਨਾ ਜੀਵਨ ਵਿਚ ਨਿਰਾ ਸੁਚੇਤਮਨ ਹੀ ਨਹੀਂ ਦੌੜਦਾ ਭੱਜਦਾ, ਮਨ ਦੀ ਅਚੇਤ ਅਵਸਥਾ ਨਾਲ ਭੀ ਅਸਾਨੂੰ ਰੋਜ਼ ਹੀ ਵਾਹ ਪੈਂਦਾ ਰਹਿੰਦਾ ਹੈ।

*(ਸਾਹਿਬ ਸਿੰਘ)*

ਨੋਟ

**ਪ੍ਰਸ਼ਨ :-**

1. ਉਪਰੋਕਤ ਰਚਨਾ ਦਾ ਸਿਰਲੇਖ ਲਿਖੋ।
2. ਉੱਪਰ ਲਿਖੀ ਰਚਨਾ ਦਾ ਸੰਖੇਪ ਲਿਖੋ।
3. ਮਨੁੱਖੀ ਮਨ ਦੇ ਕਿਹੜੇਦੋ ਭਾਗ ਹਨ? ਅਸੀਂ ਆਪਣੇ ਨਿਤ ਦੇ ਕੰਮ ਕਰਨ ਵੇਲੇ ਕਿਹੜੇ ਮਨ ਤੋਂ ਕੰਮ ਲੈਂਦੇ ਹਾਂ?
4. ਸਾਡਾ ਅਚੇਤ ਮਨ ਕਦੋਂ ਅਤੇ ਕਿਵੇਂ ਕਰਦਾ ਹੈ?
5. ਲਕੀਰੇ ਸ਼ਬਦਾਂ ਦੇ ਅਰਥ ਲਿਖੋ।

**ਉੱਤਰ :-**

1. ਅਚੇਤ ਅਤੇ ਸੁਚੇਤ ਮਨ।
2. ਮਨੁੱਖੀ ਮਨ ਦੇ ਦੋ ਭਾਗ ਹੁੰਦੇ ਹਨ—ਅਚੇਤ ਅਤੇ ਸੁਚੇਤ। ਨਿਤ ਦੇ ਕੰਮ ਕਰਨ ਲਈ ਸੁਚੇਤ ਮਨ ਤੋਂ ਕੰਮ ਲਿਆ ਜਾਂਦਾ ਹੈ। ਪਰ ਜਦ ਸੁਚੇਤ ਮਨ ਉਲਝੇ ਹੋਏ ਕੰਮ ਨੂੰ ਛੱਡ ਕੇ ਅਗਲਾ ਕੰਮ ਕਰਾਦ ਹੈ ਜਾਂ ਅਰਾਮ ਕਰ ਰਿਹਾ ਹੁੰਦਾ ਹੈ, ਅਚੇਤ ਮਨ ਤਾਂ ਵੀ ਆਪਣਾ ਕੰਮ ਕਰ ਰਿਹਾ ਹੁੰਦਾ ਹੈ। ਇਉਂ ਮਨ ਦੀ ਸੁਚੇਤ ਅਤੇ ਅਚੇਤ ਅਵਸਥਾ ਸਾਡੇ ਜੀਵਨ ਦੀਆਂ ਜ਼ਰੂਰੀ ਅਵਸਥਾਵਾਂ ਹਨ।
3. ਮਨੁੱਖੀ ਮਨ ਦੇ ਦੋ ਭਾਗ ਹੁੰਦੇ ਹਨ—ਅਚੇਤ ਮਨ ਤੇ ਸੁਚੇਤ ਮਨ।ਅਸੀਂ ਆਪਣੇ ਨਿਤ ਦੇ ਕੰਮ ਕਰਨ ਵੇਲੇ ਸੁਚੇਤ ਮਨ ਤੋਂ ਕੰਮ ਲੈਂਦੇ ਹਾਂ, ਪਰ ਸਾਡਾ ਅਚੇਤ ਮਨ ਵੀ ਕਾਰਜਸ਼ੀਲ ਰਹਿੰਦਾ ਹੈ।
4. ਸਾਡਾ ਅਚੇਤ ਮਨ ਉਸ ਸਮੇਂ ਕੰਮ ਕਰਦਾ ਹੈ ਜਦੋਂ ਸੁਚੇਤ ਮਨ ਦੇ ਵੱਸ ਤੋਂ ਬਾਹਰ ਦੀ ਗੱਲ ਹੋ ਜਾਂਦੀ ਹੈ। ਸੁਚੇਤ ਮਨ ਅਗਲੇ ਕੰਮ ਵਿਚ ਰੁਝ ਜਾਂਦਾ ਹੈ ਜਾਂ ਅਰਾਮ ਕਰਦਾ ਹੈ ਤਾਂ ਅਚੇਤ ਮਨ ਪਹਿਰੇ ਤੇ ਆ ਜਾਂਦਾ ਹੈ।
5. 

| | | |
|---|---|---|
| ਉਲਝਨਾਂ | — | ਗੁੰਝਲਾਂ |
| ਅਚੇਤ | — | ਅਵਚੇਤਨ |
| ਸਚੇਤ | — | ਚੇਤਨ |
| ਰੋਜ਼ਾਨਾ ਤਜਰਬੇ | — | ਰੋਜ਼ ਦੇ ਅਨੁਭਵ |

2. ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਰਤ ਵਿਚ ਰਾਜਸੀ ਪਰਿਵਰਤਨ ਆਇਆ। ਦਿੱਲੀ ਦਾ ਸੁਲਤਾਨ ਇਬਰਾਹੀਮ ਲੋਧੀ ਹਾਰ ਗਿਆ ਅਤੇ ਬਾਬਰ ਦੀਆਂ ਫੌਜਾਂ ਜਿੱਤ ਗਈਆਂ। ਬਾਬਰ ਦਿੱਲੀ ਦੇ ਤਖ਼ਤ 'ਤੇ ਬੈਠ ਗਿਆ। ਬਾਬਰ ਦੇ ਹਮਲੇ ਵੇਲੇ ਪੰਜਾਬ ਉੱਪਰ ਭਾਰੀ ਕਹਿਰ ਵਰਤਿਆ। ਅਨੇਕਾਂ ਲੋਕ ਮਾਰੇ ਗਏ, ਲੁੱਟ ਮਾਰ ਹੋਈ, ਅਨੇਕ ਇਸਤਰੀਆਂ ਦੀ ਪੱਤ ਰੋਲੀ ਗਈ। ਗੁਰੂ ਨਾਨਕ ਦੇਵ ਜੀ ਨੇ ਦੇਸ਼ ਦੀ ਇਸ ਭਿਆਨਕ ਦੁਰਦਸ਼ਾ ਨੂੰ ਦਰਦਮੰਦ ਹਿਰਦੇ ਨਾਲ ਅਨੁਭਵ ਕੀਤਾ। ਉਨ੍ਹਾਂ ਨੇ ਆਪਣੀ ਬਾਣੀ ਵਿਚ ਵੀ ਇਸ ਤਬਾਹੀ ਦਾ ਵਰਨਣ ਬਹੁਤ ਕਰੁਣਾਤਮਕ ਸ਼ਬਦਾਂ ਵਿਚ ਕੀਤਾ ਹੈ। ਆਮ ਤੌਰ 'ਤੇ ਧਾਰਮਿਕ ਆਗੂ ਜਾਂ ਸਾਧੂ-ਸੰਤ ਕੇਵਲ ਆਤਮਾ-ਪਰਮਾਤਮਾ ਦੀਆਂ ਹੀ ਗੱਲਾਂ ਕਰਦੇ ਹਨ। ਉਨ੍ਹਾਂ ਨੂੰ ਆਪਣੇ ਆਲੇ-ਦੁਆਲੇ ਵਾਪਰਦੀਆਂ ਘਟਨਾਵਾਂ ਨਾਲ ਬਹੁਤਾ ਸਰੋਕਾਰ ਨਹੀਂ ਹੁੰਦਾ, ਪਰ ਗੁਰੂ ਨਾਨਕ ਜੀ ਅਜਿਹੇ ਮਹਾਂਪੁਰਖ ਨਹੀਂ ਸਨ ਜੋ ਲੋਕਾਂ ਦੇ ਦੁੱਖ-ਦਰਦ ਤੋਂ ਅਭਿੱਜ ਰਹਿੰਦੇ। ਉਨ੍ਹਾਂ ਨੇ ਅਨੁਭਵ ਕਰਾਇਆ ਕਿ ਧਰਮ ਨਿਰੋਲ ਵਿਅਕਤੀਗਤ ਗਿਆਨ-ਧਿਆਨ ਨਹੀਂ, ਧਰਮ ਤਾਂ ਮਨੁੱਖ ਦੇ ਦੁੱਖਾਂ ਤੇ ਪਾਪਾਂ ਨੂੰ ਨਵਿਰਤ ਕਰਨ ਦਾ ਸਾਧਨ ਹੈ। ਜੇ ਇਹ ਦੁੱਖ ਲੱਖਾਂ ਇਨਸਾਨਾਂ ਨੂੰ ਸੰਤਾਪੇ ਤਾਂ ਇਸ ਤੋਂ ਅੱਖਾਂ ਮੀਟਣਾ ਪਾਪ ਹੈ। ਸੋ ਗੁਰੂ ਜੀ ਨੇ ਜ਼ੁਲਮ ਤੇ ਜਬਰ ਵਿਰੁੱਧ ਅਵਾਜ਼ ਉਠਾਈ। ਇਸ ਅੱਤਿਆਚਾਰ ਨੂੰ ਖ਼ੂਨੀ ਸਾਕਾ ਆਖ ਕੇ ਦੇਸ਼ ਦੇ ਲੋਕਾਂ ਨੂੰ ਵੰਗਾਰਿਆ, ਨਾਲ ਹੀ ਉਨ੍ਹਾਂ ਇਹ ਵੀ ਪ੍ਰੇਰਨਾ ਦਿੱਤੀ ਕਿ ਜਿਹੜੀ ਕੌਮ ਨੇਕੀ ਨੂੰ ਭੁੱਲ ਜਾਂਦੀ ਹੈ, ਉਸ ਦੀ ਦੁਰਦਸ਼ਾ ਹੋਣੀ ਅਵੱਸ਼ਕ ਹੈ। ਸੋ ਨੇਕੀ ਅਤੇ ਭਗਤੀ ਦਾ ਪੱਖ ਹੀ ਹੈ ਜਿਸ

ਨਾਲ ਲੋਕ ਸੂਰਮੇ ਤੇ ਯੋਧੇ ਬਣ ਕੇ ਬਾਬਰ ਵਰਗੇ ਜਾਬਰਾਂ ਦਾ ਮੁਕਾਬਲਾ ਕਰ ਸਕਦੇ ਹਨ। ਜੇ ਭਾਰਤ ਵਾਸੀਆਂ ਨੇ ਇਹ ਗੱਲ ਨਾ ਚਿਤਾਰੀਂ ਤਾਂ ਮੁੜ ਦੁੱਖੀ ਹੋਣੇ। ਇਸ ਬਾਰੇ ਉਨ੍ਹਾਂ ਨੇ ਆਪਣੀ ਬਾਣੀ ਵਿਚ ਚਿਤਾਵਨੀ ਦਿੱਤੀ।

**ਪ੍ਰਸ਼ਨ :-**

1. ਉਪਰੋਕਤ ਪੈਰੇ ਦਾ ਸਿਰਲੇਖ ਲਿਖੋ।
2. ਉਪਰੋਕਤ ਪੈਰੇ ਦਾ ਸੰਖੇਪ ਲਿਖੋ।
3. ਲਕੀਰੇ ਸ਼ਬਦਾਂ ਦੇ ਅਰਥ ਲਿਖੋ।
4. ਬਾਬਰ ਦੇ ਹਮਲੇ ਵੇਲੇ ਪੰਜਾਬ ਵਿਚ ਕੀ ਵਾਪਰਿਆ? ਗੁਰੂ ਨਾਨਕ ਦੇਵ ਜੀ ਨੇ ਇਸ ਸਾਰੇ ਕੁਝ ਨੂੰ ਵੇਖ ਕੇ ਕੀ ਕੀਤਾ?
5. ਭਾਰਤ ਵਾਸੀਆਂ ਨੂੰ ਗੁਰੂ ਨਾਨਕ ਦੇਵ ਜੀ ਨੇ ਕੀ ਚਿਤਾਵਨੀ ਦਿੱਤੀ?

**ਉੱਤਰ :-**

1. ਗੁਰੂ ਨਾਨਕ ਦੇਵ ਜੀ ਅਤੇ ਬਾਬਰੀ ਹਮਲਾ।
2. ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਰਤ ਵਿਚ ਰਾਜਸੀ ਪਰਿਵਰਤਨ ਆਇਆ। ਬਾਬਰ ਨੇ ਭਾਰਤ ਉੱਪਰ ਭਾਰੀ ਕਹਿਰ ਵਰਤਾਇਆ, ਲੁੱਟਮਾਰ ਕੀਤੀ ਅਤੇ ਇਸਤਰੀਆਂ ਦੀ ਇੱਜ਼ਤ ਰੋਲੀ। ਗੁਰੂ ਨੇ ਇਸ ਦਾ ਕਰੁਣਾਮਈ ਸ਼ਬਦਾਂ ਵਿਚ ਵਰਨਣ ਕੀਤਾ ਅਤੇ ਦੱਸਿਆ ਪ੍ਰਭੂ ਨੂੰ ਭੁੱਲ ਕੇ ਐਸ਼ੋ-ਇਸ਼ਰਤ ਪਏ ਲੋਕਾਂ ਦੀ ਅਜਿਹੀ ਦੁਰਦਸ਼ਾ ਹੋਣੀ ਜ਼ਰੂਰੀ ਹੈ। ਨੇਕੀ ਅਤੇ ਭਗਤੀ ਹੀ ਉਨ੍ਹਾਂ ਲੋਕਾਂ ਨੂੰ ਬਾਬਰ ਵਰਗੇ ਜ਼ਾਲਮਾਂ ਦਾ ਮੁਕਾਬਲਾ ਕਰਨ ਯੋਗ ਬਣਾਉਂਦੀ ਹੈ।
3. ਸਰੋਕਾਰ — ਸਬੰਧ
   ਜਾਬਰਾਂ — ਜ਼ਾਲਮਾਂ
   ਨਵਿਰਤ — ਦੂਰ
   ਚਿਤਾਰੀਂ — ਯਾਦ ਰੱਖੀਂ
4. ਬਾਬਰ ਦੇ ਹਮਲੇ ਵੇਲੇ ਪੰਜਾਬ ਉੱਪਰ ਕਹਿਰ ਵਰਤਿਆ। ਲੱਖਾਂ ਲੋਕ ਮਾਰੇ ਗਏ, ਲੁੱਟਮਾਰ ਹੋਈ ਅਤੇ ਕਈ ਇਸਤਰੀਆਂ ਦੀ ਪਤ ਲੁੱਟੀ ਗਈ।
   ਗੁਰੂ ਨਾਨਕ ਦੇਵ ਜੀ ਨੇ ਇਸ ਦਰਦਨਾਕ ਹਾਲਤ ਨੂੰ ਅਨੁਭਵ ਕੀਤਾ ਅਤੇ ਕਰੁਣਾਮਈ ਸ਼ਬਦਾਂ ਵਿਚ ਇਸ ਤਬਾਹੀ ਦਾ ਵਰਨਣ ਕੀਤਾ।
5. ਗੁਰੂ ਨਾਨਕ ਦੇਵਜੀ ਨੇ ਭਾਰਤਵਾਸੀਆਂ ਨੂੰ ਚਿਤਾਵਨੀ ਦਿੱਤੀ ਕਿ ਜੇ ਉਨ੍ਹਾਂ ਲੋਕਾਂ ਨੇ ਹਾਲੇ ਵੀ ਇਸ ਗੱਲ ਨੂੰ ਨਾ ਸਮਝਿਆ ਕਿ ਨੇਕੀ ਅਤੇ ਭਗਤੀ ਤੋਂ ਦੂਰ ਹੋ ਕੇ ਹੀ ਉਹ ਇਹ ਦੁੱਖ ਭੋਗ ਰਹੇ ਹਨ ਤਾਂ ਉਨ੍ਹਾਂ ਨੂੰ ਮੁੜ ਅਜਿਹੇ ਦੁੱਖ ਭੋਗਣੇ ਪੈਣਗੇ।

3. ਜਨ ਸੰਪਰਕ ਦੇ ਹਰ ਕਾਰਜ ਅਤੇ ਹਰ ਪੱਖ ਦੀ ਸਫਲਤਾ ਇਕ ਚੀਜ਼ 'ਤੇ ਨਿਰਭਰ ਕਰਦੀ ਹੈ, ਉਹ ਹੈ—ਸੰਚਾਰ। ਜੇ ਸੰਚਾਰ ਹੀ ਸਾਫ਼ ਅਤੇਸਫ਼ਲ ਨਹੀਂ ਹੋਵੇਗਾ ਤਾਂ ਜਨ ਸੰਪਰਕ ਦੇ ਸਭ ਸਾਧਨ ਅਤੇ ਮਾਧਿਅਮ ਨਿਸਫਲ ਹੋ ਜਾਣਗੇ। ਇਹ ਕਿਹਾ ਜਾ ਚੁੱਕਿਆ ਹੈ ਕਿ ਜਨ ਸੰਪਰਕ ਦੂਜੇ ਦੀ ਰਾਏ ਨੂੰ ਪ੍ਰਭਾਵਿਤ ਕਰਕੇ ਆਪਣੇ ਨਾਲ ਸਹਿਮਤ ਕਰਨਾ ਹੈ। ਰਾਏ ਨੂੰ ਪ੍ਰਭਾਵਿਤ ਕਰਨ ਦੇ ਕਈ ਢੰਗ ਹਨ—ਸ਼ਕਤੀ ਦੀ ਵਰਤੋਂ, ਧਨ ਖਰਚ ਜਾਂ ਪ੍ਰੇਰਨਾ ਦੁਆਰਾ। ਜਨ ਸੰਪਰਕ ਕੇਵਲ ਇਕੋ ਹੀ ਸਾਧਨ ਵਰਤਦਾ ਹੈ ਅਤੇ ਉਹ ਹੈ ਪ੍ਰੇਰਨਾ ਅਤੇ ਕੇਵਲ ਸੰਚਾਰ ਦੁਆਰਾ ਪ੍ਰੇਰਨਾ। ਇਸ ਲਈ ਸੰਚਾਰ ਨੂੰ ਜਨ ਸੰਪਰਕ ਪ੍ਰਕਿਰਿਆ ਵਿਚ ਮਹੱਤਵਪੂਰਨ ਸਥਾਨ ਦਿੱਤਾ ਜਾਂਦਾ ਹੈ। ਸਫਲ ਸੰਚਾਰ ਉਹ ਹੀ ਹੈ ਜਿਸ ਰਾਹੀਂ ਸੂਚਨਾ ਦੇਣ ਵਾਲੇ ਅਤੇ ਸੂਚਨਾ ਲੈਣ ਵਾਲੇ ਵਿਚਕਾਰ ਵੱਧ ਤੋਂ ਵੱਧ ਸਾਂਝ ਪੈਦਾ ਕੀਤੀ ਜਾ ਸਕੇ। ਚੰਗੇ ਸੰਚਾਰ ਦੁਆਰਾ ਹੀ ਪ੍ਰੇਰਨਾ ਦਿੱਤੀ ਜਾ ਸਕਦੀ ਹੈ ਅਤੇ ਚੰਗੇ ਸੰਚਾਰ ਦੁਆਰਾ ਹੀ ਕਿਸੇ ਨਾਲ ਤਾਲਮੇਲ ਕਾਇਮ ਰੱਖਿਆ ਜਾ ਸਕਦਾ ਹੈ। ਸੰਸਕ੍ਰਿਤ ਬੋਲੀ ਤੋਂ ਲਿਆ ਗਿਆ ਸ਼ਬਦ 'ਸੰਚਾਰ' ਦਾ ਅਰਥ ਹੈ ਕਿਸੇ ਵਸਤੂ ਦਾ ਇਕ ਥਾਂ ਤੋਂ ਦੂਜੀ ਥਾਂ ਲਿਜਾਣਾ। ਇੱਥੇ ਇਸ ਨੂੰ ਅਸੀਂ ਇਕ ਮਨੁੱਖ ਦੇ ਵਿਚਾਰ

**ਨੋਟ**

ਅਤੇ ਭਾਵਾਂ ਨੂੰ ਦੂਜੇ ਮਨੁੱਖ ਤੱਕ ਲਿਜਾਣ ਦੇ ਸੰਦਰਭ ਵਿਚ ਵਰਤਿਆ ਹੈ। ਸੰਚਾਰ ਦੇ ਮਨੁੱਖਾਂ ਵਿਚਕਾਰ ਵਿਚਾਰਾਂ ਦੇ ਪ੍ਰਗਟਾਵੇ ਦੁਆਰਾ ਸਾਂਝ ਪਾਉਣ ਦਾ ਇਕ ਸਾਧਨ ਬਣ ਜਾਂਦਾ ਹੈ।

**ਪ੍ਰਸ਼ਨ :-**

1. ਉਪਰੋਕਤ ਪੈਰੇ ਦਾ ਢੁਕਵਾਂ ਸਿਰਲੇਖ ਦਿਓ।
2. ਉੱਪਰਲੀ ਰਚਨਾ ਨੂੰ ਸੰਖੇਪ ਕਰਕੇ ਲਿਖੋ।
3. ਜਨ ਸੰਪਰਕ ਦੀ ਸਫਲਤਾ ਕਿਸ ਉੱਪਰ ਨਿਰਭਰ ਕਰਦੀ ਹੈ ਤੇ ਕਿਵੇਂ?
4. ਜਨ ਸੰਪਰਕ ਅਤੇ ਸੰਚਾਰ ਵਿਚ ਕੀ ਅੰਤਰ ਹੈ?
5. ਲਕੀਰੇ ਸ਼ਬਦਾਂ ਦੇ ਅਰਥ ਲਿਖੋ।

**ਉੱਤਰ :-**

1. ਜਨ ਸੰਪਰਕ।
2. ਦੂਜੇ ਦੀ ਰਾਏ ਨੂੰ ਪ੍ਰਭਾਵਿਤ ਕਰਕੇ ਆਪਣੇ ਨਾਲ ਸਹਿਮਤ ਕਰਨਾ ਹੀ ਜਨ ਸੰਪਰਕ ਹੁੰਦਾ ਹੈ। ਇਸ ਦੀ ਸਫਲਤਾ ਸੰਚਾਰ ਉੱਪਰ ਨਿਰਭਰ ਕਰਦੀ ਹੈ। ਸੰਚਾਰ ਦੁਆਰਾ ਪ੍ਰੇਰਨਾ ਦਿੱਤੀ ਜਾਂਦੀ ਹੈ। ਸਫਲਸੰਚਾਰ ਉਹ ਹੁੰਦਾ ਹੈ ਜੋ ਸੂਚਨਾ ਲੈਣ ਵਾਲੇ ਅਤੇ ਸੂਚਨਾ ਦੇਣ ਵਾਲੇ ਵਿਚਕਾਰ ਸਾਂਝ ਪੈਦਾ ਕਰਦਾ ਹੈ ਅਤੇ ਤਾਲਮੇਲ ਕਾਇਮ ਰੱਖਦਾ ਹੈ।
3. ਜਨ ਸੰਪਰਕ ਦੀ ਸਫਲਤਾ ਇਕੋ ਹੀ ਚੀਜ਼ ਉੱਪਰ ਨਿਰਭਰ ਕਰਦੀ ਹੈ, ਉਹ ਹੈ ਸੰਚਾਰ। ਜੇ ਸੰਚਾਰ ਸਾਫ਼ ਸੁਥਰਾ ਜਾਂ ਸਫਲ ਨਹੀਂ ਹੁੰਦਾ ਤਾਂ ਜਨ ਸੰਪਰਕ ਦੇ ਹੋਰਸਾਧਨ ਜਾਂ ਮਾਧਿਅਮ ਬੇਕਾਰ ਹੋ ਜਾਣਗੇ। ਸੰਪਰਕ ਦੂਸਰਿਆਂ ਦੀ ਰਾਏ ਨੂੰ ਪ੍ਰਬਾਵਿਤ ਕਰਨ ਲਈ ਜੋ ਢੰਗ ਵਰਤਦਾ ਹੈ ਉਸ ਵਿੱਚੋਂ ਮੁੱਖ ਹੈ ਪ੍ਰੇਰਨਾ। ਇਹ ਪ੍ਰੇਰਨਾ ਸੰਚਾਰ ਦੁਆਰਾ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਸੰਚਾਰ ਇਕ ਸਾਧਨ ਹੈ। ਇਸ ਸਾਧਨ ਨੂੰ ਜਨ ਸੰਪਰਕ ਪ੍ਰਕਿਰਿਆ ਵਿਚ ਮਹੱਤਵਪੂਰਨ ਸਥਾਨ ਪ੍ਰਾਪਤ ਹੈ।
5. ਕਾਰਜ — ਕੰਮ
   ਨਿਸਫਲ — ਜਿਹੜਾ ਸਫਲ ਨਾ ਹੋਵੇ
   ਢੰਗ — ਤਰੀਕਾ
   ਸਾਂਝ — ਮੇਲ

4. ਸਿਰਫ਼ ਉਹੀ ਦੇਸ਼ ਅਮੀਰ ਤੇ ਮਾਲੋਮਾਲ ਹੋ ਸਕਦੇ ਹਨ ਜਿਨ੍ਹਾਂ ਦੇ ਲੋਕ ਆਪਣੇ ਆਪ ਲਈ ਕੁਝ ਨਵਾਂ ਸੋਚ ਸਕਦੇ ਹਨ। ਉਹੀ ਕੰਮ ਕਰਦੇਜਾਣਾ ਜੋ ਅੱਗੇ ਕਿਸੇ ਨੇ ਕਰ ਲਿਆ, ਰੁਕੇ ਵਿਕਾਸ ਦੀ ਨਿਸ਼ਾਨੀ ਹੈ। ਹੋਣਹਾਰ ਮਨੁੱਖ ਇਹੀ ਸੋਚਦਾ ਹੈ ਕਿ ਹੱਥਲਾ ਕੰਮ ਪਿੱਛਲੇ ਕੀਤੇ ਕੰਮ ਨਾਲੋਂ ਚੰਗੇਰਾ ਹੋਵੇ। ਜਿਸ ਕੌਮ ਦਾ ਇਹ ਖਿਆਲ ਹੋ ਜਾਵੇ ਕਿ ਪੰਜ ਸੌ ਜਾਂ ਹਜ਼ਾਰ ਸਾਲ ਪਹਿਲਾਂ ਵਾਲਾ ਜੀਵਨ ਚੰਗਾ ਸੀ ਇਸੇ ਲਈ ਉਸੇ ਨੂੰ ਹੀ ਨਿਸ਼ਾਨਾ ਰੱਖਿਆ ਜਾਵੇ, ਉਸ ਕੌਮ ਨੂੰ ਜ਼ਿੰਦਗੀ ਦੀਆਂ ਪਿਛਲੀਆਂ ਕਤਾਰਾਂ ਵਿਚ ਖਲੋਣਾ ਪੈਂਦਾ ਹੈ। ਨਸਲਾਂ ਦੀ ਮਾਨਸਿਕ ਅਵਸਥਾ ਉੱਤੇ ਹੀ ਉਨ੍ਹਾਂ ਦੀ ਖੁਸ਼ਹਾਲੀ ਤੇ ਸਾਰਥਕਤਾ ਨਿਰਭਰ ਕਰਦੀ ਹੈ। ਜਦੋਂ ਕਿਸੇ ਨਸਲ ਦੇ ਲੋਕ ਲਕੀਰ ਦੇ ਫਕੀਰ ਹੋ ਜਾਂਦੇ ਹਨ, ਹਮੇਸ਼ਾ ਕਿਸੇ ਦੇ ਪਾਏ ਪੂਰਨਿਆਂ ਉੱਤੇ ਹੀ ਚੱਲਦੇ ਹਨ, ਆਪੀਂ ਕੋਈ ਪੂਰਨਾ ਪਾਉਣ ਦੀ ਦਲੇਰੀ ਨਹੀਂ ਰੱਖਦੇ, ਪਿਛਲੱਗ ਅਖਵਾਣ ਵਿਚ ਹੀ ਫ਼ਖ਼ਰ ਸਮਝਦੇ ਹਨ ਤੇ ਮੋਹਰੀ ਹੋਣੋਂ ਘਬਰਾਂਦੇ ਹਨ, ਉਸ ਨਸਲ ਦਾ ਵਾਧਾ ਰੁਕ ਜਾਂਦਾ ਹੈ, ਬੁੱਧ ਮੋਟੀ ਹੋ ਜਾਂਦੀ ਹੈ ਤੇ ਜ਼ਿੰਦਗੀ ਵਿਚੋਂ ਸੁਹਜ ਸੁਆਦ ਘੱਟ ਜਾਂਦਾ ਹੈ। ਐਸੀ ਕੌਮ ਸੁਤੰਤਰ ਨਹੀਂ ਰਹਿ ਸਕਦੀ। ਜ਼ਰੂਰ ਕਿਸੇ ਦੂਜੀ ਕੌਮ ਦੀ ਗੁਲਾਮ ਬਣ ਜਾਂਦੀ ਹੈ। ਸੋ ਦ੍ਰਿੜ ਕਰਨ ਵਾਲੀ ਗੱਲ ਇਹ ਹੈ ਕਿ ਨਵਾਂ ਸੋਚਣ ਤੇ ਕਰਨ ਵਿਚ ਹੀ ਜੀਵਨ ਦੀ ਨਜ਼ਾਤ ਹੈ। ਦੇਸ਼ ਦੀ ਉੱਨਤੀ ਤਾਂ ਹੀ ਸੰਭਵ ਹੈ ਜੇ ਤੁਸੀਂ ਕੋਈ ਨਵਾਂ ਖਿਆਲ ਦੁਨੀਆਂ ਨੂੰ ਦਿਉ। ਕੋਈ ਨਵੀਂ ਕਾਢ ਕੱਢੋ, ਕੋਈ ਨਵਾਂ ਸੁੱਖ ਈਜਾਦ ਕਰੋ, ਕੋਈ ਨਵਾਂ ਮਾਰਗ ਲੱਭੋ, ਨਵੀਂ ਸੋਚ ਸੋਚੋ ਤੇ ਨਵੇਂ ਅਮਲ ਕਰੋ।

**ਪ੍ਰਸ਼ਨ :-**

1. ਉੱਪਰ ਲਿਖੀ ਰਚਨਾ ਨੂੰ ਸਿਰਲੇਖ ਦਿਓ।
2. ਉੱਪਰ ਲਿਖੀ ਰਚਨਾ ਨੂੰ ਸੰਖੇਪ ਕਰਕੇ ਲਿਖੋ।
3. ਕਿਹੜੀ ਕੌਮ ਜਾਂ ਨਸਲ ਦਾ ਵਾਧਾ ਹੋਣਾ ਰੁਕ ਜਾਂਦਾ ਹੈ?
4. ਦੇਸ਼ ਦੀ ਉੱਨਤੀ ਕਦੋਂ ਸੰਭਵ ਹੋ ਸਕਦੀ ਹੈ ?

**ਉੱਤਰ :-**

1. ਉਸਾਰੂ ਸੋਚ।
2. ਕੁਝ ਨਵਾਂ ਸੋਚਣ ਵਾਲੇ ਲੋਕਾਂ ਦੇ ਦੇਸ਼ ਹੀ ਅਮੀਰ ਹੋ ਸਕਦੇ ਹਨ। ਉਸ ਦੇਸ਼ ਵਿਚ ਵਾਧਾ ਹੋਣਾ ਰੁਕ ਜਾਂਦਾ ਹੈ ਜਿੱਥੋਂ ਦੇ ਲੋਕ ਪੁਰਾਣੀਆਂ ਲੀਹਾਂ ਉੱਪਰ ਹੀ ਚੱਲਦੇ ਹਨ। ਦੇਸ਼ ਦੀ ਉੱਨਤੀ ਤਦ ਹੀ ਸੰਭਵ ਹੋ ਸਕਦੀ ਹੈ ਜੇ ਦੁਨੀਆਂ ਨੂੰ ਕੁਝ ਨਵੇਂ ਖਿਆਲ ਦਿੱਤੇ ਜਾਣ, ਨਵੀਂ ਕਾਢ ਕੱਢੀ ਜਾਵੇ, ਕੁਝ ਨਵੀਂ ਰਾਹ ਨਵੀਂ ਸੋਚ ਦਿੱਤੀ ਜਾਵੇ ਅਤੇ ਉਨ੍ਹਾਂ ਉੱਪਰ ਅਮਲ ਵੀ ਕਰਨਾ ਪਵੇ।
3. _ਸ ਕੌਮ ਜਾਂ ਨਸਲ ਦਾ ਵਾਧਾ ਹੋਣੋ ਰੁਕ ਜਾਂਦਾ ਹੈ, ਜਿਹੜੀਆਂ ਕੌਮਾਂ ਪੁਰਾਣੀਆਂ ਲੀਹਾਂ ਉੱਪਰ ਹੀ ਚਲਦੀਆਂ ਹਨ, ਕੁਝ ਨਵਾਂ ਕਰਨ ਦੀ ਦਲੇਰੀ ਨਹੀਂ ਰੱਖਦੀਆਂ ਅਤੇ ਅੱਗੇ ਆਉਣ ਤੋਂ ਘਬਰਾਉਂਦੀਆਂ ਹਨ।
4. ਦੇਸ਼ ਦੀ ਉੱਤਨੀ ਤਦ ਹੀ ਸੰਭਵ ਹੋ ਸਕਦੀ ਹੈ ਜੇ ਦੁਨੀਆਂ ਨੂੰ ਕੁਝ ਨਵੇਂ ਖਿਆਲ ਦਿਓਗੇ, ਕੋਈ ਨਵੀਂ ਕਾਢ ਕੱਢੋਗੇ, ਕੁਝ ਨਵਾਂ ਸੁੱਖ, ਨਵੀਂ ਰਾਹ ਤੇ ਨਵੀਂ ਸੋਚ ਦਿਉਗੇ। ਇਨ੍ਹਾਂ ਉੱਪਰ ਅਮਲ ਵੀ ਕਰਨਾ ਪਵੇਗਾ।
5.

| | | |
|---|---|---|
| ਕਤਾਰਾਂ | — | ਲਾਈਨਾਂ |
| ਲਕੀਰ ਦਾ ਫਕੀਰ | — | ਪੁਰਾਣੀ ਲੀਹ ਉੱਤੇ ਹੀ ਚੱਲੀ ਜਾਣਾ |
| ਸੁਹਜ-ਸੁਆਦ | — | ਅਨੰਦ |
| ਈਜਾਦ | — | ਕਾਢ |

5. ਬਹੁਪੱਖੀ ਗਿਆਨ ਲਈ ਤਿੱਖੀ ਨਜ਼ਰ ਤੇ ਹਰ ਵਕਤੀ ਚੇਤਨਤਾ ਦੀ ਬੜੀ ਜ਼ਰੂਰਤ ਹੈ। ਇਸ ਤੋਂ ਛੁਟ ਦਾ ਹੋਣਾ ਵੀ ਜ਼ਰੂਰੀ ਹੈ, ਜੇ ਅਸੀਂ ਝਾਕਾ ਕੀਤਾ ਤਾਂ ਅਸੀਂ ਕਿਸੇ ਪਾਸੋਂ ਕੋਈ ਗੱਲ ਪੁੱਛ ਨਹੀਂ ਸਕਦੇ। ਅਸੀਂ ਵਧਾਊ ਬਰਤੀ ਇਸੇ ਮਸਲੇ ਵਿਚ ਬਹੁਤ ਨੁਕਸਾਨ ਦਿੰਦੀ ਹੈ ਜੇ ਆਪਣੇ ਆਪ ਨੂੰ ਤੀਸ ਮਾਰ ਖਾਂ ਸਮਝ ਛੱਡਿਆ ਤੇ ਹੋਰ ਕਿਸੇ ਨਾਲ ਕੀ ਗੱਲ-ਬਾਤ ਕਰਨੀ ਹੈ। ਜਿਸ ਤਰ੍ਹਾਂ ਹਰਦਮ ਸਵਾਲਚੱਲਦੇ ਰਹਿੰਦੇ ਹਨ ਏਸੇ ਤਰ੍ਹਾਂ ਬਹੁਪੱਖੀ ਗਿਆਨ ਦਾ ਦਰਬਾਰ ਲੱਗਾ ਰਹਿੰਦਾ ਹੈ। ਸਾਨੂੰ, ਇਸ ਦਰਬਾਰ ਵਿਚ ਪੁੱਜਣ ਲਈ ਚਾਅ ਹੋਣਾ ਚਾਹੀਦਾ ਹੈ। ਕਿਤਾਬਾਂ ਜਾਂ ਮਹਾਨ ਕੋਸ਼ ਵੀ ਇਹ ਗਿਆਨ ਦਿੰਦੇ ਹਨ। ਗੁਣ ਜਿੱਥੋਂ ਮਿਲੇ ਉਥੋਂ ਵੇਲੇ ਨਾਲ ਲੈ ਲੈਣਾ ਹੀ ਜੀਵਨ ਦਾ ਰਾਜ਼ ਹੈ। ਜੀਵਨ ਐਕਟਰ ਹੈ ਤੇ ਬਹੁਪੱਖੀ ਗਿਆਨ ਨੂੰ ਡਰਾਮਾ ਕਹਿ ਲਵੋ। ਜਿਹੜਾ ਤਕੜਾ ਹੋ ਕੇ ਐਕਟ ਕਰੇਗਾ ਉਸ ਦੇ ਪੌ ਬਾਰਾਂ। ਬਹੁਮੁਖੀ ਗਿਆਨ ਜ਼ਿਰਾਹ ਦੀ ਜਾਨ ਹੈ। ਕਈ ਗਵਾਹੀਆਂ 'ਤੇ ਜ਼ਿਰਾਹ ਨੂੰ ਵੇਖ ਕੇ ਜੱਜ ਜਾਂ ਮੈਜਿਸਟਰੇਟ ਭੰਬਲ ਭੂਸਿਆਂ ਵਿਚ ਪੈ ਜਾਂਦਾ ਹੈ। ਕਾਨੂੰਨੀ ਨੁਕਤਾ ਨਹੀਂ ਅੜਿਆ ਹੁੰਦਾ ਉੱਥੇ ਗਿਆਨ ਦੀ ਕਮੀ ਕਰੇਕ ਕੁਝ ਅਹੁੜਦਾ ਨਹੀਂ। ਸਾਹਿਤ ਵਿਚ ਸਭ ਤੋਂ ਵਧੇਰੇ ਮਾਣ ਬਹੁਮੁਖੀ ਗਿਆਨ ਦਾ ਹੈ। ਕਵੀ ਕਲਪਨਾ ਧੁਰੋਂ ਲੈ ਕੇ ਆਉਂਦੇ ਹਨ। ਉਸ ਨੂੰ ਸੰਵਾਰਨ ਸ਼ਿੰਗਾਰਨ ਵਾਲਾ ਬਹੁਮੁਖੀ ਗਿਆਨ ਹੈ।

**ਪ੍ਰਸ਼ਨ :-**

1. ਪੈਰੇ ਦਾ ਸਿਰਲੇਖ ਲਿਖੋ।
2. ਪੈਰੇ ਨੂੰ ਸੰਖੇਪ ਕਰਕੇ ਲਿਖੋ।
3. ਬਹੁਪੱਖੀ ਗਿਆਨ ਪ੍ਰਾਪਤ ਕਰਨ ਲਈ ਕਿਹੜੇ-ਕਿਹੜੇ ਗੁਣ ਹੋਣੇ ਜ਼ਰੂਰੀ ਹਨ?
4. ਸਾਹਿਤ ਵਿਚ ਸਭ ਤੋਂ ਵਧੇਰੇ ਮਾਣ ਕਿਸ ਚੀਜ਼ ਦਾ ਹੈ?

**ਨੋਟ**

5. ਲਕੀਰੇ ਸ਼ਬਦਾਂ ਦੇ ਅਰਥ ਲਿਖੋ।

**ਉੱਤਰ :-**

1. ਬਹੁਪੱਖੀ ਗਿਆਨ।
2. ਬਹੁਪੱਖੀ ਗਿਆਨ ਤਿੱਖੀ ਨਜ਼ਰ ਅਤੇ ਚੇਤਨਤਾ ਦੇ ਨਾਲ ਨਿਝਕਤਾ ਦੀ ਲੋੜ ਹੁੰਦੀ ਹੈ। ਬਹੁਪੱਖੀ ਗਿਆਨ ਹਾਸਲ ਕਰਨ ਦਾ ਚਾਅ ਹੋਣਾ ਚਾਹੀਦਾ ਹੈ। ਆਪਮੇ ਗਿਆਨ ਨੂੰ ਸਭ ਤੋਂ ਵੱਧ ਸਮਝਣਾ ਬਹੁਪੱਖੀ ਗਿਆਨ ਵਿਚ ਰੁਕਾਵਟ ਲਿਆਉਂਦਾ ਹੈ। ਗੁਣ ਜਿੱਥੋਂ ਮਿਲੇ ਉੱਥੋਂ ਲੈਣਾ ਹੀ ਜੀਵਨ ਦਾ ਰਾਜ਼ ਹੈ। ਬਹੁਪੱਖੀ ਗਿਆਨ ਹੋਣ ਨਾਲ ਜੀਵਨ ਦੇ ਕਈ ਖੇਤਰਾਂ ਵਿਚ ਕਾਮਯਾਬੀ ਮਿਲ ਸਕਦੀ ਹੈ।
3. ਬਹੁਪੱਖੀ ਗਿਆਨ ਪ੍ਰਾਪਤ ਕਰਨ ਲਈ ਤਿੱਖੀ ਨਜ਼ਰ, ਹਰਵਕਤੀ ਚੇਤਨਤਾ ਦੇ ਨਾਲ-ਨਾਲ ਨਿਝਕਤਾ ਦਾ ਗੁਣ ਹੋਣਾ ਵੀ ਜ਼ਰੂਰੀ ਹੈ। ਬਹੁਪੱਖੀ ਗਿਆਨ ਲੈਣ ਦੀ ਚਾਹ ਹੋਣੀ ਬਹੁਤ ਜ਼ਰੂਰੀ ਹੈ। ਗਿਆਨ ਜਿੱਥੋਂ ਮਿਲੇ ਉੱਥੋਂ ਲੈ ਲੈਣਾ ਚਾਹੀਦਾ ਹੈ।
4. ਸਾਹਿਤ ਵਿਚ ਸਭ ਤੋਂ ਵਧੇਰੇ ਮਾਣ ਬਹੁਪੱਖੀ ਗਿਆਨ ਦਾ ਹੈ। ਕਵੀਆਂ ਨੂੰ ਕਲਪਨਾ ਭਾਵੇਂ ਧੁਰੋਂ ਮਿਲੀ ਹੁੰਦੀ ਹੈ, ਪਰ ਇਸ ਕਲਪਨਾ ਨੂੰ ਸਵਾਰਨ ਤੇ ਸ਼ਿੰਗਾਰਨ ਦਾ ਕੰਮ ਕਵੀ ਆਪਣੇ ਬਹੁਪੱਖੀ ਗਿਆਨ ਨਾਲ ਕਰਦਾ ਹੈ।
5. ਬਹੁਪੱਖੀ — ਬਹੁਤ ਸਾਰੇ ਪੱਖਾਂ ਤੋਂ
   ਨਿਝਕਤਾ — ਬਿਨਾਂ ਝਾਕੇ ਤੋਂ
   ਜ਼ਿਰਾਹ — ਬਹਿਸ
   ਅਹੁੜਦਾ — ਆਉਂਦਾ

**.....ਪੈਰ੍ਹੇ ਨੂੰ ਗਹੁ ਨਾਲ ਪੜ੍ਹੋ ਅਤੇ ਪਿੱਛੇ ਦਿੱਤੇ ਸਵਾਲਾਂ ਦੇ ਉੱਤਰ ਦਿਓ :—**

...ਕੋਈ ਪੜ੍ਹਿਆ ਤੇ ਭਾਵੇਂ ਕੋਈ ਅਨਪੜ੍ਹਿਆ ਹੋਵੇ, ਭਾਵੇਂ ਓਸ ਕਦੇ ਪਿਆਰ ਕੀਤਾ ਜਾਂ ਸਦਾ ਪਿਆਰ ਨੂੰ ਤਾਅਨੇ ਹੀ ਮਾਰੇ ਹੋਣ, ਲਗਭਗ ਹਰ ਪੰਜਾਬੀ ਨੇ ਹੀਰ ਰਾਂਝਾ, ਸੋਹਣੀ ਮਹੀਂਵਾਲ, ਸੱਸੀ-ਪੁੰਨੂੰ, ਮਿਰਜ਼ਾ-ਸਾਹਿਬਾਂ, ਸ਼ੀਰੀਂ-ਫ਼ਰਿਹਾਦ ਤੇ ਲੈਲਾ-ਮਜਨੂੰ ਦੀਆਂ ਕਹਾਣੀਆਂ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਸੁਣੀਆਂ ਹੁੰਦੀਆਂ ਹਨ। ਇਨ੍ਹਾਂ ਵਿਚੋਂ ਪਿਛਲੀਆਂ ਦੋ ਕਹਾਣੀਆਂ ਪ੍ਰਦੇਸੀ ਹੁੰਦਿਆਂ ਹੋਇਆਂ ਵੀ ਇੰਨੀਆਂ ਦੇਸੀ ਬਣ ਗਈਆਂ ਹਨ ਕਿ ਉਨ੍ਹਾਂ ਦੇ ਪ੍ਰਦੇਸੀ ਹੋਣ ਦਾ ਬਹੁਤਿਆਂ ਨੂੰ ਪਤਾ ਵੀ ਨਹੀਂ। ਧਰਮ-ਗ੍ਰੰਥਾਂ ਵਿਚ ਇਨ੍ਹਾਂ ਦੇ ਪਿਆਰ ਦੀ ਕਥਾ ਰੱਬੀ ਪਿਆਰ ਦੇ ਨਾਲ ਤੋਲੀ ਗਈ ਹੈ। ਇਹ ਪਿਆਰ-ਕਹਾਣੀਆਂ ਸਾਡੇ ਲੋਕ- ਗੀਤਾਂ ਦਾ ਅਮੁੱਕ ਵਿਸ਼ਾ ਤਾਂ ਸਨ ਹੀ, ਅੱਜ ਇਹ ਸਾਡੀਆਂ ਸਾਹਿਤ-ਅਕੈਡਮੀਆਂ ਦੀ ਚਰਚਾ ਵੀ ਬਣ ਗਈਆਂ ਹਨ ਕਿ ਉਨ੍ਹਾਂ ਦੇ ਪ੍ਰਦੇਸੀ ਹੋਣ ਦਾ ਬਹੁਤਿਆਂ ਨੂੰ ਪਤਾ ਵੀ ਨਹੀਂ। ਧਰਮ-ਗ੍ਰੰਥਾਂ ਵਿਚ ਇਨ੍ਹਾਂ ਦੇ ਪਿਆਰ ਦੀ ਕਥਾ ਰੱਬੀ ਪਿਆਰ ਦੇ ਨਾਲ ਤੋਲੀ ਗਈ ਹੈ। ਇਹ ਪਿਆਰ-ਕਹਾਣੀੌਂ ਸਾਡੇ ਲੋਕ-ਗੀਤਾਂ ਦਾ ਅਮੁੱਕ ਵਿਸ਼ਾ ਤਾਂ ਸਨ ਹੀ, ਅੱਜ ਇਹ ਸਾਡੀਆਂ ਸਾਹਿਤ-ਅਕੈਡਮੀਆਂ ਦੀ ਚਰਚਾ ਵੀ ਬਣ ਗਈਆਂ ਹਨ। ਇਨ੍ਹਾਂ ਉੱਤੇ ਖੋਜ-ਗ੍ਰੰਥ ਛਾਪੇ ਜਾ ਰਹੇ ਹਨ। (ਗੁਰਬਖਸ਼ ਸਿੰਘ)

(ੳ) ਪੈਰ੍ਹੇ ਨੂੰ ਢੁਕਵਾਂ ਸਿਰਲੇਖ ਦਿਓ।
(ਅ) ਪੈਰ੍ਹੇ ਦਾ ਸੰਖੇਪ ਭਾਵ ਆਪਣੇ ਸ਼ਬਦਾਂ ਵਿਚ ਲਿਖੋ।
(ੲ) ਪੈਰ੍ਹੇ ਵਿਚ ਲਕੀਰ ਸ਼ਬਦਾਂ ਦੇ ਅਰਥ ਲਿਖੋ।
(ਸ) ਕਿਹੜੀਆਂ ਦੋ ਕਹਾਣੀਆਂ ਦੇਸੀ ਬਣ ਗਈਆਂ ਹਨ?

**ਉੱਤਰ :-**

(ੳ) ਪ੍ਰੇਮ-ਕਹਾਣੀਆਂ
(ਅ) ਪੰਜਾਬ ਦਾ ਹਰੇਕ ਬੰਦਾਂ ਸਾਡੀਆਂ ਪ੍ਰੀਤ-ਕਥਾਵਾਂ ਤੋਂ ਜਾਣੂ ਹੈ। 'ਸ਼ੀਰੀਂ-ਫ਼ਰਿਹਾਦ' ਤੇ 'ਲੈਲਾ-

**ਨੋਟ**

ਮਜਨੂੰ' ਦੀਆਂ ਕਹਾਣੀਆਂ ਵੀ ਬਿਲੁਕਲ ਪੰਜਾਬੀ ਬਣ ਗਈਆਂ ਹਨ। ਇਨ੍ਹਾਂ ਕਥਾਵਾਂ ਦੇ ਪਿਆਰ ਨਾਲ ਆਤਮਿਕ ਪ੍ਰੇਮ ਨੂੰ ਉਪਮਾ ਦਿੱਤੀ ਜਾਂਦੀ ਹੈ। ਇਨ੍ਹਾਂ ਕਹਾਣੀਆਂ ਬਾਰੇ ਡੂੰਘੀ ਖੋਜ ਹੋ ਰਹੀ ਹੈ।

(ੲ) ਤਾਅਨੇ — ਮਿਹਣੇ।
ਪ੍ਰਦੇਸੀ — ਦੂਜੇ ਦੇਸ਼ ਦਾ।
ਅਮੁਕ — ਜੋ ਮੁਕੇ ਨਾ।
ਖੋਜ-ਗ੍ਰੰਥ — ਖੋਜ ਭਰੀਆਂ ਪੁਸਤਕਾਂ।

(ਸ) ਸ਼ੀਰੀਂ-ਫ਼ਰਿਹਾਦ,ਲੈਲਾ-ਮਜਨੂੰ।

5. ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਪਿੱਛੇ ਦਿੱਤੇ ਪ੍ਰਸ਼ਨਾਂ ਦੇ ਜਵਾਬ ਦਿਓ :—

ਅੱਜ ਕੱਲ੍ਹ ਆਗੂ ਬਣਨਾ ਪਹਿਲਾਂ ਨਾਲੋਂ ਵਧੇਰੇ ਮੁਸ਼ਕਿਲ ਹੈ। ਆਗੂ ਬਣਨ ਲਈ ਪਹਿਲਾਂ ਚੋਣਾਂ ਵਿਚ ਕਾਮਯਾਬ ਹੋਣਾ ਪੈਂਦਾ ਹੈ। ਚੋਣਾਂ ਵਿਚ ਕਾਮਯਾਬ ਹੋਣ ਲੀ ਲੋਕਾਂ ਦੀ ਮਿਲਵਰਤਣ ਬਹੁਤ ਜ਼ਰੂਰੀ ਹੈ। ਕਾਮਯਾਬੀ ਲਈ ਇਹ ਤਿੰਨ ਗੁਣ ਆਦਮੀ ਵਿਚ ਹੋਣੇ ਜ਼ਰੂਰੀ ਹਨ। ਇਕ ਤੇ ਆਦਮੀ ਦਾ ਪਹਿਲਾ ਚੰਗਾ ਰਿਕਾਰਡ ਹੋਣਾ ਚਾਹੀਦਾ ਹੈ। ਪਿਛਲੇ ਕੁਝ ਸਾਲਾਂ ਵਿਚ ਉਸ ਨੇ ਜੇ ਕੋਈ ਕੁਰਬਾਨੀ ਜਾਂ ਹੋਰ ਕੋਈ ਭਲਾਈ ਦਾ ਕੰਮ ਕੀਤਾ ਹੋਵੇ ਤਾਂ ਇਸ ਵੇਲੇ ਉਸ ਨੂੰ ਉਹ ਕੰਮ ਕਾਫ਼ੀ ਲਾਭ ਪਹੁੰਚਾ ਸਕਦਾ ਹੈ। ਦੂਜਾ ਗੁਣ ਜੋ ਕਾਮਯਾਬੀ ਲਈ ਬਹੁਤ ਜ਼ਰੂਰੀ ਹੈ, ਉਹ ਹੈ ਆਦਮੀ ਦਾ ਰਸੂਖ਼। ਜਿਸ ਆਦਮੀ ਦਾ ਇਲਾਕੇ ਵਿਚ ਅਸਰ-ਰਸੂਖ਼ ਨਹੀਂ, ਉਹ ਕਦੀ ਕਾਮਯਾਬ ਨਹੀਂ ਹੋ ਸਕਦਾ। ਤੀਜਾ ਸਭ ਤੋਂ ਵੱਡਾ ਗੁਣ ਪੈਸਾ ਹੈ-ਪ੍ਰਾਪੇਗੰਡਾ ਕਰਨ ਲਈ, ਵਰਕਰਾਂ ਨੂੰ ਇਧਰ-ਉਧਰ ਨਸਾਣ-ਭਜਾਣ ਲੀ, ਵੋਟਰਾਂ ਨੂੰ ਖਵਾਣ-ਪਿਲਾਣ ਲਈ। ਗੱਲ ਕੀ ਉਮੀਦਵਾਰ ਨੂੰ ਕਦਮ-ਕਦਮ 'ਤੇ ਪੈਸੇ ਦੀ ਲੋੜ ਪੈਂਦੀ ਹੈ। ਆਮ ਤੌਰ 'ਤੇ ਪਹਿਲੀਆਂ ਦੋਵੇਂ ਸਿਫ਼ਤਾਂ ਹੁੰਦਿਆਂ ਹੋਇਆਂ ਵੀ ਪੈਸੇ ਦੀ ਘਾਟ ਕਰਕੇ ਕਈ ਇਕ ਸਿਆਣੇ ਤੇ ਚੰਗੇ ਆਦਮੀਆਂ ਨੂੰ ਵੀ ਨਾਕਾਮੀ ਦਾ ਮੂੰਹ ਦੇਖਣਾ ਪੈਂਦਾ ਹੈ।

(ਮੁਬਾਰਕ ਸਿੰਘ)

(ੳ) ਢੁਕਵਾਂ ਸਿਰਲੇਖ ਦਿਓ।
(ਅ) ਸੰਖੇਪ ਭਾਵ ਆਪਣੇ ਸ਼ਬਦਾਂ ਵਿਚ ਲਿਖੋ।
(ੲ) ਮੋਟੇ ਸ਼ਬਦਾਂ ਦੇ ਅਰਥ ਲਿਖੋ।
(ਸ) ਚੋਣਾਂ ਵਿਚ ਸਫ਼ਲ ਹੋਣ ਲਈ ਸਭ ਤੋਂ ਵੱਧ ਕਿਸ ਚੀਜ਼ ਦੀ ਲੋੜ ਹੈ ਤੇ ਕਿਉਂ?

**ਉੱਤਰ :-**

(ੳ) ਚੋਣਾਂ ਵਿਚ ਸਫਲਤਾ।

(ਅ) ਲੀਡਰ ਬਣਨ ਲਈ ਚੋਣਾਂ ਵਿਚ ਜਿੱਤਣਾ ਪੈਂਦਾ ਹੈ। ਚੋਣਾਂ ਵਿਚ ਜਿੱਤ ਪ੍ਰਾਪਤ ਕਰਨ ਲਈ ਤਿੰਨਾਂ ਚੀਜ਼ਾਂ ਦੀ ਲੋੜ ਹੈ। ਇਕ ਇਹ ਕਿ ਉਮੀਦਵਾਰ ਨੇ ਲੋਕਾਂ ਦੇ ਭਲੇ ਲਈ ਕੰਮ ਕੀਤੇ ਹੋਏ ਹੋਣ, ਦੂਜੇ ਉਸ ਦਾ ਇਲਾਕੇ ਵਿਚ ਅਸਰ ਤੇ ਵਾਕਫ਼ੀਅਤ ਹੋਵੇ, ਤੀਜੇ ਉਸ ਪਾਸ ਬਹੁਤ ਸਾਰਾ ਰੁਪਿਆ ਹੋਵੇ। ਜੇਕਰ ਉਸ ਪਾਸ ਪੈਸਾ ਨਹੀਂ ਤਾਂ ਬਾਕੀ ਗੁਣ ਐਵੇਂ ਜਾਂਦੇ ਹਨ।

(ੲ) ਆਗੂ — ਲੀਡਰ।
ਮਿਲਵਰਤਣ — ਸਹਿਯੋਗ, ਪ੍ਰਸਪਰ ਸਹਾਇਤਾ।
ਕਾਮਯਾਬੀ — ਸਫਲਤਾ।
ਰਸੂਖ਼ — ਗੂੜ੍ਹੇ ਸਬੰਧ।
ਨਕਾਮੀ — ਅਸਫਲਤਾ।

(ਸ) ਚੋਣਾਂ ਵਿਚ ਸਫਲ ਹੋਣ ਲਈ ਸਭ ਤੋਂ ਵੱਧ ਲੋੜ ਧਨ ਦੀ ਹੈ, ਕਿਉਂਕਿ ਇਹ ਪਰਚਾਰਕਰਨ, ਵਰਕਰਾਂ ਨੂੰ ਇਧਰ-ਉਧਰ ਭੇਜਣ, ਵੋਟਰਾਂ ਨੂੰ ਖੁਆਉਣ-ਪਿਆਉਣ ਤੇ ਹੋਰ ਅਨੇਕ ਪ੍ਰਕਾਰ ਦੇ ਜ਼ਰੂਰੀ ਖ਼ਰਚਾਂ ਲੀ ਕੰਮ ਆਉਂਦਾ ਹੈ।

ਨੋਟ

6. ਜੇ ਕਿਤੇ ਇਕ ਜ਼ਿੰਦਗੀ ਦੂਜੀ ਕਿਸੇ ਜਿੰਦਗੀ ਵਿਚ ਜੀਵੀ ਜਾ ਸਕਦੀ ਹੈਤਾਂ ਉਹਦਾ ਨਮੂਨਾ ਮਾਂ ਹੈ। ਬੱਚੇ ਦੀ ਸ਼ੁਹਰਤ ਅਛੂਤ ਹੋ ਗਈ ਹੈ, ਦੁਨੀਆਂ ਦੇ ਲੋਕਾਂ ਨੇ ਉਹਨੂੰ ਆਪਣੇ ਦਰਾਂ ਤੋਂ ਧ੍ਰਿਕਾਰ ਦਿੱਤਾ ਹੈ, ਤਾਂ ਵੀ ਮਾਂ, ਜੀਕਰ ਉਹ ਬੱਚੇ ਦੀ ਕਾਮਯਾਬੀ ਉੱਤੇ ਉਹਦੇ ਨਾਲੋਂ ਵੀ ਵਧੇਰੇ ਖੁਸ਼ ਹੁੰਦੀ ਸੀ, ਓਕਰ ਹੀ ਉਹਦੀ ਹਰ ਨਮੋਸ਼ੀ ਨੂੰ ਉਹਦੇ ਨਾਲੋਂ ਵੀ ਬਹੁਤਾ ਅਪਨਾਣ  ਵਿਚ ਆਪਣੀ ਤਸੱਲੀ ਲੱਭਦੀ ਹੈ। ਆਮ ਤੌਰ 'ਤੇ ਬੱਚਿਆਂ ਨੂੰ ਮਾਂ-ਪਿਆਰ ਦੀ ਮਹੱਤਤਾ ਦਾ ਪੂਰਾ ਪਤਾ ਉਦੋਂ ਹੀ ਲੱਗਦਾ ਹੈ ਜਦੋਂ ਇਹ ਮਹਾਨ ਪਿਆਰ ਉਨ੍ਹਾਂ ਕੋਲੋਂ ਹਮੇਸ਼ਾ ਲਈ ਖੁੱਸ ਜਾਂਦਾ ਹੈ, ਜਦੋਂ ਉਹ ਆਪਣੀ ਮਾਂ ਨੂੰ ਆਪਣੀ ਪ੍ਰਸੰਸਾ ਦੱਸਣ ਦੀ ਖੁਸ਼ੀ ਦਾ ਮੌਕਾ ਗੁਆ ਚੁੱਕਦੇ ਹਨ। ਬੱਚਿਆਂ ਦੇ ਖਰ੍ਹਵਿਆਂ ਰਾਹਾਂ-ਰਸਤਿਆਂ ਉੱਤੇ ਮਾਂ ਆਪਣੇ ਲਾਸਾਨੀ ਪਿਆਰ ਦੇ ਫੁੱਲ ਬੁੱਕਾਂ ਮੂੰਹੀਂ ਖਲਾਰਦੀ ਰਹਿੰਦੀ ਹੈ। ਇਨ੍ਹਾਂ ਫੁੱਲਾਂ ਨਾਲ ਪਧਰਾਏ ਅੱਡੋ ਖੋੜ੍ਹੇ ਰਸਤਿਆਂ ਉੱਤੇ ਬੱਚੇ ਬੇਖ਼ੌਫ ਰਹਿੰਦੇ ਹਨ, ਇਸ ਗੱਲੋਂ ਬਿਲਕੁਲ ਬੇਪਤਾ ਕਿ ਕਿੰਨੀਆਂ ਮਚਕੋੜਾਂ ਤੋਂ ਇਨ੍ਹਾਂ ਫੁੱਲਾਂ ਦੀਆਂ ਮੋਟੀਆਂ ਤੈਹਾਂ ਨੇ ਉਨ੍ਹਾਂ ਨੂੰ ਬਚਾ ਕੇ ਰੱਖਿਆ ਹੈ।

(ਗੁਰਬਖਸ਼ ਸਿੰਘ)

ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਸਵਾਲਾਂ ਦੇ ਉੱਤਰ ਦਿਓ :—

(ੳ) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਓ।

(ਅ) ਪੈਰ੍ਹੇ ਦਾ ਸੰਖੇਪ ਭਾਵ ਆਪਣੇ ਸ਼ਬਦਾਂ ਵਿਚ ਲਿਖੋ।

(ੲ) ਲਕੀਰੇ ਸ਼ਬਦਾਂ ਦੇ ਅਰਥ ਲਿਖੋ।

(ਸ) ਮਾਂ ਬੱਚੇ ਲਈ ਕੀ ਕੁਝ ਕਰਦੀ ਹੈ?

**ਉੱਤਰ** :-

(ੳ) ਮਾਂ।

(ਅ) ਮਾਂ ਵਰਗਾ ਕੋਈ ਹੋਰ ਨਹੀਂ ਹੁੰਦਾ। ਉਹ ਬੱਚੇ ਦੇ ਦੁੱਕ ਤੇ ਸੁੱਖ ਦੋਹਾਂ ਵਿਚ ਤਨੋਂ-ਮਨੋਂ ਸਾਥ ਦਿੰਦੀ ਹੈ। ਬੱਚੇ ਨੂੰ ਮਾਂ-ਪਿਆਰ ਦਾ ਅਹਿਸਾਸ ਉਦੋਂ ਹੁੰਦਾ ਹੈ ਜਦੋਂ ਇਹ ਠੰਡੀ ਛਾਂ ਉਸ ਤੋਂ ਸਦਾ ਲਈ ਖੁੱਸ ਜਾਂਦੀ ਹੈ। ਮਾਂ ਆਪਣੀ ਔਲਾਦ ਲਈ ਅਥਾਹ ਪਿਆਰ ਰੱਖਦੀ ਹੈ ਅਤੇ ਉਸ ਦੇ ਸੁੱਖ ਲਈ ਸਦਾ ਯਤਨ ਕਰਦੀ ਰਹਿੰਦੀ ਹੈ।

(ੲ)

| | | |
|---|---|---|
| ਸ਼ੁਹਰਤ | — | ਮਸ਼ਹੂਰੀ। |
| ਧ੍ਰਿਕਾਰ | — | ਦੁਰਕਾਰ, ਤ੍ਰਿਸਕਾਰਨਾ। |
| ਨਮੋਸ਼ੀ | — | ਬੇਇੱਜ਼ਤੀ। |
| ਮਹੱਤਤਾ | — | ਮਹਾਨਤਾ। |
| ਪ੍ਰਸੰਸਾ | — | ਵਡਿਆਈ, ਸ਼ਲਾਘਾ। |
| ਲਾਸਾਨੀ | — | ਬੇਮਿਸਾਲ। |
| ਬੇਖ਼ੌਫ਼ | — | ਡਰਤੋਂ ਬਿਨਾਂ, ਨਿਡਰ। |

(ਸ) ਮਾਂ ਬੱਚੇ ਨੂੰ ਪਿਆਰ ਕਰਦੀ ਹੈ। ਉਹ ਹਰ ਔਕੜ ਸਮੇਂ ਉਸਦਾ ਸਾਥ ਦਿੰਦੀ ਹੈ, ਉਹ ਇਸਯਤਨ ਵਿਚ ਰਹਿੰਦੀ ਹੈ ਕਿ ਬੱਚੇ ਦੇ ਜੀਵਨ ਨੂੰ ਸੁਖਦਾਈ ਬਣਾਵੇ।

## ਅਭਿਆਸ ਲਈ

**ਹੇਠ ਲਿਖੇ ਪੈਰ੍ਹਿਆਂ ਨੂੰ ਗਹੁ ਨਾਲ ਪੜ੍ਹੋ ਅਤੇ ਹਰ ਇਕ ਦੇ ਪਿੱਛੇ ਦਿੱਤੇ ਪ੍ਰਸ਼ਨਾਂ ਦਾ ਉੱਤਰ ਦਿਓ :—**

(ੳ) ਇਕ ਵਿਦਿਆਰਥੀ ਇਮਤਿਹਾਨ ਦੇਣ ਜਾਂਦਾ ਹੈ। ਹਿਸਾਬ ਦਾ ਪਰਚਾ ਹੈ, ਪਹਿਲਾਂ ਹੀ ਸਵਾਲਕੱਢਣ 'ਤੇ ਗਲਤ ਨਿਕਲ ਆਉਂਦਾ ਹੈ। ਹੁਣ ਜਿਉਂ-ਜਿਉਂ ਉਹ ਇਸੇ ਸਵਾਲ ਨੂੰ ਠੀਕ ਕੱਢਣ ਦੇ ਯਤਨ ਕਰਦਾ ਹੈ, ਤਿਉਂ-ਤਿਉਂ ਹੋਰ ਉਲਝਣਾਂ ਪੈਂਦੀਆਂ ਜਾਂਦੀਆਂ ਹਨ। ਇਸ ਸਵਾਲ ਨੂੰ ਠੀਕ ਹੱਲ ਕਰਨਾ ਸੁਚੇਤ ਮਨ ਦੇ ਵੱਸ ਤੋਂ ਬਾਹਰ ਦੀ ਗੱਲ ਹੋ ਜਾਂਦੀ ਹੈ। ਅੱਕ ਕੇ ਉਹ ਇਸ ਸਵਾਲ ਨੂੰ ਛੱਡ ਕੇ ਬਾਕੀ ਦਾ ਪਰਚਾ ਕਰਦਾ ਹੈ ਅਖ਼ੀਰ 'ਤੇ ਫਿਰ  ਪਹਿਲੇ ਸਵਾਲ ਨੂੰ ਹੀ ਹੱਲ ਕਰਨ ਦਾ ਯਤਨ ਕਰਦਾ ਹੈ ਤੇ ਹੈਰਾਨੀ ਦੀ ਗੱਲ ਹੁੰਦੀ ਹੈ ਕਿ ਉਹ ਸਵਾਲ

**ਨੋਟ**

ਠੀਕ ਨਿਕਲ ਆਉਂਦਾ ਹੈ। ਵਿਦਿਆਰਥੀ ਨੂੰ ਉਸ ਉਲਝਣ ਵਿਚੋਂ ਕਿਸ ਨੇ ਕੱਢਿਆ? ਮਨ ਦੀ ਅਚੇਤ ਅਵਸਥਾ ਨੇ, ਅਚੇਤ ਮਨ ਨੇ, ਕਿਉਂਕਿ ਸੁਚੇਤ ਮਨ ਤਾਂ ਬਾਕੀ ਦਾ ਪਰਚਾ ਕਰਨ ਵਿਚ ਰੁੱਝਾ ਹੋਇਆ ਸੀ, ਇੰਨੇ ਸਮੇਂ ਵਿਚ ਅਚੇਤ ਮਨ ਨੂੰ ਮੌਕਾ ਮਿਲ ਗਿਆ ਕਿ ਸੁਚੇਤ ਮਨ ਨੂੰ ਹੀ ਰਾਹ ਦੱਸ ਸਕੇ। ਰਾਤ ਨੂੰ ਸੌਣ ਵੇਲੇ ਇਕ ਵਿਦਿਆਰਥੀ ਆਪਣੇ-ਆਪ ਨੂੰ ਇਹ ਆਖਦਾ ਹੈ ਕਿ ਸਵੇਰੇ ਚਾਰ ਵਜੇ ਜਗਾ ਦੇਣਾ। ਇਹ ਗੱਲ ਆਖਣ ਵਾਲਾ ਸੁਚੇਤ ਮਨ ਹੈ ਜੋ ਥੱਕੇ ਹੋਏ ਸਰੀਰ ਦੇ ਨਾਲ ਹੀ ਨੀਂਦ ਵਿਚ ਚਲਾ ਜਾਂਦਾ ਹੈ, ਪਰ ਪੂਰੇ ਚਾਰ ਵਜੇ ਉਸ ਨੂੰ ਜਾਗ ਆ ਜਾਂਦੀ ਹੈ। ਕਿਸ ਨੇ ਜਗਾਇਆ? ਅਚੇਤ ਮਨ ਮਨ ਨੇ, ਜੋ ਸੁਚੇਤ ਮਨ ਦੇ ਆਰਾਮ ਕਰਨ ’ਤੇ ਪਹਿਰੇ ’ਤੇ ਆ ਖਲੋਂਦਾ ਹੈ। ਜੀਵਨ ਦੇ ਅਜਿਹੇ ਕਈ ਹੋਰ ਰੋਜ਼ਾਨਾ ਕੰਮਾਂ ਵਿਚ ਨਿਰਾ ਸੁਚੇਤ ਮਨ ਹੀ ਨਹੀਂ ਦੌੜਦਾ-ਭੱਜਦਾ, ਮਨ ਦੀ ਅਚੇਤ ਅਵਸਥਾ ਨਾਲ ਵੀ ਅਸਾਨੂੰ ਰੋਜ਼ ਹੀ ਵਾਹ ਪੈਂਦਾ ਰਹਿੰਦਾ ਹੈ।

(ਸਾਹਿਬ ਸਿੰਘ)

(i) ਪੈਰ੍ਹੇ ਨੂੰ ਢੁੱਕਵਾਂ ਸਿਰਲੇਖ ਦਿਓ।
(ii) ਪੈਰ੍ਹੇ ਦਾ ਸੰਖੇਪ ਭਾਵ ਆਪਣੇ ਸ਼ਬਦਾਂ ਵਿਚ ਲਿਖੋ।
(iii) ਮੋਟੇ ਸ਼ਬਦਾਂ ਦੇ ਅਰਥ ਲਿਖੋ ਅਤੇ ਲਕੀਰੇ ਸ਼ਬਦਾਂ ਨੂੰ ਆਪਣੇ ਵਾਕਾਂ ਵਿਚ ਵਰਤੋ।
(iv) ਮਨੁੱਖੀ ਮਨ ਦੇ ਕਿੰਨੇ ਭਾਗ ਹਨ ਅਤੇ ਕਿਹੜੇ-ਕਿਹੜੇ ?
(v) ਪਹਿਲਾਂ ਵਿਦਿਆਰਥੀ ਪਾਸੋਂ ਸਵਾਲ ਨਹੀਂ ਨਿਕਲਦਾ, ਪਿੱਛੋਂ ਕਿਉਂ ਨਿਕਲ ਆਉਂਦਾ ਹੈ?

(ਅ) ਅੱਜਕੱਲ੍ਹ ਲੋਕਾਂ ਵਿਚ ਸ੍ਵੈਮਾਨਤਾ ਦਾ ਇਕ ਗ਼ਲਤ ਖ਼ਿਆਲ ਘਰ ਕਰ ਗਿਆ ਹੈ। ਉਹ ਹੈ ਆਪਣੀ ਪੁਜ਼ੀਸ਼ਨ ਕਾਇਮ ਰੱਖਣ ਦੀ ਹੈਂਕੜ। ਅੱਗੇ ਲੋਕਾਂ ਨੂੰ ਖ਼ਿਆਲ ਹੁੰਦਾ ਸੀ ਕਿ ਹਾਇ ਸਾਡਾ ਨੱਕ ਨਹੀਂ ਰਹਿੰਦਾ। ਹੁਣ ਉਸ ਦੀ ਥਾਂ ਪਦਵੀ ਦੇ ਦਿਖਾਵੇ ਨੇ ਮੱਲ ਲਈ ਹੈ। ਗੱਡੀ ਦੇ ਡੱਬੇ ਵਿਚ ਕੋਲ ਬੈਠਾ ਮੁਸਾਫ਼ਿਰ ਤ੍ਰੇਹ ਨਾਲ ਜਾਂ ਬਿਮਾਰੀ ਨਾਲ ਤੜਫ ਰਿਹਾ ਹੋਵੇ, ਪਰ ਬਾਬੂ ਹੋਰੀਂ ਉਸ ਨਾਲ ਕੂਣਗੇ ਵੀ ਨਹੀਂ, ਕਿਉਂਕਿ ਉਸ ਨਾਲ ਜਾਣ-ਪਛਾਣ ਨਹੀਂ ਹੋਈ। ਮਿੱਟੀ ਵਿਚ ਰੁਲਦੇ ਫੱਟੜ ਨੂੰ ਮੋਢੇ ’ਤੇ ਚੁੱਕ ਕੇ ਹਸਪਤਾਲ ਪਹੁੰਚਾਉਣ ਲਈ ਕੋਈ ਮੈਲੇ ਕੱਪੜਿਆਂ ਵਾਲਾ ਮਜ਼ਦੂਰ ਨਿੱਤਰ ਪਵੇ, ਤਾਂ ਨਿੱਤਰ ਪਵੇ, ਪਰ ਇਹ ਕੰਮ ਬੂਟ ਸੂਟ ਪਹਿਨੇ ਹੋਏ ਜੰਟਲਮੈਨ ਕੋਲੋਂ ਨਹੀਂ ਹੋਣਾ, ਕ੍ਰਿਂਕਿ ਇਉਂ ਕਰਨ ਉਸ ਦੀ ਪੈਂਟ ਦੀ ਭਾਨ ਵਿੰਗੀ ਹੋ ਜਾਂਦੀ ਹੈ ਜਾਂ ਕੋਟ ਦੀ ਤਹਿ ਭੱਜ ਜਾਂਦੀ ਹੈ। ਲੋਕ ਵਡਿਆਈ ਇਸੇ ਵਿਚ ਸਮਝਦੇਹਨ ਕਿ ਮੂੰਹ ਵੱਟ ਕੇ ਮੱਥੇ ’ਤੇ ਤਿਊੜੀ ਪਾਈ ਰੱਖਣਾ, ਨਾ ਕਿਸੇ ਨਾਲ ਖੁੱਲ੍ਹ ਕੇ ਬੋਲਣਾ ਨਾ ਹੱਸਣਾ। ਅੱਜਕੱਲ੍ਹ ਅਫ਼ਸਰੀ ਦਾ ਅਹੁਦਾ ਉੱਚੀ ਪਹਾੜ ਦੀ ਟੀਸੀ ਹੈ, ਜਿਸ ਉੱਤੇ ਨਿਰੀ ਠੰਢ, ਸੁੰਞ ਤੇ ਇਕੱਲ ਵਰਤੀ ਰਹਿੰਦੀ ਹੈ। ਇਹੋ-ਜਿਹੇ ਬਦਨਸੀਬ ਅਫ਼ਸਰ ਨੂੰ ਆਪਣੇ ਨਾਲ ਜਾਂ ਹੇਠਾਂ ਕੰਮ ਕਰਨ ਵਾਲਿਆਂ ਨਾਲ ਕੋ ਭਰਾਵੱਲੀ ਦੀ ਸਾਂਝ ਨਹੀਂ ਹੁੰਦੀ। ਉਸ ਦਾ ਜੀਅ ਕਰਦਾ ਵੀ ਹੋਵੇ, ਤਾਂ ਵੀ ਹੀਆ ਨਹੀਂ ਪੈਂਦਾ ਕਿ ਆਪਣੀ ਪਦਵੀ ਤੇ ਮਾਣ ਤੋਂ ਹੇਠਾਂ ਲਹਿ ਕੇ ਕਿਸੇ ਨੂੰ ਸਾਥੀਸਮਝ ਕੇ ਗਲਵਕੜੀ ਪਾ ਲਵੇ ਜਾਂ ਹਾਸੇ ਨੂੰ ਹੀ ਆਪਣੇ ਹੋਠਾਂ ਤੋਂ ਬਾਹਰ ਨਿਕਲਣ ਦੇਵੇ।

(ਪ੍ਰਿੰ. ਤੇਜਾ ਸਿੰਘ)

(i) ਪੈਰ੍ਹੇ ਨੂੰ ਢੁੱਕਵਾਂ ਸਿਰਲੇਖ ਦਿਓ।
(ii) ਪੈਰ੍ਹੇ ਦਾ ਸੰਖੇਪ ਭਾਵ ਆਪਣੇ ਸ਼ਬਦਾਂ ਵਿਚ ਲਿਖੋ।
(iii) ਪੈਰ੍ਹੇ ਵਿਚਲੇ ਮੋਟੇ ਸ਼ਬਦਾਂ ਦੇ ਅਰਥ ਲਿਖੋ ਅਤੇ ਲਕੀਰਾਂ ਵਾਲੇ ਸ਼ਬਦਾਂ ਦੇ ਵਾਕ ਬਣਾਓ।
(iv) ਅੱਜਕੱਲ੍ਹ ਦੇ ਬਾਬੂ ਕਿਹੋ ਜਿਹੇ ਹਨ?

(ੲ) ਇਹ ਢਾਡੀ ਕੌਣ ਸਨ? ਪੰਜਾਬ ਵਿਚ ਸੰਗੀਤਕਾਰ ਵਧੇਰੇ ਮੁਸਲਮਾਨ ਧਰਮ ਦੇ ਅਨੁਯਾਈ ਮਿਰਾਸੀ ਹੋਏ ਹਨ। ਪਹਿਲੋਂ ਹਿ ਡੂਮ ਵੀ ਸਦਾਉਂਦ ਸਨ, ਫਿਰ ਇਹ ਸ਼ਬਦ ਹੀਣਾ ਸਮਝਿਆ ਜਾਣ ਲੱਗ ਪਿਆ। ਸਿੱਖਾਂ ਦੇ ਸਤਿਗੁਰਾਂ ਦੀ ਮਿਹਰਤੇ ਪਰਵਰਿਸ਼ ਨਾਲ ਇਹ ਰਬਾਬੀ ਅਖਵਾਉਣ ਲੱਗ ਪਏ। ਗੁਰੂਆਂ ਦੇ ਸੰਗੀ ਸ੍ਰੀ ਹਰਿਮੰਦਰ ਸਾਹਿਬ ਵਿਚ ਸਿੱਖਾਂ ਦੇਗੁਰਬਾਣੀ ਕੀਰਤਨ ਦੇ ਮੋਢੀ ਆਗੂ ਤੇ ਨਾਇਕ, ਇਕ ਸੰਗੀਤਕਾਰ ਮੁਸਲਮਾਨ ਹੀ ਰਹੇ। ਅੰਮ੍ਰਿਤਸਰ ਤੇ ਹੋਰਨਗਰਾਂ ਵਿਚ ਇਨ੍ਹਾਂਦੇ ਮਹੱਲੇ ਦੇ ਮਹੱਲੇ ਆਬਾਦ ਰਹੇ। ਸਭਿਅਤਾ ਇਨ੍ਹਾਂ ਦੀ ਸਿੱਖਾਂ ਵਾਲੀ ਤੇ ਧਰਮ ਇਸਲਾਮੀ। ਫਿਰਇਹ ਪਾਕਿਸਤਾਨ ਗਏ, ਸਮੇਂ ਦਾ ਇਕ ਬੇਦਰਦ, ਨਿਰਦੈਤਾ-ਭਰਿਆ ਮਸ਼ਕੂਲਾ। ਉਥੇ ਇਹ ਸਿੱਖਾਂ ਦਿਆਂ ਗੁਰੂਆਂ ਦੇ ਢਾਡੀ ਤੇ ਕੀਰਤਨੀਏ ਬੇਕਾਰ ਹੋ ਗਏ।ਕਵਾਲੀਆਂ ਗਾਉਣ ਲੱਗੇ, ਪਰਕੌਣ ਸੁਣੇ

**ਨੋਟ**

ਇਨ੍ਹਾਂ ਕੋਲੋਂ ਕਵਾਲੀਆਂ? ਇਹ ਤਾਂ ਨਵੇਂ ਸਿੱਖੇ ਸਨ ਇਸ ਹੁਨਰ ਵਿਚ ਤੇ ਕਈ ਦਿਲਟੁੱਟੇ ਹੀ ਮਰ ਗਏ, ਸਿਕੱਦੇ ਹਰਿਮੰਦਰ ਨੂੰ, ਸਿੱਖਾਂ ਨੂੰ, ਬਾਣੀ ਨੂੰ, ਗੁਰੂ ਨਾਨਕ ਦੇ ਮਨੋਹਰ ਸ਼ਬਦਾਂ ਨੂੰ। ਖ਼ੈਰ, ਹਿ ਤਾਂ ਕਿ ਉਬਾਲਾਸੀ ਜੋ ਮਨ ਨੇ ਖਾਧਾ। ਵਾਰਤਾ ਤਾਂ ਢਾਡੀਆਂ ਦੀ ਹੋ ਰਹੀ ਸੀ। ਢਾਡੀ ਬਹੁਤੇ ਹੀ ਨਹੀਂ, ਸਾਰੇ ਹੀ ਮੁਸਲਮਾਨ ਹੁੰਦੇ ਸਨ। ਭਾਵੇਂ ਉਨ੍ਹਾਂ ਦੇ  ਨਵਾਂ ਤੋਂ ਉਨ੍ਹਾਂ ਦੇ ਮੁਸਲਮਾਨ ਨਾ ਹੋਣ ਦਾ ਭੁਲੇਖਾ ਲੱਗੇ,ਤ ਪਰ ਕਿਸ ਨੇ ਜੀਣਾ, ਜੀਵਾ, ਖੀਵਾ, ਨੱਥੂ, ਤੇਲੂ,  ਰੇਲੂ, ਮੁਸਲਮਾਨਾਂ ਦੇ ਨਾਂ ਨਹੀਂ ਸੁਣੇ? ਸੋ ਇਹ ਢਾਡੀ ਮੁਸਲਮਾਨ ਸਨ, ਗੁਰੂ ਦੇਦਰਬਾਰਵਿਚ ਆ ਕੇ ਗੁਰੂ ਤੇ ਯੋਧਿਆਂ ਦੀ ਸੂਰਮਤਾਈ ਦੀਆਂ ਸਿਫ਼ਤਾਂ ਕਰਦੇ ਸਨ। ਇਨ੍ਹਾਂ ਦੀ ਬੋਲੀ ਠੇਠ ਉਹ ਬੋਲੀ, ਸੀ, ਜਿਸ ਨੂੰ ਲੋਕ ਭਾਵੇਂ ਘਰਾਂ ਤੇ ਵਿਹਬਾਰ ਵਿਚ ਨਹੀਂ ਸਨ ਬੋਲਦੇ, ਕਿਉਂਕਿ ਕਵਿਤਾ ਦੀ ਬੋਲੀ, ਭਾਵੇਂ ਝਾਂਵਲਾ ਇਹੋ ਪਵੇ ਕਿ ਬੋਲ-ਚਾਲ ਦੀ ਬੋਲੀ ਹੀ ਹੁੰਦੀ ਹੈ, ਉਚੇਚੀ ਤੇ ਵੱਖਰੀ ਹੁੰਦੀ ਹੈ। ਇਨ੍ਹਾਂ ਕਵੀਆਂ ਦੀ ਬੋਲੀ ਆਮ ਸਮਝ ਵਿਚ ਆਉਣ ਵਾਲੀ ਮਾਝੀ, ਪੰਜਾਬੀ ਰੰਗਣ ਵਾਲੀ, ਫ਼ਾਰਸੀ, ਅਰਬੀ ਦੀਆਂ ਪ੍ਰਚੱਲਿਤ ਸ਼ਬਦਾਂ ਵਾਲੀ, ਸੰਸਕ੍ਰਿਤ ਦੇ ਮੂਲ ਰੂਪ ਤੋਂ ਰਹਿਤ, ਪਰ ਪ੍ਰਵਰਤੇ ਹੋਏ ਰੂਪ ਵਾਲੀ ਹੁੰਦੀ ਸੀ। ਮਨ ਉੱਪਰ ਸਿੱਧੀ ਪ੍ਰਭਾਵ ਪਾਉਣ ਵਾਲੀ, ਸੁੱਤੀਆਂ ਕਲਾਂ ਨੂੰ ਜਗਾਉਣ ਵਾਲੀ, ਸੂਰਮਤਾਈ ਦੇ ਸੋਮੇ ਖੋਲ੍ਹਣ ਵਾਲੀ, ਯੋਧਿਆਂ ਦੀਆਂ ਸ਼ਖ਼ਸੀਅਤਾਂ ਦਾ ਚਿਤਰਨ ਕਰਨ ਵਾਲੀ ਹੁੰਦੀ ਸੀ।

(ਗੁਰਬਚਨ ਸਿੰਘ 'ਤਾਲਿਬ')

(i) ਪੈਰ੍ਹੇ ਨੂੰ ਢੁੱਕਵਾਂ ਸਿਰਲੇਖ ਦਿਓ।
(ii) ਪੰਜਾਬ ਵਿਚ ਸੰਗੀਤਕਾਰ ਕੌਣ ਸਨ? ਉਨ੍ਹਾਂ ਦੇ ਵੱਖ-ਵੱਖ ਨਾਂ ਵੀ ਦੱਸੋ।
(iii) ਪੰਜਾਬ ਦੀ ਵੰਡ ਸਮੇਂ ਇਹ ਸੰਗੀਤਕਾਰ ਕਿੱਥੇ ਗਏ ਅਤੇ ਉਥੇ ਉਨ੍ਹਾਂ ਦੀ ਕੀ ਹਾਲਤ ਹੋਈ?
(iv) ਢਾਡੀਆਂ ਦੀ ਬੋਲੀ ਕਿਹੋ ਜਿਹੀ ਪੰਜਾਬੀ ਹੁੰਦੀ ਸੀ?

## ਉੱਤਰ ਮਾਲਾ : ਸਵੈ ਮੁਲਾਂਕਣ

1. ਸਾਰ ਤੋਂ ਤੁਹਾਡਾ ਕੀ ਭਾਵ ਹੈ?
2. ਲਿਖਣ ਕਲਾ ਵਿਚ ਸਾਰ ਦੀ ਕੀ ਮਹੱਤਤਾ ਹੈ ?

•••

# ਅਧਿਆਏ-21 : ਸੰਖੇਪ-ਰਚਨਾ
## (Precis)

***ਵਿਸ਼ਾ-ਵਸਤੂ* (Contents)**

1. ਸੰਖੇਪ ਰਚਨਾ ਦੇ ਅਰਥ
2. ਸੰਖੇਪ ਰਚਨਾ ਦੀ ਲੋੜ
3. ਉਦਾਹਰਣਾਂ ਸਾਹਿਤ
4. ਅਭਿਆਸ

ਸੰਖੇਪ ਦਾ ਸ਼ਬਦੀ ਅਰਥ ਹੈ ਥੋੜ੍ਹਾ। ਵੱਡੀ ਮਨ ਦਾ ਭਾਵ ਥੋੜ੍ਹੇ ਸ਼ਬਦਾਂ ਵਿਚ ਬਿਮਾਰ ਕਰਨ। ਸੰਖੇਪ-ਰਚਨਾ ਨੂੰ ਅੰਗ੍ਰੇਜ਼ੀ ਵਿਚ ਪ੍ਰੈਸੀ ਨੂੰ ਪੰਜਾਬੀ ਵਿਚ ਸੰਖੇਪ ਰਚਨਾ ਕਿਹਾ ਜਾਂਦਾ ਹੈ। ਸੰਖੇਪ-ਰਚਨਾ ਨੂੰ ਸਾਰ ਲਿਖਣਾ ਨਹੀਂ ਚਾਹੀਦਾ। ਭਾਵੇਂ ਸ਼ਬਦੀ ਅਰਥਾਂ ਵਿਚ ਬਹੁਤ ਫਰਕ ਨਹੀਂ ਹੈ, ਪਰ ਸਾਰ ਵਿਚ ਦਿੱਤੇ ਗਏ ਪੈਰ੍ਹੇ ਦੀ ਜਾਂ ਰਚਨਾ ਦੇ ਵਿਚਾਰਾਂ ਨੂੰ ਸੰਖੇਪ ਕਰਕੇ ਸਰਲ ਭਾਸ਼ਾ ਵਿਚ ਆਏ ਸ਼ਬਦਾਂ ਵਿਚ ਲਿਖਣਾ ਹੀ ਜ਼ਰੂਰੀ ਹੁੰਦਾਹੈ ਪਰ ਸੰਖੇਪ ਰਚਨਾ ਨੂੰ ਕੁਝ ਨਿਯਮਾਂ ਅਧੀਨ ਹੀ ਰਚਨਾ ਨੂੰ ਸੰਖੇਪ ਕਰਨਾ ਹੁੰਦਾ ਹੈ। ਕਿਸੇ ਵੀ ਪੈਰ੍ਹੇ ਜਾਂ ਰਚਨਾ ਵਿਚ ਵਿਸਥਾਰ ਨਾਲ ਦਿੱਤੀਆਂ ਗੱਲਾਂ ਦੇ ਮੂਲ ਅਤੇ ਉਪਯੋਗੀ ਤੱਥਾਂ ਦੀ ਰੱਖਿਆ ਕਰਦੇ ਹੋਏ ਉਸ ਨੂੰ ਛੋਟੇ ਰੂਪ ਵਿਚ ਪੇਸ਼ ਕਰਨ ਨੂੰ ਸੰਖੇਪ ਰਚਨਾ ਕਹਿੰਦੇ ਹਨ।

ਅੱਜ ਮਨੁੱਖ ਦੇ ਰੁਝੇਵੇਂ ਬਹੁਤ ਵੱਧ ਗਏ ਹਨ। ਰੁਝੇਵਿਆਂ ਕਾਰਨ ਸਮਾਂ ਮਨੁੱਖ ਕੋਲ ਘੱਟ ਹੈ। ਇਸ ਅੱਜ ਦੇ ਹਾਲਾਤ ਮੁਤਾਬਕ ਸੰਖੇਪ ਰਰਚਨਾ ਦੀ ਬਹੁਤ ਮਹੱਤਤਾ ਹੈ। ਸਮੇਂ ਦੀ ਬੱਚਤ ਅਤੇ ਥੋੜ੍ਹੇ ਸਮੇਂ ਵਿਚ ਬਹੁਤ ਕੁਝ ਸਮਝ-ਲੈਣਾ। ਮਨੁੱਖੀ ਮਜਬੂਰੀ ਹੈ। ਦੱਸੇ ਗਏ ਵੱਡੇ ਪੈਰ੍ਹੇ ਵਿਚ ਜਿਹੜੀਆਂ ਗੱਲਾਂ ਬੜੇ ਵਿਸਥਾਰ ਨਾਲ ਦੱਸੀਆਂ ਹੋਈਆਂ ਹੁੰਦੀਆਂ ਹਨ। ਉਨ੍ਹਾਂ ਨੂੰ ਕੁਝ ਦਿਨ ਵਾਕਾਂ ਵਿਚ ਆਪਣੇ ਸ਼ਬਦਾਂ ਰਾਹੀਂ ਲਿਖ ਕੇ ਦਿੰਦੇ ਹਾਂ। ਪਰੁਸ ਦਾ ਕੇਂਦਰੀ ਭਾਵ ਅਲੋਪ ਨਾ ਹੋ ਜਾਵੇ। ਇਸ ਲਈ ਸੰਖੇਪ-ਰਚਨਾ ਲਈ ਬੋਲੀ ਦੀ ਚੰਗੀ ਤਰ੍ਹਾਂ ਸਮਝ ਅਤੇ ਸੁਲਝੀ ਹੋਈ ਬੋਲੀ ਵਿਚ ਪੇਸ਼ ਕਰਨ ਦੀ ਯੋਗਤਾ ਹੋਣੀ ਚਾਹੀਦੀ ਹੈ।

ਸੰਖੇਪ-ਰਚਨਾ ਪ੍ਰਤੀ ਕੁਝ ਗੱਲਾਂ ਵੱਲ ਹੇਠ ਲਿਖੇ ਵਿਚਾਰ ਵੱਲ ਧਿਆਨ ਦੇਣਾ ਜ਼ਰੂਰੀ ਹੈ।

ਦਿੱਤੀ ਗਈ ਰਚਨਾ ਨੂੰ ਸਰਸਰੀ ਜਿਹੀ ਨਜ਼ਰ ਨਾਲ ਨਹੀਂ ਪੜ੍ਹਨੀ ਚਾਹੀਦੀ ਕਿਉਂਕਿ ਸੰਖੇਪ ਰਚਨਾ ਇਕ ਤਰ੍ਹਾਂ ਦਾ ਹੁਨਰ ਹੈ। ਇਸ ਪੈਰ੍ਹੇ ਨੂੰ ਵਾਰ-ਵਾਰ ਪੜ੍ਹਨਾ ਚਾਹੀਦਾ ਹੈ। ਵਾਰ-ਵਾਰ ਪੈਰ੍ਹੇ ਦੇ ਪੜ੍ਹਣ ਨਾਲ ਪੈਰ੍ਹੇ ਵਿਚ ਆਏ ਖਿਆਲਾਂ ਨੂੰ ਪੂਰੀ ਤਰ੍ਹਾਂ ਸਮਝਣ ਦੀ ਕੋਸ਼ਿਸ਼ ਕਰਨ ਵਿਚ ਮਦਦ ਮਿਲਦੀ ਹੈ। ਪੈਰ੍ਹੇ ਨੂੰ ਵਾਰ-ਵਾਰ ਇਤਨਾ ਵੀ ਨਾ ਪੜ੍ਹਿਆ ਜਾਵੇ ਕਿ ਜਦੋਂ ਸੰਖੇਪ ਰਚਨਾ ਲਿਖਣ ਉਹ ਹੀ ਸੱਤਰਾਂ ਸੁਤੇ ਸਿੱਧ ਹੀ ਦੁਬਾਰਾ ਲਿਖੀਆਂ ਜਾਣ ਉਨ੍ਹਾਂ ਸਤਰਾਂ ਨੂੰ ਦੁਬਾਰਾ ਲਿਖੇ ਜਾਣ ਨਾਲ ਸੰਖੇਪ ਰਚਨਾ ਦਾ ਮੂਲ ਮੰਤਵ ਖਤਮ ਹੋ ਜਾਂਦਾ ਹੈ।

ਪੂਰਾ ਪੈਰ੍ਹਾ ਪੜ੍ਹਨ ਤੋਂ ਜੋ ਵੱਖ-ਵੱਖ ਬਣਨ ਵਾਲੇ ਪੁਆਇੰਟ ਵਲ ਧਿਆਨ ਦੇਣਾ ਚਾਹੀਦਾ ਹੈ। ਉਹਨਾਂ ਬਣੇ ਖਿਆਲਾਂ ਨੂੰ ਕ੍ਰਮਵਾਰ ਰੱਖਣ ਜਾਂ ਤਰਤੀਬ ਦੇਣੀ ਚਾਹੀਦੀ ਹੈ। ਸੰਖੇਪ ਰਚਨਾ ਲਿਖਣ ਵੇਲੇ ਆਪਣੇ ਵਲੋਂ ਕੋਈ ਵਿਚਾਰ ਨਹੀਂ ਲਿਖਦਾ। ਆਪਣੇ ਵੱਲੋਂ ਕੋਈ ਦਲੀਲ ਜਾਂ ਖਿਆਲ ਲਿਖਣ ਦੀ ਲੋੜ ਨਹੀਂ।

ਕਈ ਵਿਦਵਾਨਾਂ ਦੇ ਵਿਚਾਰ ਹੈ ਕਿ ਸੰਖੇਪ ਰਚਨਾ ਅਸਲ ਪੈਰ੍ਹੇ ਦਾ ਤੀਜਾ ਹਿੱਸਾ ਹੋਣਾ ਚਾਹੀਦਾ ਹੈ। ਸੰਖੇਪ ਰਚਨਾ ਵਿਚ ਇਹ ਜ਼ਰੂਰ ਹੋਣਾ ਚਾਹੀਦਾ ਹੈ ਕਿ ਸਾਰੇ ਵਿਚਾਰ ਪੈਰ੍ਹੇ ਦੇ ਆ ਜਾਣ। ਉਹ ਅੱਧ ਵੀ ਹੋ ਸਕਦੀ ਹੈ, ਉਹ ਤੀਜਾ ਜਾਂ ਚੌਥਾ ਵੀ ਹੋ ਸਕਦਾ ਹੈ। ਇਸ ਦਾ ਫਾਇਦਾ ਦਫਤਰ ਵਿਚ ਅਤੇ ਆਮ ਕਾਰ-ਵਿਹਾਰ ਵਿਚ ਆਪ ਲੋੜ ਪੈਂਦੀ ਹੈ। ਇਸ ਲਈ ਆਉਣ ਵਾਲੇ ਸਮੇਂ ਲਈ ਇਕ ਤਜਰਬਾ ਸਾਬਤ ਹੋ ਜਾਂਦਾ ਹੈ।

ਇਮਤਿਹਾਨਾਂ ਵਿਚ ਸੰਖੇਪ ਰਚਨਾ ਬਾਰੇ ਕਈ ਤਰ੍ਹਾਂ ਦੇ ਸਵਾਲ ਪੁੱਛੇ ਜਾ ਸਕਦੇ ਹਨः-

1. ਹੇਠ ਲਿਖੇ ਪੈਰ੍ਹੇ ਦਾ ਸੰਖੇਪ ਭਾਵ ਆਪਣੇ ਸ਼ਬਦਾਂ ਵਿਚ ਲਿਖੋ।
2. ਪੈਰ੍ਹੇ ਦਾ ਢੁਕਵਾਂ ਸਿਰਲੇਖ ਵੀ ਲਿਖੋ।

**ਨੋਟ**

3. ਹੇਠ ਲਿਖੇ ਪੈਰ੍ਹੇ ਦੀ ਪ੍ਰੈਸੀ ਬਣਾ, ਜੋ ਮੂਲ-ਰਚਨਾ ਦਾ ਸੰਖੇਪ ਹੋਵੇ।
4. ਹੇਠ ਲਿਖੇ ਪੈਰ੍ਹੇ ਵਿਚ ਕਿਹੜੇ ਵਿਚਾਰ ਪੇਸ਼ ਕੀਤੇ ਹਨ, ਉਹ ਥੋੜ੍ਹੇ ਵਿਚ ਸੰਖੇਪ ਵਿਚ ਆਪਣੇ ਸ਼ਬਦਾਂ ਵਿਚ ਲਿਖੋ।

ਹੇਠ ਅਸੀਂ ਪੰਜਾਬੀ ਵਾਰਤਕ ਦੇ ਕੁਝ ਪੈਰ੍ਹੇ ਦਿੰਦੇ ਹਾਂ ਅਤੇ ਉਨ੍ਹਾਂ ਦੀ ਸੰਖੇਪ ਰਚਨਾ ਕਰਦੇ ਹਾਂ ਤਾਂ ਜੋ ਵਿਦਿਆਰਥੀ ਨੂੰ ਸੰਖੇਪ ਰਚਨਾ ਕਰਨ ਲਈ ਢੁੱਕਵੀਂ ਜਾਣਕਾਰੀ ਹੋ ਸਕੇ:-

ਹੇਠ ਲਿਖੇ ਪੈਰ੍ਹੇ ਦਾ ਸੰਖੇਪ ਭਾਵ ਲਿਖੋ ਜੋ 100 ਸ਼ਬਦਾਂ ਤੋਂ ਵਧ ਤੇ 60 ਸ਼ਬਦਾਂ ਤੋਂ ਘੱਟ ਨਾ ਹੋਵੇ।

1. ਉਦਾਹਰਣ:

ਕੀ ਘਰ ਵੱਡਿਆਂ ਲਈ ਹੈ ਜਾਂ ਬੱਚਿਆਂ ਲਈ? ਕੀ ਘਰ ਦਾ ਪ੍ਰੋਗਰਾਮ ਬੱਚਿਆਂ ਨੂੰ ਮੁੱਖ ਰੱਖ ਕੇ ਬਣਾਉਣਾ ਚਾਹੀਦਾ ਹੈ ਕਿ ਮਾਪਿਆਂ ਤੇ ਹੋਰ ਵੱਡਿਆਂ ਨੂੰ? ਕਹਿਣ ਨੂੰ ਤਾਂ ਸਾਰੇ ਇਹ ਕਹਿਣਗੇ ਕਿ ਬੱਚੇ ਦੀ ਸਹੂਲਤ, ਬੱਚੇ ਦਾ ਆਰਾਮ ਤੇ ਬੱਚੇ ਦੀਆਂ ਲੋੜਾਂ ਸਭ ਤੋਂ ਪਹਿਲਾਂ ਹੋਣੀਆਂ ਚਾਹੀਦੀਆਂ ਹਨ ਪਰ ਅਸਲ ਵਿਚ ਇਹ ਨਹੀਂ ਹੁੰਦਾ। ਜਦ ਬੱਚੇ ਨੂੰ ਆਰਾਮ ਦੀ ਲੋੜ ਹੁੰਦੀ ਹੈ ਤਾਂ ਵੱਡੇ ਸ਼ੋਰ ਮਚਾ ਸਕਦੇ ਹਨ, ਪਰ ਜਦ ਵੱਡੇ ਆਰਾਮ ਕਰ ਰਹੇ ਹੁੰਦੇ ਹਨ ਤਾਂ ਬੱਚੇ ਨੂੰ ਸ਼ੋਰ ਮਚਾਣ ਦਾ ਹੱਕ ਨਹੀਂ ਹੁੰਦਾ। ਜੇ ਸ਼ੋਰ ਮਚਾਏ ਤਾਂ ਉਸ ਨੂੰ ਬਾਹਰ ਭੇਜ ਦਿੱਤਾ ਜਾਂਦਾ ਹੈ। ਜੇ ਬੱਚਾ ਬਾਹਰ ਜਾਣਾ ਚਾਹੇਗਾ ਤਾਂ ਸਾਡੀ ਮਰਜ਼ੀ ਹੋਵੇਗੀ, ਭੇਜਾਂਗੇ, ਪਰ ਜਦ ਅਸਾਂ ਬਾਹਰ ਸੈਰ ਕਰਨ ਜਾਣਾ ਹੋਵੇ ਤਾਂ ਬੱਚੇ ਨੂੰ ਉਸ ਦੀ ਮਰਜ਼ੀ ਦੇ ਖ਼ਿਲਾਫ ਹੀ ਧਰੀਕ ਕੇ ਲੈ ਜਾਵਾਂਗੇ। ਜੇ ਆਪਣੀ ਜਾਨ ਤੇ ਕੋਈ ਮੁਸੀਬਤ ਬਣੀ ਹੋਵੇਗੀ ਤਾਂ ਬੱਚੇ ਦੇ ਭਵਿੱਖਤ ਨੂੰ ਅਸੀਂ ਓਹਲੇ ਕਰ ਦਿੰਦੇ ਹਾਂ। ਵੱਡੇ ਤੋਂ ਵੱਡਾ ਆਦਰਸ਼ ਸਾਡੀਆਂ ਮਾਵਾਂ ਦਾ ਇਹ ਹੁੰਦਾ ਹੈ ਕਿ ਬੱਚੇ ਨੂੰ ਛਾਤੀ ਨਾਲ ਲਾ ਕੇ ਮਰਨਾ ਹੈ। ਇਸ ਦੇ ਮੁਕਾਬਲੇ ਵਿਚ ਵਰਤਮਾਨ ਇੰਗਲਿਸਤਾਨ ਦੀ ਹਾਲਤ ਵਲ ਵੇਖੋ। ਦੂਜੇ ਮਹਾਨ ਯੁੱਧ ਸਮੇਂ ਇੰਗਲਿਸਤਾਨ ਦੇ ਤਬਾਹ ਹੋ ਜਾਣ ਦਾ ਖ਼ਤਰਾ ਸੀ, ਪਰ ਸਰਕਾਰ ਨੇ ਸਭ ਤੋਂ ਪਹਿਲਾਂ ਇੰਤਜ਼ਾਮ ਬੱਚਿਆਂ ਨੂੰ ਬਚਾਣ ਦਾ ਕੀਤਾ। ਬੱਚਿਆਂ ਨੂੰ ਸਕੂਲਾਂ ਵਿਚੋਂ ਹਟਾ ਕੇ ਬਚਾਅ ਵਾਲੀਆਂ ਥਾਵਾਂ ਤੇ ਭੇਜ ਦਿੱਤਾ ਗਿਆ ਤਾਂ ਜੋ ਮੁਲਕ ਦਾ ਭਵਿਖ ਤਬਾਹ ਨਾ ਹੋ ਜਾਏ। ਮਾਵਾਂ ਕੋਲੋਂ ਨਖੇੜ ਕੇ ਬੱਚਿਆਂ ਨੂੰ ਜ਼ਿੰਦਾ ਰੱਖਣ ਲਈ ਪੂਰਾ-ਪੂਰਾ ਇੰਤਜ਼ਾਮ ਕੀਤਾ ਗਿਆ ਸੀ।

**ਸੰਖੇਪ ਰਚਨਾ :**

ਆਮ ਘਰਾਂ ਵਿਚ ਘਰੇਲੂ ਪ੍ਰੋਗਰਾਮ ਬੱਚਿਆਂ ਦੀ ਸਹੂਲਤਾਂ ਦਾ ਖ਼ਿਆਲ ਰੱਖ ਕੇ ਨਹੀਂ ਬਣਾਇਆ ਜਾਂਦਾ। ਘਰ ਵਿਚ ਵੱਡਿਆਂ ਦੀ ਮਰਜ਼ੀ ਚਲਦੀ ਹੈ। ਬੱਚਿਆਂ ਦੇ ਭਵਿਖਤ ਦਾ ਵੀ ਖ਼ਿਆਲ ਨਹੀਂ ਰੱਖਦੇ। ਜਿਥੇ ਜੰਗ ਦੇ ਸਮੇਂ ਇੰਗਲਿਸਤਾਨ ਨਿਵਾਸੀਆਂ ਨੇ ਆਪਣੇ ਮੁਲਕ ਦੇ ਭਵਿਖਤ ਨੂੰ ਬਚਾਣ ਲਈ ਮਾਵਾਂ ਕੋਲੋਂ ਬੱਚੇ ਵੱਖ ਕਰ ਬਚਾਅ ਵਾਲੀਆਂ ਥਾਵਾਂ ਉੱਤੇ ਭੇਜ ਦਿੱਤੇ ਸਨ, ਉੱਥੇ ਸਾਡੀਆਂ ਮਾਵਾਂ ਇਕ ਮਿੰਟ ਲਈ ਵੀ ਆਪਣੇ ਬੱਚੇ ਵੱਖ ਨਹੀਂ ਕਰਨਾ ਚਾਹੁੰਦੀਆਂ।

**ਸਿਰਲੇਖ : ਬੱਚਿਆਂ ਦੀ ਪਾਲਣਾ**

**ਉਦਾਹਰਣ :-**

ਸਭ ਤੋਂ ਪਹਿਲਾਂ ਇਹ ਭਰਮ ਮਨ ਵਿਚੋਂ ਕੱਢ ਦਿਉ ਕਿ ਫਲਾਣਾ ਕੰਮ ਇਜ਼ਤ ਵਾਲਾ ਹੈ ਤੇ ਫਲਾਣਾ ਕਮੀਨਾ। ਹਰੇਕ ਕੰਮ ਇੱਜ਼ਤ ਵਾਲਾ ਬਣ ਸਕਦਾ ਹੈ। ਕੰਮ ਕਮੀਨੇ ਨਹੀਂ ਹੁੰਦੇ। ਕਰਨ ਵਾਲਾ ਉਸ ਨੂੰ ਚੰਗਾ ਜਾਂ ਮਾੜਾ ਕਰ ਦਿੰਦਾ ਹੈ। ਸਾਰੇ ਨੌਜਵਾਨ ਪੁਰਾਣੇ ਖਿਆਲਾਂ ਦੀ ਪੰਡ ਕਮਰ ਤੋਂ ਹੇਠਾਂ ਸੁੱਟ ਸਕਣ। ਜਿਹੜੇ ਕੰਮ ਲਈ ਉਨ੍ਹਾਂਦਾ ਮਨ ਰੁਚਿਤ ਹੁੰਦਾ ਹੈਸੇ ਕੰਮ ਵਿਚ ਸਿੱਖਿਆ ਹਾਸਲ ਕਰਨ। ਵਿਆਹ ਉਦੋਂ ਤੱਕ ਨਾ ਕਰਵਾਉਣ ਜਦੋਂ ਤੱਕ ਚੰਗੇ ਗੁਜ਼ਾਰੇ ਜੋਗੀ ਯੋਗਤਾ ਪੈਦਾ ਨਹੀਂ ਹੋ ਜਾਂਦੀ। ਵਿਆਹ ਕਰਵਾਉਣ ਨਾਲੋਂ ਰੋਜ਼ੀ ਰੋਟੀ ਕਮਾਉਮ ਜੋਗਾ ਹੋਣਾ ਜ਼ਰੂਰੀ ਹੈ। ਜਿਥੇ ਰਹਿਣ ਮਿਲੇ ਉਥੇ ਰਹਿਣ ਜੋ ਕਰਨਾ ਮਿਲੇ ਕਰਨ ਕਿਸੇ ਮੁਸੀਬਤ ਤੋਂ ਨਾ ਘਬਰਾਉਣ। ਜਦੋਂ ਉਨ੍ਹਾਂ ਦੇ ਮਨ ਦੀ ਅਵਸਥਾ ਇਹੋ ਜਿਹੀ ਹੋਜਾਵੇਗੀ ਤਾਂ ਉਨ੍ਹਾਂ ਨੂੰ ਕੰਮ ਦਾ ਘਾਟਾ ਨਹੀਂ ਰਹੇਗਾ। ਈਰਖਾ, ਝੂਠ, ਫਰੇਬ, ਨਿਕੰਮਿਆਂ ਦੀਆਂ ਕੁਸਿਫਤਾਂ ਹਨ। ਜਦੋਂ ਕੰਮ ਦਾ ਸ਼ੌਕ ਕਿਸੇ ਨੂੰ ਪੈ ਜਾਵੇ, ਉਸ ਵਿਚੋਂ ਕੁਸਿਫਤਾਂ ਆਪੇ ਉਡ ਜਾਂਦੀਆਂ ਹਨ।

**ਸੰਖੇਪ ਰਚਨਾ :-**

ਨੌਜਵਾਨਾਂ ਨੂੰ ਆਪਣੇ ਮਨ ਵਿਚ ਇੱਜ਼ਤ ਵਾਲੇ ਅਤੇ ਕਮੀਨੇ ਕੰਮ ਦਾ ਭਰਮ ਕੱਢ ਦੇਣਾ ਚਾਹੀਦਾ ਹੈ। ਆਪਣੀ ਰੁਚੀ ਮੁਤਾਬਕ ਕੰਮ ਅਨੁਸਾਰ ਸਿੱਖਿਆ ਹਾਸਲ ਕਰਨਾ ਹਰ ਅਵਸਥਾ ਵਿਚ ਕੰਮ ਕਰਨ ਦੀ ਰੁਚੀ ਉਜਾਗਰ ਕਰਨ। ਜਦੋਂ ਕੰਮ ਦਾ ਸ਼ੌਕ ਪੈਦਾ ਹੋਜਾਵੇਗਾ ਤਾਂ ਈਰਖਾ, ਝੂਠ, ਫਰੇਬ ਆਦਿ ਕੁਸਿਫਤਾਂ ਆਪੇ ਉੱਡ ਜਾਣਗੀਆਂ।

*ਸਿਰਲੇਖ : ਮਨੁੱਖੀ ਜੀਵਨ ਵਿਚ ਕੰਮ ਦੀ ਮਹਾਨਤਾ*

**ਉਦਾਹਰਣ :-**

ਭਾਰਤ ਵਿਚ ਮਹਿੰਗਾਈ ਦੀ ਸਮੱਸਿਾ ਨੇ ਵਿਕਰਾਲ ਰੂਪ ਧਾਰਨ ਕਰ ਲਿਆ ਹੈ। ਆਮ ਲੋਕਾਂ ਨੂੰ ਆਪਣੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸਨੇ ਦੇਸ਼ ਦੀ ਆਰਥਕ ਸਥਿਤੀ ਉੱਤੇ ਬਹੁਤ ਬੁਰਾ ਪ੍ਰਭਾਵ ਪਾਇਆ ਹੈ। ਅਰਥ ਸ਼ਾਸਤਰੀ ਆਖਦੇਹਨ ਕਿ ਉਨਤ ਹੋ ਰਹੇ ਦੇਸ਼ਾਂ ਵਿਚ ਮਹਿੰਗਾਈ ਦਾ ਵਧਣਾ ਸੁਭਾਵਕ ਗੱਲ ਹੈ। ਪਰਇਸ ਦੀ ਵੀ ਕੌ ਹੱਦ ਹੋਣੀ ਚਾਹੀਦੀ ਹੈ। ਗਰੀਬ ਮਜ਼ਦੂਰ ਦੋ ਵੇਲੇ ਦੀ ਰੋਟੀ ਪ੍ਰਾਪਤ ਕਰਨ ਤੋਂ ਵੀ ਅਸਮਰੱਥ ਹਨ। ਸਾਨੂੰ ਵਧਦੀ ਮਹਿੰਗਾਈ ਅਤੇ ਇਸ ਦੇ ਕਾਰਨਾਂ ਨੂੰ ਸਮਝ ਕੇ ਇਨ੍ਹਾਂ ਨੂੰ ਦੂਰ ਕਰਨ ਵੱਲ ਧਿਆਨ ਦੇਣ ਦੀ ਲੋੜ ਹੈ।

**ਸੰਖੇਪ ਰਨਚਾ :-**

ਭਾਰਤ ਵਿਚ ਮਹਿੰਗਾਈ ਦੀ ਸਮੱਸਿਆ ਨੇ ਵਿਕਰਾਲ ਰੂਪ ਧਾਰਨ ਕਰ ਲਿਆ ਹੈ। ਆਮ ਲੋਕਾਂ ਦੀਆਂ ਮੁੱਖ ਲੋੜਾਂ ਪੂਰੀਆਂ ਨਾ ਹੋਣ ਕਰਕੇ ਦੇਸ਼ ਦੀ ਆਰਥਕ ਸਥਿਤੀ ਉੱਤੇ ਬਹੁਤ ਬੁਰਾ ਪ੍ਰਭਾਵ ਪਿਆ ਹੈ। ਸੋ ਵਧਦੀ ਮਹਿੰਗਾਈ ਦੇ ਕਾਰਨਾਂ ਨੂੰ ਸਮਝ ਕੇ ਇਨ੍ਹਾਂ ਨੂੰ ਦੂਰ ਕਰਨਾ ਚਾਹੀਦਾ ਹੈ।

*ਸਿਰਲੇਖ : ਭਾਰਤ ਵਿਚ ਮਹਿੰਗਾਈ ਦੀ ਸਮੱਸਿਆ*

**ਉਦਾਹਰਣ :-**

ਅੰਗਰੇਜ਼ੀ ਦੇ ਇਕ ਲਿਖਾਰੀ ਨੇ ਕਿਹਾ ਹੈ ਕਿ ਰਾਤ ਨੂੰ ਛੇਤੀ ਸੌਂ ਜਾਣ ਨਾਲ ਅਤੇ ਸਵੇਰੇ ਜਲਦੀ ਉੱਠਣ ਨਾਲ ਸਿਹਤ, ਧਨ ਅਤੇ ਬੁੱਧੀ ਤਿੰਨੇ ਪ੍ਰਾਪਤ ਹੁੰਦੇ ਹਨ। ਸਵੇਰੇ ਉੱਠਣ ਨਾਲ ਬੰਦੇ ਨੇ ਆਪਣਾ ਬਹੁਤ ਸਾਰਾ ਕੰਮ ਮੁਕਾ ਲਿਆ ਹੁੰਦਾ ਹੈ, ਜਿਸ ਵੇਲੇ ਕਿ ਦਲਿਦਰੀ ਅਜੇ ਬਿਸਤਰੇ ਵਿਚ ਘੁਰਾੜੇ ਮਾਰ ਰਹੇ ਹੁੰਦੇ ਹਨ। ਸਵੇਰੇ ਉੱਠਣ ਵਾਲਾ ਬਾਹਰ ਸੈਰ ਨੂੰ ਜਾ ਸਕਦਾ ਹੈ। ਕਸਰਤ ਕਰਦਾ ਹੈ, ਜਿਸ ਨਾਲ ਸਾਰਾ ਦਿਨ ਖੁਸ਼ ਰਹਿੰਦਾ ਹੈ ਅਤੇ ਬਿਨਾਂ ਥਕੇਵੇਂ ਦੇ ਕੰਮ ਕਰ ਸਕਦਾ ਹੈ। ਉਸ ਨੂੰ ਕਿਸੇ ਕੰਮ ਵਿਚ ਜਲਦਬਾਜ਼ੀ ਕਰਨ ਦੀ ਲੋੜ ਨਹੀਂ ਹੁੰਦੀ। ਉਹ 'ਸਹਿਜ ਪਕੇ ਸੋ ਮੀਠਾ ਹੋਇ' ਦੇ ਅਖਾਣ ਨੂੰ ਅਮਲੀ ਜਾਮਾ ਪਹਿਨਾ ਸਕਦਾ ਹੈ। ਕੰਮ ਉਹਦੇ ਉੱਤੇ ਸਵਾਰ ਨਹੀਂ ਹੁੰਦਾ, ਉਹ ਕੰਮ ਉੱਤੇ ਸਵਾਰ ਰਹਿੰਦਾ ਹੈ। ਉਹ ਬਿਨਾਂ ਹਫੜਾ ਦਫੜੀ ਦੇ ਆਪਣੀ ਕੁਦਰਤੀ ਚਾਲ ਨਾਲਚਲਦਾ ਹੈ।ਹ ਕੰਮ ਵੀ ਖਰਾ ਕਰੇਗਾ ਅਤੇ ਆਰਾਮ ਕਰਨ ਲਈ ਵੀ ਸਮਾਂ ਬਚਾ ਲਵੇਗਾ।

**ਸੰਖੇਪ ਰਚਨਾ :-**

ਰਾਤ ਨੂੰ ਛੇਤੀ ਸੌਂ ਜਾਣ ਨਾਲ ਅਤੇ ਸਵੇਰੇ ਜਲਦੀ ਉੱਠਣ ਨਾਲ ਸਹਿਤ, ਧਨ ਅਤੇ ਬੁੱਧੀ ਤਿੰਨੇ ਪ੍ਰਾਪਤ ਹੁੰਦੇ ਹਨ। ਸਵੇਰੇ ਉੱਠਣ ਨਾਲ ਕੰਮ ਜਲਦੀ, ਖਰਾ ਅਤੇ ਆਸਾਨੀ ਨਾਲ ਹੋ ਜਾਂਦਾ ਹੈ।

*ਸਿਰਲੇਖ : ਸਵੇਰੇ ਉੱਠਣ ਦੇ ਲਾਭ*

**ਉਦਾਹਰਣ :-**

ਅੱਜ ਕੱਲ੍ਹ ਦੀ ਜ਼ਿੰਦਗੀ ਇਕ ਹੁਲੜ ਹੈ, ਵਾਵਰੋਲਾ ਹੈ। ਇਸ ਵਿਚ ਵਿਹਲ ਕਿੱਥੇ? ਤੇ ਵਿਹਲੀਆਂ ਗੱਲਾਂ ਦਾ ਮੌਕਾ ਕਿੱਥੇ? ਫਿਰ ਸਾਰੇ ਸਿਆਣੇ, ਧਾਰਮਕ ਲਿਖਾਰੀ ਤੇ ਸਮਾਜਕ ਆਗੂ ਇਸ ਗੱਲ ਦੇ ਵਿਰੁੱਧ ਹਨ ਕਿ ਕੋਈ ਸਮਾਂ ਗੱਪਾਂ ਵਿਚ ਬਿਤਾਇਆ ਜਾਵੇ। ਕਹਿੰਦੇ ਨੇ ਕਿ ਜਿੱਥੇ ਅਸਾਂ ਆਪਣੇ ਹਰਕਰਮ ਦਾਜਵਾਬ ਦੇਣਾ ਹੈ, ਉਥੇ ਹਰ ਕਥਨ ਦਾ ਵੀ ਗਿਣ ਗਿਣ........????

ਨੋਟ

..... ਦੇ ਹਨ, ਜਿਨ੍ਹਾਂ ਦੀ ਗਿਣਤੀ ਆਟੇ ਵਿਚ ਲੂਣ ਦੇ ਬਰਾਬਰ ਵੀ ਨਹੀਂ। ਆਮ ਇਸਤਰੀਆਂ ਪਿੱਛੇ ਵਾਂਗ ਘਰਦੀ ਚਾਰ ਦੀਵਾਰੀ ਵਿਚ ਕੈਦ ਹਨ।

**ਸੰਖੇਪ ਰਚਨਾ :-**

ਇਸਤਰੀ ਦੇ ਸਥਾਨ ਬਾਰੇ ਵੱਖ-ਵੱਖ ਦੇਸ਼ਾਂ ਵਿਚ ਵੱਖ-ਵੱਖ ਵਿਚਾਰ ਹਨ। ਅਮਰੀਕਾ ਵਿਚ ਇਸਤਰੀ ਨੌਕਰੀ ਨਹੀਂ ਕਰਦੀਤੇ ਘਰ ਵਿਚ ਬੱਚਿਆਂ ਨੂੰ ਪਾਲਣ ਤੇ ਪੜ੍ਹਾਉਮ ਦਾ ਕੰਮ ਕਰਦੀ ਹੈ, ਪਰ ਯੂਰਪ ਵਿਚ ਇਹ ਇਕੱਲੀ ਜਾਂ ਮਰਦ ਨਾਲ ਮਿਲਕੇ ਜੀਵਨ ਦੀ ਹਰੇਕ ਜ਼ਿੰਮੇਵਾਰੀ ਨੂੰ ਸਿਰੇ ਚੜ੍ਹਾਉਂਦੀ ਹੈ। ਤੁਰਕੀ ਤੇ ਜਪਾਨ ਵਿਚ ਵੀ ਇਹ ਰਿਵਾਜ ਪ੍ਰਚਲਤ ਹੋ ਗਿਆ ਹੈ ਹੁਣ ਹਿੰਦੁਸਤਾਨ ਉੱਤੇ ਵੀ ਪੱਛਮੀ ਦੇਸ਼ਾਂ ਦਾ ਪ੍ਰਭਾਵ ਪੈ ਰਿਹਾ ਹੈ। ਪਰ ਇਥੇ ਅਜੇ ਵਿੱਦਿਆ ਦੀ ਥੁੜ੍ਹ ਹੈ, ਜਿਸ ਕਰਕੇ ਥੋੜ੍ਹੀਆਂ ਹੀ ਇਸਤਰੀਆਂ ਬਾਹਰ ਦੇ ਕੰਮਾਂ ਵਿਚ ਹਿੱਸਾ ਲੈਂਦੀਆਂ ਹਨ ਤੇ ਆਮ ਕਰਕੇ ਘਰਾਂ ਜੋਗੀਆਂ ਹੀ ਹਨ।

***ਸਿਰਲੇਖ : ਸਮਾਜ ਵਿਚ ਇਸਤਰੀ ਦਾ ਸਥਾਨ***

**ਉਦਾਹਰਣ :-**

ਸਿਰਫ਼ ਉਹੀ ਦੇਸ਼ ਅਮੀਰ ਤੇ ਮਾਲਾਮਾਲ ਹੋ ਸਕਦੇ ਹਨ ਜਿਨ੍ਹਾਂਦੇ ਲੋਕ ਆਪਣੇ ਆਪ ਲੀ ਕੁਝ ਨਵਾਂ ਸੋਚ ਸਕਦੇ ਹਨ। ਉਹੀ ਕੰਮ ਕਰਦੇ ਜਾਣਾ ਜੋ ਅੱਗੇ ਕਿਸੇ ਨੇ ਕਰ ਲਿਆ ਹੈ, ਰੁਕੇ ਵਿਕਾਸ ਦੀ ਨਿਸ਼ਾਨੀ ਹੈ। ਹੋਣਹਾਰ ਮਨੁੱਖ ਇਹੀ ਸੋਚਦਾ ਹੈ ਕਿ ਹੱਥਲਾ ਕੰਮ ਪਿਛਲੇ ਕੀਤੇ ਕੰਮ ਨਾਲੋਂ ਚੰਗੇਰਾ ਹੋਵੇ। ਜਿਸ ਕੌਮ ਦਾ ਇਹ ਖਿਆਲ ਹੋ ਜਾਵੇ ਕਿ ਪੰਜ ਸੌ ਜਾਂ ਹਜ਼ਾਰਸਾਲ ਪਹਿਲਾਂ ਵਾਲਾ ਜੀਵਨ ਚੰਗਾ ਸੀ ਇਸ ਲਈ ਉਸੇ ਨੂੰ ਹੀ ਨਿਸ਼ਾਨਾ ਰੱਖਿਆ ਜਾਵੇ, ਉਸ ਕੰਮ ਨੂੰ ਜ਼ਿੰਦਗੀ ਦੀਆਂ ਪਿਛਲੀਆਂ ਕਤਾਰਾਂ ਵਿਚ ਖਲੋਣਾ ਪੈਂਦਾ ਹੈ। ਨਸਲਾਂ ਦੀ ਮਾਨਸਿਕ ਅਵਸਥਾ ਉੱਤੇ ਹੀ ਉਨ੍ਹਾਂ ਦੀ ਖੁਸ਼ਹਾਲੀ ਤੇ ਸਾਰਥਕਤਾ ਨਿਰਭਰ ਕਰਦੀ ਹੈ। ਜਦੋਂ ਕਿਸੇ ਨਸਲ ਦੇ ਲੋਕ ਲਕੀਰਦੇ ਫਕੀਰ ਹੋ ਜਾਂਦੇ ਹਨ, ਹਮੇਸ਼ਾ ਕਿਸੇ ਦੇ ਪਾਏ ਪੂਰਨਿਆਂ ਉੱਤੇ ਹੀ ਚੱਲਦੇ ਹਨ, ਆਪੂੰ ਕੋ ਪੂਰਨਾ ਪਾਉਣ ਦੀ ਦਲੇਰੀ ਨਹੀਂ ਰੱਖਦੇ, ਪਿਛਲੱਗ ਅਖਵਾਣ ਵਿਚ ਹੀ ਫ਼ਖ਼ਰ ਸਮਝਦੇ ਹਨ ਤੇ ਮੋਹਰੀ ਹੋਣੋਂ ਘਬਰਾਂਦੇ ਹਨ, ਉਸ ਨਸਲ ਦਾ ਵਾਧਾ ਰੁਕ ਜਾਂਦਾ ਹੈ, ਬੁੱਧ ਮੋਟੀ ਹੋ ਜਾਂਦੀ ਹੈ ਤੇ ਜ਼ਿੰਦਗੀ ਵਿਚੋਂ ਸੁਹਜ-ਸੁਆਦ ਘੱਟ ਜਾਂਦਾ ਹੈ। ਅਜਿਹੀ ਕੌਮ ਸੁਤੰਤਰ ਨਹੀਂ ਰਹਿ ਸਕਦੀ, ਜ਼ਰੂਰ ਕਿਸੇ ਦੂਜੀ ਕੌਮ ਦੀ ਗੁਲਾਮ ਬਣ ਜਾਂਦੀ ਹੈ। ਸੋ ਦ੍ਰਿੜ੍ਹ ਕਰਨ ਵਾਲੀ ਗੱਲ ਇਹ ਹੈ ਕਿ ਨਵਾਂ ਸੋਚਣ ਤੇ ਕਰਨ ਵਿਚ ਹੀ ਜੀਵਨ ਦੀ ਨਜਾਤ ਹੈ। ਦੇਸ਼ਦੀ ਉੱਨਤੀ ਤਾਂ ਹੀ ਸੰਭਵ ਹੈ ਜੇ ਤੁਸੀਂ ਕੋਈ ਨਵਾਂ ਖ਼ਿਆਲ ਦੁਨੀਆਂ ਨੂੰ ਦਿਉ। ਕੋ ਨਵੀਂ ਕਾਢ ਕੱਢੋ, ਕੋਈ ਨਵਾਂ ਸੁੱਖ ਈਜਾਦ ਕਰੋ, ਕੋਈ ਨਵਾਂ ਮਾਰਗ ਲੱਭੋ, ਨਵੀਂ ਸੋਚ ਸੋਚੋ ਤੇ ਨਵੇਂ ਅਮਲ ਕਰੋ।

**ਸੰਖੇਪ ਰਚਨਾ :-**

ਸਿਰਫ਼ ਉਹੀ ਦੇਸ਼ ਅਮੀਰ ਤੇ ਮਾਲਾ ਮਾਲ ਹੋ ਸਕਦੇ ਹਨ ਜਿਨ੍ਹਾਂ ਦੇ ਲੋਕ ਆਪਣੇ ਾਪ ਲੀ ਕੁਝ ਨਵਾਂ ਸੋਚ ਸਕਦੇ ਹਨ। ਪੁਰਾਣੇ ਪੂਰਨਿਆਂ ਤੇ ਤੁਰਨਾ ਰੁਕੇ ਵਿਕਾਸ ਦੀ ਨਿਸ਼ਾਨੀ ਹੈ। ਨਸਲਾਂ ਦੀ ਮਾਨਸਿਕ ਅਵਸਥਾ ਉੱਤੇ ਹੀ ਦੇਸ਼ ਦੀ ਖੁਸ਼ਹਾਲੀ ਤੇ ਆਰਥਕਤਾ ਨਿਰਭਰ ਕਰਦੀ ਹੈ। ਦੇਸ਼ ਦੀ ਉੱਨਤੀ ਲਈ ਨਵਾਂ ਖ਼ਿਆਲ, ਨਵੀਂ ਕਾਢ, ਨਵਾਂ ਮਾਰਗ ਦੇ ਨਵੀਂ ਸੋਚ ਤੇ ਅਮਲ ਕਰਨਾ ਚਾਹੀਦਾ ਹੈ।

***ਸਿਰਲੇਖ : ਦੇਸ਼ ਦੀ ਉੱਨਤੀ ਲਈ ਨਵੀਂ ਸੋਚ ਦੀ ਲੋੜ***

**ਉਦਾਹਰਣ :-**

ਵਿਦਿਆਰਥੀ ਜੀਵਨ ਦੇ ਜੀਵਨ ਦਾ ਇਕ ਬੜਾ ਕੀਮਤੀ ਭਾਗ ਹੈ। ਇਹ ਅਵਸਰ ਉਹ ਬੁਨਿਆਦ ਹੈ ਜਿਸ ਉੱਪਰ ਆਉਣ ਵਾਲੀ ਜ਼ਿੰਦਗੀ ਦਾ ਮਾਹੌਲ ਉਸਾਰਿਆ ਜਾਂਦਾ ਹੈ। ਜਿਨ੍ਹਾਂ ਕੋਈ ਇਸ ਨੀਂਹ ਨੂੰ ਪੱਕਾ ਕਰ ਲੈਂਦਾ ਹੈ, ਉਨੀ ਹੀ ਉਹ ਆਪਣੀ ਜ਼ਿੰਦਗੀ ਸਵਾਰ ਲੈਂਦਾ ਹੈ। ਬਹੁਤ ਸਾਰੇ ਵਿਦਿਆਰਥੀ ਇਸ ਜੀਵਨ ਨੂੰ ਨਿਰਾ ਮੌਜ-ਮੇਲਾ ਅਤੇ ਹੱਸਣ-ਖੇਡਣ ਦਾ ਮੌਕਾ ਸਮਝਦੇ ਹਨ ਅਤੇ ਇਸ ਜੀਨ ਵਿਚੋਂ ਕੁਝ ਪ੍ਰਾਪਤ ਨਾ ਕਰਦੇ ਹੋਏ ਇਸ ਨੂੰ ਵਿਅਰਥ ਗਵਾ ਦੇਂਦੇ ਹਨ। ਇਸ ਲਾਪਰਵਾਹੀ ਲਈ ਉਨ੍ਹਾਂ ਨੂੰ ਬਾਅਦ ਵਿਚ ਪਛਤਾਉਣਾ ਪੈਂਦਾ ਹੈ, ਕਿਉਂਕਿ ਜ਼ਿੰਦਗੀ ਦੀਆਂ ਕੌੜੀਆਂ ਅਸਲੀਅਤਾਂ ਦਾ ਸਾਹਮਣਾ ਕਰਨ ਲਈ ਉਨ੍ਹਾਂ ਨੇ ਆਪਣੇ ਆਪ ਨੂੰ

ਨੋਟ

ਤਿਆਰ ਨਹੀਂ ਕੀਤਾ ਹੁੰਦਾ।

ਵਿਦਿਆਰਥੀ ਦਾ ਸਭ ਤੋਂ ਵੱਡਾ ਫ਼ਰਜ਼ ਵਿੱਦਿਆ ਪ੍ਰਾਪਤ ਕਰਨਾ ਹੈ। ਪੜ੍ਹਾਈ ਕਰਨ ਲਈ ਹੀ ਉਹ ਸਕੂਲ ਜਾਂ ਕਾਲਜ ਵਿਚ ਆਉਂਦਾ ਹੈ ਪਰ ਨਿਰਾ ਕਿਤਾਬੀ ਕੀੜਾ ਹੀ ਬਣਿਆ ਰਹਿਣਾ ਪੜ੍ਹਾਈ ਦਾ ਮਨੋਰਥ ਨਹੀਂ। ਪੜ੍ਹਾਈ ਦਾ ਅਰਥ ਸਿਰਫ਼ ਦਿਮਾਗੀ ਵਿਕਾਸ ਹੀ ਨਹੀਂ ਸਗੋਂ ਮਨੁੱਖ ਦਾ ਸਮੁੱਚਾ ਵਿਕਾਸ ਹੈ। ਇਸ ਲੀ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਦਿਮਾਗੀ ਵਿਕਾਸ ਦੇ ਨਾਲ-ਨਾਲ ਆਪਣੇ ਸਰੀਰ ਤੇ ਆਤਮਾ ਨੂੰ ਵੀ ਵਿਕਸਿਤ ਕਰਨ। ਜਿਨ੍ਹਾਂ ਕੋਈ ਵਿਦਿਆਰਥੀ ਇਸ ਸਮੇਂ ਵਿਚ ਆਪਣੀ ਸ਼ਖ਼ਸੀਅਤ ਨੂੰ ਵਧੇਰੇ ਨਿਖਾਰ ਲਵੇਗਾ, ਉਨ੍ਹਾਂ ਹੀ ਵੱਧ ਸਤਿਕਾਰ ਉਹ ਸਮਾਜ ਵਿਚ ਪਾਵੇਗਾ।

**ਸੰਖੇਪ ਰਚਨਾ :-**

ਵਿਦਿਆਰਥੀ ਜੀਵਨ ਮਨੁੱਖ ਦੇ ਜੀਵਨ ਦੀ ਨੀਂਹ ਹੈ। ਜੋ ਵਿਦਿਆਰਥੀ ਇਸ ਨੀਂਹ ਨੂੰ ਪੱਕਾ ਨਹੀਂ ਕਰਦੇ ਉਨ੍ਹਾਂ ਨੂੰ ਬਾਅਦ ਵਿਚ ਪਛਤਾਉਣਾ ਪੈਂਦਾ ਹੈ ਕਿਉਂਕਿ ਜ਼ਿੰਦਗੀ ਦੀਆਂ ਕੌੜੀਆਂ ਅਸਲੀਅਤਾਂ ਦਾ ਸਾਹਮਣਾ ਕਰਨ ਲਈ ਉਨ੍ਹਾਂ ਨੇ ਆਪਣੇ ਆਪ ਨੂੰ ਤਿਆਰ ਨਹੀਂ ਕੀਤਾ ਹੁੰਦਾ। ਵਿਦਿਆਰਥੀ ਦਾ ਸਭ ਤੋਂ ਵੱਡਾ ਫ਼ਰਜ਼ ਵਿੱਦਿਆ ਪ੍ਰਾਪਤ ਕਰਨਾ ਹੈ। ਵਿੱਦਿਆ ਨਾਲ ਦਿਮਾਗੀ ਵਿਕਾਸ ਹੀ ਨਹੀਂ, ਸਗੋਂ ਮਨੁੱਖ ਦਾ ਸਮੁੱਚਾ ਵਿਕਾਸ ਹੈ। ਇਸ ਲਈ ਵਿਦਿਆਰਥੀ ਆਪਣੇ ਸਰੀਰ ਤੇ ਆਤਮਾ ਦਾ ਵਿਕਾਸ ਕਰਕੇ ਆਪਣੀ ਸ਼ਖ਼ਸੀਅਤ ਨੂੰ ਵਧੇਰੇ ਨਿਖਾਰ ਕੇ ਸਮਾਜ ਵਿਚ ਸਤਿਕਾਰ ਯੋਗ ਸਥਾਨ ਪ੍ਰਾਪਤ ਕਰ ਸਕਦਾ ਹੈ।

***ਸਿਰਲੇਖ : ਵਿਦਿਆਰਥੀ ਜੀਵਨ ਦਾ ਮਨੋਰਥ***

**ਉਦਾਹਰਣ :-**

ਆਮ ਖ਼ਿਆਲ ਹੈ ਕਿ ਵਰਜ਼ਿਸ਼ ਪਹਿਲਵਾਨਾਂ ਜਾਂ ਖਿਡਾਰੀਆਂ ਲਈ ਹੀ ਜ਼ਰੂਰੀ ਹੁੰਦੀ ਹੈ। ਜਨ-ਸਾਧਾਰਨ ਤੇ ਖ਼ਾਸ ਕਰ ਇਸਤਰੀਆਂ ਲਈ, ਜਿਨ੍ਹਾਂ ਦਾ ਪਹਿਲਵਾਨ ਬਣਨਾ ਹੈ ਤੇ ਨਾ ਕਿਸੇ ਖੇਡ ਵਿਚ ਨਾਮਣਾ ਪੈਦਾ ਕਰਨਾ ਹੁੰਦਾ ਹੈ, ਵਰਜ਼ਿਸ਼ ਦੀ ਕੋਈ ਲੋੜ ਨਹੀਂ। ਸਕੂਲਾਂ, ਕਾਲਜਾਂ ਵਿਚ ਵੀ ਖੇਡਾ ਤੇ ਵਰਜਿਸ਼ ਨੂੰ ਵਿਦਿਆਰਥੀਆਂ ਦੀ ਵਿੱਦਿਆ ਦਾ ਭਾਗ ਨਹੀਂ ਗਿਣਿਆ ਜਾਂਦਾ। ਮਾਪੇ ਵੀ ਸੋਚਦੇ ਹਨ ਕਿ ਉਹ ਬੱਚਿਆਂ ਨੂੰ ਸੁਕਲਾਂ ਕਾਲਜਾਂ ਵਿਚ ਪੜ੍ਹਨ ਲਈ ਭੇਜਦੇ ਹਨ ਨਾ ਕਿ ਖੇਡਾਂ ਅਤੇ ਵਰਜਿਸ਼ ਉੱਤੇ ਵਕਤ ਬਰਬਾਦ ਕਰਨ ਲਈ ਵਰਜਿਸ਼ ਬਾਰੇ ਇਕ ਹੋਰ ਵੀ ਗਲਤ ਖ਼ਿਆਲ ਪ੍ਰਚਲਤ ਹੈ ਕਿ ਇਹ ਸਿਰਫ਼ ਸਰੀਰ ਨੂੰ ਸੁਡੋਲ ਤੇ ਤਾਕਤਵਰ ਬਣਾਉਣ ਲਈ ਹੀ ਜ਼ਰੂਰੀ ਹੈ ਪਰ ਸੱਚ ਤਾਂ ਇਹ ਹੈ ਕਿ ਵਰਜਿਸ਼ ਦਾ ਸਬੰਧ ਇਨ੍ਹਾਂ ਤਾਕਤ ਤੇ ਸੁਡੌਲਤਾ ਨਾਲ ਨਹੀਂ ਜਿੰਨਾ ਸਿਹਤ ਨਾਲ ਹੈ। ਸਿਹਤ ਲਈ ਜਿੰਨੀ ਜ਼ਰੂਰੀ ਖੁਰਾਕ ਹੈ, ਉਨੀ ਹੀ ਜ਼ਰੂਰੀ ਵਰਜਿਸ਼ ਹੈ। ਬਿਮਾਰੀਆਂ ਤੋਂ ਬਚਣ ਲਈਤੇ ਸਰੀਰ ਨੂੰ ਅਰੋਗ ਰੱਖਣ ਲੀ ਵਰਜਿਸ਼ ਦਵਾਈਆਂ ਨਾਲੋਂ ਵੀ ਵਧੇਰੇ ਲਾਭਦਾਇਕ ਹੋ ਸਕਦੀ ਹੈ। ਅਰੋਗ ਸਰੀਰ ਵਿਚ ਹੀ ਅਰੋਗ ਮਨ ਦਾ ਨਿਵਾਸ ਹੁੰਦਾ ਹੈ। ਅਰੋਗ ਤਨ ਤੇ ਅਰੋਗ ਮਨ ਹੀ ਮਨੁੱਖੀ ਜੀਵਨ ਵਿਚ ਖੇੜਾ ਨਹੀਂ ਲਿਆ ਸਕਦੇ ਹਨ।

**ਸੰਖੇਪ ਰਚਨਾ :-**

ਆਮ ਸੋਚ ਹੈ ਕਿ ਵਰਜ਼ਿਸ਼ ਸਿਰਫ਼ ਪਹਿਲਵਾਨਾਂ ਜਾਂ ਖਿਡਾਰੀਆਂ ਲਈ ਹੈ, ਆਮ ਬੰਦੇ ਜਾਂ ਇਸਤ੍ਰੀਆਂਨਾਲ ਇਸ ਦਾ ਕੋਈ ਵਾਸਤਾ ਨਹੀਂ। ਵਰਜ਼ਿਸ਼ ਸਕੂਲਾਂ-ਕਾਲਜਾਂਦੇ ਸਿਲੇਬਸ ਦਾ ਵੀ ਹਿੱਸਾ ਨਹੀਂ। ਇਹ ਵੀ ਖ਼ਿਆਲ ਹੈ ਕਿ ਇਸ ਦਾ ਸਬੰਧ ਸੁਡੌਲਤਾ ਅਤੇ ਤਾਕਤ ਨਾਲ ਹੈ ਸਿਹਤ ਨਾਲ ਨਹੀਂ। ਪਰ ਇਹ ਸਭ ਗਲਤ ਖ਼ਿਆਲ ਹਨ। ਵਰਜ਼ਿਸ਼ ਖੁਰਾਕ ਦੀ ਤਰ੍ਹਾਂ ਸਿਹਤ ਲਈ ਜ਼ਰੂਰੀ ਹੈ। ਇਹ ਸਰੀਰ ਨੂੰ ਅਰੋਗ ਰੱਖਣ 'ਚ ਸਹਾਇਕ ਹੈ। ਅਰੋਗ ਤਨ ਤੇ ਮਨ ਹੀ ਖੇੜੇ ਦਾ ਸ੍ਰੋਤ ਹਨ।

**ਉਦਾਹਰਣ :-**

ਵਿੱਦਿਆ ਨੂੰ ਮਨੁੱਖ ਦੀ ਤੀਜੀ ਅੱਖ ਕਿਹਾ ਗਿਆ ਹੈ। ਵਿੱਦਿਆ ਤੋਂ ਹੀਣਾ ਮਨੁੱਖ ਪਸ਼ੂ ਦੇ ਸਮਾਨ ਹੈ। ਵਿੱਦਿਆ ਮਨੁੱਖ ਨੂੰ ਵੱਖ-ਵੱਖ ਵਿਸ਼ਿਆਂ ਬਾਰੇ ਗਿਆਨ ਪ੍ਰਦਾਨ ਕਰਦੀ ਹੈ। ਗਿਆਨਵਾਨ ਮਨੁੱਖ ਹਰ ਜਗ੍ਹਾ ਅਤੇ ਹਰ ਮੌਕੇ ਤੇ ਚੇਤੰਨ ਹੁੰਦਾ ਹੈ। ਵਿੱਦਿਆ ਮਨੁੱਖ ਨੂੰ ਰੁਜ਼ਗਾਰ ਦੇ ਕਾਬਲ ਵੀ ਬਣਾਉਂਦੀ ਹੈ। ਅੱਜ ਦੇ ਸਮੇਂ

ਨੋਟ

ਵਿਚ ਜਿਸ ਮਨੁੱਖ ਨੇ ਘੱਟੋ-ਘੱਟ ਸਕੂਲੀ ਵਿੱਦਿਆ ਨਹੀਂ ਪੜ੍ਹੀ ਤਾਂ ਉਸ ਨੂੰ ਕਿਸੇ ਵੀ ਕੰਮ ਵਿਚ ਕਾਮਯਾਬੀ ਨਹੀਂ ਹੈ। ਜੇਕਰ ਉਹ ਹੱਥੀਂ ਵੀ ਕੰਮ ਕਰਦਾ ਹੈ ਤਾਂ ਵੀ ਉਸ ਦਾ ਪੜ੍ਹਿਆ-ਲਿਖਿਆ ਹੋਣਾ ਜ਼ਰੂਰੀ ਹੈ। ਆਖ਼ਰਕਾਰ ਬੰਦੇ ਦਾ ਬੈਂਕ, ਸਰਕਾਰੀ ਦਫ਼ਤਰਾਂ ਕਾਗਜ਼ੀ ਕਾਰਵਾਈਆਂ ਆਦਿ ਸਭ ਨਾਲ ਵਾਹ ਪੈਂਦਾ ਹੈ। ਮਨੁੱਖ ਭਾਵੇਂ ਨੌਕਰੀ ਜਾਂ ਆਪਣਾ ਕੋਈ ਕੰਮ ਕਰੇ, ਉਸ ਦੀ ਸਫਲਤਾ ਲਈ ਜ਼ਰੂਰੀ ਹੈ ਕਿ ਉਹ ਘੱਟੋ-ਘੱਟ ਸਕੂਲੀ ਵਿੱਦਿਆ ਜ਼ਰੂਰੀ ਪੂਰੀ ਕਰੇ ਤੇ ਵਧ ਤੋਂ ਵਧ ਜਿੰਨਾ ਪੜ੍ਹ ਸਕਦਾ ਹੈ ਪੜ੍ਹੇ। ਵਿੱਦਿਆ ਪੜ੍ਹਿਆ ਮਨੁੱਖ ਜ਼ਿੰਦਗੀਦੇ ਵੱਖੋ-ਵੱਖ ਖੇਤਰਾਂ ਵਿਚ ਕਾਮਯਾਬੀ ਦੀਆਂ ਪੌੜ੍ਹੀਆਂ ਸਹਿਜੇ ਹੀ ਚੜ੍ਹ ਜਾਂਦਾ ਹੈ। ਫਿਰਅੱਜ ਕੱਲ੍ਹ ਦੇ ਸਮੇਂ ਵਿਚ ਜਦ ਕਿ ਮੁਕਾਬਲਾ ਜ਼ੋਰਾ ਤੇ ਹੈ, ਵਿੱਦਿਆ ਦੀ ਮਹੱਤਤਾ ਕਿਸੇ ਪੱਖੋਂ ਵੀ ਘੱਟ ਨਹੀਂ।

**ਸੰਖੇਪ ਰਚਨਾ :-**

ਵਿੱਦਿਆ ਮਨੁੱਖ ਦੀ ਇਕ ਅੱਤ ਜ਼ਰੂਰੀ ਲੋੜ ਹੈ। ਵਿੱਦਿਆ ਮਨੁੱਖ ਨੂੰ ਵੱਖ-ਵੱਖ ਵਿਸ਼ਿਆਂ ਦਾ ਗਿਆਨ ਪ੍ਰਦਾਨ ਕਰਦੀ ਹੈ ਜੋ ਮਨੁੱਖ ਲਈ ਹਰ ਜਗ੍ਹਾ ਮਦਦਗਾਰ ਸਾਬਤ ਹੁੰਦਾ ਹੈ। ਵਿੱਦਿਆ ਮਨੁੱਖ ਨੂੰ ਰੁਜ਼ਗਾਰ ਪ੍ਰਦਾਨ ਕਰਦੀ ਹੈ। ਮਨੁੱਖ ਭਾਵੇਂ ਨੌਕਰੀ ਕਰੇ ਜਾਂ ਆਪਣਾ ਕੰਮ ਉਸ ਲਈ ਜ਼ਰੂਰੀ ਹੈ ਕਿ ਉਹ ਘੱਟੋ-ਘੱਟ ਸਕੂਲੀ ਵਿੱਦਿਆ ਜ਼ਰੂਰ ਪੜ੍ਹੇ। ਅੱਜ ਦੇ ਮੁਕਾਬਲੇ ਵਾਲੇ ਸਮੇਂ ਵਿਚ ਵਿੱਦਿਆ ਦੀ ਮਹੱਤਤਾ ਕਿਸੇ ਪੱਖੋਂ ਵੀ ਘੱਟ ਨਹੀਂ ਹੈ।

***ਸਿਰਲੇਖ : ਵਿੱਦਿਆ ਦੀ ਮਹੱਤਤਾ।***

**ਉਦਾਹਰਣ :**

"ਸ਼ਖ਼ਸੀਅਤ ਦਾ ਮੁੱਖ ਚਿੰਨ੍ਹ ਪ੍ਰਸੰਨਤਾ ਹੈ। ਜਿਸ ਦੇ ਅੰਦਰ ਪ੍ਰਸੰਨਤਾ ਹੈ, ਉਹੀ ਕਿਸੇ ਦੂਜੇ ਨੂੰ ਪ੍ਰਸੰਨ ਰੱਖ ਸਕਦਾ ਹੈ, ਪ੍ਰਸੰਨਾਤ ਏਸ ਲੀ ਸ਼ੁਭ ਸ਼ਗਨ ਸਮਝਿਆ ਜਾਂਦਾ ਹੈ, ਕਿਉਂਕਿ ਜਿਸ ਹਿਰਦੇ ਵਿਚ ਪ੍ਰਸੰਨਤਾ ਹੈ, ਉਥੇ ਮਾੜਾ ਨਹੀਂ ਹੋ ਸਕਦਾ। ਸਾੜਾ ਬੜੀ ਕੁ-ਸ਼ਗਨ ਅਵਸਥਾ ਹੈ। ਸਾੜਾ ਆਪਣੇ ਆਪ ਵਿਚ ਭਰੋਸਾ ਨਹੀਂ ਰੱਖਦਾ, ਦਲੇਰ ਨਹੀਂ ਹੁੰਦਾ, ਉਥੇ ਕਰੋਧ ਵੀ ਹੁੰਦਾ ਹੈ। ਜਿਥੇ ਇਹ ਦੋਵੇਂ ਹੋਣ ਉਥੇ ਫਿਰ ਭਲੀ ਗੱਲ ਨਹੀਂ ਰਹਿ ਸਕਦੀ। ਇਹ ਦੋਵੇਂ ਸ਼ਖ਼ਸੀਅਤ ਦੇ ਵਿਰੋਧੀ ਹਨ। ਸ਼ਖ਼ਸੀਅਤ ਦੇ ਅਭਿਲਾਖੀ ਨੂੰ ਬੜੇ ਯਤਨਾਂ ਨਾਲ ਇਨ੍ਹਾਂ ਤੋਂ ਖ਼ਬਰਦਾਰ ਰਹਿਣਾ ਚਾਹੀਦਾ ਹੈ। ਇਹ ਢੇਰ ਵਿਚ ਤੱਕ ਵਲਵਲਾ ਕੇ ਆਉਂਦੇ ਰਹਿਣਗੇ, ਪਰ ਜਦ ਤੱਕ ਅਸੀਂ ਇਨ੍ਹਾਂ ਦੀ ਮੁਹੱਬਤ ਤੋਂ ਸ਼ਰਮਾਂਦੇ ਰਹਾਂਗੇ, ਇਹ ਸਾਡੇ ਉੱਤੇ ਕਾਬੂ ਨਹੀਂ ਪਾ ਸਕਦੇ।"

**ਸੰਖੇਪ ਰਚਨਾ :-**

ਸ਼ਖ਼ਸੀਅਤ ਦਾ ਮੁੱਖ ਚਿੰਨ੍ਹ ਪ੍ਰਸੰਨਤਾ ਹੈ। ਪ੍ਰਸੰਨ ਰਹਿਣ ਵਾਲਾ ਵਿਅਕਤੀ ਸਾੜਾ ਕ੍ਰੋਧ ਤੋਂ ਦੂਰ ਰਹਿੰਦਾ ਹੈ। ਕਿਉਂਕਿ ਇਹ ਦੋਵੇਂ ਸ਼ਖ਼ਸੀਅਤ ਦੇ ਵਿਰੋਧੀ ਹਨ। ਸ਼ਖ਼ਸੀਅਤ ਦੇ ਅਭਿਲਾਖੀ ਨੂੰ ਬੜੇ ਯਤਨਾਂ ਨਾਲ ਇਨ੍ਹਾਂ ਤੋਂ ਖ਼ਬਰਦਾਰ ਰਹਿਣਾ ਚਾਹੀਦਾ ਹੈ।

***ਸਿਰਲੇਖ : ਸ਼ਖ਼ਸੀਅਤ ਦਾ ਮੁੱਖ-ਚਿੰਨ੍ਹ : ਪ੍ਰਸੰਨਤਾ।***

**ਉਦਾਹਰਣ :-**

ਸਾਡੀ ਦਲੇਰੀ ਉੱਡ ਜਾਣ ਦਾ ਕਾਰਨ ਸਾਡਾ ਰੋਜ਼ਾਨਾ ਜ਼ਿੰਦਗੀ ਦਾ ਡਰੂ ਫਲਸਫਾ ਹੈ। ਅਸੀਂ ਇਸਤਰੀਆਂ ਨੂੰ ਪਰਦੇ 'ਚ ਕੈਦ ਵਿਚ ਰੱਖ ਕੇ ਉਨ੍ਹਾਂ ਵਿਚੋਂ ਦਲੇਰੀ ਉਡਾ ਦਿੱਤੀ ਹੈ। ਬੱਚਿਆਂ ਨੂੰ ਵੀ ਖ਼ਤਰਿਆਂ ਤੋਂ ਸਾਂਭ-ਸਾਂਭ ਕੇ ਰੱਖਣ ਕਰਕੇ ਡਰਪੋਕ ਬਣਾ ਦਿੱਤਾ ਹੈ। ਬੱਚਿਆਂ ਨੂੰ ਸਖ਼ਤ ਖੇਡਾਂ ਨਹੀਂ ਖੇਡਣ ਦਿੱਤੀਆਂ ਜਾਂਦੀਆਂ, ਪਾਣੀ ਦੇ ਨੇੜੇ ਨਹੀਂ ਜਾਣ ਦਿੱਤਾ ਜਾਂਦਾ। ਮਤੇ ਡੁੱਬ ਨਾ ਜਾਣ, ਘੋੜ-ਸਵਾਰੀ ਨਹੀਂ ਸਿਖਾਈ ਜਾਂਦੀ ਮਤੇ ਡਿੱਗ ਨਾ ਪੈਣ। ਖ਼ਤਰਿਆਂ ਨਾਲ ਖੇਡਣ ਦੀ ਉਮਰ ਬਚਪਨ ਹੀ ਹੁੰਦੀ ਹੈ। ਬੇਸ਼ਕ ਬੱਚੇ ਸਾਥੀਆਂ ਨਾਲ ਘੁਲਣ, ਮਾਰ-ਪਿਟਾਈ ਕਰਨ, ਇਨ੍ਹਾਂ ਤੋਂ ਚਿੜ੍ਹ ਕੇ ਮਾਪਿਆਂ ਨੂੰ ਲੜਾਈਆਂ ਮੁੱਲ ਨਹੀਂ ਲੈਣੀਆਂ ਚਾਹੀਦੀਆਂ। ਇਨ੍ਹਾਂ ਨੂੰ ਆਪਣੇ ਫ਼ੈਸਲੇ ਆਪ ਕਰਨ ਦੇਣੇ ਚਾਹੀਦੇ ਹਨ। ਜਿਹੜੇ ਮਾਪੇ ਬੱਚਿਆਂ ਦੇ ਮੁਕਦਮੇ ਨਜਿਠਦੇ ਰਹਿੰਦੇ ਹਨ, ਆਪਣੇ ਰਸੂਖ ਨਾਲ ਉਨ੍ਹਾਂ ਦੀਆਂ ਉਲਝਣਾਂ ਖੋਲ੍ਹਦੇ ਰਹਿੰਦੇ ਹਨ, ਮਾਸਟਰਾਂ ਤੇ ਗੁਆਂ ਢੀਆਂ ਕੋਲ ਉਲ੍ਹਾਮੇ ਲਿਜਾਂਦੇ ਰਹਿੰਦੇ ਹਨ। ਉਹ ਆਪਣੇ ਬੱਚਿਆਂ ਲਈ ਚੰਗਾ ਨਹੀਂ ਕਰਦੇ। ਉਨ੍ਹਾਂ ਦੇ ਬੱਚੇ ਕਮਜ਼ੋਰਤੇ ਬੁਜ਼ਦਿਲ ਹੋ ਜਾਂਦੇ ਹਨ।

**ਸੰਖੇਪ ਰਚਨਾ :-**

ਸਾਡੀ ਦਲੇਰੀ ਉੱਡ ਜਾਣ ਦਾ ਕਾਰਨ ਸਾਡਾ ਰੋਜ਼ਾਨਾ ਜ਼ਿੰਦਗੀ ਦਾ ਡਰੂ ਫਲਸਫਾ ਹੈ। ਇਸਤਰੀਆਂ ਨੂੰ ਪਰਦੇ ਵਿਚ ਰੱਖ ਕੇ, ਬੱਚਿਆਂ ਨੂੰ ਖਤਰਨਾਕ ਖੇਡਾਂ ਤੋਂ ਰੋਕ ਕੇ ਅਸੀਂ ਉਨ੍ਹਾਂ ਨੂੰ ਵਧੇਰੇ ਡਰਪੋਕ ਬਣਾ ਦਿੰਦੇ ਹਾਂ। ਮਾਪਿਆਂ ਨੂੰ ਬੱਚਿਆਂ ਲੀ ਕਿਧਰੇ ਉਲ੍ਹਮਾਂ ਨਹੀਂ ਦੇਣਾ ਚਾਹੀਦਾ। ਇਸ ਨਾਲ ਬੱਚੇ ਕਮਜ਼ੋਰ ਤੇ ਬੁਜ਼ਦਿਲ ਹੋ ਜਾਂਦੇ ਹਨ।

***ਸਿਰਲੇਖ : ਰੋਜ਼ਾਨਾ ਜ਼ਿੰਦਗੀ ਵਿਚ 'ਡਰ' ਦਾ ਸਥਾਨ।***

**ਉਦਾਹਰਣ :-**

ਭਾਰਤਵਰਸ਼ ਕਿ ਵਿਸ਼ਾਲ ਦੇਸ਼ ਹੈ। ਸੱਭਿਆਚਾਰਕ ਤੌਰ'ਤੇ ਭਾਵੇਂ ਸਾਡਾ ਦੇਸ਼ ਇਕ ਮੁੱਠ ਹੈ ਪਰ ਅਜੇ ਅਸੀਂ ਉਹ ਬੰਧਨ ਪੱਕੇ ਕਰਨੇ ਹਨ, ਜੋ ਇਸ ਨੂੰ ਇਕ ਸ਼ਕਤੀਸ਼ਾਲੀ ਦੇਸ਼ ਅਤੇ ਉੱਤਨ ਰਾਸ਼ਟਰ ਬਣਾ ਸਕਣਗੇ। ਸਾਡੇ ਦੇਸ਼ ਵਿਚ ਅਨੇਕਾ ਭਾਸ਼ਾਵਾਂ ਹਨ। ਏਨੀਆਂ ਭਾਸ਼ਾਵਾਂ ਸ਼ਾਇਦ ਦੁਨੀਆਂ ਦੇ ਕਿਸੇ ਹੋਰ ਦੇਸ਼ ਵਿਚ ਨਹੀਂ ਹਨ। ਪਰ ਮੰਦੇ ਭਾਗਾਂ ਨੂੰ ਅਸੀਂ ਆਪਣੀ ਗੁਆਂਢੀ ਭਾਸ਼ਾ ਅਥਵਾ ਭਾਸ਼ਾਵਾਂ ਵਿਚ ਘੱਟ ਦਿਲਚਸਪੀ ਲੈਂਦੇ ਹਾਂ। ਇਸ ਲੀ ਸਾਨੂੰ ਉਨ੍ਹਾਂ ਦੇ ਅਨਮੋਲ ਭੰਡਾਰ ਦਾ ਗਿਆਨ ਨਹੀਂ ਹੁੰਦਾ। ਇਸ ਦੇ ਮੁਕਾਬਲੇ ਅਸੀਂ ਅੰਗਰੇਜ਼ੀ, ਫਰਾਂਸੀਸੀ ਅਤੇ ਜਰਮਨ ਤੋਂ ਵਧੇਰੇ ਜਾਣੂੰ ਹਾਂ। ਦੇਸ਼ ਦੇ ਭਾਵੁਕ ਅਤੇ ਸੱਭਿਆਚਾਰਕ ਸੰਗਠਨ ਲਈ ਬੜਾ ਜ਼ਰੂਰੀ ਹੈ ਕਿ ਦੇਸ਼ ਦੇ ਨਾਗਰਿਕ ਦੇਸ਼ ਦੀਆਂ ਦੂਜੀਆਂ ਭਾਸ਼ਾਵਾਂ ਦੀਆਂ ਉੱਤਮ ਰਚਨਾਵਾਂ ਤੋਂ ਚੰਗੀ ਤਰ੍ਹਾਂ ਜਾਣੂੰ ਹੋਣ। ਇਸ ਤਰ੍ਹਾਂ ਉਹ ਇਨ੍ਹਾਂ ਭਾਸ਼ਾਵਾਂ ਨਾਲ ਸਬੰਧਤ ਦੇਸ਼ਵਾਸੀਆਂ ਦੇ ਜੀਵਨ ਢੰਗ ਅਤੇ ਉਨ੍ਹਾਂ ਦੀਆਂ ਸਾਹਿਤਕ ਪ੍ਰਾਪਤੀਆਂ ਦਾ ਗਿਆਨ ਹਾਸਲ ਕਰ ਸਕਣ।

**ਸੰਖੇਪ ਰਚਨਾ :-**

ਭਾਰਤਵਰਸ਼ ਇਕ ਵਿਸ਼ਾਲ ਦੇਸ਼ ਹੈ। ਇਸਦੀਆਂ ਅਨੇਕ ਭਾਸ਼ਾਵਾਂ ਇਸ ਨੂੰ ਸੱਭਿਆਚਾਰਕ ਤੌਰ 'ਤੇ ਸੰਗਠਤ ਕਰ ਸਕਦੀਆਂ ਹਨ। ਜੇਕਰ ਸਾਨੂੰ ਉਨ੍ਹਾਂ ਦੇ ਅਨਮੋਲ ਭੰਡਾਰ ਦਾ ਗਿਆਨ ਹੋਵੇ। ਇਸ ਨਾਲ ਅਸੀਂ ਦੇਸ਼ਵਾਸੀਆਂ ਦੇਜੀਵਨ-ਢੰਗ ਤੇ ਉਨ੍ਹਾਂ ਦੀਆਂ ਸਾਹਿਤਕ ਪ੍ਰਾਪਤੀਆਂ ਦਾ ਗਿਆਨ ਹਾਸਲ ਕਰ ਸਕਦੇ ਹਾਂ।

***ਸਿਰਲੇਖ : ਅਨੇਕਾਂ ਭਾਸ਼ਾਵਾਂ ਦਾ ਦੇਸ਼ ਭਾਰਤ***

**ਉਦਾਹਰਣ :-**

ਉਂਜ ਤਾਂ ਮਨੁੱਖ ਤੋਂ ਨੀਵੇਂ ਦਰਜੇ ਦੇ ਕੀ ਜੀਅ ਜੰਤੂ ਆਪਣੇ ਸਮੂਹ ਬਣਾ ਕੇ ਜਾਂ ਢਾਣੀਆਂ ਵਿਚ ਹੀ ਰਹਿ ਸਕਦੇ ਹਨ। ਪਰ ਜੇਕਰ ਮਨੁੱਖ ਪਰਵਾਰ ਬਣਾ ਕੇ ਗਿਰੋਹਾਂ ਜਾਂ ਕਬੀਲਿਆਂ-ਕੌਮਾਂ ਵਿਚ ਨਾ ਰਹਿੰਦੇ ਹੁੰਦੇ, ਤਕ ਮਨੁੱਖ ਜਾਤੀ ਦਾ ਕਦੇ ਦਾ ਬੀਜ ਨਾਸ ਹੋ ਗਿਆ ਹੁੰਦਾ। ਇਕੱਠੇ ਮਿਲ ਕੇ ਕਾਮਯਾਬੀ ਨਾਲ ਰਹਿਣ ਲਈ ਬੰਧੇਜ ਦੀ ਰਹਿਣੀ-ਬਹਿਣੀ ਜਾਂ ਵਿਸ਼ੇਸ਼ ਆਚਾਰ-ਵਿਹਾਰਦੀ ਲੋੜ ਹੁੰਦੀ ਹੈ, ਜੇਕਰ ਤਾਂ ਇਹ ਆਚਾਰ, ਗਿਰੋਹ ਦੇ ਵਾਧੇ ਤੇ ਉਸਦੇ ਭਲੇ ਲਈ ਹੈ ਤਾਂ ਇਹ ਸਦਾਚਾਰ ਅਖਵਾਏਗਾ ਅਤੇ ਜੇ ਉਹ ਇਸ ਦੇ ਉਲਟ ਨੁਕਸਾਨ ਪੁਚਾਣ ਵਾਲਾ ਹੈ, ਤਦ ਇਹ 'ਦੁਰਾਚਾਰ'। ਗਿਰੋਹ ਦੀ ਭਲਾਈ ਕਿਸ ਗੱਲ ਵਿਚ ਤੇ ਬੁਰਾਈ ਕਿਸ ਵਿਚ, ਇਸ ਦਾ ਫ਼ੈਸਲਾ ਗਿਰੋਹ ਦੀਆਂ ਵੇਲੇ ਵੇਲੇ ਦੀਆਂ ਲੋੜਾਂ ਤੇ ਪੂਰਾ ਹੋ ਸਕਣ ਜਾਂ ਉਸ ਵਿਚ ਰੋਕ ਪੈਣ ਪੁਰ ਨਿਰਭਰ ਹੁੰਦਾ ਹੈ। 'ਸਦਾਚਾਰ' ਕੋਈ ਨਾ ਬਦਲਣ ਵਾਲੀ ਬੱਝਵੀਂ ਜਾਂ ਸਦੀਵੀ ਸ਼ੈ ਨਹੀਂ ਅਤੇ ਨਾ ਹੀ ਇਹ ਉੱਪਰੋਂ ਆਈਆਂ ਈਸ਼ਵਰੀ ਆਗਿਆ ਹਨ। ਜੋ ਕੁਝ ਵੀ 'ਸਦਾਚਾਰ' ਹੈ, ਉਹ ਸਾਰੇ ਦਾ ਸਾਰਾ ਮਨੁੱਖਨੇ ਹੀ ਆਪਣੇ ਲਈ ਵੇਲੇ ਵੇਲੇ ਸਿਰ ਬਣਾਇਆ ਹੈ।

**ਸੰਖੇਪ ਰਚਨਾ :-**

ਮਨੁੱਖ ਸ਼ੁਰੂ ਤੋਂ ਹੀ ਗਿਰੋਹ ਜਾਂ ਕਬੀਲੇ ਦੇ ਰੂਪ ਵਿਚ ਰਹਿੰਦਾ ਆਇਆ ਹੈ, ਜਿਸ ਦਾ ਕਿ ਕੋਈ ਨਾ ਆਚਾਰ-ਵਿਹਾਰ ਹੁੰਦਾ ਹੈ। ਇਹ ਆਚਾਰ-ਵਿਹਾਰ ਜੇਕਰ ਗਿਰੋਹ ਦੇ ਭਲੇ ਲਈ ਹੁੰਦਾ ਤਾਂ ਸਦਾਚਾਰ ਨਹੀਂ ਤਾਂ ਦੁਰਾਚਾਰ ਅਖਵਾਉਂਦਾ ਹੈ। ਮਨੁੱਖ ਸਮੇਂ ਤੇ ਲੋੜ ਮੁਤਾਬਕ ਆਪਮੇ ਬਣਾਏ ਸਦਾਚਾਰ ਵਿਚ ਤਬਦੀਲੀ ਵੀ ਕਰਦਾ ਰਿਹਾ ਹੈ।

ਨੋਟ

*ਸਿਰਲੇਖ : ਮਨੁੱਖ ਸਦਾਚਾਰਜਾਂ ਮਨੁੱਖੀ ਰਹਿਣ-ਬਹਿਣੀ।*

**ਉਦਾਹਰਣ :-**

ਲੋਕਨਾਚ ਉਹ ਨਾਚ ਹੈ, ਜਿਸ ਨੂੰ ਲੋਕੀ ਨਚਦੇ ਹੋਣ। ਜਿਸ ਵਿਚ ਇਲਾਕੇ ਦੇ ਆਮ ਲੋਕੀਂ ਆਪਣੀਆਂ ਖੁਸ਼ੀਆਂ, ਸਧਰਾਂ, ਮਨ ਦੀਆਂ ਭਾਵਨਾਵਾਂ ਅਤੇ ਵਲਵਲੇ ਦਰਸਾਉਂਦੇ ਹੋਣ।ਲੋਕ ਨਾਚ ਆਪਣੇ ਇਲਾਕੇ ਦੀ ਸੱਭਿਅਤਾ ਦਾ ਦਰਪਣ ਹੁੰਦਾ ਹੈ। ਕਿਉਂਕਿ ਜਦੋਂ ਲੋਕੀਂ ਖੁਸ਼ੀ ਦੀ ਤਰੰਗ ਵਿਚ ਹੁੰਦੇ ਹਨ, ਤਾਂ ਉਹ ਆਪਣੇ ਅਸਲੇ ਪ੍ਰਗਟ ਕਰਦੇ ਹਨ। ਮੁੱਢਲਾ ਮਨੁੱਖ ਜਦੋਂ ਖੁਸ਼ੀ ਵਿਚ ਆ ਕੇ ਨੱਚਣ ਲੱਗਾ ਤਾਂ ਉਸ ਦੇ ਸਾਥੀ ਉਸ ਨੂੰ ਖੁਸ਼ ਵੇਖ ਕੇ ਨਾਲ ਹੀ ਨੱਚਣ ਲੱਗ ਪਏ। ਇਕ ਦੀ ਖੁਸ਼ੀ ਵਧ ਕੇ ਕਈ ਗੁਣਾ ਹੋ ਗਈ, ਜਦੋਂ ਉਸ ਨੇ ਦੂਜਿਆਂ ਨੂੰ ਆਪਣੀ ਖੁਸ਼ੀ ਵਿਚ ਸਿਤ ਹੋ ਕੇ ਨੱਚਦੇ ਵੇਖਿਆ। ਖੁਸ਼ੀਆਂ ਦੀਆਂ ਘੜੀਆਂ ਲਈ ਲੋਕ ਨਾਚ ਇਕ ਸਹਿਜ ਵਸੀਲਾ ਬਣ ਗਿਆ। ਹਰ ਖੁਸ਼ੀ ਦੇ ਸਮੇਂ ਨੱਚਣਾ ਇਕ ਰਵਾਇਤ ਬਣ ਗਿਆ। ਪੁੱਤਰ ਜੰਮਣ ਤੇ, ਵਿਆਹ-ਸ਼ਾਦੀ ਉੱਤੇ, ਤਿਥਾ-ਤਿਉਹਾਰਾਂ ਉੱਤੇ, ਮੇਲਿਆਂ ਤੇ ਹੋਰ ਖੁਸ਼ੀ ਭਰੇ ਇਕੱਠਾਂ ਤੇ ਨੱਚਣਾ ਕਿ ਜ਼ਰੂਰੀ ਅੰਗ ਸਮਝਿਆ ਜਾਣ ਲੱਗਾ।

**ਸੰਖੇਪ ਰਚਨਾ :-**

ਲੋਕ ਨਾਚ ਉਹ ਨਾਚ ਹੈ, ਜਿਸ ਨੂੰ ਲੋਕ ਖੁਸ਼ੀਆਂ, ਤਿਉਹਾਰਾਂ, ਮੇਲਿਆਂ ਅਤੇ ਵਿਆਹ-ਸ਼ਾਦੀਆਂ ਦੇ ਮੌਕੇ 'ਤੇ ਮਿਲ ਕੇ ਨੱਚਦੇ ਹੋਣ। ਲੋਕ ਨਾਚ ਆਪਣੇ ਇਲਾਕੇ ਦੀ ਸੱਭਿਅਤਾ ਦਾ ਦਰਪਣ ਹੁੰਦਾ ਹੈ। ਖੁਸ਼ੀ ਦੀ ਤਰੰਗ ਵਿਚ ਲੋਕੀਂ ਆਪਣੇ ਅਸਲੇ ਨੂੰ ਪ੍ਰਗਟ ਕਰਦੇ ਹਨ।

*ਸਿਰਲੇਖ : ਲੋਕ ਨਾਚ।*

**ਉਦਾਹਰਣ :-**

ਸਿਨੇਮਾ ਮਨ-ਪਰਚਾਵੇ ਦਾ ਇਕ ਬਹੁਤ ਹੀ ਵਧੀਆ ਸਾਧਨ ਹੈ। ਅਸੀਂ ਥੋੜ੍ਹੇ ਜਿਹੇ ਪੈਸੇ ਖ਼ਰਚ ਕੇ ਕਾਫ਼ੀ ਸਮਾਂ ਆਪਣਾ ਮਨ ਪਰਚਾ ਸਕਦੇ ਹਾਂ। ਇਹੋ ਹੀ ਕਾਰਨ ਹੈ ਕਿ ਸਿਨੇਮਾ ਵੇਖ ਕੇ ਮਨ-ਪਰਚਾਉਣ ਵਾਲਿਆਂ ਦੀਆਂ ਸਿਨੇਮਾ ਘਰਾਂ ਅੱਗੇ ਭੀੜਾਂ ਲਗੀਆਂ ਰਹਿੰਦੀਆਂ ਹਨ ਅਤੇ ਹਰ ਇਕ ਆਦਮੀ ਸਿਨੇਮਾ ਵੇਖਣ ਲਈ, ਇਸ ਭੀੜ ਵਿਚ ਸ਼ਾਮਿਲ ਹੋਣ ਲਈ ਤਿਆਰ ਰਹਿੰਦਾ ਹੈ, ਕਿਉਂਕਿ ਦਿਨ-ਭਰ ਦਾ ਥਕੇਵਾਂ ਉਤਾਰਨ ਦੇ ਮਨ ਉੱਪਰ ਪਏ ਬੋਝ ਨੂੰ ਲਾਹੁਣ ਲਈ ਹੋਰ ਕੋਈ ਵੀ ਇੰਨਾ ਚੰਗਾ ਸਾਧਨ ਨਹੀਂ।

**ਸੰਖੇਪ ਰਚਨਾ :-**

ਸਿਨੇਮਾ ਮਨ-ਪਰਚਾਵੇ ਦਾ ਸਭ ਤੋਂ ਵਧੀਆ ਤੇ ਸਸਤਾ ਸਾਧਨ ਹੈ। ਇਸ ਕਰਕੇ ਥਕੇਵਾਂ ਉਤਾਰਨ ਤੇ ਮਨ ਉੱਪਰ ਪਏ ਬੋਝ ਨੂੰ ਲਾਹੁਣ ਲਈ ਹਰ ਕੋਈ ਸਿਨੇਮਾ ਵੇਖਣ ਵਾਲਿਆਂ ਦੀ ਭੀੜ ਵਿਚ ਸ਼ਾਮਿਲ ਹੋਣਾ ਚਾਹੁੰਦਾ ਹੈ।

*ਸਿਰਲੇਖ : ਮਨ ਪਰਚਾਵੇ ਦਾ ਸਾਧਨ : ਸਿਨੇਮਾ*

**ਉਦਾਹਰਣ :-**

ਜਦੋਂ ਦਾ ਮਸ਼ੀਨੀ ਸਨਅਤ ਨੇ ਜਨਮ ਲਿਆ ਹੈ ਤੇ ਸਰਮਾਏਦਾਰੀ ਨਿਜ਼ਾਮ ਰਾਇਜ਼ ਹੋਇਆ ਹੈ, ਇਨਸਾਨ ਦੀ ਚਿੜਚੜਾਹਟ ਤੇ ਖਿਝਾਹਟ ਵਧ ਰਹੀ ਹੈ ਅਤੇ ਸੰਤੁਸ਼ਟਤਾ ਤੇ ਗੰਭੀਰਤਾ ਅਲੋਪ ਹੋ ਰਹੀ ਹੈ।ਸਮਕਾਲੀ ਇਨਸਾਨ ਮਾਨਸਿਕ ਬਿਮਾਰੀਆਂ ਦਾ ਦਿਨੋ-ਦਿਨ ਜ਼ਿਆਦਾ ਸ਼ਿਕਾਰ ਹੋ ਰਿਹਾ ਹੈ। ਜ਼ਿੰਦਗੀ ਉਸ ਨੂੰ ਫਿੱਕੀ, ਬੇਸੁਆਦੀ ਤੇ ਬੇਅਰਥ ਮਹਿਸੂਸ ਹੁੰਦੀ ਹੈ। ਉਹ ਆਲੇ-ਦੁਆਲੇ ਤੋਂ ਬੇਜ਼ਾਰ ਹੈ। ਆਪਣੇ ਭਵਿੱਖ ਸਾਬਤ ਉਸ ਨੂੰ ਮਾਯੂਸੀ ਹੈ। ਕਈ ਵਾਰ ਹਾਰ ਟੁੱਟ ਕੇ ਉਹ ਦਿਲਛੱਡ ਬੈਠਦਾ ਹੈ ਤੇ ਕਈ ਵਾਰ ਜਾਹਲਤੇ ਬੇਮਤਲਬ ਨਫ਼ਰਤ ਦਾ ਸ਼ਿਕਾਰ ਹੋ ਕੇ ਪਾਗ਼ਲਾਂ ਵਾਂਗ ਸ਼ੋਰ ਮਚਾਉਂਦਾ ਹੈ। ਕਿਸੇ ਸਮਕਾਲੀ ਰੁਝੇਵੇਂ ਵਿਚ ਉਸ ਨੂੰ ਟਿਕਾਅ ਨਹੀਂ। ਤਬੀਅਤ ਬੜੀ ਅਵਾਜ਼ਾਰ ਹੈ। ਇਸ ਉਕਤਾਈ ਦੀ ਅਕਸਰ ਕੋਈ ਵਜ੍ਹਾ ਹੈ। ਬਹੁਤ ਵਿਚਾਰਵਾਨ ਇਸ ਦਸ਼ਾ ਨੂੰ ਮਸ਼ੀਨੀ ਸਨਅਤ ਤੇ ਉਸਤੋਂ ਉਪਜੀ ਜ਼ਿੰਦਗੀ ਦੀ ਤੇਜ਼ ਰਫ਼ਤਾਰੀ ਦਾ ਜ਼ਰੂਰੀ ਅੰਗ ਸਮਝਦੇ ਹਨ ਤੇ ਚੂੰਕਿ ਮਸ਼ੀਨ ਹੁਣ ਇਨਸਾਨੀ ਜ਼ਿੰਦਗੀ ਦਾ ਅੰਗ ਬਣ ਚੁੱਕੀ ਹੈ, ਇਸ ਲਈ ਉਹ ਇਸ ਬਿਮਾਰੀ ਨੂੰ ਲਾਇਲਾਜ

**ਨੋਟ**

ਸਮਝਦੇ ਹਨ। ਕਈ ਇਸ ਤੋਂ ਛੁਟਕਾਰਾ ਕਾਸ਼ਤਕਾਰੀ ਨਿਜ਼ਾਮ ਦੀ ਬਹਾਲੀ ਵਿਚ ਹੀ ਖ਼ਿਆਲ ਕਰਦੇ ਹਨ। ਕੀ ਇਹ ਮਾਨਸਿਕ ਉਲਝਣਾਂ ਸੱਚਮੁੱਚ ਹੀ ਮਸ਼ੀਨੀ ਸਨਅਤ ਦਾ ਲਾਜ਼ਮੀ ਅੰਗ ਹਨ ਜਾਂ ਕਿ ਆਰਥਿਕ ਅੰਧਘੋਰ ਵਾਂਗ ਜ਼ਰੂਰੀ ਅੰਗ ਸਰਮਾਏਦਾਰੀ ਨਿਜ਼ਾਮ ਦਾ ਹੈ ਅਤੇ ਭੁਲੇਖੇ ਵਿਚ ਹੀ ਮਸ਼ੀਨੀ ਸਨਅਤ ਦੇ ਸਿਰ ਮੜ੍ਹਿਆ ਜਾ ਰਿਹਾ ਹੈ?

**ਸੰਖੇਪ** :-

ਇਸ ਮਸ਼ੀਨੀ ਦੌਰ ਵਿਚ ਪੂੰਜੀਵਾਦ ਪ੍ਰਬੰਧ ਹੇਠ ਮਨੁੱਖ ਦੀਆਂ ਮਾਨਸਿਕ ਬਿਮਾਰੀਆਂਵਧੀਆਂ ਹਨ। ਅਜੋਕੇ ਮਨੁੱਖ ਦਾ ਜੀਵਨ-ਉਤਸ਼ਾਹ ਮਰ ਰਿਹਾ ਹੈ, ਉਹ ਵਧੇਰੇ ਢਹਿੰਦੀਆਂ ਕਲਾਂ ਵਿਚ ਰਹਿੰਦਾ ਹੈ, ਗ਼ੁੱਸਾ, ਕਾਹਲ ਤੇ ਖਿੱਜ ਕਈ ਵਾਰ ਉਸ ਨੂੰ ਕਮਲਾ ਕਰ ਦਿੰਦੇ ਹਨ। ਇਸ ਦਾ ਕਾਰਨ ਮਸ਼ੀਨੀ ਸਨਅਤ ਨਾਲ ਜੀਵਨ ਵਿਚ ਪੈਦਾ ਹੋਈ ਕਾਹਲ ਦੱਸਿਆ ਜਾਂਦਾ ਹੈ। ਲੇਖਕ ਦਾ ਵਿਚਾਰ ਹੈ ਕਿ ਇਹ ਸਭ ਕੁਝ ਪੂੰਜੀਵਾਦ ਪ੍ਰਬੰਧ ਦਾ ਅਨਿਖੜਵਾਂ ਅੰਗ ਹੈ।

***ਮਸ਼ੀਨੀ ਯੁਗ ਤੇ ਮਾਨਸਿਕ ਰੋਗ***

**ਉਦਾਹਰਣ** :-

ਪਹਿਲੀ ਲੋੜ ਮਨੁੱਖੀ ਖੁਸ਼ੀ ਦੀ ਇਹ ਹੈ ਕਿ ਖਾਣ, ਪਹਿਨਣ ਤੇ ਸ੍ਵੈੱਖਿਆ ਦੀਆਂ ਕੁਦਰਤੀ ਲੋੜਾਂ ਤ੍ਰਿਪਤਾਣ ਲਈ ਘਾਲ ਕਰਨ ਦੇ ਮੌਕੇ ਉਹਦੇ ਕੋਲ ਹੋਣ। ਜੇ ਇਨ੍ਹਾਂ ਭੁੱਖਾਂ ਨੂੰ ਤ੍ਰਿਪਤਾਣ ਲਈ ਉਹਨੂੰ ਕੋਈ ਘਾਲ ਨਾ ਕਰਨੀ ਪਵੇ, ਇਹ ਭੁੱਖਾਂ ਉਹਦੀਆਂ ਬਿਨਾਂ ਕਿਸੇ ਸ਼ਖ਼ਸੀ ਤਰੱਦਦ ਦੇ ਪੂਰੀਆਂ ਹੋ ਜਾਂਦੀਆਂ ਹੋਣ, ਤਾਂ ਵੀ ਖੁਸ਼ੀ ਉਹਨੂੰ ਨਹੀਂ ਮਿਲ ਸਕੇਗੀ। ਅਸੀਂ ਦੇਖਦੇ ਹਾਂ ਕਿ ਜੇ ਕਿਸੇ ਨੂੰ ਵਿਹਾਰ, ਠੇਕੇਦਾਰੀ, ਲਾਟਰੀ ਜਾਂ ਵਿਰਸਤ ਕਰਕੇ ਬਹੁਤ ਸਾਰਾ ਅਣ-ਕਮਾਇਆ ਧਨ ਮਿਲ ਜਾਂਦਾ ਹੈ, ਤਾਂ ਉਹਦੇ ਘਰ ਵਿਚ ਸਾਮਾਨ ਤਾਂ ਜ਼ਰੂਰ ਹੋ ਜਾਂਦਾ ਹੈ ਤੇ ਦੂਜਿਆਂ ਦੀ ਜ਼ਿੰਦਗੀ ਉੱਤੇ ਉਹਨੂੰ ਅਖ਼ਤਿਆਰ ਵੀ ਹਾਸਲ ਹੋ ਜਾਂਦਾ ਹੈ, ਪਰ ਉਹਦੇ ਚਿਹਰੇ ਉੱਤੇ ਜਾਂ ਉਹਦੇਚਰਿੱਤਰ ਵਿਚ ਉਹ ਪ੍ਰਭਾਵ ਪੈਦਾ ਨਹੀਂ ਹੁੰਦਾ, ਜਿਸ ਨੂੰ ਕੋੋਈ ਘੁੰਮ-ਘੁੰਮ ਕੇ ਦੇਖਣਾ ਚਾਹੇ। ਇਹੋ ਜਿਹੇ ਖੇੜੇਦੇ ਪ੍ਰਭਾਵ ਉਸੇ ਦੇ ਨਕਸ਼ਾਂ ਤੇ ਚਰਿੱਤਰ ਉੱਤੇ ਆਉਂਦਾ ਹੈ, ਜਿਸ ਦੇ ਅੰਦਰ ਬੁਨਿਆਦੀ ਲੋੜਾਂ ਨਾਲ ਸਾਫ਼ ਘੋਲ ਕਰਦਿਆਂ ਇਹੋ ਜਿਹੇ ਅਰਮਾਨ ਪੈਦਾ ਹੋ ਜਾਣ, ਜਿਹੜੇ ਪ੍ਰਗਟ ਹੋਣ ਲਈ ਕਿਰਤ, ਨਾਚ, ਸੰਗੀਤ, ਕਵਿਤਾ ਜਾਂ ਕਲਾ ਲਈ ਤੜਫਣ। ਆਸਾਂ ਭਰੇ ਅਭਿਆਸ ਨਾਲ ਮਨੁੱਖੀ ਖ਼ਾਹਿਸ਼ਾਂ ਦਾ ਕੋਮਲ, ਗੰਭੀਰ ਤੇ ਸਹੁਣਿਆਂ ਹੁੰਦੇ ਜਾਣਾ ਜ਼ਿੰਦਗੀ ਦੀ ਮੰਜ਼ਲ ਦੇ ਨੇੜੇ ਆਉਂਦੇ ਜਾਣ ਦੀ ਸੂਚਨਾ ਹੈ। ਇਸੇ ਲਈ ਅਣ-ਕਮਾਇਆ ਧਨ ਜਾਂ ਅਣ-ਕਮਾਈ ਕਾਮਯਾਬੀ ਭਾਵੇਂ ਉਹ ਕਿੰਨੀ ਹੀ ਹੋਵੇ, ਖ਼ੁਸ਼ੀ ਦੀ ਬੁਨਿਆਦੀ ਸ਼ਰਤ ਪੂਰੀ ਨਹੀਂ ਕਰਦੀ। ਬੁਨਿਆਦੀ ਸ਼ਰਤ ਖਾਣ, ਪਹਿਨਣ, ਵਿਆਹ ਕਰਨ, ਟੱਬਰ ਬਣਾਉਣ, ਸਾਥੀਆਂ ਨਾਲਮਿਲ ਕੇ ਰਹਿਣ, ਆਪਣੀ ਕਿਰਤਨੂੰ ਅਪਨਾਉਣ ਦੇ ਮੌਕਿਆਂ ਦੀ ਹੋਂਦ ਵਿਚ ਉਨ੍ਹਾਂ ਲਈ ਘਾਲਣਾ ਕਰ ਸਕਣਾ ਹੈ।

(ਗੁਰਬਖਸ਼ ਸਿੰਘ)

**ਉਦਾਹਰਣ** :-

ਜਦੋਂ ਦਾ ਮਸ਼ੀਨੀ ਸਨਅਤ ਨੇ ਜਨਮ ਲਿਆ ਹੈ ਤੇ ਸਰਮਾਏਦਾਰੀ ਨਿਜ਼ਾਮ ਰਾਇਜ਼ ਹੋਇਆ ਹੈ, ਇਨਸਾਨ ਦੀ ਚਿੜਚੜਾਹਟ ਤੇ ਖਿਝਾਹਟ ਵਧ ਰਹੀ ਹੈ ਅਤੇ ਸੰਤੁਸ਼ਟਤਾ ਤੇ ਗੰਭੀਰਤਾ ਅਲੋਪ ਹੋ ਰਹੀ ਹੈ। ਸਮਕਾਲੀ ਇਨਸਾਨ ਮਾਨਸਿਕ ਬਿਮਾਰੀਆਂ ਦਾ ਦਿਨੋ-ਦਿਨ ਜ਼ਿਆਦਾ ਸ਼ਿਕਾਰ ਹੋ ਰਿਹਾ ਹੈ। ਜ਼ਿੰਦਗੀ ਉਸ ਨੂੰ ਫਿੱਕੀ, ਬੇਸੁਆਦੀ ਤੇ ਬੇਅਰਥ ਮਹਿਸੂਸ ਹੁੰਦੀ ਹੈ। ਉਹ ਆਲੇ-ਦੁਆਲੇ ਤੋਂ ਬੇਜ਼ਾਰ ਹੈ। ਆਪਣੇ ਭਵਿੱਖ ਬਾਬਤੁ ਸ ਨੂੰ ਮਾਯੂਸੀ ਹੈ। ਕਈ ਵਾਰ ਹਾਰਟੁੱਟ ਕੇ ਉਹ ਦਿਲ ਛੱਡ ਬੈਠਦਾ ਹੈ ਤੇ ਕਈ ਵਾਰ ਜਾਹਲ ਤੇ ਬੇਮਤਲਬ ਨਫ਼ਰਤ ਦਾ ਸ਼ਿਕਾਰ ਹੋ ਕੇ ਪਾਗ਼ਲਾਂ ਵਾਂਗ ਸ਼ੋਰ ਮਚਾਉਂਦਾ ਹੈ। ਕਿਸੇ ਸਮਕਾਲੀ ਰੁਝੇਵੇਂ ਵਿਚ ਉਸਨੂੰ ਟਿਕਾਅ ਨਹੀਂ। ਤਬੀਅਤ ਬੜੀ ਅਵਾਜ਼ਾਰ ਹੈ। ਇਸ ਉਕਤਾਈ ਦੀ ਅਕਸਰ ਕੋਈ ਵਜ੍ਹਾ ਹੈ। ਬਹੁਤ ਵਿਚਾਰਵਾਨ ਇਸ ਦਸ਼ਾ ਨੂੰ ਮਸ਼ੀਨੀ ਸਨਅਤ ਤੇ ਉਸ ਤੋਂ ਉਪਜੀ ਜ਼ਿੰਦਗੀ ਦੀ ਤੇਜ਼ ਰਫ਼ਤਾਰੀ ਦਾ ਜ਼ਰੂਰੀ ਅੰਗ ਸਮਝਦੇ ਹਨ ਤੇ ਚੂੰਕਿ ਮਸ਼ੀਨ ਹੁਣ ਇਨਸਾਨੀ ਜ਼ਿੰਦਗੀ ਦਾ ਅੰਗ ਬਣ ਚੁੱਕੀ ਹੈ, ਇਸ ਲਈ ਉਹ ਇਸ ਬਿਮਾਰੀ ਨੂੰ ਲਾਇਲਾਜ ਸਮਝਦੇ

ਨੋਟ

ਹਨ। ਕਈ ਇਸ ਤੋਂ ਛੁਟਕਾਰਾ ਕਾਸ਼ਤਕਾਰੀ ਨਿਜ਼ਾਮ ਦੀ ਬਹਾਲੀ ਵਿਚ ਹੀ ਖ਼ਿਆਲ ਕਰਦੇ ਹਨ। ਕੀ ਇਹ ਮਾਨਸਿਕ ਉਲਝਣਾਂ ਸੱਚਮੁੱਚ ਹੀ ਮਸ਼ੀਨੀ ਸਨਅਤ ਦਾ ਲਾਜ਼ਮੀ ਅੰਗ ਹਨ ਜਾਂ ਕਿ ਆਰਥਿਕ ਅੰਧਘੋਰ ਵਾਂਗ ਜ਼ਰੂਰੀ ਅੰਗ ਸਰਮਾਏਦਾਰੀ ਨਿਜ਼ਾਮ ਦਾ ਹੈ ਅਤੇ ਭੁਲੇਖੇ ਵਿਚ ਹੀ ਮਸ਼ੀਨੀ ਸਨਅਤ ਦੇ ਸਿਰ ਮੜ੍ਹਿਆ ਜਾ ਰਿਹਾ ਹੈ?

**ਸੰਖੇਪ ਰਚਨਾ :-**

ਇਸ ਮਸ਼ੀਨੀ ਦੌਰ ਵਿਚ ਪੂੰਜੀਵਾਦ ਪ੍ਰਬੰਧ ਹੇਠ ਮਨੁੱਖ ਦੀਆਂ ਮਾਨਸਿਕ ਬਿਮਾਰੀਆਂ ਵਧੀਆਂ ਹਨ। ਅਜੋਕੇ ਮਨੁੱਖ ਦਾ ਜੀਵਨ-ਉਤਸ਼ਾਹ ਮਰ ਰਿਹਾ ਹੈ, ਉਹ ਵਧੇਰੇ ਢਹਿੰਦੀਆਂ ਕਲਾਂ ਵਿਚ ਰਹਿੰਦਾ ਹੈ, ਗ਼ੁੱਸਾ, ਕਾਹਲ ਤੇ ਖਿੱਝ ਕਈ ਵਾਰ ਉਸ ਨੂੰ ਕਮਲਾ ਕਰ ਦਿੰਦੇ ਹਨ। ਇਸ ਦਾ ਕਾਰਨ ਮਸ਼ੀਨੀ ਸਨਅਤ ਨਾਲ ਜੀਵਨ ਵਿਚ ਪੈਦਾ ਹੋਈ ਕਾਹਲ ਦੱਸਿਆ ਜਾਂਦਾ ਹੈ। ਲੇਖਕ ਦਾ ਵਿਚਾਰ ਹੈ ਕਿ ਇਹ ਸਭ ਕੁਝ ਪੂੰਜੀਵਾਦ ਪ੍ਰਬੰਧ ਦਾ ਅਨਿਖੜਵਾਂ ਅੰਗ ਹੈ।

***ਸਿਰਲੇਖ : ਮਸ਼ੀਨੀ ਯੁਗ ਤੇ ਮਾਨਸਿਕ ਰੋਗ***

**ਉਦਾਹਰਣ :-**

ਪਹਿਲੇ ਲੋੜ ਮਨੁੱਖੀ ਖ਼ੁਸ਼ੀ ਦੀ ਇਹ ਹੈ ਕਿ ਖਾਣ, ਪਹਿਨਣ ਤੇ ਸ੍ਵੈਰੱਖਿਆ ਦੀਆਂ ਕੁਦਰਤੀ ਲੋੜਾਂ ਤ੍ਰਿਪਤਾਣ ਲਈ ਘਾਲ ਕਰਨ ਦੇ ਮੌਕੇ ਉਹਦੇ ਕੋਲ ਹੋਣ। ਜੇ ਇਨ੍ਹਾਂ ਭੁੱਖਾਂ ਨੂੰ ਤ੍ਰਿਪਤਾਣ ਲਈ ਉਹਨੂੰ ਕੋਈ ਘਾਲ ਨਾ ਕਰਨੀ ਪਵੇ, ਇਹ ਭੁੱਖਾਂ ਉਹਦੀਆਂ ਬਿਨਾਂ ਕਿਸੇ ਸ਼ਖ਼ਸੀ ਤਰੱਦਦ ਦੇ ਪੂਰੀਆਂ ਹੋ ਜਾਂਦੀਆਂ ਹੋਣ, ਤਾਂ ਵੀ ਖ਼ੁਸ਼ੀ ਉਹਨੂੰ ਨਹੀਂ ਮਿਲ ਸਕੇਗੀ। ਅਸੀਂ ਦੇਖਦੇ ਹਾਂ ਕਿ ਜੇ ਕਿਸੇ ਨੂੰ ਵਿਹਾਰ, ਠੇਕੇਦਾਰੀ, ਲਾਟਰੀ ਜਾਂ ਵਿਰਾਸਤ ਕਰਕੇ ਬਹੁਤ ਸਾਰਾ ਅਣ-ਕਮਾਇਆ ਧਨ ਮਿਲ ਜਾਂਦਾ ਹੈ, ਤਾਂ ਉਹਦੇ ਘਰ ਵਿਚ ਸਾਮਾਨ ਤਾਂ ਜ਼ਰੂਰੀ ਹੋ ਜਾਂਦਾ ਹੈ ਤੇ ਦੂਜਿਆਂ ਦੀ ਜ਼ਿੰਦਗੀ ਉੱਤੇ ਉਹਨੂੰ ਅਖ਼ਤਿਆਰ ਵੀ ਹਾਸਲ ਹੋ ਜਾਂਦਾ ਹੈ, ਪਰ ਉਹਦੇ ਚਿਹਰੇ ਉੱਤੇ ਜਾਂ ਉਹਦੇ ਚਰਿੱਤਰ ਵਿਚ ਉਹ ਪ੍ਰਭਾਵ ਪੈਦਾ ਨਹੀਂ ਹੁੰਦਾ, ਜਿਸ ਨੂੰ ਕੋਈ ਘੁੰਮ-ਘੁੰਮ ਕੇ ਦੇਖਣਾ ਚਾਹੇ। ਇਹੋ ਜਿਹੇ ਖੇੜੇ ਦੇ ਪ੍ਰਭਾਵ ਉਸੇ ਦੇ ਨਕਸ਼ਾਂ ਤੇ ਚਰਿੱਤਰ ਉੱਤੇ ਆਉਂਦਾ ਹੈ, ਜਿਸ ਦੇ ਅੰਦਰ ਬੁਨਿਆਦੀ ਲੋੜਾਂ ਨਾਲ ਸਾਫ਼ ਘੋਲ ਕਰਦਿਆਂ ਇਹੋ ਜਿਹੇ ਅਰਮਾਨ ਪੈਦਾ ਹੋ ਜਾਣ, ਜਿਹੜੇ ਪ੍ਰਗਟ ਹੋਣ ਲਈ ਕਿਰਤ, ਨਾਚ, ਸੰਗੀਤ,ਕਵਿਤਾ ਜਾਂ ਕਲਾ ਲਈ ਤੜਫਣ। ਆਸਾਂ ਭਰੇ ਅਭਿਆਸ ਨਾਲ ਮਨੁੱਖੀ ਖ਼ਾਹਿਸ਼ਾਂ ਦਾ ਕੋਮਲ, ਗੰਭੀਰ ਤੇ ਸੁਹਣਿਆਂ ਹੁੰਦੇ ਜਾਣਾ ਜ਼ਿੰਦਗੀ ਦੀ ਮੰਜ਼ਲ ਦੇ ਨੇੜੇ ਆਉਂਦੇ ਜਾਣ ਦੀ ਸੂਚਨਾ ਹੈ। ਇਸੇ ਲਈ ਅਣ-ਕਮਾਇਆ ਧਨ ਜਾਂ ਅਣ-ਕਮਾਈ ਕਾਮਯਾਬੀ ਭਾਵੇਂ ਉਹ ਕਿੰਨ ਹੀ ਹੋਵੇ, ਖ਼ੁਸ਼ੀ ਦੀ ਬੁਨਿਆਦੀ ਸ਼ਰਤ ਪੂਰੀ ਨਹੀਂ ਕਰਦੀ। ਬੁਨਿਆਦੀ ਸ਼ਰਤ ਖਾਣ, ਪਹਿਨਣ, ਵਿਆਹ ਕਰਨ, ਟੱਬਰ ਬਣਾਉਣ, ਸਾਥੀਆਂ ਨਾਲ ਮਿਲ ਕੇ ਰਹਿਣ, ਆਪਣੀ ਕਿਰਤ ਨੂੰ ਅਪਨਾਉਣ ਦੇ ਮੌਕਿਆਂ ਦੀ ਹੋਂਦ ਵਿਚ ਉਨ੍ਹਾਂ ਲਈ ਘਾਲਣਾ ਕਰ ਸਕਣਾ ਹੈ। (ਗੁਰਬਖਸ਼ ਸਿੰਘ)

**ਸੰਖੇਪ ਰਚਨਾ :-**

ਪ੍ਰਸੰਨ ਰਹਿਣ ਲਈ ਸਭ ਤੋਂ ਪਹਿਲੀ ਸ਼ਰਤ ਜੀਵਨ ਦੀਆਂ ਮੁੱਢਲੀਆਂ ਲੋੜਾਂ ਲਈ ਕਿਰਤ ਕਰਨਾ ਹੈ। ਦੂਜਿਆਂ ਦੀ ਕਮਾਈ ਉੱਤੇ ਜੀਵਨ ਬਿਤਾਉਣ ਵਾਲਾ ਮਨੁੱਖ ਕਦੀ ਖ਼ੁਸ਼ ਨਹੀਂ ਰਹਿ ਸਕਦਾ, ਉਹ ਅਮੀਰ ਹੋ ਸਕਦਾ ਹੈ, ਪਰ ਉਸ ਦੀ ਸ਼ਖ਼ਸੀਅਤ ਪੂਰੀ ਤਰ੍ਹਾਂ ਵਿਕਾਸ ਨਹੀਂ ਕਰ ਸਕਦੀ। ਦਸਾਂ ਨੌਂਹਾਂ ਦੀ ਕਿਰਤ ਕਰਨ ਵਾਲੇ ਪੁਰਸ਼ ਦਾ ਆਚਰਨ ਦਿਲਖਿਚਵਾਂ ਬਣ ਜਾਂਦਾ ਹੈ।

***ਸਿਰਲੇਖ : ਪ੍ਰਸੰਨਤਾ ਲਈ ਮੁੱਢਲੀ ਲੋੜ***

**ਉਦਾਹਰਣ :-**

ਜਦ ਤੱਕ ਮਾਂ, ਭੈਣ ਤੇ ਇਸਤਰੀ ਤੇ ਉਨ੍ਹਾਂ ਦੇ ਰਚੇ ਘਰ ਦੇ ਜੀਵਨ ਦਾ ਤੀਬਰ ਪਿਆਰ ਨਾ ਹੋਵੇ, ਵਤਨ ਦਾ ਪਿਆਰ ਸਥਿਰ ਹੋ ਨਹੀਂ ਸਕਦਾ। ਇਕ ਪਾਸੇ ਤਾਂ ਜੰਗ ਲਾਲਚ, ਮੁਲਕਗੀਰੀ ਤੇ ਅੱਤਿਆਚਾਰ ਕਰਨ ਦੇ ਸ਼ੌਕ ਵਿਚ ਕੀਤੇ ਜਾਂਦੇ ਹਨ। ਲੱਖਾਂ ਦੇ ਖ਼ੂਨ ਹੁੰਦੇ ਹਨ, ਜ਼ਾਲਮ ਜਰਵਾਣੇ ਜ਼ੁਲਮ ਤੇ ਜਬਰ ਕਰਦੇ ਹਨ, ਉਨ੍ਹਾਂਦਾ ਵੱਡਾ ਅਹੰਕਾਰ ਇੰਨਾ ਹੁੰਦਾ ਹੈ ਕਿ ਅਨੇਕ ਪਾਪ ਕਰਕੇ ਵੀ, ਅਨੇਕ ਜ਼ੁਲਮ ਕਰਕੇ ਵੀ ਨਹੀਂ ਥੱਕਦਾ।

**ਨੋਟ**

ਇਸ ਵਾਸਤੇ ਕੁਝ ਮਨੁੱਖਾਂ ਦੇ ਸਮੂਹ ਇਸ ਕਰਕੇ ਇਕੱਠੇ ਹੋ ਜਾਂਦੇ ਹਨ ਕਿ ਇਕੱਠੇ ਮਿਲ ਕੇ ਮਾਰੀਏ ਤੇ ਖਾਈਏ, ਇਹ ਤਾਂ ਬਘਿਆੜਾਂਦਾ ਇਕੱਠ ਹੋਇਆ। ਉਨ੍ਹਾਂ ਦਾ ਆਪੋ ਵਿਚ ਇਕੱਠਾ ਹੋ ਜਾਣਾ ਇਕ ਹੈਵਾਨੀ ਪੇਸ਼ਾ ਹੋਇਆ। ਇਹੋ ਜਿਹੀਆਂ ਜਰਵਾਨਿਆਂ ਦੀਆਂ ਕੌਮਾਂ ਦੀ ਆਪੋ ਵਿਚ ਸੁਲਹ ਕਰਨੀ ਤੇ ਏਕਤਾ ਕਰਨੀ ਕਿਸੇ ਤਰ੍ਹਾਂ ਸੋਹਣੀ ਚੀਜ਼ ਨਹੀਂ, ਭਾਵ ਉੱਪਰ ਅੱਖਰ ਨਿਬੇੜੇ ਹਨ। ਪਰ ਜੇ ਬਘਿਆੜ ਦੇ ਸਾਹਮਣੇ ਨਿਰਬਲ ਮਾਂ, ਭੈਣ, ਇਸਤਰੀ, ਬੱਚੇ ਖ਼ਤਰੇ ਵਿਚ ਹੋਣ ਤੇ ਉਸ ਵੇਲੇ ਵੇਦਾਂਤ ਦੀਆਂ ਗਿਆਨ ਅੱਖਾਂ ਖੋਲ੍ਹ ਕੇ ਅੱਖ ਮੀਟ ਲੈਣੀ ਕਿ ਭਾਈ ਹੱਥ ਨਹੀਂ ਉਠਾਉਣਾ, ਆਪ ਮਰ ਜਾਓ, ਇਨ੍ਹਾਂ ਮਾਸੂਮ ਜ਼ਿੰਦਗੀਆਂ ਨੂੰ ਮਾਰ ਦਿਓ, ਪਰ ਬਘਿਆੜਾਂ ਦੇ ਇਕੱਠ ਉੱਪਰ ਹੱਥ ਨਹੀਂ ਉਠਾਉਣਾ ਹੈ, ਇਹ ਨਿਰੋਲ ਤੇ ਸੋਲਾ ਆਨੇ ਕਾਇਰਤਾ ਹੈ। ਜਿਸ ਤਰ੍ਹਾਂ ਮੁਲਕਗੀਰੀ ਤੇ ਮਾਸ ਖਾਣ ਦਾ ਲਾਲਚ ਬਘਿਆੜਾਂ ਨੂੰ ਇਕੱਠਾ ਕਰਦਾ ਹੈ, ਉਸੇ ਤਰ੍ਹਾਂ ਇਹੋ ਜਿਹੇ ਬਿਪਤਾ ਦੇ ਵੇਲੇ ਮਨੁੱਖਾਂ ਦੇ ਸਮੂਹਾਂ ਨੂੰ ਆਪਣੇ ਵਤਨ ਦਾ ਪਿਆਰ ਇਕਮੁੱਠ ਕਰ ਦਿੰਦਾ ਹੈ ਤੇ ਜਿਹੜਾ ਕੰਮ ਇਕ ਨਹੀਂ ਕਰ ਸਕਦਾ, ਉਹ ਸਭ ਮਿਲ ਕੇ ਸਾਧ ਲੈਂਦੇ ਹਨ। ਜਿਸ ਤਰ੍ਹਾਂ ਉਨ੍ਹਾਂ ਬਘਿਆੜਾ ਨੂੰ ਚਲਾਣ ਵਾਲੀ ਤਾਕਤ ਉਨ੍ਹਾਂ ਦੇ ਜ਼ੁਲਮ ਕਰਨ ਦੀ ਭੁੱਖ ਹੈ, ਤਿਵੇਂ ਇਨ੍ਹਾਂ ਨੂੰ ਚਲਾਉਣ ਵਾਲੀ ਨਿਰੋਲ ਕਿ ਮਨੁੱਖੀ ਅਣਖ ਹੈ, ਜੋ ਆਪਣੇ ਬੇ ਆਸਰੇ ਪਰਿਵਾਰ ਨੂੰ ਆਸਰਾ ਦਿੰਦੀ ਹੈ ਤੇ ਉਨ੍ਹਾਂ ਦੇ ਡੂੰਘੇ ਪਿਆਰ ਵਿਚ ਤੇ ਇਕ ਆਹਲਾ ਜੋਸ਼ ਵਿਚ ਆਪਣੀ ਜਾਨ ਉੱਪਰ ਖੇਡ ਜਾਂਦੀ ਹੈ। ਇਉਂ ਜਾਨ ਦੇ ਦੇਣਾ ਜਾਨ ਦੀ ਸਭ ਥੀਂ ਵੱਡੀ ਰੱਛਾ ਹੈ।

**ਸੰਖੇਪ ਰਚਨਾ :-**

ਦੇਸ਼-ਪਿਆਰ ਦੀ ਨੀਂਹ ਘਰ ਤੇ ਘਰ ਦੇ ਜੀਆਂ ਦਾ ਪਿਆਰ ਹੈ। ਕਈ ਵਾਰ ਬੁਰੇ ਪੁਰਸ਼ ਦੂਜਿਆਂ ਉੱਤੇ ਜ਼ੁਲਮ ਢਾਹੁਣ ਤੇ ਲੁੱਟ-ਮਾਰ ਕਰਨ ਲਈ ਇਕੱਠੇ ਹੋ ਜਾਂਦੇ ਹਨ। ਅਜਿਹੇ ਬੰਦਿਆਂ ਦੀ ਤਾਕਤ ਸ਼ਲਾਘਾ ਦੀ ਹੱਕਦਾਰ ਨਹੀਂ। ਬੁਰਾਈ ਤੇ ਜ਼ੁਲਮ ਦਾ ਟਾਕਰਾ ਨਾ ਕਰਨਾ ਬੜੀ ਭਾਰੀ ਬੁਜ਼ਦਿਲੀ ਤੇ ਕਮਜ਼ੋਰੀ ਹੈ। ਦੇਸ਼-ਭਗਤ ਆਪਣੇ ਦੇਸ਼ ਅਤੇ ਆਪਣੇ ਦੇਸ਼ਵਾਸੀਆਂ ਨੂੰ ਦੁੱਖ ਵਿਚ .....

***ਸਿਰਲੇਖ : ਦੇਸ਼ ਪਿਆਰ***

13. ਉਡੀਕ ਵਾਂਗ ਹੀ ਵਿਹਲ ਬੜੀ ਵੱਡੀ ਬੇਵਸੀ ਹੈ। ਵਿਹਲਾ ਸਮਾਂ ਤਾਂ ਹੀ ਚੰਗਾ ਲਗਦਾ ਹੈ ਜੇ ਉਸ ਦੀ ਮਿਆਦ ਹੋਵੇ, ਨਹੀਂ ਤਾਂ ਬੇਹਿਸਾਬਾ ਅਰਾਮ ਹੀ ਥਕਾ ਦਿੰਦਾ ਹੈ। ਵਿਹਲੇ ਹੋਣ 'ਤੇ ਪਤਾ ਲਗਦਾ ਹੈ ਕਿ ਦੁਕਾਨ 'ਤੇ ਜਾਂ ਦਫ਼ਤਰ ਜਾਣਾ ਜਾਂ ਬੱਚੇ ਪਾਲਣੇ ਅਕਾਊ ਹੋਣ ਦੇ ਬਾਵਜੂਦ ਸੌਖੇ ਕੰਮ ਹੁੰਦੇ ਹਨ, ਪਰ ਹਰ ਰੋਜ਼ ਆਪਣੇ ਲਈ ਨਵਾਂ ਰੁਝੇਵਾਂ ਲੱਭਣਾ ਬੜਾ ਔਖਾ ਕੰਮ ਹੈ। ਜੇ ਛੁੱਟੀ ਉਡੀਕਣ ਮਗਰੋਂ ਆਵੇ ਤਾਂ ਹੀ ਚੰਗੀ ਲਗਦੀ ਹੈ, ਪਰ ਜੇ ਹਰ ਰੋਜ਼ ਛੁੱਟੀ ਹੋਵੇ ਤਾਂ ਇਹ ਬੋਝ ਬਣ ਜਾਂਦੀ ਹੈ। ਵਿਹਲੇ ਹੋਣ ਤੇ ਪਤਾ ਲਗਦਾ ਹੈ ਕਿ ਜਿਉਮਲੀ ਕੰਮ ਕਿੰਨਾ ਜ਼ਰੂਰੀ ਹੁੰਦਾ ਹੈ। ਸਾਰੀ ਉਮਰ ਉਜ਼ਰਤੀ ਕੰਮ ਕਰਨ ਕਰਕੇ ਪੁਰਸ਼ ਬਿਨਾਂ ਉਜ਼ਰਤ ਕੰਮ ਕਰਨ ਲਈ ਤਿਆਰ ਨਹੀਂ ਹੁੰਦੇ। ਸੇਵਾ ਮੁਕਤੀ ਜਾਂ ਮੁਅੱਤਲੀ ਉਪੰਰਤ ਉਪਜੀ ਵਿਹਲ ਕਾਰਨ ਅਸੂਲ, ਸਿਧਾਂਤ, ਅਕੀਦ, ਵਿਸ਼ਵਾਸ ਸਭ ਡੋਲਣ ਲੱਗ ਪੈਂਦੇ ਹਨ। ਵਿਹਲੇ ਬੰਦੇ ਦਾ ਮਹੱਤਵ ਨਹੀਂ ਹੁੰਦਾ। ਅਜਿਹੇ ਬੰਦੇ ਦਾ ਆਪਣੀਆਂ ਨਜ਼ਰਾਂ ਵਿਚ ਵੀ ਕੋਈ ਮੁੱਲ ਨਹੀਂ ਹੁੰਦਾ। ਸੋ ਅਜਿਹੇ ਬੰਦੇ ਦੀ ਸੇਵਾ ਕਰਨੀ ਸੌਖੀ ਨਹੀਂ ਹੁੰਦੀ। ਅੰਤਾਂ ਦੀ ਵਿਹਲ ਵਿਚੋਂ ਵੀ ਇਕੱਲਤਾ ਦਾ ਅਨੁਭਵ ਹੁੰਦਾ ਹੈ। ਇਕੱਲਤਾ ਮੁੱਖ ਤੌਰ 'ਤੇ ਪੁਰਸ਼ ਅਨੁਭਵ ਹੈ, ਇਸਤਰੀਆਂ ਕੋਲ ਅਨੇਕਾਂ ਨਿੱਕੇ-ਨਿੱਕੇ ਰੁਝੇਵੇਂ ਹੁੰਦੇ ਹਨ। ਸੁਸਤੀ, ਇਕੱਲਤਾ ਨੂੰ ਅਤੇ ਇਕੱਲਤਾ ਸੁਸਤੀ ਨੂੰ ਤਾਲ ਦਿੰਦੀ ਹੈ। ਇਕੱਲਤਾ ਦਾ ਮਾਰਿਆ ਵਿਅਕਤੀ ਸਵੇਰੇ ਉੱਠਣ ਵੇਲੇ ਸੋਚਦਾ ਹੈ। ਉੱਠ ਕੇ ਕੀ ਕਰਨਾ ਹੈ? ਇਕੱਲਤਾ ਨਾਲ ਉਹ ਅਨੁਭਵ ਹੁੰਦੇ ਹਨ ਜਿਹੜੇ ਪਹਿਲਾਂ ਭੀੜ ਦਾ ਭਾਗ ਹੋਣ ਕਾਰਨ ਨਹੀਂ ਹੋਏ ਹੁੰਦੇ।

ਫੁਲਕਾਰੀਆਂ ਪੰਜਾਂ ਦਰਿਆਵਾਂ ਦੀ ਭੋਇੰ ਵਿਚੋਂ ਨਿਖਰੀ ਲੋਕ ਕਲਾ ਹੈ, ਜਿਸ ਵਿਚ ਪੰਜਾਬਣਾਂ ਦੇ ਮੁੜ੍ਹਕੇ ਦੀ ਮਹਿਕ ਹੀ ਨਹੀਂ, ਉਨ੍ਹਾਂ ਦੇ ਵਿਅਕਤਿਤਵ ਤੇ ਰੰਗੀਲੇ ਸੁਭਾਅ ਦੀ ਛਾਪ ਵੀ ਹੈ। ਇਹ ਪੰਜਾਬਣਾਂ ਦੀਆਂ ਉਂਗਲਾਂ ਦਾ ਕਮਾਲ ਹੈ ਕਿ ਉਹ ਨਿੱਕੀ ਜਿਹੀ ਸੂਈ ਤੇ ਧਾਗਿਆਂ ਨਾਲ ਕਲਾ ਦੀ ਇਕ ਅਲੌਕਿਕ ਦੁਨੀਆਂ ਰਚ ਦਿੰਦੀਆਂ ਹਨ।

ਫੁੱਲਕਾਰੀ ਕੱਢਣ ਲਈ ਜਦੋਂ ਤੀਵੀਆਂ ਜੁੜ ਕੇ ਬੈਠਦੀਆਂ ਹਨ ਤਾਂ ਹੱਥਾਂ ਨਾਲ ਤਰੋਪੇ ਭਰਦੀਆਂ, ਮੂੰਹ ਨਾਲ ਗੀਤ ਛੋਹੀ ਰੱਖਦੀਆਂ ਹਨ। ਗੀਤਾਂ ਦੀਆਂ ਸਵਰ ਲਹਿਰੀਆਂ ਵਿਚ ਫੁੱਲ ਬੂਟੇ ਤੇ ਵੇਲਾਂ ਜਨਮ ਲੈ ਕੇ

**ਨੋਟ**

ਸਦੀਆਂ ਤੱਕ ਸਜੀਵ ਰਹਿੰਦੇ ਹਨ। ਫੁੱਲਕਾਰੀ ਵਿਚ ਪੰਜਾਬਣਾਂ ਦੀਆਂ ਅਨੇਕਾਂ ਭਾਵਨਾਵਾਂ ਜੁੜੀਆਂ ਹੋਈਆਂ ਹਨ ਜੋ ਲੋਕ ਗੀਤਾਂ ਵਿਚ ਪ੍ਰਗਟ ਹੋਈਆਂ ਹਨ।

*ਫੁੱਲਕਾਰੀ ਮੇਰੀ ਰੇਸ਼ਮੀ ਰੰਗ ਢੁਕਾਏ ਠੀਕ,*
*ਛੇਤੀ ਦਰਸ਼ਨ ਦੇਵਣੇ, ਮੈਂ ਰਸਤੇ ਨਹੀਂ ਉਲੀਕ।*

## ਉੱਤਰ ਮਾਲਾ : ਸਵੈ ਮੁਲਾਂਕਣ

1. ਸੰਖੇਪ ਰਚਨਾ ਕਿਸ ਨੂੰ ਕਹਿੰਦੇ ਹਨ।
2.. ਸੰਖੇਪ ਰਚਨਾ ਕਿਉਂ ਜ਼ਰੂਰੀ ਹੈ।
3. ਹੇਠ ਲਿਖੇ ਸੰਖੇਪ ਰਚਨਾ ਦਾ ਭਾਵ ਆਪਣੇ ਬਦਾਂ ਵਿਚ ਲਿਖੋ।
    1. ਚੰਗਾ ਦਿਮਾਗ ਤੇ ਚੰਗਾ ਦਿਲ ਅਰੋਗ ਸਰੀਰ ਵਿਚ ਹੀ ਰਹਿ ਸਕਦੇ ਹਨ। ਜਿਸ ਮਨੁੱਖ ਦਾ ਸ਼ਰੀਰ ਢਿੱਲਾ ਹੈ ਉਸ ਮਨੁੱਖ ਦਾ ਦਿਮਾਗ ਵੀ ਕੁਝ ਸਮਾਂ ਪਾ ਕੇ ਢਿੱਲਾ ਹੋ ਜਾਂਦਾ ਹੈ। ਉਹੀ ਮਨੁੱਖ ਪੂਰਨ ਆਖਿਆ ਜਾ ਸਕਦਾ ਹੈ ਜਿਸ ਦਾ ਸ਼ਰੀਰ, ਦਿਮਾਗ ਤੇ ਮਨ ਪੂਰੀ ਤਰ੍ਹਾਂ ਵਿਕਸਿਤ ਹੋਣ। ਜਿੱਥੇ ਪੜ੍ਹਾਈ ਦੇ ਨਾਲ-ਨਾਲ ਖੇਡਾਂ ਸ਼ਰੀਰ ਨੂੰ ਸਿਹਤਮੰਦ ਰੱਖਣ ਲਈ ਅਤਿ ਲੋੜੀਂਦੀਆਂ ਹਨ। ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿਚ ਵੀ ਭਾਗ ਲੈਣਾ ਚਾਹੀਦਾ ਹੈ। ਖੇਡਾਂ ਨਿਰਾ ਸ਼ਰੀਰ ਨੂੰ ਹੀ ਅਰੋਗ ਨਹੀਂ ਕਰਦੀਆਂ ਬਲਕਿ ਆਦਮੀ ਦੇ ਆਚਰਨ ਨੂੰ ਵੀ ਸੰਵਾਰਦੀਆਂ ਹਨ। ਕੁਰਬਾਨੀ, ਜ਼ਬਤ ਤੇ ਹੁਕਮ ਮੰਨਣ ਦੇ ਗੁਣ ਖਿਡਾਰੀ ਵਿਚ ਭਰੇ ਜਾਂਦੇ ਹਨ। ਖੇਡਾਂ ਨਾਲ ਵਿਦਿਆਰਥੀਆਂ ਅੰਦਰ ਟਾਕਰੇ ਦੀ ਹਿੰਮਤ ਤੇ ਮੁਕਾਬਲੇ ਦਾ ਸਾਹਸ ਪੈਦਾ ਹੋ ਜਾਂਦਾ ਹੈ ਤੇ ਉਹ ਜ਼ਿੰਦਗੀ ਦੀਆਂ ਵੱਡੀਆਂ-ਵੱਡੀਆਂ ਮੁਸੀਬਤਾਂ ਸਾਹਮਣੇ ਹੌਂਸਲੇ ਨਾਲ ਡੱਟ ਕੇ ਖਲੋ ਜਾਂਦੇ ਹਨ ਤੇ ਉਨ੍ਹਾਂ ਉੱਪਰ ਫਤਹਿ ਪਾ ਲੈਂਦੇ ਹਨ। ਖੇਡਾਂ ਉਹ ਕੁਝ ਸਿਖਾਉਂਦੀਆਂ ਹਨ ਜੋ ਨਿਰੀ ਪੜ੍ਹਾਈ ਨਹੀਂ ਸਿਖਾ ਸਕਦੀ।
    2. ਵਿਦਿਆਰਥੀ ਜੀਵਨ ਮਨੁੱਖ ਦੇ ਜੀਵਨ ਦਾ ਇਕ ਬੜਾ ਕੀਮਤੀ ਭਾਗ ਹੈ। ਇਹ ਅਵਸਰ ਉਹ ਬੁਨਿਆਦ ਹੈ ਜਿਸ ਉੱਪਰ ਆਉਣ ਵਾਲੀ ਜ਼ਿੰਦਗੀ ਦਾ ਮਾਹੌਲ ਉਸਾਰਿਆ ਜਾਂਦਾ ਹੈ। ਜਿੰਨਾ ਕੋਈ ਸਿ ਨੀਂਹ ਨੂੰ ਪੱਕਾ ਕਰ ਲੈਂਦਾ ਹੈ, ਓਨਾ ਹੀ ਉਹ ਆਪਣੀ ਜ਼ਿੰਦਗੀ ਸਵਾਰ ਲੈਂਦਾ ਹੈ। ਬਹੁਤ ਸਾਰੇ ਵਿਦਿਆਰਥੀ ਇਸ ਜੀਵਨ ਨੂੰ ਰਿਨਾ ਮੌਜ ਮੇਲਾ ਅਤੇ ਹੱਸਣ-ਖੇਡਣ ਦਾ ਮੌਕਾ ਸਮਝਦੇ ਹਨ ਅਤੇ ਇਸ ਜੀਵਨ ਵਿਚੋਂ ਕੁਝ ਪ੍ਰਾਪਤ ਨਾ ਕਰਦੇ ਹੋਏ ਇਸ ਨੂੰ ਵਿਅਰਥ ਗਵਾ ਦਿੰਦੇ ਹਨ। ਇਸ ਲਾਪਰਵਾਹੀ ਲਈ ਉਨ੍ਹਾਂ ਨੂੰ ਬਾਅਦ ਵਿਚ ਪਛਤਾਉਣਾ ਪੈਂਦਾ ਹੈ ਕਿਉਂਕਿ ਜ਼ਿੰਦਗੀ ਦੀਆਂ ਕੌੜੀਆਂ ਅਸਲੀਅਤਾਂ ਦਾ ਸਾਹਮਣਾ ਕਰਨ ਲਈ ਉਨ੍ਹਾਂ ਨੇ ਆਪਣੇ ਆਪ ਨੂੰ ਤਿਆਰ ਨਹੀਂ ਕੀਤਾ ਹੁੰਦਾ।
    3. ਭਾਈ ਗੁਰਦਾਸ ਜੀ ਦੀ ਸ਼ਖ਼ਸੀਅਤ ਬਹੁਤ ਉੱਚੀ ਸੀ। ਹਰ ਜਗ੍ਹਾ ਹਰ ਮੌਕੇ ਉੱਤੇ ਆਪ ਦਾ ਪ੍ਰਭਾਵ ਅਤੀ ਡੂੰਘਾ ਪੈਂਦਾ ਸੀ। ਆਪਦੀ ਪਦਵੀ ਗੁਰਸਿੱਖਾਂ ਤੇ ਵਿਦਵਾਨਾਂ ਵਿਚੋਂ ਬਹੁਤ ਉੱਘੀ ਸੀ। ਆਪ ਦੇ ਅੰਤਰ-ਆਤਮੇ ਸਤਿਗੁਰੂ ਜੀ ਆਪ ਵਸਦੇ ਸਨ। ਗੁਰਬਾਣੀ ਸੁਣ ਕੇ, ਪੜ੍ਹ ਕੇ, ਵਿਚਾਰ ਕੇ, ਉਸ ਉੱਤੇ ਅਮਲ ਕਰਨ ਵਾਲੇ ਸਨ।ਦੇਸ਼-ਦੇਸ਼ਾਂਤਰਾਂ ਵਿਚ ਗੁੜ੍ਹੇ ਰਸ ਮਾਣਦੇ, ਵਿਚਰਦੇ ਬਹੁਤ ਦੁਨੀਆਂ ਨੂੰ ਦੇਖਦੇ, ਸਮਝਦੇ, ਤਜਰਬੇਕਾਰ ਗੁਰੂ ਸੇਵਕ ਸਨ। ਆਪ ਕੁਦਰਤਤੇ ਉਹਦੇ ਵਿਸਮਾਦ ਵਿਚ ਝੂਮਦੇ ਗੁਰੂ ਦੇ ਨਿਕਟਵਰਤੀ ਸ਼ਰਧਾਲੂ ਵਿਦਵਾਨ ਕਵੀ ਸਨ। ਆਪਦੀ ਕਵਿਤਾ ਸੁੱਤੇ ਸਿੱਧ ਹੀ ਸਿਫ਼ਤ ਸਲਾਹ ਅਤੇ ਗੁਣਾਂ ਦਾ ਵਰਨਣ ਕਰਨ ਵਾਲੀ ਤੇ ਰਸਦਾਇਕ ਸੀ। ਸਤਿਗੁਰੂ ਜੀ ਆਪ ਸਮੇਂ-ਸਮੇਂ ਸਿਰ ਇਨ੍ਹਾਂ ਦੀ ਕਵਿਤਾ ਸੁਣਦੇ, ਟੀਕਾ ਟਿੱਪਣੀ ਕਰਦੇ ਅਤੇ ਹੋਰ ਉਚਾਈਆਂ ਦੀ ਰੰਗਤ ਦਿੰਦੇ। ਸਤਿਗੁਰੂ ਜੀ ਨੇ ਭਾਈ ਸਾਹਿਬ ਨੂੰ ਪੂਰਨ ਕਲਾਕਾਰ ਬਣਾਉਣ ਦੀ ਬਖਸ਼ਿਸ਼ ਕੀਤੀ। ਕਈ ਵਰ ਦਿੱਤੇ, ਇਨਾਮ ਬਖਸ਼ੇ, ਉਤਸ਼ਾਹ ਦਿੱਤਾ ਤੇ

**ਨੋਟ**

ਵਡਿਆਇਆ। ਆਪ ਦੀ ਕਵਿਤਾ ਨੂੰ ਸਤਿਗੁਰੂ ਨੇ ਗੁਰਬਾਣੀ ਦੀ ਕੁੰਜੀ ਹੋਣ ਦਾ ਵਰ ਬਖਸ਼ਿਆ।

4. ਪੰਜਾਬੀ ਸਾਹਿਤਦੀ ਸੂਫ਼ੀ ਕਾਵਿ-ਧਾਰਾ ਵਿਚ ਬਾਬਾ ਫ਼ਰੀਦ ਸ਼ਕਰਗੰਜ ਪਹਿਲੇ ਪੜਾਅ ਦੇ ਸੂਫ਼ੀ ਕਵੀ ਹਨ, ਜਿਨ੍ਹਾਂ ਨੇ ਸ਼ਰ੍ਹਾ ਦੇ ਅਧਾਰ 'ਤੇ (ਮੁਰਸ਼ਦ ਦੀ ਥਾਂ) ਅਣਦਿਸਦੇ ਰੱਬ ਦੀ ਪ੍ਰੀਤ ਨੂੰ ਕਾਵਿ-ਬੱਧ ਕੀਤਾ। ਇਹ ਕਾਵਿ-ਧਾਰਾ ਸ਼ਾਹ ਹੁਸੈਨ ਦੁਆਰਾ ਦੂਜੇ ਪੜਾਅ 'ਤੇ ਪੁੱਜਦੀ ਹੈ, ਜਿਨ੍ਹਾਂ ਨੇ ਅਣਦਿੱਸਦੇ ਰੱਬ ਦੀ ਥਾਂ ਮੁਰਸ਼ਦ (ਦਿੱਸਦਾ ਰੱਬ) ਨਾਲ ਸਬੰਧ ਜੋੜ ਕੇ ਅਧਿਆਤਮਕਤਾ ਨੂੰ ਧਰਤੀ ਦੀ ਛਹੁ ਦਿੱਤੀ ਅਤੇ ਜਿਨ੍ਹਾਂ ਸ਼ਰ੍ਹੇਈ ਨੇਮਾਂ ਤੋਂ ਸੀਮਤ ਜਿਹੀ ਖੁੱਲ੍ਹ ਲਈ, ਪਰ ਹਲੀਮੀ ਦਾ ਪੱਲਾ ਹੱਥੋਂ ਨਾ ਛੱਡਿਆ। ਇਹ ਧਾਰਾ ਸਾਈ ਬੁੱਲ੍ਹੇ ਸ਼ਾਹ ਰਾਹੀਂ ਤੀਜੇ ਪੜਾਅ ਜਾਂ ਸਿਖਰ ਨੂੰ ਛੋਂਹਦੀ ਹੈ, ਜਿਨ੍ਹਾਂ ਨੇ ਸ਼ਰ੍ਹਾ ਦੇ ਬੰਧਨ ਤੋੜ ਦਿੱਤੇ,ਮੁਰਸ਼ਦ ਹੁਰਾਂ ਨਾਲ ਚੰਗੀ-ਚੋਖੀ ਖੁੱਲ੍ਹ ਲੈਂਦਿਆਂ ਹੋਇਆਂ ਇੱਥੋਂ ਤੀਕ ਕਿ ਬਰਾਬਰੀ ਕਰਦਿਆਂ ਹੋਇਆਂ, ਉਨ੍ਹਾਂ ਨੂੰ ਤਾਹਨੇ-ਮਿਹਣੇ ਵੀ ਮਾਰੇ। ਪੰਜਾਬੀ ਵਿਚ ਜੋ ਸਥਾਨ ਗੁਰਮਤਿ-ਸਾਹਿਤ ਵਿਚ ਗੁਰੂ ਨਾਨਕ ਦੇਵ ਜੀ ਨੂੰ, ਬੀਰ-ਸਾਹਿਤ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਅਤੇ ਕਿੱਸਾ-ਸਾਹਿਤ ਵਿਚ ਸੱਯਦ ਵਾਰਿਸ ਸ਼ਾਹ ਨੂੰ ਪ੍ਰਾਪਤ ਹੈ, ਉਹੀ ਮਾਣ ਸੂਫ਼ੀ ਸਾਹਿਤ ਵਿਚ ਸਾਈਂ ਬੁੱਲ੍ਹੇ ਸ਼ਾਹ ਨੂੰ ਹਾਸਿਲ ਹੈ। ਆਪ ਨੂੰ ਇਹ ਸਨਮਾਨ ਆਪ ਦੇ ਸਰਬ-ਸਾਂਝੇ ਧਾਰਮਿਕ ਫ਼ਲਸਫ਼ੇ,ਲੋਕ ਕਾਵਿ-ਰੂਪਾਂ, ਲੋਕ ਕਾਵਿ ਚਿੰਨ੍ਹਾਂ, ਲੋਕ-ਛੰਦਾਂ, ਸ਼ਰ੍ਹਈ ਅੰਸ਼ ਤੇ ਪੰਜਾਬੀਅਤ ਦੀ ਮਾਣ ਸਦਕਾ ਦਿੱਤਾ ਜਾਂਦਾ ਹੈ। ਇਨ੍ਹਾਂ ਕਾਰਣਾਂ ਕਰਕੇ ਹੀ ਤਾਂ ਆਪ ਨੂੰ ਸੂਫ਼ੀਆਂ ਦਾ ਸਿਰਤਾਜ ਕਵੀ ਕਹਿ ਕੇ ਯਾਦ ਕੀਤਾ ਜਾਂਦਾ ਹੈ। ਆਪ ਦੀਆਂ ਕਾਫ਼ੀਆਂ ਹੁਣ ਵੀ ਲੋਕ-ਮੂੰਹਾਂ 'ਤੇ ਚੜ੍ਹੀਆਂ ਹੋਈਆਂ ਹਨ ਅਤੇ ਸੂਫ਼ੀਆਂ ਦੇ ਤਕੀਆਂ 'ਤੇ ਨੱਚ-ਨੱਚ ਕੇ ਗਾਈਆਂ ਜਾਂਦੀਆਂ ਹਨ।

5. 'ਲੋਕ ਨਾਚ' ਉਹ ਨਾਚ ਹੈ ਜਿਸ ਨੂੰ ਲੋਕੀਂ ਨੱਚਦੇ ਹੋਣ, ਜਿਸ ਵਿਚ ਇਲਾਕੇ ਦੇ ਆਮ ਲੋਕੀਂ ਆਪਣੀਆਂ ਖੁਸ਼ੀਆਂ, ਸੱਧਰਾਂ ਮਨ ਦੀਆਂ ਭਾਵਨਾਵਾਂ ਅਤੇ ਵਲਵਲੇ ਦਰਸਾਉਂਦੇ ਹੋਣ। ਲੋਕ ਨਾਚ ਆਪਣੇ ਇਲਾਕੇ ਦੀ ਸੱਭਿਅਤਾ ਦਾ ਸਹੀ ਦਰਪਣ ਹੁੰਦਾ ਹੈ ਕਿਉਂਕਿ ਜਦੋਂ ਲੋਕ ਖੁਸ਼ੀ ਦੀ ਤਰੰਗ ਵਿਚ ਹੁੰਦੇ ਹਨ ਤਾਂ ਉਹ ਆਪਣੇ ਅਸਲੇ ਨੂੰ ਪ੍ਰਗਟ ਕਰਦੇ ਹਨ। ਮੁੱਢਲਾ ਮਨੁੱਖ ਜਦੋਂ ਖੁਸ਼ੀ ਵਿਚ ਆ ਕੇ ਨੱਚਣ ਲੱਗਾ ਤਾਂ ਉਸ ਦੇ ਸਾਥੀ ਉਸ ਨੂੰ ਖੁਸ਼ ਵੇਖ ਕੇ ਨਾਲ ਹੀ ਨੱਚਣ ਲੱਗ ਪਏ। ਇਕ ਦੀ ਖੁਸ਼ੀ ਵੱਧਕੇ ਕਈ ਗੁਣਾ ਹੋ ਗਈ, ਜਦ ਉਸ ਦੂਜਿਆਂ ਨੂੰ ਵੀ ਆਪਣੀ ਖੁਸ਼ੀ ਵਿਚ ਮਸਤ ਹੋ ਕੇ ਆਪਣੇ ਨਾਲ ਨੱਚਦੇ ਵੇਖਿਆ। ਖੁਸ਼ੀਆਂ ਦੀਆਂ ਘੜੀਆਂ ਲਈ ਲੋਕ-ਨਾਚ ਲੋਕਾਂ ਦਾ ਇਹ ਸਹਿਜ ਵਸੀ ਬਣ ਗਿਆ। ਪੁੱਤਰ ਜੰਮਣ 'ਤੇ, ਵਿਆਹ-ਸ਼ਾਦੀ ਉੱਤੇ, ਤਿੱਥਾਂ-ਤਿਉਹਾਰਾਂ ਉੱਤੇ, ਮੇਲਿਆਂ ਅਤੇ ਹੋਰ ਖੁਸ਼ੀ ਭਰੇ ਇਕੱਠਾ ਤੇ ਨੱਚਣਾ ਇਕ ਜ਼ਰੂਰੀ ਅੰਗ ਸਮਝਿਆ ਜਾਣ ਲੱਗ ਪਿਆ।

6. ਉਂਜ ਤਾਂ ਮਨੁੱਖ ਤੋਂ ਨੀਵੇਂ ਦਰਜੇ ਦੇ ਕਈ ਜੀਵ ਜੰਤੂ ਸਮੂਹ ਬਣਾ ਕੇ ਜਾਂ ਢਾਣੀਆਂ ਵਿਚ ਹੀ ਰਹਿ ਸਕਦੇ ਹਨ, ਪਰ ਜੇਕਰ ਮਨੁੱਖ ਪਰਿਵਾਰ ਬਣਾ ਕੇ ਗਿਰੋਹਾਂ ਜਾਂ ਕਬੀਲਿਆਂ, ਕੌਮਾਂ ਵਿਚ ਨਾ ਰਹਿੰਦੇ ਹੁੰਦੇ, ਤਦ ਮਨੁੱਖ ਜਾਤੀ ਦਾ ਬੀਅ ਨਾਸ ਹੋ ਗਿਆ ਹੁੰਦਾ। ਇਕੱਠੇ ਮਿਲ ਕੇ ਕਾਮਯਾਬੀ ਨਾਲ ਰਹਿਣ ਲਈ ਬੰਧੇਜ ਦੀ ਰਹਿਣੀ-ਬਹਿਣੀ ਜਾਂ ਵਿਸ਼ੇਸ਼ ਆਚਾਰ-ਵਿਹਾਰ ਦੀ ਲੋੜ ਹੁੰਦੀ ਹੈ। ਜੇਕਰ ਆਚਾਰ, ਗਿਰੋਹਾਂ ਦੇ ਵਾਧੇ ਤੇ ਉਸ ਦੇ ਭਲੇ ਲਈ ਹੈ, ਤਾਂ ਇਹ 'ਸਦਾਚਾਰ' ਅਖਵਾਏਗਾ। ਅਤੇ ਜੇ ਉਹ ਇਸ ਦੇ ਉਲਟ ਗਿਰੋਹ ਨੂੰ ਹਰਜ ਪੁਚਾਉਣ ਵਾਲਾ ਹੈ, ਤਦ 'ਦੁਰਾਚਾਰ'। ਗਿਰੋਹ ਦੀ ਭਲਾਈ ਇਸ ਗੱਲ ਵਿਚ ਹੈ ਤੇ ਬੁਰਾਈ ਕਿਸ ਵਿਚ, ਇਸ ਦਾ ਫੈਸਲਾ ਗਿਰੋਹ ਦੀਆਂ ਵੇਲੇ-ਵੇਲੇ ਦੀਆਂ ਲੋੜਾਂ ਦੇ ਪੂਰਾ ਹੋ ਸਕਣਾ ਜਾਂ ਉਸ ਵਿਚ ਰੋਕਾ ਪੈਣ ਤੇ ਨਿਰਭਰ ਕਰਦਾ ਹੈ। 'ਸਦਾਚਾਰ' ਕੋਈ ਨਾ ਬਦਲਣ ਵਾਲੀ ਬੱਝਵੀਂ ਜਾਂ ਸਦੀਵੀ ਸ਼ੈ ਨਹੀਂ ਅਤੇ ਨਾ ਹੀ ਇਹ ਉੱਪਰੋਂ ਆਈ ਈਸ਼ਵਰੀ ਆਗਿਆ ਹੈ। ਜੋ ਕੁਝ ਵੀ 'ਸਦਾਚਾਰ' ਹੈ ਉਹ ਸਾਰੇ ਦਾ ਸਾਰਾ ਮਨੁੱਖ ਨੇ ਹੀ ਆਪਣੇ ਲਈ ਵੇਲੇ-ਵੇਲੇ ਸਿਰ ਬਣਾਇਆ ਹੈ।

ਨੋਟ

7. ਆਰਮ ਸਟਰਾਂਗ ਅਤੇ ਉਸ ਦੇ ਸਾਥੀ ਜਿਹੜੇ ਪਹਿਲਾਂ ਚੰਨ ਤੇ ਜਾ ਕੇ ਉੱਤਰੇ ਸਨ, ਉਹ ਜਦ ਵਾਪਸ ਆਏ ਤਾਂ ਉਨ੍ਹਾਂ ਨੂੰ ਕਿਸੇ ਨੇ ਪੁੱਛਿਆ ਕਿ ਕਿਹੜੇ ਸਾਇੰਸਦਾਨ ਨੇ ਤੁਹਾਨੂੰ ਚੰਨ 'ਤੇ ਪਹੁੰਚਾਇਆ ਸੀ, ਉਨ੍ਹਾਂ ਦਾ ਜਵਾਬ ਸੀ ਨਿਊਟਨ ਨੇ। ਜੇ ਨਿਊਟਨ ਦੇ ਕੱਢੇ ਕੁਦਰਤੀ ਕਾਨੂੰਨ ਨਾ ਹੁੰਦੇ ਤਾਂ ਬਾਕੀ ਖੋਜ ਕਿਸ ਤਰ੍ਹਾਂ ਹੁੰਦੀ? ਪੰਜਾਬੀ ਵਿਚ ਕਹਾਵਤ ਹੈ ਕਿ ਬੂੰਦ-ਬੂੰਦ ਨਾਲ ਦਰਿਆ ਭਰਦਾ ਹੈ। ਇਕ ਆਦਮੀ ਤਜਰਬੇ ਅਤੇ ਵਿਚਾਰਾਂ ਕਰਕੇ ਕੁਝ ਗਿਆਨ ਪ੍ਰਾਪਤ ਕਰਦਾ ਹੈ। ਦੂਜਾ ਉਨ੍ਹਾਂ ਤੇ ਖੜ੍ਹਾ ਹੋ ਕੇ ਇਨ੍ਹਾਂ ਤਜਰਬਿਆਂ ਅਤੇ ਵਿਚਾਰਾਂ ਦੀ ਲੜੀ ਜਾਰੀ ਰੱਖਦਾ ਹੈ। ਤੀਜਾ ਹੋਰ ਅੱਗੇ ਇਹ ਸਲਸਿਲਾ ਜਦ ਸਦੀਆਂ ਤੱਕ ਜਾਰੀ ਰਹਿੰਦਾ ਹੈ ਤਾਂ ਇਲਮ ਦਾ ਭੰਡਾਰ ਹਿਮਾਲਿਆ ਦੀਆਂ ਸਿਖਰਾਂ ਨੂੰ ਛੂੰਹਦਾ ਹੈ। ਇਨਸਾਨ ਨੇ ਕੁਝ ਸਦੀਆਂ ਵਿਚ ਬੇ-ਇਨਤਾਹ ਤਰੱਕੀ ਕੀਤੀ ਹੈ। ਕਿੱਥੇ ਖੁੰਦਰਾ ਵਿਚ ਰਹਿਣ ਵਾਲਾ ਬਣਮਾਨਸ ਅਤੇ ਕਿੱਥੇ ਪੰਜਾਹ ਮੰਜਲੇ ਮਕਾਨ ਵਿਚ ਰਹਿਣ ਵਾਲਾ, ਦੈਵੀ ਗੁਣਾਂ ਵਾਲਾ ਮਨੁੱਖ, ਫੇਰ ਲੁੱਤਫ ਇਹ ਹੈ ਕਿ ਵਿਕਾਸ ਜਾਰੀ ਹੈ ਅਤੇ ਦਿਨੋਂ-ਦਿਨ ਗੱਡੀ ਤੇਜ਼ ਹੋ ਰਹੀ ਹੈ। ਪਰਮਾਤਮਾ ਹੀ ਜਾਣੇ ਕਿ ਇਨਸਾਨ ਨੇ ਕਿੱਥੇ ਦਾ ਕਿੱਥੇ ਪਹੁੰਚਣਾ ਹੈ।

8. ਪੰਜਾਬੀ ਸੱਭਿਆਚਾਰ ਕੋਈ ਗਿੱਧੇ ਭੰਗੜੇ ਦਾ ਸੱਭਿਆਚਾਰ ਨਹੀਂ ਜਿਸ ਤਰ੍ਹਾਂ ਕੁਝ ਲੋਕ ਕਹਿੰਦੇ ਹਨ। ਇਹ ਤਾਂ ਬਹੁਤ ਚੇਤਨ ਉਸਾਰੀ ਤੇ ਕਰਨੀ ਪ੍ਰਧਾਨ ਸੱਭਿਆਚਾਰ ਹੈ, ਜਿਸ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਅੱਜ ਦਾ ਪੰਜਾਬੀ ਅਜਿਹੇ ਚੇਤਨ ਸੱਭਿਆਚਾਰਤੋਂ ਉਰੇ ਜਾਂ ਪਰ੍ਹੇ ਖਿਸਕਿਆ ਹੋਇਆ ਹੈ। ਇਸੇ ਕਰਕੇ ਉਸ ਇਸ ਪ੍ਰਤੀ ਚੇਤਨ ਵਫ਼ਾਦਾਰ ਨਹੀਂ ਹੈ। ਪੰਜਾਬੀ ਸੱਭਿਆਚਾਰ ਚੇਤਨ ਪੱਧ੍ਰ ਤੇ ਆਪਣੇ ਵਿਚ ਬਹੁਤ ਕੁਝ ਸਮੇਟੀ ਬੈਠਾ ਹੈ। ਪੰਜ ਨਦੀਆਂ ਦਾ ਦੇਸ਼ ਪੰਜਾਬ ਸ਼ੁਰੂ ਤੋਂ ਹੀ ਹਮਲਾਵਰਾਂ ਦਾ ਰਾਹ ਬਣਿਆ ਰਿਹਾ ਹੈ। ਜਿਸ ਨਾਲ ਪੰਜਾਬੀ ਸਦਾ ਜੂਝਦਾ ਰਿਹਾ ਤੇ ਜਿੱਤਾ ਹਾਸਲ ਕਰਦਾ ਰਿਹਾ। ਬਹਾਦਰੀ, ਅਣਖ ਤੇ ਆਪਾ ਵਾਰਨ ਦੀ ਸਮਰੱਥਾ ਇਸ ਦੇ ਸੱਭਿਆਚਾਰਦਾ ਇਕ ਅਟੁੱਟ ਹਿੱਸਾ ਰਿਹਾ ਹੈ। ਪੰਜਾਬੀ ਸੱਭਿਆਚਾਰ ਭਾਈ ਘਨ੍ਹਈਆ ਜੀ ਦੁਸ਼ਮਣਾਂ ਨੂੰ ਪਾਣੀ ਪਿਲਾਉਂਦਾ ਹੈ, ਲਾਲਾ ਲਾਜਪਤ ਰਾਏ ਤੇ ਭਗਤ ਸਿੰਘਦੇਸ਼ ਭਗਤੀ ਦਾ ਜਲਵਾ ਪਰਗਟਾਉਂਦੇ ਹਨ। ਕਵੀ ਪ੍ਰੋ. ਪੂਰਨ ਸਿੰਘ ਨੂੰ ਰਾਂਝਾ ਤੇ ਹੀਰ ਗੁਰੂ ਦੇ ਸਿੱਖ ਜਾਪਦੇ ਹਨ। ਪੰਜਾਬ ਦੇ ਦਰਿਆ ਜਪ ਸਾਹਿਬ ਗਾਉਂਦੇ ਹਨ। ਕਿਸਾਨ ਖੇਤਾਂ ਵਿਚ ਅੰਨ ਉਪਜਾਉਂਦਾ ਹੈ ਤੇ ਪੂਰੇ ਭਾਰਤ ਵਾਸੀਆਂ ਦਾ ਢਿੱਡ ਭਰ ਜਾਂਦਾ ਹੈ। ਲਗਨ, ਮਿਹਨਤ, ਸਕੰਟ ਵਿਚ ਵੀ ਭਰੋਸਾ ਚੜ੍ਹਦੀ ਕਲਾ, ਸ਼ਾਸਤਰ ਤੇ ਸ਼ਸਤਰ, ਪੂਰੀ ਪ੍ਰਤੀਬੱਧਤਾ ਕੌਮਾਂਤਰੀ ਪਰਿਪੇਖ ਪ੍ਰਤੀ ਜਾਗਰੂਕਤਾ ਆਦਿ। ਕਈ ਲੋਕ ਪੰਜਾਬ ਸੱਭਿਆਚਾਰਦੀ ਤਸਵੀਰ ਦਾ ਹਾਲੇ ਧੁੰਦਲਾ ਹੀ ਪੱਖ ਉਸਾਰਦੇ ਹਨ। ਸੋ ਲੋੜ ਹੈ ਇਸ ਨੂੰ ਸਮਝਣ ਦੀ ਇਸ ਪ੍ਰਤੀ ਚੇਤਨ ਹੋਣ ਦੀ, ਇਸ ਨੂੰ ਅਪਨਾਉਣ ਦੀ।

9. ਜਿਸ ਦੇ ਪੈਦਾ ਕਰਨ ਨਾਲ ਮਨੁੱਖ ਹੰਕਾਰ ਵਿਚ ਅੰਨ੍ਹਾ ਹੋ ਜਾਂਦਾ ਹੈ ਅਜਿਹੀ ਦੌਲਤ ਤੋਂ ਦੂਰ ਰਹਿਣਾ ਚਾਹੀਦਾ ਹੈ। ਧਨ ਓਨਾ ਹੀ ਪੈਦਾ ਕਰਨਾ ਚਾਹੀਦਾ ਹੈ ਜਿੰਨਾ ਕੁ ਹੱਕ ਨਾਲ ਮਿਲੇ। ਜਿਸ ਦਾ ਵਰਤਾਓ ਹੰਕਾਰ ਦੇ ਬਿਨਾਂ ਹੋ ਸਕੇ, ਜਿਸ ਦਾ ਦਾਨ ਖੁਸ਼ੀ ਨਾਲ ਕੀਤਾ ਜਾ ਸਕੇ ਅਤੇ ਜਿਸ ਦੇ ਛੱਡ ਜਾਣ ਵਿਚ ਦੁੱਖ ਨਾ ਹੋਵੇ। ਵਿਰਕਤ ਸਾਧੂਆਂ ਵਾਂਗ ਧਨ ਦਾ ਨਿਰਾਦਰ ਨਹੀਂ ਕਰਨਾ ਚਾਹੀਦਾ ਪਰ ਪਦਾਰਥ ਇਕੱਠਾ ਕਰਕੇ ਦੂਸਰੇ ਲੋਕਾਂ ਲਈ ਬਦ-ਫੈਲੀਆਂ ਕਰਨ ਵਾਸਤੇ ਵੀ ਨਹੀਂ ਛੱਡ ਜਾਣਾ ਚਾਹੀਦਾ। ਦੇਖੋ, ਸਿਥਰੋ ਰੈਬੀਰੀਅਸ, ਪਾਸਥਮ ਦੀ ਬਾਬਤ ਕਿੰਨਾ ਚੰਗਾ ਕਿਹਾ ਹੈ। ਉਹ ਕਹਿੰਦਾ ਹੈ ਕਿ, "ਸਰਕਾਰ ਨੇ ਜੋ ਇੰਨੇ ਦੁੱਖ ਸਹਾਰਕੇ ਧਨ ਪੈਦਾ ਕੀਤਾ ਸੀ, ਉਹ ਲੋਭ ਦੇ ਵਸ ਹੋ ਕੇ ਨਹੀਂ, ਸਗੋਂ ਇਸ ਲੀ ਕਿ ਉਹ੍ਸ ਧਨ ਨਾਲ ਪਰਉਪਕਾਰ ਕਰ ਸਕੇ।" ਇਕਦਮ ਹੀ ਧਨਵਾਨ ਹੋਣ ਦਾ ਯਤਨ ਨਹੀਂ ਕਰਨਾ ਚਾਹੀਦਾ। ਸਾਲੇਮਨ ਦਾ ਕਹਿਣਾ ਹੈ ਕਿ ਜੋ ਮਨੁੱਖ ਛੇਤੀ ਧਨਵਾਨ ਹੋ ਜਾਂਦਾ ਹੈ, ਉਹ ਪਾਪਾਂ ਤੋਂ ਨਹੀਂ ਬਚਦਾ, ਅਰਥਾਤ ਉਹ ਕੁਕਰਮਾਂ ਵਿਚ ਪ੍ਰਵਿਰਤ ਹੋ ਜਾਂਦਾ ਹੈ। ਪੁਰਾਣੇ ਕਵੀਆਂ ਨੇ ਕਿਹਾਹੈ ਕਿ ਜੁਪੀਟਰ (ਗੁਰੂ ਬ੍ਰਿਹਸਪਤੀ) ਜਦ ਪਲੂਟਸ (ਕੁਬੇਰ) ਨੂੰ ਭੇਜਦਾ ਹੈ ਕਿ ਤਦ ਉਹ ਲੰਗੜਾਉਂਦਾ ਹੋਇਆ ਹੌਲੀ-ਹੌਲੀ ਆਉਂਦਾ ਹੈ

**ਨੋਟ**

ਪਰ ਜਦ ਪਲੂਟੋ (ਯਮਰਾਜ) ਉਸ ਨੂੰ ਭੇਜਦਾ ਹੈ ਤਾਂ ਉਹ ਦੌੜਦਾ ਹੋਇਆ ਛੇਤੀ ਆਉਂਦਾ ਹੈ, ਅਰਥਾਤ ਚੰਗੇ ਕੰਮ ਤੋਂ ਤੇ ਮਿਹਨਤ ਨਾਲ ਜੋ ਧਨ ਮਿਲਦਾ ਹੈ, ਉਹ ਹੌਲੀ-ਹੌਲੀ ਇਕੱਠਾ ਹੁੰਦਾਹੈ, ਪਰ ਕਿਸੇ ਸਬੰਧੀ ਦੇ ਮਰ ਜਾਣ ਕਰੇਕ ਜਾਂ ਕਿਸੇ ਵਸੀਅਤ ਦੇ ਨਾਲ ਜੋ ਧਨ ਮਿਲਦਾ ਹੈ, ਉਹ ਅਚਾਨਕ ਇਕ ਵਾਰੀ ਹੀ ਆ ਜਾਂਦਾ ਹੈ।

10. ਭਾਰਤ ਇਕ ਵਿਸ਼ਾਲ ਦੇਸ਼ ਹੈ। ਸੱਭਿਆਚਾਰਕ ਤੌਰ 'ਤੇ ਭਾਵੇਂ ਸਾਡਾ ਦੇਸ਼ ਇਕਮੁੱਠ ਹੈ, ਪਰ ਹਾਲੀਂ ਅਸੀਂ ਉਹ ਬੰਧਨ ਪੱਕੇ ਕਰਨੇ ਹਨ ਜੋ ਇਸ ਨੂੰ ਇਕ ਸ਼ਕਤੀਸ਼ਾਲੀ ਅਤੇ ਉੱਨਤ ਰਾਸ਼ਟਰ ਬਣਾ ਸਕਣਗੇ। ਸਾਡੇ ਦੇਸ਼ ਵਿਚ ਅਨੇਕ ਭਾਸ਼ਾਵਾਂ ਹਨ। ਏਨੀਆਂ ਭਾਸ਼ਾਵਾਂ ਸ਼ਾਇਦ ਦੁਨੀਆਂ ਦੇ ਕਿਸੇ ਹੋਰ ਦੇਸ਼ ਵਿਚ ਨਹੀਂ ਹਨ। ਪਰ, ਮੰਦੇ ਭਾਗਾਂ ਨੂੰ ਅਸੀਂ ਆਪਣੀ ਗੁਆਂਢੀ ਭਾਸ਼ਾ ਅਥਵਾ ਭਾਸ਼ਾਵਾਂ ਵਿਚ ਬਹੁਤ ਘੱਟ ਦਿਲਚਸਪੀ ਲੈਂਦੇ ਹਾਂ। ਇਸ ਲਈ ਸਾਨੂੰ ਉਨ੍ਹਾਂ ਦੇ ਅਨਮੋਲ ਭੰਡਾਰਾਂ ਦਾ ਗਿਆਨ ਨਹੀਂ ਹੁੰਦਾ। ਇਸ ਦੇ ਮੁਕਾਬਲੇ ਅਸੀਂ ਅੰਗਰੇਜ਼ੀ, ਫਰਾਂਸੀਸੀ ਅਤੇ ਜਰਮਨ ਆਦਿ ਭਾਸ਼ਾਵਾਂ ਦੇ ਸਾਹਿਤ ਅਤੇ ਯੂਰਪੀਨ ਸੱਭਿਆਚਾਰਾਂ ਤੋਂ ਵਧੇਰੇ ਚੰਗੀ ਤਰ੍ਹਾਂ ਜਾਣੂ ਹਾਂ। ਦੇਸ਼ ਦੇ ਭਾਵੁਕ ਅਤੇ ਸੱਭਿਆਚਾਰਕ ਸੰਗਠਨ ਲਈ ਬੜਾ ਜ਼ਰੂਰੀ ਹੈ ਕਿ ਦੇਸ਼ ਦੇ ਨਾਗਰਿਕ ਦੂਜੀਆਂ ਭਾਸ਼ਾਵਾਂ ਦੀਆਂ ਉੱਤਮ ਰਚਨਾਵਾਂ ਤੋਂ ਚੰਗੀ ਤਰ੍ਹਾਂ ਜਾਣੂ ਹੋਣ ਅਤੇ ਇਸ ਤਰ੍ਹਾਂ ਉਹ ਇਨ੍ਹਾਂ ਭਾਸ਼ਾਵਾਂ ਨਾਲ ਸਬੰਧਤ ਦੇਸ਼ ਵਾਸੀਆਂ ਦੇ ਜੀਵਨ ਢੰਗ ਅਤੇ ਉਨ੍ਹਾਂ ਦੀਆਂ ਸਾਹਿਤਕ ਪ੍ਰਾਪਤੀਆਂ ਦਾ ਗਿਆਨ ਹਾਸਲ ਕਰ ਸਕਣ।

11. ਸਵੇਰ ਦੀ ਸੈਰ ਦੀ ਜਿੰਨੀ ਮਹਿਮਾ ਕੀਤੀ ਜਾਵੇ ਥੋੜ੍ਹੀ ਹੈ। ਦਿਨ ਦਾ ਆਰੰਭ ਬਹੁਤ ਸੁਹਣਾ ਹੁੰਦਾ ਹੈ। ਚਾਰ-ਚੁਫੇਰਾ ਸ਼ਾਂਤ ਅਤੇ ਨਿਰਮਲ ਹੁੰਦਾ ਹੈ। ਹਵਾ ਸਵੱਛ ਹੁੰਦੀ ਹੈ। ਚਾਰ ਲੰਮੇ ਸਾਹ ਲਓ ਤਦ ਜਾਪਦਾ ਹੈ ਚੁਸਤੀ ਰੋਮ-ਰੋਮ ਵਿਚ ਵੱਸ ਗਈ ਹੈ। ਸਵੇਰ ਦੇ ਸਮੇਂ ਪ੍ਰਕਿਰਤੀ ਦੇ ਸਾਖਿਆਤ ਦਰਸ਼ਨ ਹੁੰਦੇ ਹਨ। ਦਿਨ ਦੇ ਵਕਤ ਸਾਡਾ ਧਿਆਨ ਰਾਹਾਂ ਦੇ ਰੁੱਖ ਬੂਟਿਆਂ ਵੱਲ ਕਦੇ ਜਾਂਦਾ ਹੀ ਨਹੀਂ। ਉਨ੍ਹਾਂ ਦੇ ਆਕਾਰ, ਕੱਦ ਅਤੇ ਹਰ ਰੁੱਖ-ਬੂਟੇ ਦਾ ਵਿਸ਼ੇਸ਼ ਪ੍ਰਭਾਵ ਸਵੇਰ ਦੇ ਸਮੇਂ ਹੀ ਵੇਖਿਆ ਅਤੇ ਪਰਤੀਤ ਕੀਤਾ ਜਾ ਸਕਦਾ ਹੈ। ਸੁਵੱਖਤੇ ਉੱਠਿਆ ਜਾਵੇ ਅਤੇ ਸੈਰ ਇਕੱਲਿਆਂ ਕੀਤੀ ਜਾਵੇ ਤਦ ਅਕਹਿ ਸੁਖ ਮਿਲਦਾ ਹੈ। ਇਹ ਸੈਰ ਕਰਦਿਆਂ ਛੇਤੀ ਹੀ ਪੰਛੀ ਆਪਣੀਆਂ ਮਧੁਰ ਅਵਾਜ਼ਾਂ ਦੇ ਨਾਲ ਜਾਣੋ ਅੰਗ ਸੰਗ ਹੋ ਜਾਂਦੇ ਹਨ। ਦੂਜਾ ਸੰਗ ਰੁੱਖਾਂ ਅਤੇ ਬੂਟਿਆਂ ਦਾ ਹੁੰਦਾ ਹੈ। ਉੱਪਰ ਝਾਤੀ ਮਾਰਨ ਤੇ ਤਾਰੇ ਝਾਤ-ਝਾਤ ਕਰਦੇ ਦਿੱਸਦੇ ਹਨ। ਉਹ ਵਿਦਾ ਹੋਣ ਵਾਲੇ ਹੁੰਦੇ ਹਨ, ਇਸ ਕਰਕੇ ਉਨ੍ਹਾਂ ਦੀਆਂ ਸੈਨਤਾਂ ਹੋਰ ਵੀ ਪਿਆਰੀਆਂ ਲੱਗਦੀਆਂ ਹਨ। ਕੀ ਉਹ ਸੱਚਮੁੱਚ ਵਿਦਾ ਹੋ ਜਾਂਦੇ ਹਨ? ਨਹੀਂ, ਵੱਧਦੇ ਚਾਨਣ ਵਿਚ ਸਾਨੂੰ ਦਿਸਣੋ ਹੱਟ ਜਾਂਦੇ ਹਨ। ਸੈਰ ਦੇ ਅਧਵਾਟੇ ਹੀ ਕੋਈ ਹੋਰ ਸੈਰ ਦਾ ਸ਼ੁਕੀਨ ਦਿਸ ਪੈਂਦਾ ਹੈ। ਫਿਰ ਸੁਵੱਖਤੇ ਕੰਮਾਂ ਨੂੰ ਨਿਕਲਣ ਵਾਲੇ ਵੀ ਰਾਹਾਂ ਦੀ ਸੁੰਨ ਨੂੰ ਤੋੜਦੇ ਹਨ।

12. ਮਹਾਰਾਜਾ ਰਣਜੀਤ ਸਿੰਘ ਆਪਣੇ ਜੀਵਨ-ਕਾਲ ਵਿਚ ਹੀ ਕਾਫ਼ੀ ਪ੍ਰਸਿੱਧ ਤੇ ਹਰਮਨ ਪਿਆਰੇ ਮਹਾਰਾਜ ਬਣ ਗਏ ਸੀ। ਉਨ੍ਹਾਂ ਦੇ ਨਾਂ ਨਾਲ ਸ਼ੇਰ-ਏ-ਪੰਜਾਬ' ਲਕਬ ਦਾ ਜੁੜ ਜਾਣਾ, ਇਸ ਦੀ ਪੁਸ਼ਟੀ ਲਈ ਪ੍ਰਤੱਖ ਪ੍ਰਮਾਣ ਹੈ। ਆਪਮੇ ਗੁਣਾਂ ਤੇ ਚੰਗੇ ਕਾਰਨਾਮਿਆਂ ਕਰਕੇ ਉਹ ਲੋਕ-ਮਾਨਸਿਕਤਾ ਵਿਚ ਪੂਰੀ ਤਰ੍ਹਾਂ ਵੱਸ ਚੁੱਕਾ ਹੋਇਆ ਸੀ।ੁਸ ਦੇ ਨਿਆਂ ਤੇ ਸ਼ਕਤੀ ਦੀਆਂ ਗੱਲਾਂ ਹਮੇਸ਼ਾਂ ਲੋਕਾਂ ਦੀ ਜ਼ਬਾਨ 'ਤੇ ਹੁੰਦੀਆਂ। ਉਸ ਦੇ ਰਾਜ ਵਿਚ ਪਰਜਾ ਸੁਖੀ ਸੀ, ਚਾਰੇ ਪਾਸੇ ਅਮਨ-ਸ਼ਾਂਤੀ ਸੀ ਅਤੇ ਕਿਸੇ ਨਾਲ ਕੋਈ ਵਿਤਕਰਾਂ ਨਹੀਂ ਸੀ ਕੀਤਾ ਜਾਂਦਾ। ਪੰਜਾਬੀਆਂ ਨੂੰ ਇਹ ਸੁੱਖ-ਸ਼ਾਂਤੀ ਦਾ ਮਾਹੌਲ ਬਹੁਤ ਚਿਰ ਮਗਰੋਂ ਵੇਖਣ ਨੂੰ ਮਿਲਿਆ ਸੀ। ਆਏ ਦਿਨ ਹੋਣ ਵਾਲੇ ਹਮਲਿਆਂ ਕਾਰਨ ਪੈਦਾ ਹੋਣ ਵਾਲੀ ਬਦਅਮਨੀ ਤੋਂ ਉਨ੍ਹਾਂ ਨੂੰ ਮਸਾਂ ਛੁਟਕਾਰਾਂ ਮਿਲਿਆ ਸੀ। ਮਹਾਰਾਜੇ ਦੀ ਸ਼ਖ਼ਸੀਅਤ ਦਾ ਜਲੌਅ ਇਤਨਾ ਸੀ ਕਿ ਹਮਲਾਵਰ ਉਸਤੋਂ ਖੌਫ਼ ਖਾਣ ਲੱਗੇ। ਇਉਂ ਮਹਾਰਾਜੇ ਨੇ ਆਪਣੀ ਸ਼ਕਤੀ ਨਾਲ ਇਸ ਧਰਤੀ 'ਤੇ ਹੋਣ ਵਾਲੇ ਹਮਲਿਆਂ ਦਾ ਸਿਲਸਿਲਾ ਸਦਾ ਲਈ ਬੰਦ ਕਰ ਦਿੱਤਾ। ਇਨ੍ਹਾਂ ਸਾਰੀਆਂ ਗੱਲਾਂ ਕਰਕੇ ਮਹਾਰਾਜਾ ਆਪਣੇ ਜੀਉਂਦੇ ਜੀਅ

ਨੋਟ

ਇਕ 'ਲੋਕ-ਨਾਇਕ' ਦਾ ਰੂਪ ਧਾਰ ਚੁੱਕਾ ਹੋਇਆਸੀ। ਮਹਾਰਾਜੇ ਦੀ ਮੌਤ ਤੋਂ ਬਾਅਦ, ਕੀ ਲੋਕ-ਰੂੜ੍ਹੀਆਂ ਤੇ ਲੋਕ-ਵਿਸ਼ਵਾਸ ਉਸ ਦੇ ਜੀਵਨ ਨਾਲ ਜੁੜ ਗਏ।

13. ਜਦੋਂ ਦਾ ਮਸ਼ੀਨੀ ਸਨਅਤ ਨੇ ਜਨਮ ਲਿਆ ਹੈ ਤੇ ਸਰਮਾਏਦਾਰੀ ਨਿਜ਼ਾਮ ਰਾਜ ਹੋਇਆ ਹੈ, ਇਨਸਾਨ ਦੀ ਚਿੜਚੜ੍ਹਾਹਟ ਤੇ ਖਿਝਾਹਟ ਵੱਧ ਰਹੀ ਹੈ ਅਤੇ ਸੰਤੁਸ਼ਟਤਾ ਤੇ ਗੰਭੀਰਤਾ ਅਲੋਪ ਹੋ ਰਹੀ ਹੈ। ਸਮਕਾਲੀ ਇਨਸਾਨ ਮਾਨਸਿਕ ਬਿਮਾਰੀਆਂ ਦਿਨੋਂ ਦਿਨ ਜ਼ਿਆਦਾ ਤੋਂ ਜ਼ਿਆਦਾ ਸ਼ਿਕਾਰ ਹੋ ਰਿਹਾ ਹੈ। ਜ਼ਿੰਦਗੀ ਉਸ ਨੂੰ ਫਿੱਕੀ, ਬੇਸੁਆਦੀ ਤੇ ਬੇਅਰਥ ਮਹਿਸੂਸ ਹੁੰਦੀ ਹੈ। ਉਹ ਆਲੇ ਦੁਆਲੇ ਤੋਂ ਬੇਜ਼ਾਰ ਹੈ। ਆਪਣੇ ਭਵਿੱਖ ਬਾਬਤ ਉਸ ਨੂੰ ਮਾਯੂਸੀ ਹੈ। ਕਈ ਵਾਰ ਹਾਰਟੁੱਟ ਕੇ ਉਹ ਦਿਲ ਛੱਡ ਬੈਠਦਾ ਹੈ ਤੇ ਕਈ ਵਾਰੀ ਜਾਹਲ ਤੇ ਬੇਮਤਲਬ ਨਫ਼ਰਤ ਦਾ ਸ਼ਿਕਾਰ ਹੋ ਕੇ ਪਾਗਲਾਂ ਵਾਂਗ ਸ਼ੋਰ ਮਚਾਉਂਦਾ ਹੈ। ਕਿਸੇ ਸਮਕਾਲੀ ਰੁਝੇਵੇਂ ਵਿਚ ਉਸ ਨੂੰ ਟਿਕਾ ਨਹੀਂ। ਤਬੀਅਤ ਬੜੀ ਅਵਾਜ਼ਾਰ ਹੈ। ਇਸ ਉਕਤਾਈ ਦੀ ਅਕਸਰ ਕੌ ਵਜ੍ਹਾ ਹੈ। ਬਹੁਤ ਵਿਚਾਰਵਾਨ ਇਸ ਦਸ਼ਾ ਨੂੰ ਮਸ਼ੀਨੀ ਸਨਅਤ ਤੇ ਉਸ ਤੋਂ ਉਪਜੀ ਜ਼ਿੰਦਗੀ ਦੀ ਤੇਜ਼ ਰਫ਼ਤਾਰੀ ਦਾ ਜ਼ਰੂਰੀ ਅੰਗ ਸਮਝਦੇ ਹਨ ਤੇ ਚੂੰਕਿ ਮਸ਼ੀਨ ਹੁਣ ਇਨਸਾਨੀ ਜ਼ਿੰਦਗੀ ਦਾ ਅੰਗ ਬਣ ਚੁੱਕੀ ਹੈ, ਇਸ ਲਈ ਉਹ ਇਸ ਬਿਮਾਰੀ ਨੂੰ ਲਾਇਲਾਜ ਸਮਝਦੇ ਹਨ।

14. ਮਨੁੱਖ ਅਕਸਰ ਬੇਵਸੀ ਵਿਚ ਜ਼ਿੰਦਗੀ ਦਾ ਪੁੱਠਾ ਪਾਸਾ ਹੀ ਵੇਖਦਾ ਹੈ, ਪਰ ਜੇ ਦੁੱਖ ਦੇ ਅਰਥ ਸਮਝ ਆ ਜਾਣ ਤਾਂ ਇਹ ਦੁੱਖ ਨਹੀਂ ਰਹਿੰਦਾ। ਪਤਨੀ ਦੀ ਮੌਤ ਕਾਰਨ ਇਕ ਬੇਵੱਸ ਆਦਮੀ ਲੇਖਕ ਨੂੰ ਕਹਿ ਰਿਹਾ ਸੀ, "ਮੈਨੂੰ ਸਮਝ ਨਹੀਂ ਆ ਰਹੀ ਕਿ ਮੈਂ ਕਿਵੇਂ ਜੀਵਾਂ?" ਲੇਖਕ ਨੇ ਪੁੱਛਿਆ, "ਜੇ ਤੁਸੀਂ ਪਹਿਲਾਂ ਮਰ ਜਾਂਦੇ ਹਾਂ ਤੁਹਾਡੀ ਪਤਨੀ ਨਾਲ ਕੀ ਵਾਪਰਦਾ?" ਪਤੀ ਕਹਿਣ ਲੱਗਾ, "ਉਸ ਨੇ ਤਾਂ ਰੋ-ਰੋ ਕੇ ਪਾਗਲ ਹੋ ਜਾਣਾ ਸੀ।" ਲੇਖਕ ਨੇ ਕਿਹਾ, "ਤੁਸੀਂ ਉਸ ਨੂੰਪਿਆਰਕਰਦੇ ਸੀ। ਤੁਸੀਂ ਇਹ ਕਿਉਂ ਨਹੀਂ ਸੋਚਦੇ ਕਿ ਤੁਸੀਂ ਉਸ ਨੂੰ ਰੋ-ਰੋ ਕੇ ਪਾਗਲ ਹੋ ਜਾਣਾ ਸੀ।" ਲੇਖਕ ਨੇ ਕਿਹਾ, "ਤੁਸੀਂ ਉਸ ਨੂੰ ਪਿਆਰ ਕਰਦੇ ਸੀ। ਤੁਸੀਂ ਇਹ ਕਿਉਂ ਨਹੀਂ ਸੋਚਦੇ ਕਿ ਤੁਸੀਂ ਉਸਨੂੰ ਰੋ-ਰੋ ਕੇ ਪਾਗਲ ਹੋਣ ਦੀ ਤਕਲੀਫ਼ ਨਹੀਂ ਦਿੱਤੀ। ਇਹ ਤੁਹਾਡੀ ਕੁਰਬਾਨੀ ਹੈ ਕਿ ਆਪ ਜਿਉਂਦੇ ਰਹਿਕੇ ਉਸ ਨੂੰ ਤੁਸੀਂ ਪਹਿਲੇ ਮਰਨ ਦੀ ਮਹੂਲਤ ਦੇ ਕੇ ਬੇਵੱਸ਼ ਅਤੇ ਦੁਖੀ ਹੋਣ ਤੋਂ ਬਚਾਅ ਲਿਆ ਹੈ। ਸੋਚੋ ਉਹ ਤੁਹਾਡੀ ਕਿੰਨੀ ਧੰਨਵਾਦੀ ਹੋ ਰਹੀ ਹੋਵੇਗੀ।" ਪਤੀ ਦੀਆਂ ਅੱਖਾਂ ਵਿਚ ਚਮਕ ਆ ਗਈ। ਉਹ ਬੋਲਿਆ ਕੁਝ ਨਾ, ਪਰਉਸ ਮੁੜਦੇ ਕਦਮਾਂ ਵਿਚ ਜ਼ਿੰਦਗੀ ਦਾ ਭਰੋਸਾ ਸੀ। ਹਰੇਕ ਮੁਥਾਜ ਵਿਅਕਤੀ ਸੋਚਣ ਦੇ ਚਾਰ ਪੜਾਵਾਂ ਵਿਚੋਂ ਲੰਘਦਾ ਹੈ। ਕੈਂਸਰ ਜਾਂ ਹੋਰਕਿਸੇ ਅਜਿਹੇ ਰੋਗ ਦਾ ਮਰੀਜ਼ ਪਿਹਲਾਂ ਸੋਚਦਾ ਹੈ ਕਿ ਡਾਕਟਰਾਂ ਨੂੰ ਭੁਲੇਖਾ ਲੱਗਾ ਹੈ। ਜਦੋਂ ਭੁਲੇਖਾ ਹੋ ਜਾਂਦਾ ਹੈ ਤਾਂ ਸੋਚਦਾ ਹੈ ਕਿ ਮੇਰੇ ਨਾਲ ਇਵੇਂ ਕਿਉਂ ਵਾਪਰਿਆ ਹੈ? ਫਿਰ ਸੋਚਦਾ ਹੈ, ਠੀਕ ਹੋ ਜਾਵਾਂਗੇ ਨਹੀਂ? ਚੌਥੇ ਪੜਾਓ 'ਤੇ_ਹ ਆਪਣੇ ਰੋਗ ਨੂੰ ਪ੍ਰਵਾਨ ਕਰਕੇ ਬੇਵੱਸ਼ ਮਹਿਸੂਸ ਕਰਨ ਲੱਗ ਪੈਂਦਾ ਹੈ। ਹਰ ਹਾਲਤ ਵਿਚ ਉਹਯਾਦ ਰੱਖਣ ਦੀ ਲੋੜ ਹੈ ਕਿ ਬੇਵਸੀ ਤੋਂ ਮੁਕਤ ਹੋਣ ਵਾਸਤੇ ਸਭ ਤੋਂ ਵੱਧ ਜਤਨ ਸਾਨੂੰ ਆਪ ਕਰਨੇ ਪੈਣਗੇ।

15. ਅੱਜ ਵੀ ਹਰੀਨਾਂ ਦੇ ਆਪਣੇ ਹੰਭਲੇ ਤੇ ਗਾਂਧੀ ਵਰਗੇ ਕਈ ਹਰੀਜਨ-ਮਿੱਤਰਾਂ ਦੇ ਅੰਦੋਲਨ ਦੇ ਬਾਵਜੂਦ ਸਾਡੇ ਸਮਾਜਿਕ ਹਾਲਾਤ ਅਜਿਹੇ ਨਹੀਂ ਹੋਏ ਕਿ ਅਸੀਂ ਉਨ੍ਹਾਂ ਵੱਲੋਂ ਅਵੇਸਲੇ ਹੋ ਸਕੀਏ। ਐਸ ਵੇਲੇ ਵੀ ਹਿੰਦੂ ਅਬਾਦੀ ਦਾ ਕੋਈ ਤੀਹ ਫ਼ੀਸਦੀ ਭਾਗ ਅਛੂਤਪੁਣੇ ਦੇ ਨਰਕ ਵਿਚ ਕੁਰਬਲ-ਕੁਰਬਲ ਕਰ ਰਿਹਾ ਹੈ, ਹਾਲੀ ਵੀ ਬਥੇਰੀਆਂ ਚੂਨੇਗਚ ਥਾਵਾਂ ਸਿਤਰ੍ਹਾਂ ਦੀਆਂ ਪਵਿੱਤਰ ਸਮਝੀਆਂ ਜਾਂਦੀਆਂ ਹਨ, ਜਿੱਥੇ ਇਨ੍ਹਾਂ ਗ਼ਰੀਬਾਂ ਦਾ ਪਰਛਾਵਾਂ ਪਥਰੀਲੇ ਦੇਵਤਿਆਂ ਦੀ ਕਰੋਪੀ ਦਾ ਕਾਰਨ ਬਣਦਾ ਹੈ, ਅਜੇ ਵੀ ਖਾਂਦੇ-ਪੀਂਦੇ ਘਰਾਂ ਵਿਚ ਹਰ ਤਰ੍ਹਾਂ ਦੀ ਜੂਠ ਕੁੱਤਿਆਂ ਨੂੰ ਪੈਣ ਦੀ ਥਾਂ 'ਜਮਾਂਦਾਰਾਂ' ਦੀ ਉਡੀਕ ਕਰਦੀ ਰਹਿੰਦੀ ਹੈ। ਹਾਂ, ਇੰਨੀ ਗੱਲ ਜ਼ਰੂਰ ਹੈ ਕਿ ਪ੍ਰਭਾਵਸ਼ਾਲੀ ਲੋਕ-ਰਾਇ, ਖ਼ਾਸ ਕਰਕੇ ਨਵੀਂ ਪੋਚ ਦੀ-ਇਨ੍ਹਾਂ ਜਨਮ, ਰੰਗ ਜਾਂ ਨਸਲ ਦੇ ਖ਼ਿਆਲਾਂ ਉੱਤੇ ਉਸਰੇ ਹੋਏ ਵਿਤਕਰਿਆਂ ਨੂੰ ਛੇਤੀ ਤੋਂ ਛੇਤੀ ਮਲੀਆਮੇਟ ਹੋਇਆ ਦੇਖਣਾ ਚਾਹੁੰਦੀ ਹੈ। ਇਸ

ਉਤਸ਼ਾਹ ਦੀ ਹੌਸਲਾ-ਅਫ਼ਜਾਈ ਵਿਚ ਕੇਂਦਰੀ ਸਰਕਾਰ ਅਮਲੀ ਤੌਰ 'ਤੇ ਹੱਥ ਵਟਾ ਸਕਦੀ ਹੈ। ਅਛੂਤ ਉਧਾਰ ਦਾ ਇਕ ਵੱਖਰਾ ਮਹਿਕਮਾ ਖੁੱਲ੍ਹ ਸਕਦਾ ਹੈ, ਜਿਸ ਦਾ ਕੰਮ ਹੋਵੇ ਪ੍ਰਚਾਰਦੇ ਹਰ ਵਸੀਲੇ; ਜਿਵੇਂ-ਰੇਡੀਓ, ਫ਼ਿਲਮ, ਪ੍ਰੈੱ, ਸਟੇਜ, ਕਿਤਾਬਾਂ, ਇਸ਼ਤਿਹਾਰਾਂ ਅਤੇ ਨੁਮਾਇਸ਼ਾਂ ਰਾਹੀਂ ਪਬਲਿਕ ਵਿਚ ਇਸ ਮਹਾਨਤਾ ਦੀ ਚੱਲ ਰਹੀ ਰੌਂ ਨੂੰਤਕੜਿਆਂ ਕਰਨਾ, ਕਾਨੂੰਨ ਦੀ ਮਦਦ ਨਾਲ ਜਿੱਥੇ ਕਿਤੇ ਮੰਦਰਾਂ, ਸਕੂਲਾਂ ਵਿਚ ਇਨ੍ਹਾਂ ਦਾ ਦਾਖਲਾ ਬੰਦ ਹੈ, ਉਸ ਨੂੰ ਖੁੱਲ੍ਹਵਾਉਮਾ ਤੇਹੋਰਹਰ ਤਰ੍ਹਾਂ ਦੀ ਆਂ ਬੰਦਸ਼ਾਂ ਜਾਂ ਰੁਕਾਵਟਾਂ ਨੂੰ ਕਾਨੂੰਨ ਦੀ ਮਦਦ ਨਾਲ ਦੂਰ ਕਰਨਾ। ਇਨ੍ਹਾਂ ਵਿਚ ਵਿੱਦਿਆ-ਪ੍ਰਾਪਤੀ ਦੀ ਲਾਲਸਾ ਪੈਦਾ ਕਰਨੀ ਤੇ ਮੁਫ਼ਤ ਤਾਲੀਮ ਦੀ ਸਹੂਲਤ ਦੇਣੀ, ਇਨ੍ਹਾਂ ਦੀ ਰਿਹਾਇਸ਼ ਲਈ ਨਾਮ-ਮਾਤਰ ਕਿਰਾਏ ਉੱਤੇ ਸੁਥਰੇ ਸਰਕਾਰੀ ਕੁਆਟਰ ਉਸਾਰਨੇ, ਇਨ੍ਹਾਂ ਦੀ ਜ਼ਿੰਦਗੀ ਦਾ ਮਿਆਰ ਉੱਚਾ ਕਰਨ ਦੇ ਉਪਾਅ ਸੋਚਣੇ, ਆਦਿ। ਖ਼ਰਚ ਹੋਵੇਗਾ ਤੇ ਬਹੁਤ ਹੋਵੇਗਾ-ਇਸ ਵਿਚ ਕੋਈ ਸ਼ੱਕ ਨਹੀਂ, ਪਰ ਸਮੁੱਚੇ ਲਾਭਦੇ ਮੁਕਾਬਲੇ'ਤੇ ਇਸ ਖ਼ਰਚ ਨੂੰ ਵਡਿਆਉਣਾ ਸਿਆਣਪ ਨਹੀਂ ਜਾਪਦੀ। ਠੀਕਰੀਆਂ ਬਦਲੇ ਜੀਉਂਦੇ-ਜਾਗਦੇ, ਨਰੋਏ ਮਨੁੱਖ ਮਿਲਣਗੇ, ਜਿਹੜੇ ਆਜ਼ਾਦ ਹਿੰਦੁਸਤਾਨ ਦੀਆਂ ਜ਼ਿੰਮੇਵਾਰੀਆਂ ਨੂੰ ਸਮਝਣ ਤੇ ਨਿਭਾਉਮ ਦੇ ਯੋਗ ਹੋਣਗੇ।

(ਪ੍ਰੀਤਮ ਸਿੰਘ)

•••

ਨੋਟ

# ਅਧਿਆਏ-22 : ਨੋਟਿਸ ਲਿਖਣੇ

## (Notice Writing)

***ਵਿਸ਼ਾ-ਵਸਤੂ (Contents)***


1. ਪਰਿਭਾਸ਼ਾ ਨੋਟਿਸ ਲਿਖਣ ਦੀ
2. ਨੋਟਿਸ ਲਿਖਣ ਦੀ ਕਲਾ
3. ਵਿਸਥਾਰ
4. ਉਦਾਹਰਣ ਸਹਿਤ ਵਿਸਥਾਰ ਨੋਟਿਸ ਲਿਖਣੇ
5. ਉੱਤਰ ਮਾਲਾ : ਸਵੈ ਮੁਲਾਂਕਣ


ਚੰਗੇ ਦਫ਼ਤਰ ਉਹ ਹੀ ਚੰਗੇ ਲੱਗਦੇ ਹਨ ਜਿਨ੍ਹਾਂ ਦਫ਼ਤਰਾਂ ਵਿਚ ਦਫ਼ਤਰੀ ਵਿਵਸਥਾ ਠੀਕ ਹੋਵੇ। ਦਫ਼ਤਰ ਭਾਵੇਂ ਵੱਡੀਆਂ ਕੰਪਨੀਆਂ ਦੇ ਹੋਣ ਜਾਂ ਫਿਰ ਸਰਕਰੀ/ਗੈਰ ਸਰਕਾਰੀ ਦੇ ਦਫ਼ਤਰ ਹੋਣ। ਦਫ਼ਤਰ ਵਿਚ ਵਿਵਸਥਾ ਠੀਕ ਨਹੀਂ ਤਾਂ ਉਹ ਦਫ਼ਤਰ ਠੀਕ ਨਹੀਂ ਚਲ ਸਕਦਾ। ਦਫ਼ਤਰ ਵਿਚ ਕੰਮ ਕਰਨ ਵਾਲੇ ਮੁਲਾਜ਼ਮ ਸਬੰਧੀ, ਜਾਂ ਫਿਰ ਮੁਲਾਜ਼ਮਾਂ ਨੇ ਕੰਮ ਕਿਵੇਂ ਕਰਨਾ ਹੈ। ਜਿਸ ਨਾ ਦਫ਼ਤਰ ਦਾ ਕੰਮ ਸੁਚਾਰੂ ਰੂਪ ਨਾਲ ਠੀਕ ਢੰਗ ਨਾਲ ਚਲ ਸਕੇ। ਦਫ਼ਤਰ ਵਿਚ ਅੰਦਰ ਦੇ ਖਤਾਂ ਦਾ ਅਦਾਨ-ਪ੍ਰਦਾਨ ਭਾਵ ਇਕ ਡਿਪਾਰਟਮੈਂਟ ਤੋਂ ਦੂਸਰੇ ਡਿਪਾਰਟਮੈਂਟ ਵਿਚ ਸੂਚਨਾ ਲੈਣੀ ਜਾਂ ਸੂਚਨਾ ਦੇਣੀ ਆਦਿ। ਇਸ ਦੇ ਨਾਲ ਦਫ਼ਤਰ ਦੇ ਬਾਹਰ ਦੂਸਰੇ ਦਫ਼ਤਰ ਵਾਲਿਆਂ ਸੂਚਨਾਵਾਂ ਦਾ ਅਦਾਨ ਪ੍ਰਦਾਨ ਕਰਨਾ। ਇਨ੍ਹਾਂ ਸਭ ਲਈ ਸਿਸਟਮ ਤੈਅ ਕਰਨਾ ਸਭ ਤੋਂ ਮਹੱਤਵਪੂਰਨ ਕੰਮ ਕਰਨਾ ਹੈ। ਇਨ੍ਹਾਂ ਲਈ ਫਾਈਲ ਸਿਸਟਮ ਹੋਣਾ ਜ਼ਰੂਰੀ ਹੈ। ਸਕੂਲਾਂ, ਕਾਲਜਾਂ ਵਿਚ ਵੀ ਇਸ ਤਰ੍ਹਾਂ ਦਫ਼ਤਰ ਦਾ ਸਿਸਟਮ ਸੁਚਾਰੂ ਰੂਪ ਵਿਚ ਚਲਾਉਣ ਲਈ ਨਿਯਮ ਅਤੇ ਫਾਈਲਾਂ ਦਾ ਸਹਾਰਾ ਲੈਣਾ ਜ਼ਰੂਰੀ ਹੈ। ਪੱਤਰਾਂ ਅਤੇ ਸੂਚਨਾਵਾਂ ਦੇ ਅਧਾਰ ’ਤੇ ਅਲੱਗ-ਅਲੱਗ ਫਾਇਲਾਂ ਤਿਆਰ ਕਰਨੀਆਂ। ਦਫਤਰ ਨੂੰ ਠੀਕ ਢੰਗ ਨਾਲ ਚਲਾਉਣ ਲਈ ਨਿਯਮਾਂ ਦਾ ਬਣਾਉਣਾ ਅਤੇ ਉਹਨਾਂ ਨਿਯਮਾਂ ਦਾ ਦਫਤਰ ਵਿਚ ਕੰਮ ਕਰ ਰਹੇ ਮੁਲਾਜ਼ਮਾਂ ਵਿਚਕਾਰ ਸੂਚਨਾ ਦੇਣੀ। ਕਾਲਜ ਵਿਚ ਕਲਾਸਾਂ ਠੀਕ ਨਾਲ ਚੱਲਣ ਅਤੇ ਵਿਦਿਅਕ ਖੇਤਰ, ਸਾਹਿਤਕ ਖੇਤਰ, ਖੇਡਾਂ ਦੇ ਖੇਤਰ ਵਿਚ ਕਿਵੇਂ ਪ੍ਰਗਤੀ ਕਰਨੀ ਹੈ। ਉਸ ਬਾਰੇ ਨੋਟਿਸ ਤਿਆਰ ਕਰਨੇ। ਇਹ ਬਹੁਤ ਮਹੱਤਵਪੂਰਨ ਕੰਮ ਹਨ। ਕਿਉਂਕਿ ਕਾਲਜਾਂ ਵਿਚ ਅਨੇਕਾਂ ਸਭਿਆਚਾਰਕ, ਵਿਦਿਅਕ, ਖੇਡਾਂ ਅਤੇ ਪ੍ਰਤੀਯੋਗਤਾ ਸਬੰਧੀ ਕਈ ਕਾਰਜ ਹੁੰਦੇ ਹਨ। ਉਹਨਾਂ ਅਨੁਸਾਰ ਨੋਟਿਸ ਤਿਆਰ ਕਰਨੇ। ਇਨ੍ਹਾਂ ਸਬੰਧੀ ਨੋਟਿਸ ਉਦਾਹਰਣ ਵਜੋਂ ਹੇਠ ਲਿਖੇ ਹਨः-

ਨੋਟਿਸ ਲਿਖੋ ਕਿ ਤੁਹਾਡੇ ਕਾਲਜ ਵਿਚ ਅੰਤਰ ਕਲਾਸ ਭਾਸ਼ਣ ਪ੍ਰਤੀਯੋਗਤਾ ਹੋ ਰਹੀ ਹੈ। ਇਸ ਵਿਚ ਭਾਗ ਲੈਣ ਲਈ ਵਿਦਿਆਰਥੀ ਸੂਚਿਤ ਕਰੋ।

**ਨੋਟਿਸ**

7 ਜਨਵਰੀ, 2012

ਕਾਲਜ ਦੇ ਸਾਰੇ ਵਿਦਿਆਰਥੀਆਂ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਕਾਲਜ ਦੇ ਸੈਮੀਨਾਰ ਹਾਲ ਵਿਚ ਅੰਤਰ ਕਲਾਸ ਪ੍ਰਤੀਯੋਗਤਾ 10 ਜਨਵਰੀ, 2012 ਨੂੰ ਸਵੇਰੇ 11:30 ਵਜੇ ਹੋ ਰਹੀ ਹੈ।

ਵਿਸ਼ਾ : - “ਭਾਈ ਵੀਰ ਸਿੰਘ ਇਕ ਮਹਾਨ ਲੇਖਕ”

ਭਾਸ਼ਣ ਪ੍ਰਤੀਯੋਗਤਾ ਵਿਚ ਸ਼ਾਮਲ ਹੋਣ ਦਾ ਸਭ ਨੂੰ ਸੱਦਾ ਦਿੱਤਾ ਜਾਂਦਾ ਹੈ।

ਮਨਮੋਹਨ ਸਿੰਘ<br>ਸਕੱਤਰ<br>ਪੰਜਾਬੀ ਸਾਹਿਤ ਸਭਾ

**ਨੋਟ**

ਕਾਲਜ ਦੀ ਸਟੂਡੈਂਟਸ ਯੂਨੀਅਨ ਆਪਣੇ ਕਾਲਜ ਦੇ ਵਿਦਿਆਰਥੀਆਂ ਲਈ ਨੋਟਿਸ ਬੋਰਡ ਤੇ ਨੋਟਿਸ ਲਾਵੇ ਤਾਂ ਕਿ ਭੂਚਾਲ ਵਿਚ ਹੋਏ ਨੁਕਸਾਨ ਲਈ ਵਿਦਿਆਰਥੀ ਆਪਣਾ ਯੋਗਦਾਨ ਪਾ ਸਕਣ।

---

**ਨੋਟਿਸ**

2 ਜਨਵਰੀ 2012

ਸਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਜਾਂਦਾ ਹੈ ਕਿ ਮੱਧ ਪ੍ਰਦੇਸ਼ ਵਿਚ ਆਏ ਭਿਆਨਕ ਭੂਚਾਲ ਨਾਲ ਜਾਨੀ ਤੇ ਮਾਲੀ ਨੁਕਸਾਨ ਬਹੁਤ ਹੋਇਆ ਹੈ। ਅਸੀਂ ਯੂਨੀਅਨ ਵਲੋਂ ਬੇਨਤੀ ਕਰਦੇ ਹਾਂ ਕਿ ਇਸ ਔਖੀ ਘੜੀ ਵੇਲੇ ਹਰ ਵਿਦਿਆਰਥੀ ਦੱਸ ਰੁਪੈ ਦਾਨ ਵਜੋਂ ਦਫ਼ਤਰ ਯੂਨੀਅਨ ਵਿਖੇ ਇਕ ਹਫ਼ਤੇ ਦੇ ਅੰਦਰ ਜਮਾਂ ਕਰਵਾ ਦੇਵੇ ਤਾਂ ਕਿ ਸਮੇਂ ਸਿਰ ਉਹਨਾਂ ਦੀ ਮਦਦ ਕੀਤੀ ਜਾ ਸਕੇ।

ਪ੍ਰਧਾਨ<br>ਤ੍ਰਿਲੋਚਨ ਸਿੰਘ<br>ਸਟੂਡੈਂਟਸ ਯੂਨੀਅਨ<br>ਦਿੱਲੀ।

---

ਕਾਲਜ ਵਿਚ ਹੋ ਰਹੀ ਸਾਲਾਨਾ ਸਪੋਰਟਸ-ਮੀਟ ਸਬੰਧੀ ਕਾਲਜ ਵਿਦਿਆਰਥੀ ਨੂੰ ਹਿੱਸਾ ਲੈਣ ਲਈ ਕਾਲਜ ਦੇ ਨੋਟਿਸ ਬੋਰਡ ਤੇ ਨੋਟਿਸ ਰਾਹੀਂ ਸੂਚਨਾ ਦਿਉ।

**ਨੋਟਿਸ**

2 ਫਰਵਰੀ 2011

ਕਾਲਜ ਵਿਚ 10 ਫਰਵਰੀ 2011 ਨੂੰ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਲਾਨਾ ਸਪੋਰਟਸ ਮੀਟ ਕਾਲਜ ਦੀ ਗਰਾਊਂਡ ਵਿਚ ਹੋ ਰਹੀ ਹੈ। ਜਿਸ ਵਿਚ ਵੱਖਰੇ ਵੱਖਰੇ ਇੰਵਟ ਦੇ ਮੁਕਾਬਲੇ ਹੋਣਗੇ। ਜੇਤੂ ਵਿਦਿਆਰਥੀਆਂ ਨੂੰ ਕਾਲਜ ਵੱਲੋਂ ਆਕਰਸ਼ਕ ਇਨਾਮ ਦਿੱਤੇ ਜਾਣਗੇ। ਸ਼ਾਮਲ ਹੋਣ ਵਾਲੇ ਵਿਦਿਆਰਥੀ ਕਾਲਜ ਦੇ ਦਫ਼ਤਰ ਵਿਚ ਆਪਣਾ ਆਪਣਾ ਨਾਮ ਲਿਖਵਾ ਦਿਓ।

**ਪ੍ਰੋ. ਦਰਸ਼ਨ ਸਿੰਘ**<br>**ਸਪੋਰਟਸ ਇੰਚਾਰਜ਼**

---

ਤੁਹਾਡਾ ਕਾਲਜ ਗਰਮੀਆਂ ਦੀਆਂ ਛੁੱਟੀਆਂ ਵਿਚ ਕਾਲਜ ਵੱਲੋਂ ਐਜੂਕੇਸ਼ਨ ਟੂਰ 'ਗੋਆ' ਲਿਜਾਇਆ ਜਾ ਰਿਹਾ ਹੈ। ਕਾਲਜ ਦੇ ਨੋਟਿਸ ਬੋਰਡ ਤੇ ਵਿਦਿਆਰਥੀਆਂ ਦੀ ਸੂਚਨਾ ਲਈ ਨੋਟਿਸ ਲਿਖੋ। ਜਿਸ ਵਿਚ ਟੂਰ ਦਾ ਖਰਚਾ ਅਤੇ ਮਾਂ-ਬਾਪ ਦੀ ਸਹਿਮਤੀ ਪੱਤਰ ਵੀ ਨਾਲ ਦੇਣ ਲਈ ਲਿਖੋ।

20 ਜਨਵਰੀ 2011

ਕਾਲਜ ਦੀ ਇੰਗਲਿਸ਼ ਕਲੱਬ ਗੋਆ ਲਈ ਐਜੁਕੇਸ਼ਨਮ ਟੂਰ ਆਉਣ ਵਾਲੀਆਂ ਗਰਮੀਆਂ ਵਿਚ ਲਿਜਾਇਆ ਜਾ ਰਿਹਾ ਹੈ। ਜਿਸ ਦਾ ਖਰਚਾ ਫੀ ਵਿਦਿਆਰਥੀ 2,000 ਰੁਪੈ ਹੋਵੇਗਾ ਅਤੇ ਇਹ ਟੂਰ 5th ਜੂਨ 15th ਜੂਨ 2011 ਤੱਕ ਦਾ ਹੋਵੇਗਾ। ਟੂਰ 'ਤੇ ਜਾਣਾ ਚਾਹੁਣ ਵਾਲੇ ਵਿਦਿਆਰਥੀ ਮਈ ਦੇ ਅਖੀਰ ਆਪਦੇ ਪੈਸੇ ਅਤੇ ਮਾਂ-ਬਾਪ ਦੀ ਸਹਿਮਤੀ ਪੱਤਰ ਨਾਲ ਜਮਾਂ ਕਰਵਾਉਣ।

**ਹਰਸਿਮਰਨ ਸਿੰਘ**<br>**ਪ੍ਰਧਾਨ**<br>**ਇੰਗਲਿਸ਼ ਕਲੱਬ ਸਰਕਾਰੀ, ਕਾਲਜ ਦਿੱਲੀ।**

**ਨੋਟ**

ਤੁਹਾਡੇ ਕਾਲਜ ਦੇ ਰੈੱਡ ਕਰਾਸ ਯੂਨਿਟ ਦੇ ਸੈਕਟਰੀ ਵਲੋਂ ਕਾਲਜ ਵਿਚ ਬਲਡ ਡੁਨੇਸ਼ਨ ਕੈਂਪ ਦਾ ਉਦਘਾਟਨ ਕੇਂਦਰੀ ਵਜੀਰ ਵਲੋਂ ਕਰਵਾਇਆ ਜਾ ਰਿਹਾ ਹੈ। ਕਾਲਜ ਦੇ ਵਿਦਿਆਰਥੀਆਂ ਨੂੰ ਖੂਨਦਾਨ ਕੈਂਪ ਵਿਚ ਸ਼ਾਮਲ ਹੋ ਕੇ ਖੂਨਦਾਨ ਲਈ ਸੱਦਾ ਪੱਤਰ ਦੇਣ ਬਾਰੇ ਇਕ ਨੋਟਿਸ ਕਾਲਜ ਦੇ ਨੋਟਿਸ ਬੋਰਡ ਤੇ ਲਿਖ ਕੇ ਲਾਓ।

**ਨੋਟਿਸ**

10 ਫਰਵਰੀ 2011

ਕਾਲਜ ਦੀ ਰੈੱਡ ਕਰਾਸ ਯੂਨਿਟ ਵਲੋਂ ਖੂਨਦਾਨ ਕੈਂਪ 12 ਫਰਵਰੀ 2011 ਨੂੰ ਕਾਲਜ ਦੇ ਕੈਂਪਸ ਵਿਚ ਲਗਾਇਆ ਜਾ ਰਿਹਾ ਹੈ। ਜਿਸ ਦਾ ਉਦਘਾਟਨ ਕੇਂਦਰੀ ਮਾਲ ਮੰਤਰੀ ਕਰਨਗੇ। ਸਾਰੇ ਵਿਦਿਆਰਥੀਆਂ ਨੂੰ ਖੂਨਦਾਨ ਕੈਂਪ ਵਿੱਚ ਹਿੱਸਾ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ।

**ਸਮਸ਼ੇਰ**
**ਸਕੱਤਰ**
**ਰੈੱਡ ਕਰਾਸ ਯੂਨਿਟ**
**ਖਾਲਸਾ ਕਾਲਜ ਜਲੰਧਰ**

---

ਤੁਹਾਡੇ ਕਾਲਜ ਵਿਚ ਅੰਤਰ ਕਾਲਜ ਸਭਿਆਚਰਕ ਪ੍ਰਤੀਯੋਗਤਾ ਹੋ ਰਹੀ ਹੈ। ਇਸ ਵਿਚ ਭਾਗ ਲੈਣ ਲਈ ਵਿਦਿਆਰਥੀਆਂ ਪਾਸੋਂ ਨਾਮ ਲੈਣ ਲਈ ਨੋਟਿਸ ਬੋਰਡ ਤੇ ਸੂਚਨਾ ਦੇਣ ਲਈ ਨੋਟਿਸ ਲਿਖੋ:-

**ਨੋਟਿਸ**

12 ਫਰਵਰੀ 2011

ਰਾਮਜਸ ਕਾਲਜ ਦਿੱਲੀ ਵਿਖੇ ਅੰਤਰ-ਕਾਲਜ ਸਭਿਆਚਰਕ ਪ੍ਰਤੀਯੋਗਤਾ ਆਯੋਜਿਤ 20 ਫਰਵਰੀ 2011 ਨੂੰ ਕੀਤੀ ਜਾ ਰਹੀ ਹੈ। ਜਿਸ ਵਿਚ ਗਿੱਧਾ ਅਤੇ ਭੰਗੜਾ ਟੀਮਾਂ ਦਾ ਮੁਕਾਬਲਾ ਹੋਵੇਗਾ। ਭਾਗ ਲੈਣ ਵਾਲੇ ਵਿਦਿਆਰਥੀ ਅਤੇ ਵਿਦਿਆਰਥਣਾਂ ਆਪਣੇ ਆਪਣੇ ਨਾਮ ਕਾਲਜ ਦੀ ਸਭਿਆਚਾਰਕ ਕਲੱਬ ਨੂੰ 18 ਫਰਵਰੀ 2011 ਤੱਕ ਦੇ ਦੇਣ।

**ਸਤਪਾਲ ਸਿੰਘ**
**ਸਕੱਤਰ**
**ਸਭਿਆਚਾਰਕ ਕਲੱਬ**
**ਖਾਲਸਾ ਕਾਲਜ ਦਿੱਲੀ**

ਨੋਟ

# ਅਧਿਆਏ-23 : ਪਾਠ ਬੋਧ
## (Text Curriculum)

*ਵਿਸ਼ਾ-ਵਸਤੂ (Contents)*


1. ਪਰਿਭਾਸ਼ਾ
2. ਪਾਠ-ਭੋਦ ਦੀ-ਵਿਦਵਾਨਾਂ ਦੀ ਰਾਏ
3. ਪਾਠ ਬੋਧ ਦਾ ਉਦੇਸ਼
4. ਪਾਠ-ਬੋਧ ਦੀ ਵਿਸ਼ੇਸ਼ਤਾ
5. ਪਾਠ ਬੋਧ ਵਿਚ ਵਿਆਕਰਣ ਦੀ ਮਹੱਤਤਾ
6. ਉੱਤਰ ਮਾਲਾ : ਸਵੈ ਮੁਲਾਂਕਣ


ਮਨੁੱਖ ਆਪਣੇ ਕਮਾਏ ਅਨੁਭਵਾਂ ਅਤੇ ਗਿਆਨ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਸਿਖਿਆ ਦਾ ਅਹਿਸਾਸ ਹੁੰਦ ਸੀ। ਪ੍ਰਾਚੀਨ ਕਾਲ ਵਿਚ ਲਿੱਪੀ ਦੀ ਹੋਂਦ ਤੋਂ ਪਹਿਲਾਂ ਮੌਖਿਕ ਰੂਪ ਵਿਚ ਵਿਦਿਆ ਦਿੱਤੀ ਜਾਂਦੀ ਸੀ। ਲਿੱਪੀ ਹੋਂਦ ਤੋਂ ਬਾਅਦ ਹੱਥ ਲਿਖਤ, ਭੋਜ ਪੱਤਰ ਤੇ ਪਾਂਡੂ ਲਿੱਪੀਆਂ ਦੇ ਪ੍ਰਯੋਗ ਰਾਹੀਂ ਸਿਖਿਆ ਦਿੱਤੀ ਜਾਣ ਲੱਗੀ। ਅੱਜ ਦੇ ਮਸ਼ੀਨੀਯੁਗ ਵਿਚ ਕੰਪਿਊਟਰ ਰਾਹੀਂ ਇਕ ਇਨਕਲਾਬ ਆ ਗਿਆ ਹੋਰ ਕਰਾਂਤੀ ਤੋਂ ਇਲਾਵਾ ਪਾਠ ਪੁਸਤਕਾਂ ਦੇ ਖੇਤਰ ਵਿਚ ਕਰਾਂਤੀ ਆਈ। ਹੁਣ ਪਾਠ-ਪੁਸਤਕਾਂ ਲਿਖਤ ਰੂਪ ਵਿਚ ਆਉਣ ਨਾਲ ਆਧੁਨਿਕ ਸਿਖਿਆ ਪ੍ਰਣਾਲੀ ਦਾ ਪ੍ਰਮੁੱਖ ਆਧਾਰ ਬਣ ਗਿਆ।

ਭਾਰਤ ਵਿਚ ਪਾਠ-ਪੁਸਤਕਾਂ ਦਾ ਇਤਿਹਾਸ ਕੋਈ ਬਹੁਤ ਪੁਰਾਣਾ ਨਹੀਂ ਹੈ। ਮੱਧਕਾਲ ਦੇ ਇਤਿਹਾਸ ਦੇ ਝਾਤ ਪਾਈਏ ਤਾਂ ਪਤਾ ਲੱਗੇਗਾ ਕਿ ਪਹਿਲਾਂ ਭੋਜ-ਪੱਤਰਾਂ ਦੁਆਰ ਪਾਠ ਪੁਸਤਕਾਂ ਤਿਆਰ ਕੀਤੀਆਂ ਜਾਂਦੀਆਂ ਹਨ। ਭਾਰਤ ਵਿਚ 1824 ਈ: ਵਿਚ ਈਸਟ ਇੰਡੀਆ ਕੰਪਨੀ ਦੇ ਆਗਮਨ ਨਾਲ ਕਲਕੱਤੇ ਅੰਦਰ ਪਹਿਲਾ ਛਾਪਾਖਾਨਾ ਸਥਾਪਿਤ ਹੋਇਆ। ਇਹ ਛਾਪੇਖਾਨੇ ਭਾਵੇਂ ਇਸ ਲਈ ਲਾਏ ਸਨ ਕਿ ਇਸ ਨਾਲ ਭਾਰਤ ਅੰਦਰ ਆਪਣੇ ਰਾਜ ਦੀਆਂ ਜੜ੍ਹਾਂ ਪੱਕੀਆਂ ਕਰਨ ਲਈ ਸਾਹਿਤ ਛਾਪਿਆ ਜਾਵੇ। ਪਰ ਇਸ ਨਾਲ ਭਾਰਤੀ ਭਾਸ਼ਾਵਾਂ ਨੂੰ ਪ੍ਰਫੁਲਤ ਕਰਨ ਦਾ ਵੀ ਮੌਕਾ ਮਿਲਿਆ।

**ਪਰਿਭਾਸ਼ਾ** :-

ਪ੍ਰਸਿੱਧ ਵਿਦਵਾਨ ਹੈਰੋਲਿਕਰ ਅਨੁਸਾਰ ਪਾਠ-ਪੁਸਤਕਾਂ ਗਿਆਨ, ਅਨੁਭਵਾਂ, ਭਾਵਨਾਵਾਂ, ਵਿਚਾਰਾਂ ਅਤੇ ਪ੍ਰਵਰਤੀਆਂ ਤੇ ਮੁੱਲਾਂ ਨੂੰ ਸੰਗ੍ਰਹਿ ਕਰਨ ਦਾ ਇਕ ਸਾਧਨ ਹੈ। ਭਾਸ਼ਾ ਸਿਖਿਆ ਵਿਚ ਪਾਠ-ਪੁਸਤਕਾਂ ਮਹੱਤਵਪੂਰਨ ਸਥਾਨ ਰੱਖਦੀਆਂ ਹਨ। ਪਾਠ ਪੁਸਤਕਾਂ ਹੀ ਇਕ ਐਸਾ ਸਾਧਨ ਹੈ ਜੋ ਕਿ ਗਿਆਨ ਪ੍ਰਾਪਤੀ ਦਾ ਵਧੀਆ ਸਾਧਨ ਹਨ ਅਤੇ ਮਹੱਤਵਪੂਰਨ ਮਾਰਗ ਦਰਸ਼ਕ ਦਾ ਕੰਮ ਕਰਦੀਆਂ ਹਨ। ਪਾਠਕ ਪੁਸਤਕਾਂ ਬਿਨਾਂ ਕਿਸੇ ਅਧਿਆਪਕ ਦੇ ਆਪਣੇ ਗਿਆਨ ਵਿਚ ਵਾਧਾ ਕਰ ਸਕਦੇ ਹਨ। ਇਕ ਗੱਲ ਜ਼ਰੂਰ ਹੈ ਕਿ ਪਾਠ-ਪੁਸਤਕਾਂ ਦੇ ਅਧਾਰ 'ਤੇ ਅਧਿਆਪਕ ਸਿੱਖਿਆ ਦੇਣ ਲਈ ਅਧਿਆਪਨ ਦੀ ਰੂਪ ਰੇਖਾ ਤਿਆਰ ਕਰ ਸਕਦਾ ਹੈ। ਪਾਠਕ ਜਾਂ ਵਿਦਿਆਰਥੀ ਸਿਖੇ ਹੋਏ ਤੱਥਾਂ ਨੂੰ ਲੰਮੇ ਸਮੇਂ ਤੱਕ ਯਾਦ ਰੱਖਣ ਲਈ ਪਾਠ-ਪੁਸਤਕਾਂ ਦੀ ਸਹਾਈ ਹੁੰਦੀਆਂ ਹਨ। ਪੁਸਤਕਾਂ ਗਿਆਨ ਦਾ ਨਾਲ ਨਾਲ ਮਨੋਰੰਜਨ ਵੀ ਪ੍ਰਦਾਨ ਕਰਦੀਆਂ ਹਨ। ਪਾਠ-ਪੁਸਤਕਾਂ ਹਮੇਸ਼ਾ ਵਿਦਿਆਰਥੀਆਂ ਦੀ ਉਮਰ ਅਤੇ ਪੱਧਰ ਦਾ ਖਿਆਲ ਰੱਖ ਕੇ ਹੀ ਤਿਆਰ ਕੀਤੀਆਂ ਜਾਂਦੀਆਂ ਹਨ। ਹਰ ਅਧਿਆਪਨ ਮੌਖਿਕ ਸਿਖਿਆ ਵਿਚ ਨਿਪੁੰਨ ਨਹੀਂ ਹੋ ਸਕਦਾ। ਇਸ ਲਈ ਸਧਾਰਨ ਬੁੱਧੀ ਵਾਲੇ ਅਧਿਆਪਕਾਂ ਲਈ ਪਾਠ-ਪੁਸਤਕਾਂ ਹੀ ਸਹਾਈ ਹੁੰਦੀਆਂ ਹਨ।

**ਉਦੇਸ**: -

ਮੁੱਖ ਰੂਪ ਵਿੱਚ ਪਾਠ ਪੁਸਤਕਾਂ ਤੋਂ ਵਿਦਿਆਰਥੀਆਂ ਨੇ ਵਿਆਪਕ ਗਿਆਨ ਲੈਣਾ ਹੁੰਦਾ ਹੈ। ਪਾਠ-

**ਨੋਟ**

ਪੁਸਤਕਾਂ ਰਾਹੀਂ ਰੱਟਾ ਲਾ ਕੇ ਗਿਆਨ ਦੀ ਪ੍ਰਾਪਤੀ ਨਹੀਂ ਕਰਨੀ। ਪਾਠ ਪੁਸਤਕਾਂ ਰਾਹੀਂ ਵਿਵਹਾਰਿਕ ਰੂਪ ਦੇਣ ਦੀ ਪ੍ਰੇਰਣਾ ਲੈਣੀ। ਵਿਦਿਆਰਥੀਆਂ ਨੂੰ ਪਾਠ-ਪੁਸਤਕਾਂ ਰਾਹੀਂ ਸੇਧ ਪ੍ਰਦਾਨ ਕਰਨੀ ਅਤੇ ਪ੍ਰੀਖਿਆ ਦੀ ਤਿਆਰੀ ਕਰਨ ਵਿਚ ਸਹਾਈ ਕਰਨਾ। ਪਾਠ-ਪੁਸਤਕਾਂ ਦਾ ਮਕਸਦ ਸਿਰਫ਼ ਡੂੰਘਾ ਗਿਆਨ ਨਹੀਂ ਦੇਣਾ ਸਗੋਂ ਪ੍ਰੀਖਿਆ ਦੀ ਦ੍ਰਿਸ਼ਟੀ ਤੋਂ ਵੀ ਗਿਆਨ ਦੀ ਪ੍ਰਾਪਤੀ ਹੈ। ਇਸ ਲਈ ਇਨ੍ਹਾਂ ਪਾਠ-ਪੁਸਤਕਾਂ ਦੀ ਭਾਸ਼ਾ ਆਮ ਪੁਸਤਕਾਂ ਨਾਲੋਂ ਸਰਲ ਅਤੇ ਸੌਖੀ ਹੁੰਦੀ ਹੈ।

**ਵਿਸ਼ੇਸ਼ਤਾ** :-

ਚੰਗੀ ਭਾਸ਼ਾ ਪਾਠ ਪੁਸਤਕਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਮਨੋਰੰਜਨ ਪ੍ਰਧਾਨ, ਗਿਆਨਾਤਮਿਕ ਚਰਿੱਤਰ ਪ੍ਰਧਾਨ ਸਮਾਜਿਕ ਸਿਖਿਆ ਪ੍ਰਧਾਨ, ਰਾਸ਼ਟਰੀ ਜੀਵਨ ਨਾਲ ਭਰਪੂਰ ਹੋਣ। ਰੂਪ ਪੱਖੋਂ ਇਹ ਪੁਸਤਕਾਂ, ਕਹਾਣੀ, ਨਾਵਲ, ਵਾਰਤਕ ਆਦਿ ਰੂਪਾਂ ਵਿਚ ਹੋ ਸਕਦੀਆਂ ਹਨ।

**ਵਿਸ਼ੇ** :-

ਵਿਸ਼ੇ ਪੱਖੋਂ ਪਾਠ-ਪੁਸਤਕਾਂ ਦੀ ਰਚਨਾ ਕੁਝ ਵਿਸ਼ੇਸ਼ ਉਦੇਸਾਂ ਨੂੰ ਮੁੱਖ ਰੱਖ ਕੇ ਤਿਆਰ ਕਰਨੀ ਚਾਹੀਦੀ ਹੈ। ਵਿਸ਼ੇ ਸਮਾਜ ਨਾਲ ਸਬੰਧਤ ਵਿਗਿਆਨ ਅਤੇ ਇਤਿਹਾਸਕ ਗਿਆਨ ਭਰਪੂਰ ਹੋਣੀਆਂ ਚਾਹੀਦੀਆਂ ਹਨ। ਵਿਸ਼ੇ ਨੂੰ ਪੇਸ਼ ਕਰਨ ਸਮੇਂ ਵਿਦਿਆਰਥੀਆਂ ਦੀਆਂ ਭਾਵੁਕ, ਮਾਨਸਿਕ, ਸਮਾਜਿਕ ਲੋੜਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਪਾਠ-ਪੁਸਤਕ ਵਿਚ ਇਕ ਹੀ ਵਿਸ਼ੇ ਉੱਪਰ ਅਧਾਰਤ ਪਾਠਾਂ ਦੇ ਮੁਕਾਬਲੇ, ਕਰਵਾਉਣੇ ਚਾਹੀਦੇ ਹਨ। ਗੱਦ-ਪੱਚ, ਕਹਾਣੀ, ਨਾਟਕ, ਨਿਬੰਧ ਆਦਿ ਰੂਪ ਪੰਜਾਬੀ ਪਾਠ ਪੁਸਤਕਾਂ ਤਿਆਰ ਕਰਵਾਉਣੀਆਂ ਚਾਹੀਦੀਆਂ ਹਨ।

ਭਾਸ਼ਾ ਦੇ ਪੱਖੋਂ ਪਾਠ-ਪੁਸਤਕਾਂ ਵਿਚ ਉਚਿਤ ਅਤੇ ਯੋਗ ਭਾਸ਼ਾ ਪ੍ਰਯੋਗ ਇਸ ਤਰ੍ਹਾਂ ਕਰੇ ਤਾਂ ਕਿ ਖੁਸ਼ਕ ਵਿਸ਼ੇ ਵੀ ਰੌਚਿਕ ਤੇ ਦਿਲਚਸਪ ਬਣਾਇਆ ਜਾਵੇ। ਸ਼ਬਦਾਂਵਲੀ, ਵਾਕ, ਰਚਨਾ, ਮੁਹਾਵਰੇ ਅਤੇ ਹੋਰ ਭਾਸ਼ਾ ਤੱਤ ਹੋਣੇ ਚਾਹੀਦੇ ਹਨ।

**ਸ਼ਬਦ ਜੋੜ** :-

ਭਾਸ਼ਾ ਦੇ ਲਿਖਣ ਸਮੇਂ ਆਮ ਤੌਰ 'ਤੇ ਉਚਾਰਣ ਸ਼ੁੱਧ ਨਹੀਂ ਹੋਵੇਗਾ ਤਾਂ ਲਿਖਣ ਵੇਲੇ ਵੀ ਅੱਖਰ ਅਸ਼ੁੱਧ ਹੀ ਲਿਖੇ ਜਾਣਗੇ। ਲਿਖਣ ਸਮੇਂ ਵਿਆਕਰਣ ਦਾ ਗਿਆਨ ਵੀ ਪੂਰਾ ਹੋਣਾ ਚਾਹੀਦਾ ਹੈ। ਸ਼ਬਦ ਜੋੜ ਵਲ ਖਾਸ ਧਿਆਨ ਦੇਣ ਦੀ ਲੋੜ ਹੈ। ਸ਼ਬਦ ਜੋੜ ਵੇਲੇ ਮਾਤਰਾਵਾਂ ਦਾ ਗਲਤ ਹੋ ਜਾਣਾ ਆਮ ਹੈ। ਜਿਵੇਂ ਬਿਹਾਰੀ ਦੀ ਜਗ੍ਹਾ ਸਿਹਾਰੀ ਅਤੇ ਕਈ ਵਾਰ ਸਿਹਾਰੀ ਦੀ ਥਾਂ ਬਿਹਾਰੀ ਦੀ ਗਲਤ ਵਰਤੋਂ ਆਮ ਹੋ ਜਾਂਦੀ ਹੈ। ਕਈ ਅੱਖਰ ਵਰਤਣ ਵੇਲੇ ਵੀ ਇਹ ਗਲਤੀ ਹੋ ਜਾਂਦੀ ਹੈ। ਜਿਵੇਂ ਨਦੀਣ, ਰਣੀਨ, ਦੀ ਜਗ੍ਹਾ ਅਤੇ ਮ ਅੱਖਰ ਦੀ ਥਾਂ ਵਰਤਿਆ ਜਾਂਦਾ ਹੈ ਇਹ ਗਲਤੀ ਆਮ ਤੌਰ 'ਤੇ ਦੁਆਬੇ ਦੇ ਇਲਾਕੇ ਵਿਚ ਹੋ ਹੀ ਜਾਂਦੀ ਹੈ। ਇਸ ਤੋਂ ਬਿਨਾਂ ਲਿਖਣ ਸਮੇਂ ਢੁਕਵੇਂ ਸ਼ਬਦਾਂ ਦੀ ਚੋਣ ਹੋਣੀ ਚਾਹੀਦੀ ਹੈ। ਅੱਜਕਲ ਅਨੇਕਾਂ ਗੈਰ ਪੰਜਾਬੀ ਭਾਸ਼ਾ ਦੇ ਸ਼ਬਦ ਐਸੇ ਹਨ ਜੋ ਪੰਜਾਬੀ ਭਾਸ਼ਾ ਵਿਚ ਐਸੇ ਰਚਪਿਚੇ ਗਏ ਹਨ, ਜੋ ਉਪਰੇ ਲਗਦੇ ਹੀ ਨਹੀਂ ਹਨ। ਜਿਵੇਂ ਇਹ ਸ਼ਬਦ ਪੰਜਾਬੀ ਭਾਸ਼ਾ ਦੇ ਆਖਦੇ ਹੀ ਹੋਣ। ਉਦਾਹਰਣ ਵਜੋਂ:-

(i) **ਅੰਗਰੇਜ਼ੀ** ਭਾਸ਼ਾ ਦੇ ਸ਼ਬਦ :-ਅਫ਼ਸਰ, ਪਿੰਟ, ਮਸ਼ੀਨ, ਮੀਟਰ

(ii) **ਤੁਰਕੀ** ਭਾਸ਼ਾ ਦੇ ਸ਼ਬਦ :- ਤਮਗਾ, ਕੈਂਚੀ, ਤੋਪ, ਕਲਗੀ, ਬਰੂਰ, ਬੀਬੀ, ਗਲੀਚਾ, ਚਾਕੂ ਆਦਿ।

(iii) **ਫਾਰਸੀ** ਭਾਸ਼ਾ ਦੇ ਸ਼ਬਦ :- ਫਕੀਰ, ਅਚਾਰ, ਸ਼ਲਗਮ, ਬੰਦਗੀ, ਮੁਰਗਾ, ਪਿਆਜ, ਦਰਵਾਜ਼ਾ, ਮੇਜ਼, ਚਰਖ਼ਾ, ਕੱਦੂ ਆਦਿ

(iv) **ਅਰਬੀ ਭਾਸ਼ਾ** ਦੇ ਸ਼ਬਦ :- ਬੁਖਾਰ, ਸ਼ਰਾਬ, ਅਨੇਕ, ਕੁਰਸੀ, ਹਵੇਲੀ, ਸਲਵਾਰ, ਨੁਸਕਾ ਆਦਿ

(v) **ਪੁਰਤਗਾਲੀ** ਸ਼ਬਦ :- ਅਲਮਾਰੀ, ਪੀਪਾ, ਕਾਰਤੂਸ, ਬੋਤਲ, ਫੀਤਾ, ਪਾਦਰੀ, ਇਸਤਰੀ ਆਦਿ।

ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਭਾਸ਼ਾ ਦੀ ਪਾਚਨ ਸ਼ਕਤੀ ਬਹੁਤ ਹੀ ਤਾਕਤਵਰ ਹੈ। ਕਿਸੇ ਵੀ ਭਾਸ਼ਾ ਦੀ ਹੋਂਦ ਵਾਕਾਂ ਦੁਆਰਾ ਹੀ ਬਣਦੀ ਹੈ। ਇਸੇ ਅਧਾਰ 'ਤੇ ਭਾਸ਼ਾ ਦੀ ਉਸਾਰੀ ਹੁੰਦੀ ਹੈ। ਭਾਵਾਂ ਨੂੰ ਲਿਖਤ ਰੂਪ ਵਿਚ ਲਿਆਉਣ ਲਈ ਢੁੱਕੀ ਵਾਕ ਬਣਤਰ ਦਾ ਧਿਆਨ ਰੱਖਣਾ ਜ਼ਰੂਰੀ ਹੈ। ਜਿਸ ਲਿਖਤ ਭਾਵ ਸਪੱਸ਼ਟ ਹੋ

**ਨੋਟ**

ਸਕਣ। ਲਿਖਣ ਸਮੇਂ ਇਕ ਗੱਲ ਦਾ ਹੋਰ ਧਿਆਨ ਰੱਖਣਾ ਜ਼ਰੂਰੀ ਹੈ ਕਿ ਵਿਆਕਰਣ ਅਨੁਸਾਰ ਲਿਖਣ ਸਮੇਂ ਵਾਕਾਂ ਵਿਚ ਚਿੰਨ੍ਹਾਂ ਦੀ ਢੁਕਵੀਂ ਵਰਤੋਂ ਕੀਤੀ ਜਾਵੇ। ਇਹ ਨਾ ਹੋਵੇ ਕਿ ਚਿੰਨ੍ਹਾਂ ਦੀ ਗਲਤ ਵਰਤੋਂ ਨਾਲ ਅਰਥ ਅਨਰਥ ਨਾ ਹੋ ਜਾਵੇ। ਇਹ ਚਿੰਨ੍ਹ ਹਨ। ਡੰਡੀ (।) ਭਾਵ ਵਾਕ ਖਤਮ ਹੋਣ ਤੇ ਡੰਡੀ ਲਗਦੀ ਹੈ। ਅਗੋਂ ਵਾਕ ਲੰਮਾ ਹੋ ਗਿਆ ਸਮਝਾਉਣ, ਕਾਮਾ (,) ਲਗਦਾ ਹੈ। ਇਸੇ ਤਰ੍ਹਾਂ ਦੁ ਬਿੰਦੀ (;) ਇਕਹਿਰੇ ਪੁੱਠੇ ਕਾਮੇ (') ਦੂਹਰੇ ਕਾਮੇ (") ਪ੍ਰਸ਼ਨਿਕ ਚਿੰਨ੍ਹ (?) ਆਦਿ ਢੁਕਵੇਂ ਚਿੰਨ੍ਹਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਉਦਾਹਰਣ ਤੌਰ 'ਤੇ ਅਸੀਂ ਵਾਰਤਾਕਾਰ ਪ੍ਰਿ: ਤੇਜਾ ਸਿੰਘ ਦੀ ਕਿਸੇ ਪਾਠ ਪੁਸਤਕ ਵਿਚ ਕਿਸੇ ਲੇਖ ਬਾਰੇ ਵਿਚਾਰ ਕਰਦੇ ਹਾਂ ਤਾਂ ਅਸੀਂ ਸੰਖੇਪ ਤੌਰ 'ਤੇ ਇੰਝ ਕਰ ਸਕਦੇ ਹਾਂ। ਪ੍ਰਿ: ਤੇਜਾ ਸਿੰਘ ਦੇ ਨਿਬੰਧਾ ਵਿਚ ਇਕ ਖਾਸ ਗੱਲ ਇਹ ਹੈ ਕਿ ਮਾਮੂਲੀ ਤੋਂ ਮਮੂਲੀ ਵਿਸ਼ਿਆ ਤੇ ਆਪਣੀ ਕਲਮ ਚਲਾਈ ਹੈ। ਵਿਸ਼ੇ ਹਨ 'ਗੁਸਲਖਾਨਾ, ਘਰ ਦਾ ਪਿਆਰ, ਵਿਹਲੀਆ ਗੱਲਾਂ, ਸ਼ਹਿਰ ਦਾ ਨਲਕਾ ਆਦਿ ਨਿਬੰਧ ਹਨ। 'ਗੁਸਲਖਾਨਾ' ਲੇਖ ਵਿਚ ਢੁਕਵੇਂ ਵਿਚਾਰਾਂ ਅਤੇ ਸ਼ਬਦਾਂ ਨਾਲ ਦੱਸਣ ਦੀ ਕੋਸ਼ਿਸ਼ ਕਿ ਗੁਸਲਖਾਨਾਂ ਹੀ ਇਕ ਐਸੀ ਜਗ੍ਹਾ ਜਿਥੇ ਨਹਾਉਣ ਲੱਗਿਆ ਰੱਬ ਯਾਦ ਆਉਂਦਾ ਹੈ। "ਗੁਸਲਖਾਨੇ ਅੰਦਰ' ਟੱਬਰ ਅੱਗੇ ਰੱਬ ਯਾਦ ਆਉਂਦਾ। ਇਸ ਲੇਖ ਨੂੰ ਬੜੇ ਦਿਲਚਸਪ ਢੰਗ ਨਾਲ ਪੇਸ਼ ਕੀਤਾ ਗਿਆ। ਪਾਠਕ ਦੀ ਪੜ੍ਹਦਿਆਂ ਰੌਚਕਤਾ ਬਣੀ ਰਹਿੰਦੀ ਹੈ। ਇਸੇ ਤਰ੍ਹਾਂ ਹੀ ਕਈ ਵਾਰ ਪਾਰਲੀਮੈਂਟ ਵਿਚ ਕਾਨੂੰਨ ਬਣ ਜਾਂਦੇ ਹਨ। ਇਸ ਲਈ ਦੱਸਣ ਦੀ ਮਨਸ਼ਾ ਇਹੋ ਹੀ ਹੈ। ਕੋਈ ਲੇਖ, ਕਹਾਣੀ ਇਸ ਢੰਗ ਨਾਲ ਲਿਖੀ ਗਈ ਜਿਸ ਵਿਚ ਵਿਸ਼ੇ ਦੀ ਜਾਣਕਾਰੀ ਦੇ ਕੇ ਉਸ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਜਾਵੇ ਅਤੇ ਅਖੀਰ ਵਿਚ ਲੇਖਕ ਕੀ ਕਹਿਣਾ ਚਾਹੁੰਦਾ ਹੈ ਇਸ ਦਾ ਸਿੱਟਾਂ ਵੀ ਕੱਢਿਆ ਗਿਆ ਹੋਵੇ। ਇਸ ਪ੍ਰਕਾਰ ਦੇ ਲੇਖਕ ਆਪਣੇ ਵਿਸ਼ੇ ਦੇ ਨਿਭਾਅ ਨਾਲ ਨਿਆ ਕਰਦੇ ਹਨ।

ਇਸੇ ਤਰ੍ਹਾਂ ਪਾਠ ਪੁਸਤਕ ਵਿਚ ਕਿਸੇ ਲੇਖਕ ਦੀ ਲਿਖੀ ਕਹਾਣੀ ਦਰਜ ਹੋਵੇ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਸਭ ਤੋਂ ਪਹਿਲਾਂ ਇਹ ਦੇਖੇ ਕਿ ਕਹਾਣੀ ਕੇਂਦਰੀ ਭਾਵ ਕੀ ਹੈ? ਲੇਖਕ ਕਿਸ ਸਮੱਸਿਆ ਨੂੰ ਛੋਹਣਾ ਚਾਹੁੰਦਾ ਹੈ। ਉਸ ਪੇਸ਼ ਕੀਤੇ ਵਿਸ਼ੇ ਦੇ ਨਿਭਾਅ ਲਈ ਜੋ ਕਹਾਣੀ ਪੇਸ਼ ਕੀਤੀ ਗਈ ਹੈ। ਉਸ ਕਹਾਣੀ ਨੂੰ ਪੇਸ਼ ਕਰਨ ਲਈ ਕੀ ਉਸ ਅਨੁਸਾਰ ਪਾਤਰ ਵੀ ਲਏ ਹਨ ਕਿ ਨਹੀਂ। ਇਸ ਤੋਂ ਬਾਅਦ ਕੀ ਪਾਤਰਾਂ ਦੀ ਪਾਤਰ ਉਸਾਰੀ ਕਹਾਣੀ ਦੇ ਵਿਸ਼ੇ ਮੁਤਾਬਿਕ ਕੀਤੀ ਗਈ ਹੈ? ਕਹਾਣੀ ਪੇਸ਼ ਕਰਨ ਲਈ ਕਹਾਣੀ ਵਿਚਲੇ ਵਿਸ਼ੇ ਅਨੁਸਾਰ ਸਥਾਨ ਅਤੇ ਵਾਤਾਵਰਣ ਦੀ ਠੀਕ ਚੋਣ ਹੋਈ ਹੈ? ਭਾਵ ਜੇ ਵਿਸ਼ਾ ਪੇਂਡੂ ਹੈ ਤਾਂ ਕੀ ਪਿੰਡ ਦਾ ਕੋਈ ਅਸਥਾਨ ਅਤੇ ਉਥੋਂ ਦੇ ਵਾਤਾਵਰਣ ਨੂੰ ਲਿਆ ਹੈ? ਖਾਸ ਗੱਲ ਇਹ ਹੈ ਕਿ ਪਾਤਰਾਂ ਦੀ ਵਾਰਤਾਲਾਪ ਵਿਚ ਸਥਾਨਕ ਬੋਲੀ ਦਾ ਪ੍ਰਯੋਗ ਕੀਤਾ ਗਿਆ ਹੈ ਕਿ ਨਹੀਂ। ਕਹਾਣੀ ਦੇ ਅੰਤ ਵਿਚ ਲੇਖਕ ਨੇ ਜੋ ਕੇਂਦਰੀ ਭਾਵ ਜਾਂ ਵਿਸ਼ਾ ਲਿਆ ਹੈ, ਕੀ ਉਸ ਦਾ ਨਿਭਾਅ ਲੇਖਕ ਨੇ ਠੀਕ ਕੀਤਾ ਹੈ? ਜੇ ਲੇਖਕ ਨੇ ਵਿਸ਼ੇ ਦੀ ਚੋਣ ਤੋਂ ਬਾਅਦ ਉਸ ਦਾ ਨਿਭਾਅ, ਪਾਤਰ ਉਸਾਰੀ, ਵਾਰਤਾਲਾਪ ਅਤੇ ਬੋਲੀ ਨੂੰ ਵਿਸ਼ੇ ਮੁਤਾਬਕ ਠੀਕ ਨਿਭਾਅ ਕੀਤਾ ਹੈ ਤਾਂ ਉਹ ਲੇਖਕ ਇਕ ਸਫ਼ਲ ਲੇਖਕ ਹੈ। ਇਸ ਲਈ ਉਪਰੋਕਤ ਗੱਲਾਂ ਲਿਖੀਆਂ ਮੁਤਾਬਕ ਪਾਠ-ਪੁਸਤਕਾਂ ਦਾ ਅਧਿਐਨ ਜ਼ਰੂਰੀ ਹੈ। ਸਮੁੱਚੇ ਤੌਰ 'ਤੇ ਪਾਠ ਪੁਸਤਕਾਂ ਵਿਚ ਲਈ ਰਾਏ, ਵਿਸ਼ੇ ਦੀ ਚੋਣ, ਵਿਸ਼ੇ ਦਾ ਨਿਭਾ ਅਤੇ ਜੋ ਲੇਖਕ ਜੋ ਸੰਦੇਸ਼ ਦੇਣਾ ਚਾਹੁੰਦਾ ਹੈ ਕੀ ਉਹ ਸੰਦੇਸ਼ ਦੇਣ ਵਿਚ ਸਫ਼ਲ ਹੋਇਆ। ਪਾਠਕਾਂ ਨੂੰ ਉਪਰੋਕਤ ਗੱਲਾਂ ਵਲ ਧਿਆਨ ਦੇ ਕੇ ਹੀ ਪਾਠ-ਪੁਸਤਕਾਂ ਦਾ ਅਧਿਐਨ ਕਰਨਾ ਚਾਹੀਦਾ ਹੈ।

## ਉੱਤਰ ਮਾਲਾ : ਸਵੈ ਮੁਲਾਂਕਣ

1. ਪ੍ਰਾਚੀਨ ਕਾਲ ਵਿਚ ਪਾਠ-ਪੁਸਤਕ ਬਾਰੇ ਜਾਣਕਾਰੀ ਆਪਣੇ ਸ਼ਬਦਾਂ ਵਿਚ ਲਿਖੋ।
2. ਪਾਠ-ਪੁਸਤਕਾਂ ਦੇ ਉਦੇਸ਼ ਅਤੇ ਵਿਸ਼ੇਸ਼ਤਾ ਬਾਰੇ ਆਪਣੇ ਭਾਵ ਸਪੱਸ਼ਟ ਸ਼ਬਦਾਂ ਵਿਚ ਲਿਖੋ
3. ਚੰਗੀ ਪਾਠ-ਪੁਸਤਕ ਦੇ ਕੀ ਲੱਛਣ ਹੋਣੇ ਚਾਹੀਦੇ ਹਨ?
4. ਪਾਠ-ਪੁਸਤਕਾਂ ਵਿਚ ਵਿਆਕਰਣ ਦਾ ਕੀ ਮਹੱਤਵ ਹੈ?

•••

ਨੋਟ

# ਅਧਿਆਏ-24 : ਚਿੱਠੀ-ਪੱਤਰ ਰਚਨਾ
## (Letter, Writing)

*ਵਿਸ਼ਾ-ਵਸਤੂ (Contents)*

1. ਚਿੱਠੀ–ਪੱਤਰ ਬਾਰੇ ਜਾਣਕਾਰੀ ਅਤੇ ਉਸ ਦੀ ਮਹੱਤਤਾ
2. ਚਿੱਠੀ–ਪੱਤਰ ਦੇ ਰੂਪ
3. ਚਿੱਠੀ–ਪੱਤਰ ਲਿਖਣ ਦੀ ਵਿਧੀ
4. ਉਦਾਹਰਣ ਸਹਿਤ ਵਿਸਥਾਰ
5. ਉੱਤਰਮਾਲਾ : ਸਵੈ ਮੁਲੰਕਣ

ਮਨੁੱਖ ਇਕ ਸਮਾਜਕ ਪ੍ਰਾਣੀ ਹੈ। ਹਰ ਵਿਅਕਤੀ ਨੂੰ ਆਪਣੇ ਵਿਹਾਰਕ ਜੀਵਨ ਵਿਚ ਚਿੱਠੀ ਪੱਤਰ ਦਾ ਸਹਾਰਾ ਜ਼ਰੂਰ ਲੈਣਾ ਪੈਂਦਾ ਹੈ। ਚਿੱਠੀ ਪੱਤਰ ਭਾਵੇਂ ਕਿਸੇ ਵੀ ਤਰ੍ਹਾਂ ਦੀ ਹੋਵੇ। ਕਿਸੇ ਵੀ ਤਰ੍ਹਾਂ ਉਸ ਦਾ, ਮਹੱਤਵ ਨਹੀਂ ਘਟਦਾ। ਪੱਤਰ ਲਿਖਣਾ ਵੀ ਇਕ ਕਲਾ ਤੋਂ ਕੋਈ ਘੱਟ ਨਹੀਂ। ਜਿਸ ਮਨੁੱਖ ਨੂੰ ਲਿਖਣ ਦੀ ਚੰਗੀ ਸ਼ੈਲੀ ਆਉਂਦੀ ਹੈ ਉਹ ਚਿੱਠੀ ਪੱਤਰ ਰਾਹੀਂ ਉਹ ਆਪਣੇ ਵਿਚਾਰਾਂ ਨੂੰ ਦੂਸਰਿਆਂ ਤੱਕ ਪਹੁੰਚਾ ਕੇ ਕਾਫੀ ਪ੍ਰਭਾਵਿਤ ਕਰ ਸਕਦਾ ਹੈ। ਚਿੱਠੀ ਪੱਤਰ ਰਾਹੀਂ ਹੀ ਲਿਖਣ ਵਾਲੇ ਮਨੁੱਖ ਦੇ ਸਿਆਣੇਪਨ ਦਾ ਅਹਿਸਾਸ ਹੁੰਦਾ ਹੈ। ਚਿੱਠੀ ਪੱਤਰ ਰਾਹੀਂ ਹੀ ਮਨੁੱਖ ਆਪਣੇ ਯੋਗਤਾ ਅਤੇ ਸ੍ਰਿਸ਼ਟਚਾਰ ਦਾ ਪਰਿਚੈ ਦਿੰਦਾ ਹੈ। ਇਸ ਲਈ ਚਿੱਠੀ ਪੱਤਰ ਲਿਖਣ ਲਈ ਸਾਨੂੰ ਅਨੇਕਾਂ ਮੌਕੇ ਮਿਲਦੇ ਹਨ।

ਇਹ ਵੱਖਰੀ ਗੱਲ ਹੈ ਕਿ ਅੱਜ ਦੇ ਵਿਗਿਆਨਕ ਯੁੱਗ ਵਿਚ 'ਫੈਕਸ', ਐਮ. ਐਮ. ਐਸ., 'ਇੰਟਰਨੈੱਟ' ਦੇ ਨਾਲ 'ਈ ਮੇਲ' ਆਦਿ ਦੀ ਸੁਵਿਧਾ ਨਾਲ ਸੰਸਾਰ ਵਿਚ ਸੰਚਾਰ ਦੇ ਅਨੇਕਾਂ ਸਾਧਨ ਇਜ਼ਾਦ ਹੋ ਗਏ ਹਨ। ਇਹ ਸਾਧਨ ਪਰਿਵਾਰਕ, ਵਪਾਰਕ, ਰਾਜਨੀਤਕ ਵਿਚ ਸਾਂਝ ਪਾਉਮ ਲਈ ਲਾਭਕਾਰੀ ਸਿੱਧ ਹੋ ਰਹੇ ਹਨ। ਪਰ ਫਿਰ ਵੀ ਚਿੱਠੀ ਪੱਤਰ ਦੀ ਮਹੱਤਤਾ ਘਟੀ ਨਹੀਂ। ਇਸ ਦੀ ਉਸ ਵੇਲੇ ਵੀ ਸੀ ਜਦੋਂ ਡਾਕਖਾਨੇ ਨਹੀਂ ਸਨ ਹੁੰਦੇ। ਉਦੋਂ ਇਕ ਦੂਸਰੇ ਨੂੰ ਮਨੁੱਖਾਂ ਰਾਹੀਂ, ਜਾਂ ਪੰਛੀਆਂ ਰਾਹੀਂ ਪੈਗਾਮ ਨੂੰ ਪਹੁੰਚਾਇਆ ਜਾਂਦਾ ਸੀ। ਇਸ ਲਈ ਸਾਨੂੰ ਚਿੱਠੀ ਪੱਤਰ ਦੀ ਲਿਖਣ ਦੀ ਕਲਾ ਸਿੱਖਣੀ ਚਾਹੀਦੀ ਹੈ। ਅੱਜ ਵੀ ਦੂਰ ਬੈਠੇ ਰਿਸ਼ਤੇਦਾਰਾਂ ਨਾਲ ਸਾਂਝ ਕਾਇਮ ਰੱਖਣ ਲਈ,ਵਪਾਰਕ ਜਾਣਕਾਰੀ ਲਈ ਅਤੇ ਸਰਕਾਰੀ ਦਫ਼ਤਰਾਂ ਵਿਚ ਜਾਣਕਾਰੀ ਹਾਸਲ ਕਰਨ ਅਤੇ ਵਿਰੋਧ ਪੱਤਰ ਦੇ ਰੂਪ ਵਿਚ ਚਿੱਠੀ ਪੱਤਰ ਜ਼ਰੂਰੀ ਹੈ। ਚਿੱਠੀ ਪੱਤਰ ਦੀ ਜਾਣਕਾਰੀ ਲਈ ਅਸੀਂ ਮੁੱਖ ਰੂਪ ਵਿਚ ਹੇਠ ਲਿਖੇ ਵਰਗਾਂ ਵਿਚ ਚਿੱਠੀ ਪੱਤਰ ਨੂੰ ਵੰਡਿਆ ਜਾ ਸਕਦਾ ਹੈ:—

1. ਵਿਅਕਤੀਗਤ (ਨਿੱਜੀ ਚਿੱਠੀ ਪੱਤਰ)
2. ਸਰਕਾਰੀ ਜਾਂ ਦਫ਼ਤਰੀ ਚਿੱਠੀ ਪੱਤਰ
3. ਵਪਾਰਿਕ ਚਿੱਠੀ ਪੱਤਰ

### 1. ਵਿਅਕਤੀਗਤ (ਨਿੱਜੀ) ਚਿੱਠੀ ਪੱਤਰ :–

ਆਪਣੇ ਅੰਗਸਾਕ, ਦੋਸਤਾਂ ਰਿਸ਼ਤੇਦਾਰਾਂ ਅਤੇ ਸੰਬਧੀਆਂ ਨਾਲ ਸਾਂਝਾ, ਗਿਲੇ–ਸ਼ਿਕਵੇ ਦੂਰ ਕਰਨ ਲਈ, ਚਿੱਠੀ ਪੱਤਰ ਦਾ ਸਹਾਰਾ ਲੈਂਦੇ ਹਨ। ਪਰਿਵਾਰਕ ਗੱਲਾਂ ਲਿੱਖ ਕੇ ਮੰਨ ਦੀ ਭੜਾਸ ਕੱਢੀ ਜਾਂਦੀ ਹੈ। ਇਨ੍ਹਾਂ ਚਿੱਠੀ ਪੱਤਰਾਂ ਵਿਚ ਰਸਮੀ ਪੁਣਾ ਨਹੀਂ ਹੁੰਦਾ। ਇਨ੍ਹਾਂ ਵਿਚ ਦੁੱਖਾਂ–ਸੁੱਖਾਂ ਦੀ ਸਾਂਝ ਕੀਤੀ ਜਾਂਦੀ ਹੈ।

### 2. ਦਫ਼ਤਰੀ ਜਾਂ ਸਰਕਾਰੀ ਚਿੱਠੀ ਪੱਤਰ :-

ਇਹ ਪੱਤਰ ਸਰਕਾਰੀ ਦਫ਼ਤਰੀ ਕੰਮਾਂ ਨਾਲ ਸਬੰਧਤ ਹੁੰਦੇ ਹਨ। ਇਹ ਪੱਤਰ ਆਮ ਜਨਤਾ ਵੱਲੋਂ

**ਨੋਟ**

ਸਰਕਾਰੀ/ਗੈਰ ਸਰਕਾਰੀ ਵਿਭਾਗਾਂ ਨਾਲ ਆਪਸੀ ਸੰਚਾਰ ਲਈ ਲਿਖੇ ਜਾਂਦੇ ਹਨ। ਵਿਦਿਆਰਥੀਆਂ ਵੱਲੋਂ ਸਕੂਲਾਂ/ਕਾਲਜਾਂ ਵਿਚ ਪ੍ਰਿੰਸੀਪਲ ਨੂੰ ਲਿਖੇ ਪੱਤਰ ਵੀ ਇਸੇ ਅਧੀਨ ਆਉਂਦੇ ਹਨ। ਇਨ੍ਹਾਂ ਪੱਤਰਾਂ ਵਿਚ ਗੈਰ ਰਸਮੀ ਨਾਲੋਂ ਦਲੀਲਾਂ ਭਰਿਆ ਮੈਟਰ ਹੋਣਾ ਚਾਹੀਦਾ ਹੈ।

## 3. ਵਪਾਰਕ ਚਿੱਠੀ ਪੱਤਰ :-

ਸੰਸਾਰ ਵਿਚ ਜਿਵੇਂ ਜਿਵੇਂ ਵਪਾਰਕ ਗਤੀ ਵਿਧੀਆਂ ਵੱਧ ਰਹੀਆਂ ਹਨ। ਇਸ ਦੇ ਇਲੈਕਟ੍ਰੋਨਿਕ ਸਾਧਨ ਵਧ ਰਹੇ ਹਨ। ਪਰ ਫਿਰ ਵੀ ਚਿੱਠੀ-ਪੱਤਰ ਦੀ ਪ੍ਰਥਾ ਘਟ ਨਹੀਂ ਰਹੀ। ਇਥੇ ਪੱਤਰਾਂ ਨੂੰ ਕਾਰੋਬਾਰੀ ਸਬੰਧ ਕਾਇਮ ਕਰਨ ਅਤੇ ਵਧੀਆ ਸੰਚਾਰ ਵਿਵਸਥਾ ਬਣਾਈ ਰੱਖਦੇ ਹਨ। ਵਪਾਰਕ ਪੱਤਰ ਕੰਪਨੀਆਂ ਵੱਲੋਂ ਗਾਹਕਾਂ ਨੂੰ ਜਾਂ ਗਾਹਕਾਂ ਵੱਲੋਂ ਕੰਪਨੀਆਂ ਨੂੰ ਜਾਂ ਫਿਰ ਏਜੰਸੀਆਂ ਨੂੰ ਜਾਂ ਏਜੰਸੀਆਂ ਵੱਲੋਂ ਕੰਪਨੀਆਂ ਅਤੇ ਪ੍ਰਬੰਧਕ ਨੂੰ ਲਿਖੀਆਂ ਜਾਂਦੀਆਂ ਹਨ।

## ਵਿਧੀ ਲਿਖਣ ਦੀ :-

ਨਿੱਜੀ ਪੱਤਰ, ਸਰਕਾਰੀ/ਗੈਰ ਸਰਕਾਰੀ ਪੱਤਰ ਅਤੇ ਵਪਾਰਕ ਪੱਤਰ ਲਿਖਣ ਦੀ ਵਿਧੀ ਵਿਚ ਥੋੜ੍ਹਾ ਬਹੁਤ ਅੰਤਰ ਹੁੰਦਾ ਹੈ। ਪਰ ਇਨ੍ਹਾਂ ਪੱਤਰਾਂ ਨੂੰ ਲਿਖਣ ਲਈ ਵਿਸ਼ੇਸ਼ ਵਿਧੀ ਹੁੰਦੀ ਹੈ। ਤਕਨੀਕ ਪੱਖ ਤੋਂ ਚਿੱਠੀ ਪੱਤਰ ਦੇ ਤਿੰਨ ਹਿੱਸੇ ਹਨ:-

1. ਅਰੰਭ
2. ਵਸਤੂ
3. ਅੰਤ

**1. ਅਰੰਭ :-**

1. ਸ਼ੁਰੂ ਦਾ ਹਿੱਸਾ
2. ਸੰਬੋਧਨੀ ਸ਼ਬਦ

**1. ਨਿੱਜੀ ਚਿੱਠੀ ਪੱਤਰ :-**

ਹੇਠ ਲਿਖੇ ਤਰੀਕੇ ਨਾਲ ਚਿੱਠੀ ਪੱਤਰਦਾ ਅਰੰਭਲਾ ਹਿੱਸਾ ਲਿਖਿਆ ਜਾਣਾ ਚਾਹੀਦਾ ਹੈ:-

ਪਿੰਡ ਦਾ ਨਾਂਅ
ਜ਼ਿਲ੍ਹਾ...
ਮਿਤੀ, 3 ਮਈ 2012

ਪਰ ਪ੍ਰੀਖਿਆ ਭਵਨ ਵਿਚ ਪਤਾ ਹੇਠ ਲਿਖੇ ਤਰੀਕੇ ਨਾਲ ਹੈ :-

ਪ੍ਰੀਖਿਆ ਭਵਨ
ੳ. ਅ. ੲ. ਸ਼ਹਿਰ
ਮਿਤੀ, 3 ਮਈ, 2012

1. ਨਿੱਜੀ ਚਿੱਠੀ ਪੱਤਰ ਵਿਚ ਹੇਠ ਲਿਖੇ ਅਨੁਸਾਰ ਸੰਬੋਧਨੀ ਸ਼ਬਦ ਲਿਖੇ ਜਾ ਸਕਦੇ ਹਨ :-

ੴ, ਓਮ, ਜਾਂ 'ਰਾਧਾ ਸੁਆਮੀ' ਜਾਂ 'ਵਾਹਿਗੁਰੂ ਜੀ ਕੀ ਫ਼ਤਹਿ।'

ਇਸੇ ਤਰ੍ਹਾਂ ਸਰਕਾਰੀ/ਗੈਰ ਸਰਕਾਰੀ ਅਤੇ ਵਪਾਰਕ ਚਿੱਠੀ ਪੱਤਰ ਅਰੰਭਕ ਹਿੱਸਾ ਉਸੇ ਤਰ੍ਹਾਂ ਹੀ ਲਿਖਿਆ ਜਾਂਦਾ ਹੈ ਪਰ ਫਰਕ ਸਿਰਫ ਇਤਨਾ ਹੈ ਕਿ ਪਿੰਡ ਦੀ ਥਾਂ ਜਿਸ ਅਫਸਰ ਨੂੰ ਪੱਤਰ ਲਿਖਣਾ ਹੈ ਉੱਪ-ਦਫ਼ਤਰ ਦਾ ਨਾਮ ਲਿਖਣਾ ਹੈ ਜਿਵੇਂ :-

ਸੇਵਾ ਵਿਖੇ

ਪੋਸਟ ਮਾਸਟਰ ਜੀ
ਮੁੱਖ ਡਾਕ ਘਰ, ੳ. ਅ. ਈ.

ਨੋਟ

**2. ਵਿਸ਼ਾ ਵਸਤੂ :-**

ਚਿੱਠੀ ਪੱਤਰ ਵਿਚ ਅਰੰਭਕ ਅਤੇ ਸੰਬੋਧਨੀ ਸ਼ਬਦ ਤੋਂ ਬਾਅਦ ਚਿੱਠੀ ਪੱਤਰ ਦਾ ਇਕ ਸੱਤਰ ਵਿਚ ਮਕਸਦ ਲਿਖਿਆ ਜਾਵੇ ਜਿਵੇਂ :-

ਵਿਸ਼ਾ : ਕੋਟੇਸ਼ਨ, ਪ੍ਰਿੰਟਰ ਮਾਡਲ 900<br>
ਜਾਂ<br>
ਵਧ ਰਹੀ ਗੁੰਡਾਗਰਦੀ<br>
ਜਾਂ<br>
ਸਮੇਂ ਸਿਰ ਪੈਸੇ ਦੀ ਅਦਾਇਗੀ

ਇਸ ਤੋਂ ਬਾਅਦ ਹੇਠਾਂ ਲੀਕ ਜਾਂ ਅੰਡਰਲਾਈਨ ਕਰ ਦਿਉ।

**3. ਅੰਤ**

ਚਿੱਠੀ ਦਾ ਇਹ ਹਿੱਸਾ ਅਤਿ ਮਹੱਤਵਪੂਰਨ ਹੁੰਦਾ ਹੈ। ਲਿਖਣ ਵਾਲੇ ਨੂੰ ਚਾਹੀਦਾ ਹੈ ਕਿ ਉਹ ਆਪਣੇ ਦਿਲ ਦੇ ਭਾਵ ਸੰਕੁਚਿਤ ਅਤੇ ਸਰਲ ਢੰਗ ਨਾਲ ਬਿਆਨ ਕਰੇ। ਨਿੱਜੀ ਪੱਤਰਾਂ ਵਿਚ ਨਿਜੀ,ਜਾਤੀ ਅਤੇ ਪਰਿਵਾਰਕ ਹਲਾਤਾਂ ਦੱਸਣੀਆਂ ਚਾਹੀਦੀਆਂ ਹਨ। ਲਿਖਤ ਬਿਆਨ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਜਿਵੇਂ ਆਪੋ ਵਿਚ ਗੱਲਾਂ ਕਰ ਰਹੇ ਹੋਈਏ।

ਚਿੱਠੀ ਦਾ ਅੰਤ ਪੱਤਰਾ ਦੇ ਅੰਤ ਵਿਚ ਅਧੂਰੇ ਵਾਕ ਨਾਲ ਕੀਤੀ ਜਾਵੇ, ਇਸ ਨਾਲ ਇਕ ਸਸਪੈਂਸ ਬਣਿਆ ਰਹਿੰਦਾ ਹੈ। ਜਿਵੇਂ :- ਛੇਤੀ ਜਵਾਬ ਮਿਲਣ ਦਾ ਚਾਹਵਾਨ, ਬੜੇ ਆਦਰ ਸਹਿਤ, ਬਹੁਤ-ਬਹੁਤ ਧਿਆਨ ਨਾਲ, ਅਤੇ ਤੁਹਾਡੀਆਂ ਖੁਸ਼ੀਆਂ ਦਾ ਭਾਈਵਾਲ ਆਦਿ। ਚਿੱਠੀ ਦਾ ਅੰਤ ਹੇਠ ਲਿਖੇ ਤਰੀਕੇ ਨਾਲ ਹੁੰਦਾ ਹੈ।

ਤੇਰਾ ਪਿਆਰਾ ਵੀਰ<br>
ਸਤਿਨਾਮ ਸਿੰਘ

ਦਫਤਰੀ ਜਾਂ ਸਰਕਾਰੀ ਚਿੱਠੀ ਦਾ ਅੰਤ ਇੰਜ ਕਰਨਾ ਚਾਹੀਦਾ ਹੈ ਜਿਵੇਂ :-

ਆਪ ਦਾ ਸ਼ੁਭਚਿੰਤਕ,<br>
ਸਰਵਨ ਸਿੰਘ<br>
10 ਹਮਨੁਮਾਨ ਰੋੜ, ਦਿੱਲੀ

## ਨਿੱਜੀ ਚਿੱਠੀਆਂ ਦੇ ਨਮੂਨੇ

**1. ਪ੍ਰੀਖਿਆ ਵਿਚੋਂ ਪਾਸ ਹੋਏ ਮਿੱਤਰ ਨੂੰ ਵਧਾਈ**

ਖਾਲਸਾ ਕਾਲਜ<br>
ਢੁੱਡੀਕੇ,<br>
ਜ਼ਿਲ੍ਹਾ ਫ਼ਰੀਦਕੋਟ,<br>
1 ਜੁਲਾਈ, 2012

ਪਿਆਰੇ ਸਤਿੰਦਰ ਜੀ,

ਅੱਜ ਦੀ ਅਖ਼ਬਾਰ ਵਿਚ ਐਮ. ਏ. ਫਾਈਨਲ ਵਿਚੋਂ ਤੁਹਾਡੀ ਸਫਲਤਾ ਬਾਰੇ ਪੜ੍ਹ ਕੇ ਮੈਂ ਫੁਲਿਆ ਨਹੀਂ ਸਮਾ ਰਿਹਾ। ਅਖ਼ਬਾਰ ਵਿਚ ਦਿੱਤੇ ਨੰਬਰਾਂ ਵੱਲ ਦੇਖ ਕੇ ਮੇਰੀ ਖੁਸ਼ੀ ਹੋਰ ਵੀ ਵਧ ਗਈ ਹੈ। ਤੇਰੇ ਕੁੱਲ ਨੰਬਰ 487 ਹਨ ਅਤੇ ਇਸ ਹਿਸਾਬ ਨਾਲ ਤੇਰੀ ਫਸਟ ਡਵੀਜ਼ਨ ਤੇ ਯੂਨੀਵਰਸਿਟੀ ਵਿਚੋਂ ਦੂਜੇ ਪੁਜੀਸ਼ਨ ਬਣਦੀ ਹੈ। ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਛਪੀ ਇਸ ਸੂਚੀ ਵੱਲਦੇਖ ਕੇ ਇਹ ਅਨੁਮਾਨ ਲਗਾਉਂਦਾ ਹਾਂ ਕਿ ਤੂੰ ਦਿਲ ਲਾ ਕੇ ਪੜ੍ਹਦਾ ਏਂ ਅਤੇ ਇਸ ਪੜ੍ਹਾਈ ਦੇ ਸਿਰ 'ਤੇ ਹੀ ਤੂੰ ਆਪਣੀ ਪਿਛਲੇ ਸਾਲ ਦੀ ਪੁਜੀਸ਼ਨ ਨੂੰ ਵਧਾ ਸਕਿਆ ਏ। ਮੇਰਾ ਖਿਆਲ ਹੈ ਕਿ ਤੂੰ ਆਪਣੇ ਕਾਲਜ ਵੱਲੋਂ ਗੋਲਡ ਮੈਡਲ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ

ਕਾਲਜ ਦਾ ਵੀ ਨਾਮ ਰੌਸ਼ਨ ਕੀਤਾ ਹੈ। ਏਸ ਸਫਲਤਾ ਲਈ ਮੇਰੀ ਵੱਲੋਂ ਆਪਮੇ ਮਾਤਾ ਪਿਤਾ ਨੂੰ ਹਾਰਦਿਕ ਵਧਾਈ ਦੇਣੀ।

ਅੱਛਾ! ਏਸ ਤੋਂ ਬਾਅਦ ਕੀ ਕਰਨ ਦਾ ਇਰਾਦਾ ਹੈ? ਮੇਰਾ ਖ਼ਿਆਲ ਹੈ ਕਿ ਨਤੀਜਾ ਕਿਉਂਕਿ ਬੜਾ ਲੇਟ ਨਿਕਲਿਆ ਹੈ, ਇਸ ਲਈ ਕਾਲਜਾਂ ਵਿਚ ਪ੍ਰੋਫੈਸਰੀ ਦੀਆਂ ਅਸਾਮੀਆਂ ਪੂਰੀਆਂ ਹੋ ਚੁਕੀਆਂ ਹੋਣਗੀਆਂ। ਮੈਨੂੰ ਡਰ ਭਾਸਦਾ ਹੈ ਕਿ ਕਿਤੇ ਇਹ ਸਾਲ ਤੈਨੂੰ ਵਿਹਲਾ ਹੀ ਨਾ ਲੰਘਾਉਣਾ ਪਵੇ। ਪਰ ਤੇਰੇ ਨੰਬਰ ਏਨੇ ਜ਼ਿਆਦਾ ਹਨ ਕਿ ਤੈਨੂੰ ਯੂਨੀਵਰਸਿਟੀ ਵਿਚ ਰੀਸਰਚ ਦੀ ਪੋਸਟ ਮਿਲ ਸਕੇਗੀ। ਪਰ ਮੈਂ ਇਸ ਖ਼ੁਸ਼ੀ ਦੇ ਮੌਕੇ ’ਤੇ ਗੰਭੀਰ ਮਸਲਾ ਕਿਉਂ ਸ਼ੁਰੂ ਕਰ ਬੈਠਾਂ?

ਏਥੇ ਤਾਂ ਮੈਨੂੰ ਇਹ ਪੁੱਛਣਾ ਚਾਹੀਦਾ ਸੀ ਕਿ ਮੈਂ ਫੀਸਟ ਖਾਣ ਲਈ ਕਦੋਂ ਪਹੁੰਚਾਂ। ਪਰ ਇਹ ਯਾਦ ਰੱਖੀਂ ਕਿ ਮੈਂ ਮਾੜੀ ਮੋਟੀ ਫੀਸਟ ਨਾਲ ਨਹੀਂ ਟਲਣਾ।

ਅੱਛਾ! ਜ਼ਿੰਦਾਬਾਦ!! ਤੇਰੀਆਂ ਉਚੇਰੀਆਂ ਸਫਲਤਾਵਾਂ ਦਾ ਚਾਹਵਾਨ!!!

ਤੇਰਾ ਪਰਮ ਮਿੱਤਰ,
ਜੋਗਿੰਦਰ।

**2. ਪੁੱਤਰ ਵੱਲੋਂ ਮਾਂ ਨੂੰ ਚਿੱਠੀ ਜਿਸ ਵਿਚ ਪੁੱਤਰ ਆਪਣੇ ਹੋਣ ਵਾਲੇ ਵਿਆਹ ਦੀਆਂ ਰਸਮਾਂ ਸਬੰਧੀ ਕੁਝ ਸੁਧਾਰਾਂ ਦਾ ਸੁਝਾ ਦੇਂਦਾ ਹੈ।**

45, ਮਾਲ ਰੋਡ, ਪਟਿਆਲਾ।
3 ਅਗਸਤ

ਪੂਜਨੀਕ ਮਾਤਾ ਜੀ,

ਪਰਸੋਂ ਤੁਹਾਡਾ ਕਿਰਪਾ ਪੱਤਰ ਮਿਲਿਆ। ਹੁਣ ਤੱਕ ਮੈਂ ਇਹੀ ਸੋਚਦਾ ਰਿਹਾ ਹਾਂ ਕਿ ਕੀ ਉੱਤਰ ਦੇਵਾਂ। ਤੁਸਾਂ ਜੋ ਅਚਾਨਕ ਮੇਰਾ ਵਿਆਹ ਕਰ ਦੇਣ ਬਾਰੇ ਫ਼ੈਸਲਾ ਦੇ ਦਿੱਤਾ ਹੈ, ਇਹ ਬਾਰੇ ਮੈਨੂੰ ਬੜੀ ਹੈਰਾਨੀ ਹੋ ਰਹੀ ਹੈ। ਮੈਨੂੰ ਭਰੋਸਾ ਸੀ ਕਿ ਤੁਸੀਂ ਇਹ ਫ਼ੈਸਲਾ ਲੈਣ ਤੋਂ ਪਹਿਲਾਂ ਮੇਰੀ ਰਾਏ ਜ਼ਰੂਰ ਪੁੱਛੋਗੇ। ਪਰ ਜੋ ਕੁਝ ਹੋ ਗਿਆ ਹੈ ਮੈਂ ਤੁਹਾਡੇ ਹੁਕਮ ਨੂੰ ਸਿਰ ਮੱਥੇ ਤੇ ਪਰਵਾਨ ਕਰਦਾ ਹਾਂ। ਏਸ ਸਮੇਂ ਹੁਣ ਮੈਂ ਤੁਹਾਥੋਂ ਸਿਰਫ ਇਕ ਰਿਆਇਤ ਚਾਹੁੰਦਾ ਹਾਂ। ਉਹ ਇਹ ਕਿ ਤੁਹਾਨੂੰ ਤੇ ਕੁੜੀ ਵਾਲਿਆਂ ਨੂੰ ਮੇਰੀ ਇਹ ਸ਼ਰਤ ਜ਼ਰੂਰ ਮੰਨਣੀ ਪਵੇਗੀ ਕਿ ਵਿਆਹ ਦਾ ਕਾਰਜ ਮੇਰੇ ਆਦਰਸ਼ ਅਨੁਸਾਰ ਹੋਵੇਗਾ।

ਪਹਿਲੀ ਗੱਲ, ਮੈਂ ਇਹ ਚਾਹੁੰਦਾ ਹਾਂ ਕਿ ਨਾ ਸਾਡੇ ਵੱਲੋਂ ਅਤੇ ਨਾ ਹੀ ਕੁੜੀ ਵਾਲਿਆਂ ਵੱਲੋਂ ਵਿਆਹ ਦੇ ਮੌਕੇ ਤੇ ਬਹੁਤਾ ਵਿਖਾਵਾ ਜਾਂ ਢੋਲ-ਢਮੱਕਾ ਕੀਤਾ ਜਾਵੇ। ਰੌਸ਼ਨੀ ਆਦਿ ਤੇ ਫ਼ਜ਼ੂਲ ਖ਼ਰਚੀ ਰੋਕਣ ਲਈ ਜੰਞਸਵੇਰੇ ਜਾਵੇ ਤੇ ਰਾਤ ਪੈਣ ਤੋਂ ਪਹਿਲਾਂ ਮੁੜ ਆਵੇ। ਮੈਂ ਨਹੀਂ ਚਾਹੁੰਦਾ ਕਿ ਪੁਰਾਣੇ ਬਾਦਸ਼ਾਹਾਂ ਵਾਂਗ ਸੁਨਹਿਰੀ ਵਰਦੀ ਪਾ ਕੇ, ਹੱਥ ਵਿਚ ਤਲਵਾਰ ਫੜ ਕੇ, ਘੋੜੀ ਦੀ ਸਵਾਰੀ ਕਰਕੇ, ਵਾਜੇ ਗਾਜੇ ਨਾਲ ਮੇਰੀ ਜੰਞ ਤੁਰੇ, ਕਿਉਂਕਿ ਇਸ ਰਸਮ ਤੋਂ ਮੈਨੂੰ ਇੰਞ ਮਹਿਸੂਸ ਹੁੰਦਾ ਹੈ ਕਿ ਜਿਵੇਂ ਕੋਈ ਤਕੜਾ ਆਦਮੀ ਮਾੜੇ ਆਦਮੀ ਤੇ ਹਮਲਾ ਕਰਨ ਜਾ ਰਿਹਾ ਹੈ। ਮੈਨੂੰ ਪੈਦਲ ਜਾਣਾ ਜ਼ਿਆਦਾ ਚੰਗਾ ਲੱਗਦਾ ਹੈ। ਮੈਂ ਚਾਹੁੰਦਾ ਹਾਂ ਕਿ ਮੇਰੇ ਸਹੁਰੇ ਘਰ ਵੱਲੋਂ ਸਾਰੇ ਬਰਾਤੀਆਂ ਲਈ ਸਾਦੀ ਜਿਹੀ ਚਾਹ ਪਾਰਟੀ ਤੋਂ ਬਾਅਦ ਜੋ ਵਿਆਹ ਦੀ ਰਸਮ ਅਦਾ ਕਰਨੀ ਹੈ ਉਹ ਵੀ ਬੜੀ ਸਾਦੀ ਤੇ ਸੰਖੇਪ ਜਿਹੀ ਹੋਵੇ।

ਮਾਤਾ ਜੀ, ਤੁਹਾਨੂੰ ਪਤਾ ਹੈ ਕਿ ਮੈਂ ਸਦਾ ਅਗਾਂਹ-ਵਧੂ ਖ਼ਿਆਲਾਂ ਦਾ ਸਮਰਥਕ ਰਿਹਾ ਹਾਂ। ਪਿਤਾ ਜੀ ਨੇ ਤੁਹਾਡੇ ਪਾਸੇ ਖ਼ਤ ਲਿਖਵਾਇਆ ਹੀ ਏਸ ਲਈ ਹੈ ਕਿਉਂਕਿ ਉਨ੍ਹਾਂ ਨੂੰ ਭਾਸਦਾ ਹੋਵੇਗਾ ਕਿ ਵਿਆਹ ਸਮੇਂ ਰਸਮਾਂ ਦੇ ਸੁਧਾਰ ਲਈ ਤੁਸੀਂ ਸ਼ਾਇਦ ਨਾ ਮੰਨੋ। ਇਹ ਗੱਲ ਮੈਂ ਤੁਹਾਨੂੰ ਪਹਿਲਾਂ ਹੀ ਦੱਸ ਦੇਣੀ ਚਾਹੁੰਦਾ ਹਾਂ ਕਿ ਮੈਂ ਦਾਜ ਆਦਿ ਕੁਝ ਨਹੀਂ ਜੇ ਲੈਣਾ। ਵਿਆਹ ਦੀ ਰਸਮ ਸਿਰਫ਼ ਫੁੱਲਾਂ ਦੀ ਇਕ ਜੈ ਮਾਲਾ ਨਾਲ ਕੀਤੀ ਜਾਵੇ। ਮਾਤਾ ਜੀ! ਵਿਆਹ ਸਮੇਂ ਮੈਂ ਆਪਣੀ ਜੀਵਨ-ਸਾਥਣ ਦੇ ਮਾਪਿਆਂ ਨੂੰ ਦੀਵਾਲੀਆ ਬਣਾ ਕੇ ਆਪ ਅਮੀਰ ਨਹੀਂ ਬਣਨਾ ਚਾਹੁੰਦਾ।

ਮੈਨੂੰ ਪੂਰਨ ਆਸ ਹੈ ਕਿ ਤੁਸੀਂ ਮੇਰੇ ਜਜ਼ਬਿਆਂ ਦੀ ਕਦਰ ਕਰੋਗੇ। ਬੜੇ ਪਿਆਰ ਤੇ ਸਤਿਕਾਰ ਸਹਿਤ,

**ਤੁਹਾਡਾ ਪੁੱਤਰ,**
**ਸੁਰਿੰਦਰ ਸਿੰਘ**

ਨੋਟ

**3. ਛੋਟੇ ਭਰਾ ਦੇ ਜਨਮ ਦਿਨ ਤੇ ਵੱਡੇ ਭਰਾ ਵੱਲੋਂ ਭੇਜੀਆਂ ਗਈਆਂ ਪੁਸਤਕਾਂ ਦੇ ਧੰਨਵਾਦ ਲਈ ਛੋਟੇ ਭਰਾ ਦੀ ਵੱਡੇ ਭਰਾ ਨੂੰ ਚਿੱਠੀ।**

24 ਮਾਲ ਰੋਡ,
ਹੁਸ਼ਿਆਰਪੁਰ।
23 ਜੁਲਾਈ, 2011

ਸਤਿਕਾਰ ਯੋਗ ਵੀਰ ਜੀ,

ਆਦਰ ਭਰੀ ਸਤਿ ਸ੍ਰੀ ਅਕਾਲ!

ਪੁਸਤਕਾਂ ਦੀ ਸ਼ਕਲ ਵਿਚ ਆਪ ਦਾ ਭੇਜਿਆ ਹੋਇਆ ਪਿਆਰ ਮੈਨੂੰ ਠੀਕ ਉਸ ਦਿਨ ਮਿਲਿਆ ਜਦ ਮੇਰੇ ਜਨਮ ਦਿਨ ਦੀ ਖੁਸ਼ੀ ਵਿਚ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਪਾਰਟੀ ਦਿੱਤੀ ਜਾ ਰਹੀ ਹੈ। ਆਪ ਉਸ ਦਿਨ ਰੁਝੇਵੇਂ ਕਾਰਨ ਨਹੀਂ ਆ ਸਕੇ ਪਰੰਤੂ ਆਪ ਦਾ ਪਿਆਰ ਪਹੁੰਚਣ ਨਾਲ ਹੀ ਮੈਨੂੰ ਅਤਿਅੰਤ ਖੁਸ਼ੀ ਹੋਈ। ਜਦ ਮੈਂ ਆਪਦਾ ਭੇਜਿਆ ਹੋਇਆ ਪਾਰਸਲ ਖੋਲ੍ਹਿਆ ਤਾਂ ਹੋਰ ਵੀ ਵਧੇਰੇ ਖੁਸ਼ੀ ਹੋਈ ਕਿ ਕੇਵਲ ਆਪ ਹੀ ਨੇ ਮੈਨੂੰ ਮੇਰੀ ਪਸੰਦ ਦਾ ਤੋਹਫਾ ਭੇਜਿਆ ਹੈ। ਮੈਨੂੰ ਬੜੀ ਖੁਸ਼ੀ ਹੋਈ ਕਿ ਆਪ ਮੈਨੂੰ ਸਦਾ ਚੰਗੇ ਪਾਸੇ ਲਾਉਣ ਲਈ ਉਤਸੁਕ ਰਹਿੰਦੇ ਹੋ। ਆਪ ਦਾ ਛੋਟਾ ਵੀਰ ਹਾਂ, ਧੰਨਵਾਦ ਕਰਦਾ ਤਾਂ ਚੰਗਾ ਨਹੀਂ ਲਗਦਾ। ਪਰ ਫਿਰ ਵੀ ਮੈਂ ਆਪਦਾ ਸਦਾ ਰਿਣੀ ਹਾਂ ਕਿ ਆਪ ਮੈਨੂੰ ਵਿੱਦਿਆ ਦੀ ਪ੍ਰਾਪਤੀ ਵਾਲੇ ਪਾਸੇ ਲੱਗਾ ਰਹੇ ਹੋ।

ਤੁਹਾਡੀਆਂ ਭੇਜੀਆਂ ਹੋਈਆਂ ਕਿਤਾਬਾਂ ਸਾਰੀਆਂ ਹੀ ਇਕ ਦੂਜੇ ਨਾਲੋਂ ਵਧ ਸ਼ਾਨਦਾਰ ਹਨ। ਇਨ੍ਹਾਂ ਵਿਚੋਂ ਜਸਵੰਤ ਸਿੰਘ ਕੰਵਲ ਦਾ ਨਾਵਲ 'ਹਾਣੀ' ਤਾਂ ਮੈਂ ਪਹਿਲਾਂ ਹੀ ਪੜ੍ਹ ਚੁੱਕਾ ਹਾਂ ਪਰਇਹ ਨਾਵਲ ਏਨਾ ਦਿਲਚਸਪ ਹੈ ਕਿ ਮੇਰਾ ਦੁਬਾਰਾ ਪੜ੍ਹਨ ਤੇ ਦਿਲ ਕਰਦਾ ਸੀ। ਨਾਨਕ ਸਿੰਘ ਦੇ ਨਾਵਲ 'ਚਿੱਟਾ ਲਹੂ' ਦੀ ਮੈਂ ਬਹੁਤ ਮਸ਼ਹੂਰੀ ਸੁਣੀ ਹੋਈ ਸੀ ਪਰ ਇਹ ਪੁਸਤਕ ਖ਼ਰੀਦਣ ਦਾ ਮੈਨੂੰ ਮੌਕਾ ਹੀ ਨਹੀਂ ਸੀ ਬਣਿਆ। ਆਪ ਨੇ ਚੰਗਾ ਕੀਤਾ ਕਿ ਇਹ ਪੁਸਤਕ ਵੀ ਭੇਜ ਦਿੱਤੀ।

ਵੀਰ ਜੀ! ਆਪ ਨੂੰ ਆਪਣੇ ਬਾਰੇ ਕੁਝ ਦੱਸਣਾ ਚਾਹੁੰਦਾ ਹਾਂ ਕਿ ਮੇਰੀ ਰੁਚੀ ਅੱਜ ਕੱਲ੍ਹ ਕਵਿਤਾ ਅਤੇ ਕਹਾਣੀ ਵਿਚ ਵਧ ਰਹੀ ਹੈ। ਤੁਸਾਂ ਸੰਤ ਸਿੰਘ ਸੇਖੋਂ ਦੀ ਪੁਸਤਕ 'ਕਾਮੇ ਤੇ ਯੋਧੇ' ਭੇਜੀ ਤਾਂ ਹੈ ਪਰ ਮੇਰਾ ਦਿਲ ਸੁਜਾਨ ਸਿੰਘ ਦੀਆਂ ਕਹਾਣੀਆਂ ਪੜ੍ਹਨ ਤੇ ਕਰਦਾ ਹੈ। ਮੈਂ ਇਕ ਦੋ ਕਹਾਣੀਆਂ ਸੁਜਾਨ ਸਿੰਘ ਦੀਆਂ ਪੜ੍ਹੀਆਂ ਵੀ ਹਨ ਜੋ ਬਹੁਤ ਵਧੀਆ ਸਨ। ਸੋ ਆਸ ਹੈ ਕਿ ਆਪ ਮੈਨੂੰ ਕੌ ਮੋਹਨ ਸਿੰਘ ਜਾਂ ਪ੍ਰੋ. ਪੂਰਨ ਸਿੰਘ ਦੀ ਕਵਿਤਾਵਾਂ ਦੀ ਕਿਤਾਬ ਅਤੇ ਕੋਈ ਕਹਾਣੀਆਂ ਦੀ ਪੁਸਤਕ ਵੀ ਜ਼ਰੂਰੀ ਭੇਜੋਗੇ।

ਵੀਰ ਜੀ! ਮੈਂ ਆਪਜੀ ਦਾ ਹਾਰਦਿਕ ਧੰਨਵਾਦ ਕਰਦਾ ਹਾਂ ਅਤੇ ਆਪ ਨੂੰ ਵਿਸ਼ਵਾਸ ਦੁਆਉਂਦਾ ਹਾਂ ਕਿ ਮੈਂ ਇਨ੍ਹਾਂ ਪੁਸਤਕਾਂ ਤੋਂ ਪੂਰਾ ਪੂਰਾ ਲਾਭ ਉਠਾਵਾਂਗਾ ਅਤੇ ਆਪਦੇ ਪਾਏ ਪੂਰਨਿਆਂ 'ਤੇ ਚੱਲਾਂਗਾ।

ਭਰਜਾਈ ਜੀ ਨੂੰ ਮੇਰੇ ਵੱਲੋਂ ਸਤਿਕਾਰ ਸਹਿਤ ਸਤਿ ਸ੍ਰੀ ਅਕਾਲ। ਕਿੱਟੀ ਤੇ ਲਾਟੀ ਨੂੰ ਪਿਆਰ।

**ਆਪ ਦਾ ਛੋਟਾ ਵੀਰ,**
**ਸੁਖਵਿੰਦਰ**

**ਦਫ਼ਤਰੀ ਪੱਤਰ, ਅਰਜ਼ੀਆਂ ਆਦਿ**

**4. ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਕਲਰਕ ਦੀ ਅਸਾਮੀ ਲਈ ਬੇਨਤੀ ਪੱਤਰ।**

**ਸੇਵਾ ਵਿਖੇ,**

**ਡਿਪਟੀ ਕਮਿਸ਼ਨਰ ਸਾਹਿਬ,**
**ਜਲੰਧਰ**

ਵਿਸ਼ਾ : ਕਲਰਕ ਦੀ ਅਸਾਮੀ ਲਈ ਰੱਜ਼ੀ।

ਸ੍ਰੀ ਮਾਨ ਜੀ,

ਕੱਲ੍ਹ 19 ਜੁਲਾਈ, 2003 ਦੇ ਟ੍ਰਿਬਿਊਨ ਵਿਚ ਛਪੇ ਤੁਹਾਡੇ ਇਸ਼ਤਿਹਾਰ ਤੋਂ ਪਤਾ ਲਗਾ ਹੈ ਕਿ ਤੁਹਾਡੇ ਦਫ਼ਤਰ ਵਿਚ ਇਕ ਕਲਰਕ ਦੀ ਥਾਂ ਖਾਲ੍ਹੀ ਹੈ। ਇਸ ਅਸਾਮੀ ਲਈ ਆਪਣੀ ਸੇਵਾ ਅਰਪਣ ਕਰਦਾ ਹਾਂ।

ਮੈਂ ਡੀ. ਐਮ. ਕਾਲਜ ਮੋਗਾ ਦਾ ਵਿਦਿਆਰਥੀ ਰਿਹਾ ਹਾਂ ਤੇ 2000 ਵਿਚ ਪੰਜਾਬ ਯੂਨੀਵਰਸਿਟੀ ਦੀ ਬੀ. ਏ. ਦੀ ਡਿਗਰੀ ਪ੍ਰਾਪਤ ਕੀਤੀ ਸੀ। ਇਸ ਤੋਂ ਬਾਅਦ ਮੈਂ ਮਲਹੋਤਰਾ ਕਮਰਸ਼ਲ ਕਾਲਜ ਤੋਂ ਟਾਈਪ ਅਤੇ ਸ਼ਾਰਟਹੈਂਡ ਦੀ ਸਿੱਖਿਆ ਵੀ ਪ੍ਰਾਪਤ ਕੀਤੀ। ਮੇਰੇ ਪਾਸ ਇਕ ਮਿੰਟ ਵਿਚ 60 ਸ਼ਬਦ ਟਾਈਪ ਕਰ ਸਕਣ ਦਾ ਸਰਟੀਫਿਕੇਟ ਵੀ ਹੈ। ਮੈਂ ਸ਼ਾਰਟ ੈਂਡ ਵਿਚ ਇਸ ਤੋਂ ਵੀ ਤੇਜ਼ ਲਿਖ ਸਕਦਾ ਹਾਂ।

ਏਸ ਸਮੇਂ ਪਾਪੂਲਰ ਚਿੱਟ ਫੰਡ ਕੰਪਨੀ ਵਿਚ ਸਟੈਨੋ ਟਾਈਪਿਸਟ ਦਾ ਕੰਮ ਕਰ ਰਿਹਾ ਹਾਂ। ਏਸ ਅਸਾਮੀ ’ਤੇ ਕਿਉਂਕਿ ਮੇਰੇ ਲਈ ਤਰੱਕੀ ਦਾ ਕੋਈ ਚਾਂਸ ਨਹੀਂ, ਏਸ ਲਈ ਮੈਂ ਇਸ ਨੂੰ ਛੇਤੀ ਤੋਂ ਛੇਤੀ ਛੱਡਣਾ ਚਾਹੁੰਦਾ ਹਾਂ। ਆਪਣੇ ਹੁਣ ਵਾਲੇ ਮਾਲਕਾਂ ਵੱਲੋਂ ਆਪਣੀ ਯੋਗਤਾ ਸਬੰਧੀ ਇਕ ਸਿਫਾਰਸ਼ੀ ਚਿੱਠੀ ਵੀ ਨਾਲ ਭੇਜ ਰਿਹਾ ਹਾਂ।

ਮੇਰੀ ਉਮਰ ਏਸ ਸਮੇਂ 21 ਸਾਲ ਹੈ। ਮੈਂ ਖੇਡਾਂ ਵਿਚ ਸਦਾ ਹਿੱਸਾ ਲੈਂਦਾ ਰਿਹਾ ਹਾਂ। ਮੈਂ ਆਪਣੇ ਕਾਲਜ ਦੀ ਵਾਲੀਬਾਲ ਟੀਮ ਦਾ ਕਪਤਾਨ ਰਿਹਾ ਹਾਂ। ਮੈਂ ਕਾਲਜ ਦੀਆਂ ਦੌੜਾਂ ਵਿਚ ਵੀ ਹਿੱਸਾ ਲੈਂਦਾ ਤੇ ਇਨਾਮ ਪ੍ਰਾਪਤ ਕਰਦਾ ਰਿਹਾ ਹਾਂ। ਏਸ ਗੱਲ ਦੇ ਸਬੂਤ ਵਿਚ ਮੈਂ ਆਪਣੇ ਸਰਟੀਫਿਕੇਟਾਂ ਦੀਆਂ ਨਕਲਾਂ ਭੇਜ ਰਿਹਾ ਹਾਂ।

ਮੈਂ ਮੋਗੇ ਦੇ ਇਕ ਸਾਊ ਘਰਾਣੇ ਨਾਲ ਸਬੰਧ ਰੱਖਦਾ ਹਾਂ। ਮੇਰੇ ਹੋਰ ਬਹੁਤ ਸਾਰੇ ਰਿਸ਼ਤੇਦਾਰ ਵੀ ਸਿਵਲ ਤੇ ਮਿਲਟਰੀ ਸਰਕਾਰੀ ਨੌਕਰੀਆਂ ਤੇ ਕੰਮ ਕਰ ਰਹੇ ਹਨ। ਮੈਂ ਕਿਸੇ ਸਿਆਸੀ ਪਾਰਟੀ ਦਾ ਸਰਗਰਮ ਮੈਂਬਰ ਨਹੀਂ।

ਮੈਂ ਯਕੀਨ ਦਿਵਾਉਂਦਾ ਹਾਂ ਕਿ ਜੇ ਮੈਨੂੰ ਇਕਵਾਰ ਸੇਵਾ ਦਾ ਮੌਕਾ ਦਿੱਤਾ ਗਿਆ ਤਾਂ ਮੈਂ ਆਪਣੇ ਅਧਿਕਾਰੀਆਂ ਦੀ ਪੂਰੀ ਤਸੱਲੀ ਅਨੁਸਾਰ ਕੰਮ ਕਰਕੇ ਦਿਖਾਵਾਂਗਾ।

**ਆਪ ਦਾ ਆਗਿਆਕਾਰੀ,**
**ਗੁਰਲਾਲ ਸਿੰਘ ਸੰਧੂ।**
**ਮਾਰਫਤ ਮਾਸਟਰ ਉਜਾਗਰ ਸਿੰਘ**
**ਬੀ. ਏ. ਬੀ. ਐਡ,**
**ਮਕਾਨ ਨੰਬਰ** 07,
**ਨਵੀਂ ਬਸਤੀ, ਜਲੰਧਰ**

**ਮਿਤੀ** : 20 **ਜੁਲਾਈ,** 2011

5. **ਨਗਰ ਪਾਲਿਕਾ ਦੇ ਹੈਲਥ ਅਫ਼ਸਰ ਨੂੰ ਇਲਾਕੇ ਵਿਚ ਸਫਾਈ ਦੀ ਖ਼ਰਾਬ ਹਾਲਤ ਵਿਰੁੱਧ ਸ਼ਿਕਾਇਤ ਚਿੱਠੀ।**

ਸੇਵਾ ਵਿਖੇ,

ਹੈਲਥ ਅਫ਼ਸਰ ਸਾਹਿਬ,
ਨਗਰ ਪਾਲਿਕਾ,
ਲੁਧਿਆਣਾ।

**ਵਿਸ਼ਾ : ਬਾਜ਼ਾਰ ਚੌਕ ਮਾਡਲਟਾਊਨ ਦੀ ਸਫਾਈ ਦਾ ਪ੍ਰਬੰਧ।**

ਸ੍ਰੀ ਮਾਨ ਜੀ,

ਬੇਨਤੀ ਹੈ ਕਿ ਸਾਡੇ ਇਲਾਕੇ ਬਾਜ਼ਾਰਚੌਕ ਘੰਟਾ ਘਰ ਦੀ ਸਫਾਈ ਦੀ ਹਾਲਤ ਬੜੀ ਖ਼ਰਾਬ ਹੈ। ਡਰ ਹੈ ਕਿ ਜੇ ਅਜਿਹੀ ਹਾਲਤ ਹੋਰ ਕੁਝ ਦੇਰ ਰਹੀ ਤਾਂ ਇਲਾਕੇ ਵਿਚ ਬੀਮਾਰੀ ਫੈਲ ਸਕਦੀ ਹੈ।ਅਸੀਂ ਇਸ ਇਲਾਕੇ ਦੇ ਨਿਵਾਸੀ ਨਿਮਨ-ਲਿਖਤ ਗੱਲਾਂ ਆਪਦੀ ਦ੍ਰਿਸ਼ਟੀ ਗੋਚਰ ਕਰਨਾ ਚਾਹੁੰਦੇ ਹਾਂ :-

ਇਲਾਕੇ ਦਾ ਮਿਉਂਸਪਲ ਸਵੀਪਰ ਅਤਿ ਦਾ ਕੰਮਚੋਰ ਹੈ ਤੇ ਡਿਊਟੀ ਤੋਂ ਅਣਗਹਿਲੀ ਕਰਦਾ ਹੈ। ਉਹ ਇਲਾਕੇ ਦੇ ਸੈਨਿਟਰੀ ਸਬ-ਇੰਸਪੈਕਟਰ ਨੂੰ ਮਹੀਨਾ ਭਰਦਾ ਹੈ। ਘਰਾਂ ਦਾ ਕੂੜਾ ਲਾਹੁਣ ਵਾਲੀਆਂ ਪ੍ਰਾਈਵੇਟ ਸਵੀਪਰ ਇਸਤਰੀਆਂ ਘਰਾਂ ਤੋਂ ਗੰਦਦੀ ਦੇ ਟੋਕਰੇ ਲਾਹ ਕੇ ਹੱਟੀਆਂ ਦੇ ਫੱਟਿਆਂ ਥੱਲੇ ਲਾ ਦਿੰਦੀਆਂ ਹਨ, ਜਿਸ ਨਾਲ ਨਾਲੀਆਂ ਨੂੰ ਡੱਕੇ ਲੱਗ ਜਾਂਦੇ ਹਨ, ਤੇ ਗੰਦਾ ਪਾਣੀ ਨਾਲੀਆਂ ’ਚੋਂ ਬਾਹਰ ਉੱਛਲ ਕੇ ਬਾਜ਼ਾਰ ਭਰ ਦਿੰਦਾ ਹੈ।

**ਨੋਟ**

ਇਲਾਕੇ ਦਾ ਜਮਾਂਦਾਰ ਏਸ ਮਿਊਸਪਲ ਸਵੀਪਰ ਪਾਸੋਂ ਤੇ ਪ੍ਰਾਈਵੇਟ ਸਵੀਪਰਾਂ ਪਾਸੋਂ ਮਹੀਨਾ ਲੈਂਦਾ ਹੈ ਤੇ ਇਨ੍ਹਾਂ ਦੀ ਰਿਪੋਰਟ ਨਹੀਂ ਕਰਦਾ। ਇਹ ਜਮਾਂਦਾਰ ਇਲਾਕੇ ਦੇ ਦੁਕਾਨਦਾਰਾਂ ਪਾਸੋਂ ਮਹੀਨੇ ਦੇ ਪੈਸੇ ਲੈਂਦਾ ਹੈ। ਜੋ ਦੁਕਾਨਦਾਰ ਇਸ ਦੀ ਮੁੱਠੀ ਗਰਮ ਕਰ ਦੇ ਹਨ, ਉਨ੍ਹਾਂ ਦੀਆਂ ਦੁਕਾਨਾਂ ਅੱਗੇ ਕੂੜੇ ਦੇ ਢੇਰ ਨਹੀਂ ਲਗਦੇ ਅਤੇ ਜੋ ਨਹੀਂ ਕਰਦੇ ਉਨ੍ਹਾਂ ਦੇ ਅੱਗੇ ਬਦਬੂ ਦੇ ਢੇਰ ਲੱਗੇ ਰਹਿੰਦੇ ਹਨ। ਕੋਈ ਰਾਹਗੀਰ ਨੱਕ ਅੱਗੇ ਰੁਮਾਲ ਰੱਖੇ ਬਿਨਾਂ ਇਸ ਬਾਜ਼ਾਰ ਵਿਚੋਂ ਲੰਘ ਨਹੀਂ ਸਕਦਾ। ਜ਼ਰਾ ਉਨ੍ਹਾਂ ਦੁਕਾਨਦਾਰਾਂ ਦੀ ਤਰਸਯੋਗ ਹਾਲਤ ਦਾ ਅਨੁਮਾਨ ਲਗਾਓ ਜਿਹੜੇ ਸਾਰਾ ਦਿਨ ਅਜਿਹੇ ਗੰਦੇ ਮਾਹੌਲ ਵਿਚ ਦਿਨ ਕਟੀ ਕਰਦੇ ਹਨ।

ਇਹ ਬਾਜ਼ਾਰ ਸ਼ਹਿਰਦਾ ਅਤਿ ਰੌਣਕ ਵਾਲਾ ਤੇ ਕਾਰ-ਵਿਹਾਰ ਵਾਲਾ ਇਲਾਕਾ ਹੈ। ਏਥੇ ਬੜੇ ਸਾਊ ਲੋਕ ਵਸਦੇ ਹਨ, ਤੇ ਮਿਊਂਸਪਲ ਕਮੇਟੀ ਨੂੰ ਬੜਾਟੈਕਸ ਭਰਦੇ ਹਨ ਤੇ_ਸ ਦੇ ਬਦਲੇ ਕਮੇਟੀ ਵੱਲੋਂ ਉਨ੍ਹਾਂ ਨਾਲ ਅਜਿਹਾ ਵਿਹਾਰ ਹੋ ਰਿਹਾ ਹੈ।

ਅਸੀਂ ਆਸ ਰੱਖਦੇ ਹਾਂ ਕਿ ਸਾਡੀ ਬੇਨਤੀ ਵੱਲ ਛੇਤੀ ਧਿਆਨ ਦਿੱਤਾ ਜਾਵੇਗਾ ਅਤੇ ਇਨ੍ਹਾਂ ਦੋਸ਼ੀ ਸਵੀਪਰਾਂ ਤੇ ਸੈਨਿਟਰੀ ਸਬ-ਇੰਸਪੈਕਟਰ ਨੂੰ ਦੰਡ ਦਿੱਤਾ ਜਾਵੇਗਾ।

ਅਸੀਂ ਹਾਂ,
ਚੌੜਾ ਬਾਜ਼ਾਰ, ਮਾਡਲ ਟਾਊਨ ਦੇ ਨਿਵਾਸੀ,
ਗਿਆਨ ਸਿੰਘ,
ਦਰਸ਼ਨ ਸਿੰਘ,
ਜਸਵੰਤ ਸਿੰਘ ਪਿਸ਼ੋਰੀਆ,
ਸ਼ਾਮ ਦਾਸ ਆਦਿ

## ਵਿਹਾਰਕ ਚਿੱਠੀਆਂ

**6. ਕਿਸੇ ਪੁਸਤਕਾਂ ਵੇਚਣ ਵਾਲੇ ਵਲ ਪੁਸਤਕਾਂ ਮੰਗਵਾਉਣ ਲਈ ਚਿੱਠੀ।**

ਸੇਵਾ ਵਿਖੇ,

ਮੈਨੇਜਰ ਸਾਹਿਬ
ਸੁੰਦਰ ਦਾਸ ਐਂਡ ਸਨਜ਼ ਪਬਲਿਸ਼ਰਜ਼,
ਹਾਲ ਬਾਜ਼ਾਰ, ਜਲੰਧਰ।

ਸ੍ਰੀ ਮਾਨ ਜੀ,

ਬੇਨਤੀ ਹੈ ਕਿ ਨਿਮਨਲਿੱਖਤ ਪੁਸੱਤਕਾਂ ਵੀ. ਪੀ. ਪੀ. ਰਾਹੀਂ ਮੈਨੂੰ ਜਲਦੀ ਤੋਂ ਜਲਦੀ ਭੇਜਣ ਦੀ ਕ੍ਰਿਪਾ ਕਰਨੀ :-

| | | |
|---|---|---|
| 1. | ਅਮਰ ਪੰਜਾਬੀ ਵਿਆਕਰਣ ਅਤੇ ਲੇਖ ਰਚਨਾ<br>(ਲੇਖਕ : ਪ੍ਰੋ. ਜੀ. ਐਲ. ਸ਼ਰਮਾ, ਅਤੇ ਪ੍ਰੋ. ਸੁਰਿੰਦਰ ਸਿੰਘ) | 7 ਕਾਪੀਆਂ |
| 2. | ਜਪੁਜੀ ਸਾਹਿਬ (ਪ੍ਰੋ. ਜੀ. ਐਲ. ਸ਼ਰਮਾ) | 5 ਕਾਪੀਆਂ |
| 3. | ਆਸਾ ਦੀ ਵਾਰ (ਪ੍ਰੋ. ਜੀ. ਐਲ. ਸ਼ਰਮਾ) | 5 ਕਾਪੀਆਂ |
| 4. | ਚੰਡੀ ਦੀ ਵਾਰ (ਪ੍ਰੋ. ਜੀ. ਐਲ. ਸ਼ਰਮਾ) | 5 ਕਾਪੀਆਂ |
| 5. | ਸ਼ੇਖ਼ ਫ਼ਰੀਦ : ਚਿੰਤਨ ਤੇ ਕਲਾ (ਪ੍ਰੋ. ਜੀ. ਐਲ. ਸ਼ਰਮਾ) | 3 ਕਾਪੀਆਂ |
| 6. | ਨੰਦਾ ਨਾਟਕ ਸਮੀਖਿਆ (ਪ੍ਰੋ. ਜੀ. ਐਲ. ਸ਼ਰਮਾ) | 3 ਕਾਪੀਆਂ |
| 7. | ਨਾਦਰ ਸ਼ਾਹ ਦੀ ਵਾਰ (ਪ੍ਰੋ. ਜੀ. ਐਲ. ਸ਼ਰਮਾ) | 6 ਕਾਪੀਆਂ |
| 8. | ਪ੍ਰਭਾਤ ਪੰਜਾਬੀ ਲੇਖ (ਪ੍ਰੋ. ਜੀ. ਐਲ. ਸ਼ਰਮਾ ਤੇ ਸਤਪਾਲ ਸੇਵਕ) | 7 ਕਾਪੀਆਂ |
| 9. | ਪੰਜਾਬੀ ਨਾਟਕ ਦੇ ਰੂਪ ਰੰਗ (ਪ੍ਰੋ. ਜੀ. ਐਲ. ਸ਼ਰਮਾ) | 2 ਕਾਪੀਆਂ |
| 10. | ਇਮਾਮ ਬਖ਼ਸ਼ ਰਚਿਤ ਕਿੱਸਾ ਸ਼ਾਹ ਬਹਿਰਾਮ | |

(ਪ੍ਰੋ. ਜੀ. ਐਲ. ਸ਼ਰਮਾ) 5 ਕਾਪੀਆਂ

11. ਬੁੱਲ੍ਹੇ ਸ਼ਾਹ-ਵਿਵਚੇਨ ਤੇ ਰਚਨਾ (ਪ੍ਰੋ. ਜੀ. ਐਲ. ਸ਼ਰਮਾ) 5 ਕਾਪੀਆਂ

ਪੁਸਤਕਾਂ ਬਾਰੇ ਤਸੱਲੀ ਕਰ ਲੈਣੀ ਕਿ ਕੋਈ ਪੁਸਤਕ ਫਟੀ ਹੋਈ ਜਾਂ ਮਾੜੀ ਹਾਲਤ ਵਿਚ ਨਾ ਹੋਵੇ। ਪੈਕਿੰਗ ਮਜ਼ਬੂਤ ਕਰਨੀ ਤੇ ਯੋਗ ਕਾਟ ਵੀ ਕੱਟ ਦੇਣੀ। ਧੰਨਵਾਦੀ ਹੋਵਾਂਗਾ।

ਮੈਂ ਆਪਣਾ ਪਤਾ ਹੇਠਾਂ ਦੇ ਰਿਹਾ ਹਾਂ।

ਆਪ ਦਾ ਹਿਤੂ,
ਦਲਜੀਤ ਸਿੰਘ
38, ਗਿੱਲ ਰੋਡ, ਲੁਧਿਆਣਾ

ਮਿਤੀ 24 ਜੁਲਾਈ, 2011

## ਫੁਟਕਲ ਚਿੱਠੀਆਂ

**7. ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਸ਼ਹਿਰ ਵਿਚ ਵਧਦੀ ਹੋਈ ਮੰਗਤਿਆਂ ਦੀ ਸਮੱਸਿਆ ਸਬੰਧੀ ਆਪਣੇ ਵਿਚਾਰ ਇਕ ਪੱਤਰ ਰਾਹੀਂ ਪ੍ਰਗਟ ਕਰੋ।**

ਸੇਵਾ ਵਿਖੇ,

ਸ੍ਰੀ ਮਾਨ ਸੰਪਾਦਕ ਸਾਹਿਬ,
ਰੋਜ਼ਾਨਾ 'ਅਜੀਤ, ਜਲੰਧਰ

ਵਿਸ਼ਾ : ਮੰਗਤਿਆਂ ਦੀ ਸਮੱਸਿਆ

ਸ੍ਰੀ ਮਾਨ ਜੀ,

ਮੈਂ ਆਪ ਜੀ ਦਾ ਧਿਆਨ ਦਿੱਲੀ ਸ਼ਹਿਰ ਵਿਚ ਵਧ ਰਹੀ ਮੰਗਤਿਆਂ ਦੀ ਸਮੱਸਿਆ ਵੱਲ ਦਿਵਾਉਣਾ ਚਾਹੁੰਦੀ ਹਾਂ। ਦਿੱਲੀ ਭਾਰਤ ਦੀ ਰਾਜਧਾਨੀ ਹੋਣ ਦੇ ਬਾਵਜੂਦ ਵੀ ਵਿਹਲੜ ਲੋਕਾਂ ਦਾ ਮੁੱਖ ਅੱਡਾ ਬਣ ਚੁੱਕੀ ਹੈ। ਇਕ ਤਾਂ ਆਸ-ਪਾਸ ਦੇ ਪਿੰਡਾਂ ਵਿਚੋਂ ਰੁਜ਼ਗਾਰ ਦੀ ਤਲਾਸ਼ ਵਿਚ ਭਟਕਦੇ ਲੋਕ ਰਾਜਧਾਨੀ ਵਿਚ ਆ ਪੁੱਜਦੇ ਹਨ। ਕੰਮ ਨਾ ਮਿਲਣ ਦੀ ਸੂਰਤ ਵਿਚ ਉਹ ਮੰਗ-ਤੰਗ ਕੇ ਆਪਣੇ ਲਈ ਦੋ ਵੇਲਿਆਂ ਦੀ ਰੋਟੀ ਦਾ ਜੁਗਾੜ ਕਰ ਲੈਂਦੇ ਹਨ। ਨਤੀਜੇ ਵਜੋਂ ਕੋਈ ਠੋਸ ਕੰਮ ਦੀ ਥਾਂ ਮੰਗਣ ਨੂੰ ਆਪਣਾ ਪੇਸ਼ਾ ਬਣਾ ਲੈਂਦੇ ਹਨ।

ਸਰਕਾਰੀ ਆਂਕੜਿਆਂ ਤੋਂ ਪਤਾ ਲਗਦਾ ਹੈ ਕਿ ਕਿੰਨੇ ਹੀ ਬੇਰੁਜ਼ਗਾਰ ਵਿਅਕਤੀ ਹਰ ਸਾਲ ਇਸ ਸ਼ਹਿਰ ਦੀ ਆਬਾਦੀ ਵਿਚ ਤਾਂ ਵਾਧਾ ਕਰਦੇ ਹੀ ਹਨ, ਨਾਲ ਹੀ ਮੰਗਤਿਆਂ ਦੀ ਗਿਣਤੀ ਵੀ ਵਧਦੀ ਜਾਂਦੀ ਹੈ, ਅਜਿਹੇ ਵਿਅਕਤੀ ਮੰਗਣ ਦੇ ਨਵੇਂ-ਨਵੇਂ ਢੰਗ ਅਪਨਾ ਕੇ ਆਪਣੀ ਆਉਮ ਵਾਲੀ ਪੀੜ੍ਹੀ ਨੂੰ ਵੀ ਇਸ ਰਾਹ 'ਤੇ ਤੋਰ ਦਿੰਦੇ ਹਨ। ਨਤੀਜੇ ਵਜੋਂ ਮੰਗਤਿਆਂ ਦੀ ਸਮੱਸਿਆ ਆਮ ਨਾਗਰਿਕਾਂ ਲਈ ਸਿਰਦਰਦੀ ਦਾ ਕਾਰਨ ਬਣ ਜਾਂਦੀ ਹੈ।

ਜੇ ਧਿਆਨ ਮਾਰਿਆ ਜਾਵੇ ਤਾਂ ਸੜਕਾਂ ਤੇ, ਗਲੀਆਂ ਵਿਚ, ਬੱਸਾਂ ਵਿਚ, ਚੁਰਾਹਿਆਂ ਤੇ ਮੰਗਤਿਆਂ ਦੀ ਭੀੜ ਲਗਾਤਾਰ ਵਧਦੀ ਜਾ ਰਹੀ ਹੈ। ਸਿਨੇਮਾ ਘਰਾਂ ਦੇ ਬਾਹਰ, ਰੈਸਟੋਰੈਂਟਾਂ ਦੇ ਬਾਹਰ, ਪਾਰਕ ਵਿਚ, ਪਾਰਕਿੰਗ ਸਥਾਨਾਂ 'ਤੇ, ਗੁਰਦੁਆਰਿਆਂ, ਮੰਦਰਾਂ ਦੇ ਬਾਹਰ ਲਗਾਤਾਰ ਵਧਦੀ ਜਾ ਰਹੀ ਮੰਗਤਿਆਂ ਦੀ ਕਤਾਰ ਦੇਸ਼ ਦੀ ਬੁਰੀ ਆਰਥਕ ਦਸ਼ਾ ਦਾ ਪ੍ਰਗਟਾਵਾ ਕਰਦੀ ਹੈ। ਇਸ ਤੋਂ ਇਲਾਵਾ ਇਨ੍ਹਾਂ ਲੋਕਾਂ ਦੇ ਨਿਕੰਮੇ ਹੱਥ ਦੂਜਿਆਂ ਦੀ ਕਮਾਈ ਹੜਪਣਾ ਬੜੇ ਗੌਰਵ ਦੀ ਗੱਲ ਸਮਝਦੇ ਹਨ। ਵਿਸ਼ੇਸ਼ ਤੌਰ 'ਤੇ ਆਮ ਨਾਗਰਿਕਾਂ ਲਈ ਸਿਰਦਰਦੀ ਦਾ ਕਾਰਨ ਬਣ ਜਾਂਦੇ ਹਨ।

ਇਸ ਲਈ ਦੇਸ਼ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਪੇਸ਼ੇਵਰ ਮੰਗਤਿਆਂ ਦੀ ਸਮੱਸਿਆ ਦੇ ਸਮਾਧਾਨ ਲਈ ਛੋਟੇ-ਛੋਟੇ ਰੁਜ਼ਗਾਰ ਕੇਂਦਰ ਖੋਲ੍ਹੇ ਜਾਣ। ਜਿੱਥੇ ਦਿਮਾਗੀ ਕੰਮ ਦੀ ਥਾਂ ਸਰੀਰਕ ਮੁਸ਼ੱਕਤ ਦੇ ਕੰਮ ਲਏ ਜਾਣ। ਪੰਗਤਾ ਨੂੰ ਸਰਾਪ ਨਾ ਸਮਝਿਆ ਜਾਵੇ। ਅਜਿਹੇ ਲੋਕਾਂ ਦਾ ਵਿਸ਼ਵਾਸ ਜਿੱਤ ਕੇ ਇਨ੍ਹਾਂ ਨੂੰ ਕਰਮ ਕਰਨ ਲਈ ਪ੍ਰੇਰਿਆ ਜਾਵੇ। ਇਨ੍ਹਾਂ ਦੇ ਮਨਾਂ ਵਿਚ ਆਤਮ-ਵਿਸ਼ਵਾਸ, ਅਣਖ ਤੇ ਸਵੈਮਾਨ ਪੈਦਾ ਕੀਤਾ ਜਾਵੇ। ਕੰਮ ਦੀ

ਨੋਟ

ਮਹੱਤਤਾ ਬਾਰੇ ਲੋਕਾਂ ਦੀਆਂ ਮਰ ਚੁੱਕੀਆਂ ਭਾਵਨਾਵਾਂ ਨੂੰ ਮੁੜ ਕੇ ਸੁਰਜੀਤ ਕੀਤਾ ਜਾਵੇ। ਸਰਕਾਰ ਵੱਲੋਂ ਇਨ੍ਹਾਂ ਲਈ ਵਿਸ਼ੇਸ਼ ਮਹਿਕਮਾ ਨੀਯਤ ਕੀਤਾ ਜਾਵੇ। ਤਾਂ ਜੋ ਦੇਸ਼ ਦੇ ਵਿਕਾਸ ਵਿਚ ਰੁਕਾਵਟ ਪਾਉਣ ਵਾਲੇ ਇਹ ਲੋਕ ਦੇਸ਼ ਦੀ ਮੁੱਖ-ਧਾਰਾ ਵਿਚ ਸ਼ਾਮਿਲ ਹੋਕੇ ਆਪਣਾ ਜੀਵਨ ਵੀ ਸੁਧਾਰ ਸਕਣ।

ਧੰਨਵਾਦ!

ਆਪ ਜੀ ਦੀ ਸ਼ੁਭਚਿੰਤਕ

ਕ.ਖ. ਗ.

**8. ਵਰਖਾ ਕਾਰਨ ਤੁਹਾਡੇ ਮੁਹੱਲੇ ਵਿਚ ਬਹੁਤ ਪਾਣੀ ਇਕੱਠਾ ਹੋ ਗਿਆ ਹੈ। ਬਿਮਾਰੀਆਂ ਫੈਲਣ ਦਾ ਡਰ ਹੈ। ਆਪਣੇ ਇਲਾਕੇ ਦੇ ਸਿਹਤ ਅਧਿਕਾਰੀ ਨੂੰ ਇਸਦਾ ਵੇਰਵਾ ਦਿੰਦੇ ਹੋਏ ਠੋਸ ਕਦਮ ਚੁੱਕਣ ਲਈ ਬੇਨਤੀ ਕਰੋ।**

ਸੇਵਾ ਵਿਖੇ,

ਸ੍ਰੀ ਮਾਨ ਸਿਹਤ ਅਧਿਕਾਰੀ ਜੀ,

ਕਰੋਲ ਬਾਗ ਜ਼ੋਨ,

ਨਵੀਂ ਦਿੱਲੀ-5

ਵਿਸ਼ਾ : ਵਰਖਾ ਦੇ ਇਕੱਠੇ ਹੋਏ ਪਾਣੀ ਦੀ ਨਿਕਾਸੀ ਦਾ ਪ੍ਰਬੰਧ।

ਸ੍ਰੀ ਮਾਨ ਜੀ,

ਸਨਿਮਰ ਬੇਨਤੀ ਹੈ ਕਿ ਮੈਂ ਆਪ ਜੀ ਦੇ ਅਧਿਕਾਰ ਖੇਤਰ ਦੇ ਇਲਾਕੇ ਕਰੋਲ ਬਾਗ ਵਿਚ ਰਹਿੰਦਾ ਹਾਂ। ਇਹ ਇਲਾਕਾ ਬੜਾ ਸੰਘਣਾ ਆਬਾਦ ਹੈ। ਇਹ ਇਲਾਕਾ ਰਿਹਾਇਸ਼ੀ ਹੋਣ ਦੇ ਨਾਲ-ਨਾਲ ਵਪਾਰਕ ਕੇਂਦਰ ਵੀ ਬਣ ਗਿਆ ਹੈ। ਜਿਸ ਕਾਰਨ ਗਲੀਆਂ ਤੇ ਸੜਕਾਂ ਦਾ ਘੇਰਾ ਹੋਰ ਵੀ ਤੰਗ ਹੋ ਗਿਆ ਹੈ। ਇਨ੍ਹਾਂ ਦਿਨਾਂ ਵਿਚ ਲਗਾਤਾਰ ਵਰਖਾ ਦੀ ਝੜੀ ਲੱਗੀ ਹੋਈ ਹੈ। ਪਿਛਲਾ ਰੁਕਿਆ ਪਾਣੀ ਹਾਲੀਂ ਸੁੱਕਦਾ ਨਹੀਂ ਕਿ ਅਗਲੀ ਬਾਰਿਸ਼ ਦੀ ਤੇਜ਼ ਬੁਛਾੜ ਗਲੀਆਂ ਦੇ ਗਟਰ ਬੰਦ ਕਰ ਦਿੰਦੀ ਹੈ। ਗਲੀਆਂ ਤੇ ਸੜਕਾਂ ਦੀ ਹਾਲਤ ਪਹਿਲਾਂ ਤੋਂ ਹੀ ਬੜੀ ਖ਼ਤਰਨਾਕ ਹੈ। ਨਾਲੀਆਂ ਥਾਂ-ਥਾਂ ਤੋਂ ਟੁੱਟੀਆਂ ਹੋਈਆਂ ਹਨ। ਸੜਕਾਂ 'ਤੇ ਥਾਂ-ਥਾਂ ਗੱਡੇ ਪਏ ਹੋਏ ਹਨ। ਪਾਣੀ ਨੂੰ ਨਿਕਾਸੀ ਦਾ ਕਿਧਰੇ ਰਾਹ ਨਹੀਂ ਮਿਲਦਾ। ਕਈ ਦਿਨ ਪਾਣੀ ਖੜ੍ਹਾ ਹੋਣ ਕਰਕੇ ਇਸ ਵਿਚੋਂ ਦੁਰਗੰਧ ਆਉਣੀ ਸ਼ੁਰੂ ਹੋ ਗਈ ਹੈ। ਖੜ੍ਹੇ ਪਾਣੀ ਵਿਚ ਮੱਖੀਆਂ, ਮੱਛਰ ਤੇ ਬਿਮਾਰੀਆਂ ਦੇ ਹੋਰ ਕਿਟਾਣੂ ਜਨਮ ਲੈਂਦੇ ਹਨ। ਜਿਸ ਤੋਂ ਬਿਮਾਰੀ ਫੈਲਣ ਦਾ ਖ਼ਤਰਾ ਹੈ। ਜੋ ਨਾਗਰਿਕਾਂ ਦੀ ਸਿਹਤ ਵਾਸਤੇ ਹਾਨੀਕਾਰਕ ਹੈ।

ਇਸ ਲਈ ਅਸੀਂ ਆਪ ਜੀ ਅੱਗੇ ਬੇਨਤੀ ਕਰਦੇ ਹਾਂ ਕਿ ਇਸ ਇਲਾਕੇ ਦੀਆਂ ਸੜਕਾਂ ਦੀ ਮੁਰੰਮਤ ਕੀਤੀ ਜਾਵੇ। ਬੰਦ ਨਾਲੀਆਂ ਤੇ ਗਟਰਾਂ ਨੂੰ ਜਲਦੀ ਤੋਂ ਜਲਦੀ ਸਾਫ ਕਰਵਾਇਆ ਜਾਵੇ। ਇਸਤੋਂ ਪਹਿਲਾਂ ਕਿ ਕੋਈ ਮਹਾਂਮਾਰੀ ਫੈਲ ਜਾਵੇ, ਇਸ ਦਾ ਉਚਿਤ ਪ੍ਰਬੰਧ ਕੀਤਾ ਜਾਵੇ। ਆਸ ਹੈ ਤੁਸੀਂ ਸਾਡੀ ਇਸ ਬੇਨਤੀ ਨੂੰ ਸਵੀਕਾਰ ਕਰਕੇ ਸਾਨੂੰ ਧੰਨਵਾਦ ਦਾ ਪਾਤਰ ਬਣਾਉਗੇ।

**ਆਪ ਜੀ ਦੇ ਸ਼ੁਭਚਿੰਤਕ,**

**ਸਮੂਹ ਇਲਾਕਾ ਨਿਵਾਸੀ।**

**ਮਿਤੀ** 17.3.2011

**9. ਆਪਣੇ ਇਲਾਕੇ ਦੇ ਪੁਲਿਸ ਕਮਿਸ਼ਨਰ ਦੇ ਨਾਂ ਚਿੱਠੀ ਲਿਖ ਕੇ ਦੱਸੋ ਕਿ ਮੁਹੱਲੇ ਵਿਚ ਵਧ ਰਹੀ ਗੁੰਡਾਗਰਦੀ ਨੂੰ ਰੋਕਣ ਲਈ ਉਹ ਲੋਕਾਂ ਦਾ ਸਾਥ ਕਿਵੇਂ ਪ੍ਰਾਪਤ ਕਰ ਸਕਦੇ ਹਨ।**

ਸੇਵਾ ਵਿਖੇ,

ਪੁਲਿਸ ਕਮਿਸ਼ਨਰ ਸਾਹਿਬ,

ਦਿੱਲੀ ਪੁਲਿਸ,

ਦਿੱਲੀ।

**ਵਿਸ਼ਾ : ਗੁੰਡਾਗਰਦੀ ਰੋਕਣ ਲਈ**

ਸ੍ਰੀਮਾਨ ਜੀ,

ਬੇਨਤੀ ਹੈ ਕਿ ਪਿਛਲੇ ਕੁਝ ਸਮੇਂ ਤੋਂ ਸਾਡੇ ਇਲਾਕੇ ਰਘੁਬੀਰ ਨਗਰ ਵਿਚ ਗੁੰਡਾਗਰਦੀ ਬਹੁਤ ਵਧਦੀ ਜਾ ਰਹੀ ਹੈ। ਆਵਾਰਾ ਕਿਸਮ ਦੇ ਮੁੰਡੇ ਜਗ੍ਹਾ-ਜਗ੍ਹਾ ਟੋਲੀਆਂ ਬਣਾ ਕੇ ਖਲੋਤੇ ਰਹਿੰਦੇ ਹਨ ਤੇ ਅਸ਼ਲੀਲ ਗਾਣੇ ਗਾਉਂਦੇ ਤੇ ਕੋਝੀਆਂ ਹਰਕਤਾਂ ਕਰਦੇ ਰਹਿੰਦੇ ਹਨ। ਹੁਣ ਤਾਂ ਹਾਲਤ ਇੱਥੋਂ ਤੱਕ ਪਹੁੰਚ ਗਈ ਹੈ ਕਿ ਇਕੱਲੀ-ਦੁੱਕਲੀ ਔਰਤ ਦੇ ਹੱਥੋਂ ਪਰਸ਼ ਖੋਹਣ ਤੇ ਅਸ਼ਲੀਲ ਹਰਕਤਾਂ ਕਰਨ ਦੀਆਂ ਘਟਨਾਵਾਂ ਵੀ ਹੋਣ ਲੱਗੀਆਂ ਹਨ। ਇਲਾਕਾ ਵਾਸੀਆਂ ਨੇ ਨੇੜਲੀ ਚੌਕੀ ਵਿਚ ਕਈ ਵਾਰ ਸ਼ਿਕਾਇਤ ਕੀਤੀ ਹੈ ਪਰ ਪੁਲਿਸ ਕਰਮਚਾਰੀ ਸਾਧਾਰਨ ਜਿਹੀ ਗਸ਼ਤ ਮਾਰ ਕੇ ਚਲੇ ਜਾਂਦੇ ਹਨ, ਗੁੰਡਿਆਂ ਦੀਆਂ ਟੋਲੀਆਂ ਕੋਲੋਂ ਕੋਈ ਪੁੱਛ-ਪੜਤਾਲ ਨਹੀਂ ਕਰਦੇ। ਇਸ ਨਾਲ ਇਨ੍ਹਾਂ ਮੁੰਡਿਆਂ ਦੇ ਹੌਂਸਲੇ ਹੋਰ ਵਧਦੇ ਜਾਂਦੇ ਹਨ। ਅਸੀਂ ਇਲਾਕਾ ਵਾਸੀ ਇਨ੍ਹਾਂ ਦੇ ਹੱਥੋਂ ਬੜੇਦੁਖੀ ਹੋ ਗਏ ਹਾਂ। ਸਾਡੀਆਂ ਧੀਆਂ-ਭੈਣਾਂ ਦਾ ਬਾਹਰ ਨਿਕਲਣਾ ਔਖਾ ਹੋ ਗਿਆ ਹੈ।

ਇਲਾਕੇ ਦੇ ਕੁਝ ਪਤਵੰਤੇ ਲੋਕਾਂ ਨੇ ਇਨ੍ਹਾਂ ਗੁੰਡਿਆਂ ਦੇ ਸਰਗਨਿਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਉਹ ਉਲਟਾ ਗਲ ਨੂੰ ਪੈਂਦੇ ਹਨ। ਸਾਡਾ ਸੁਝਾਅ ਹੈ ਕਿ ਇਸ ਇਲਾਕੇ ਵਿਚ ਪੁਲਿਸ ਦੀ ਗਸ਼ਤ ਵਧਾ ਦਿੱਤੀ ਜਾਵੇ। ਇਲਾਕੇ ਦੇ ਸਮਝਦਾਰ ਗੱਭਰੂ ਪੁਲਿਸ ਦੇ ਨਾਲ ਹਰ ਤਰ੍ਹਾਂ ਦਾ ਸਹਿਯੋਗ ਕਰਨ ਨੂੰ ਤਿਆਰ ਹਨ। ਪੁਲਿਸ ਗੁੰਡਿਆਂ ਨੂੰ ਟੋਲੀਆਂ ਬਣਾ ਕੇ ਖਲੋਣ ਤੋਂ ਰੋਕ ਸਕਦੀ ਹੈ। ਜੇਕਰ ਉਹ ਬਾਜ਼ ਨਾ ਆਉਣ ਤਾਂ ਇਨ੍ਹਾਂ ਦੇ ਰਿੰਗ ਲੀਡਰਾਂ ਨੂੰ ਗੁੰਡਾ-ਐਕਟ ਅਧੀਨ ਗ੍ਰਿਫ਼ਤਾਰ ਕਰ ਕੇ ਸਜ਼ਾ ਦੁਆ ਸਕਦੀ ਹੈ। ਅਸੀਂ ਪੁਲਿਸ ਵੱਲੋਂ ਅਦਾਲਤ ਵਿਚ ਗਵਾਹੀਆਂ ਦੇਣ ਨੂੰ ਤਿਆਰ ਹਾਂ। ਇਕ ਦੋ ਸਰਗਨਿਆਂ ਨੂੰ ਸਜ਼ਾਵਾਂ ਹੋਣ ਨਾਲ ਗੁੰਡਿਆਂ ਨੂੰ ਤਾੜਨਾ ਹੋ ਜਾਵੇਗੀ ਤੇ ਉਹ ਸੰਭਲ ਜਾਣਗੇ।

ਸਾਡੀ ਬੇਨਤੀ ਹੈ ਕਿ ਇਕ ਵਾਰੀ ਜਨਾਬ ਆਪ ਇਲਾਕੇ ਦਾ ਦੌਰਾ ਕਰ ਕੇ ਹਾਲਾਤ ਦਾ ਜਾਇਜ਼ਾ ਲਵੋ ਤੇ ਛੇਤੀ ਗੁੰਡਿਆਂ ਦੇ ਖਿਲਾਫ਼ ਸਖ਼ਤ ਕਦਮ ਚੁੱਕੋ।

ਆਪ ਦੇ ਵਿਸ਼ਵਾਸ-ਪਾਤਰ
ਸਮੂਹ ਕਾਲੋਨ ਵਾਸੀ
ਰਘੁਬੀਰ ਨਗਰ , ਦਿੱਲੀ

ਮਿਤੀ 22 ਸੰਤਬਰ, 2011

**10. ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਆਪਣੇ ਸ਼ਹਿਰ ਦੇ ਬੱਸ ਅੱਡੇ ਦੀ ਦੁਰਦਸ਼ਾ ਬਾਰੇ ਪੱਤਰ ਲਿਖੋ। ਜਿਸ ਦੁਆਰਾ ਸਬੰਧਤ ਅਧਿਕਾਰੀਆਂ ਦਾ ਧਿਆਨ ਇਸ ਪਾਸੇ ਵੱਲ ਖਿੱਚੋ ਅਤੇ ਸੁਧਾਰ ਲਈ ਉਪਾਅ ਵੀ ਲਿਖੋ।**

ਪ੍ਰੀਖਿਆ ਭਵਨ,
ਨਵੀਂ ਦਿੱਲੀ-5
10 ਸਤੰਬਰ, 2011

ਸੇਵਾ ਵਿਖੇ,

ਸਨਿਮਰ ਬੇਨਤੀ ਹੈ ਕਿ ਮੈਂ ਆਪ ਜੀ ਦੇ ਅਖ਼ਬਾਰ ਰਾਹੀਂ ਨਗਰ -ਪਾਲਿਕਾ ਦੇ ਅਧਿਕਾਰੀਆਂ ਦਾ ਧਿਆਨ ਅੰਤਰਰਾਜੀ ਬੱਸ ਅੱਡੇ ਦੀ ਵਿਗੜੀ ਹੋਈ ਹਾਲਤ ਵਪੱਲ ਦਿਵਾਉਣੀ ਚਾਹੁੰਦਾ ਹਾਂ। ਦੇਸ਼ ਦੀ ਰਾਜਧਾਨੀ ਦਿੱਲੀ ਦੇ ਇਸ ਬੱਸ ਅੱਡੇ ਦੀ ਦੁਰਦਸ਼ਾ ਵੇਖ ਕੇ ਇੱਥੋਂ ਦੇ ਪ੍ਰਸ਼ਾਸਨਕ ਪ੍ਰਣਾਲੀ ਦੀ ਕਾਰਜ-ਕੁਸ਼ਲਤਾ ਦਾ ਪਤਾ ਲਗਦਾ ਹੈਕਿ ਉਹ ਕਿੰਨੀ ਲਾਪਰਵਾਹੀ ਨਾਲ ਇਸ ਅੱਡੇ ਦਾ ਸੰਚਾਲਨ ਕਰ ਰਹੀ ਹੈ।

ਸਭ ਤੋਂ ਪਹਿਲੀ ਤੇ ਵਿਸ਼ੇਸ਼ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਬੱਸ ਅੱਡੇ ਉੱਤੇ ਫੈਲੀ ਹੋਈ ਗੰਦਗੀ, ਥਾਂ-ਥਾਂ 'ਤੇ ਟੁੱਟੇ ਹੋਏ ਫਰਸ਼ ਤੇ ਸੜ੍ਹਿਆਂਦ-ਮਾਰਦੀਆਂ ਬਦਬੂਦਾਰ ਨਾਲੀਆਂ ਇੰਤਜ਼ਾਰ ਕਰ ਰਹੇ ਯਾਤਰੀਆਂ ਲਈ ਨਰਕ ਦਾ ਦ੍ਰਿਸ਼ ਪੇਸ਼ ਕਰਦੀਆਂ ਹਨ। ਨਿਸ਼ਚਿਤ ਸਥਾਨ 'ਤੇ ਬੱਸਾਂ ਦਾ ਸਮੇਂ ਸਿਰ ਨਾ ਪੁੱਜਣਾ ਯਾਤਰੀਆਂ ਲਈ ਘਬਰਾਹਟ ਦਾ ਕਾਰਨ ਬਣਦਾ ਹੈ। ਇਸ ਤੋਂ ਇਲਾਵਾ ਪੁੱਛ-ਗਿੱਛ ਖਿੜਕੀ ਵਿਚੋਂ ਵੀ ਬੱਸਾਂ ਦੇ ਚੱਲਣ ਦਾਸਥਾਨ ਅਤੇ ਸਮੇਂ ਦੀ ਸਹੀ ਜਾਣਕਾਰੀ ਨਹੀਂ ਮਿਲਦੀ। ਐਨ ਸਮੇਂ 'ਤੇ ਬੱਸ ਦਾ ਅਚਾਨਕ ਖ਼ਰਾਬ ਹੋ ਜਾਣਾ, ਕੈਂਸਲ ਹੋ ਜਾਣਾ ਆਦਿ ਯਾਤਰੀਆਂ ਲਈ ਅਸੁਵਿਧਾ ਪੈਦਾ ਕਰਦਾ ਹੈ।

ਨੋਟ

ਇਸ ਤੋਂ ਇਲਾਵਾ ਬੱਸ ਸਟੈਂਡ 'ਤੇ ਬਣੇ ਹੋਏ ਸਟਾਲਾਂ 'ਤੇ ਵਿਕਣ ਵਾਲੀਆਂ ਚੀਜ਼ਾਂ ਬੜੀਆਂ ਘਟੀਆ ਹੁੰਦੀਆਂ ਹਨ। ਜਿਹੜੀਆਂ ਬਿਮਾਰੀਆਂ ਨੂੰ ਸੱਦਾ ਦਿੰਦੀਆਂ ਹਨ। ਸੋ ਉਪਰੋਕਤ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਦਿੱਲੀ ਪ੍ਰਸ਼ਾਸਨ ਦਾ ਇਹ ਪਹਿਲਾ ਫ਼ਰਜ਼ ਬਣਦਾ ਹੈ ਕਿ ਉਹ ਸ਼ਹਿਰੀਆਂ ਨੂੰ ਬੱਸ ਅੱਡੇ ਦੀ ਦੁਰਦਸ਼ਾ ਤੋਂ ਮੁਕਤ ਕਰਾਉਣ ਤਾਂ ਕਿ ਯਾਤਰੀ ਆਪਣੀ ਸੁਖਦਾਈ ਯਾਤਰਾ ਦਾ ਅਨੰਦ ਮਾਣ ਸਕਣ।

ਧੰਨਵਾਦ!

ਆਪ ਜੀ ਦਾ ਸ਼ੁਭਚਿੰਤਕ,
ਗੁਰਲੀਨ ਸਿੰਘ

**11. ਤੁਹਾਡਾ ਮਿੱਤਰ ਕਿਤਾਬੀ ਕੀੜਾ ਹੈ। ਚਿੱਠੀ ਵਿਚ ਉਸ ਨੂੰ ਖੇਡਾਂ ਵਿਚ ਹਿੱਸਾ ਲੈਣ ਲਈ ਪ੍ਰੇਰਨਾ ਦਿਓ।**

ਮੁਕੇਰੀਆਂ,
26 ਅਗਸਤ, 2011

ਪਿਆਰੇ ਹਰਮਿੰਦਰ

ਤੁਹਾਡੀ ਚਿੱਠੀ ਆਈ ਨੂੰ ਦੋ ਮਹੀਨੇ ਹੋਣ ਲੱਗੇ ਹਨ। ਮੈਂ ਖ਼ਿਆਲ ਕਰਦਾ ਸਾਂ, ਪਤਾ ਨਹੀਂ ਤੁਸੀਂ ਕਿਹੜੇ ਕੰਮ ਵਿਚ ਏਨਾ ਰੁਝ ਗਏ ਹੋ, ਜੋ ਮੇਰੀਆਂ ਦੋ-ਤਿੰਨ ਚਿੱਠੀਆਂ ਦਾ ਕੋਈ ਉੱਤਰ ਨਹੀਂ ਦਿੱਤਾ। ਪਰਸੋਂ ਤੁਹਾਡਾ ਵੱਡਾ ਭਰਾ ਮਿਲਿਆ। ਉਸ ਨੇ ਦੱਸਿਆ ਕਿ ਤੁਸੀਂ ਰਾਤ-ਦਿਨ ਕਿਤਾਬਾਂ ਨੂੰ ਚਿੰਬੜੇ ਰਹਿੰਦੇਹੋ ਅਤੇ ਕਿਸੇ ਖੇਡ ਵਿਚ ਹਿੱਸਾ ਨਹੀਂ ਲੈਂਦੇ।

ਮੈਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੈ ਕਿ ਤੁਸੀਂ ਮਿਹਨਤ ਕਰਨੀ ਸ਼ੁਰੂ ਕਰ ਦਿੱਤੀ ਹੈ, ਪਰਏਨਾ ਵੀ ਕੀ ਕਿ ਹਰ ਵੇਲੇ ਕਿਤਾਬਾਂ ਵਿਚ ਕਿਤਾਬ ਹੀ ਬਣੇ ਰਹਿਣਾ। ਬਹੁਤ ਸਮਾਂ ਲਗਾਤਾਰ ਬੈਠਣ ਨਾਲ ਆਦਮੀ ਕਈਆਂ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਕੋਈ ਕੰਮ ਸਿਹਤ ਦੀ ਕੀਮਤ ਉੱਤੇ ਨਹੀਂ ਕਰਨਾ ਚਾਹੀਦਾ। ਸਿਹਤ ਪਹਿਲਾਂ ਤੇ ਬਾਕੀ ਸਭ ਕੁਝ ਪਿੱਛੋਂ। ਚੰਗਾ ਮਨ ਤੇ ਚੰਗਾ ਦਿਮਾਗ ਸਿਹਤਮੰਦ ਸਰੀਰ ਵਿਚ ਹੀ ਰਹਿ ਸਕਦੇ ਹਨ। ਮੈਨੂੰ ਤੁਹਾਡੀ ਸਿਹਤ ਦੀ ਬੜੀ ਚਿੰਤਾ ਹੈ। ਸੋ, ਮੈਂ ਤੁਹਾਨੂੰ ਬੜੇ ਜ਼ੋਰਦਾਰ ਸ਼ਬਦਾਂ ਵਿਚ ਆਖਦਾ ਹਾਂ ਕਿ ਖੇਡਣ ਲਈ ਕੋਈ ਨਾ ਕੋਈ ਸਮਾਂ ਜ਼ਰੂਰ ਕੱਢੋ। ਚੰਗਾ ਇਹੀ ਹੈ ਕਿ ਸ਼ਾਮ ਨੂੰ ਅੱਧਾ-ਪੌਣਾ ਘੰਟਾ ਹਾਕੀ, ਫੁੱਟਬਾਲ, ਬਾਸਕਿਟ ਬਾਲ ਜਾਂ ਹੋਰ ਕੋਈ ਖੇਡ ਖੇਡਿਆ ਕਰੋ। ਜੇਕਰ ਤੁਸੀਂ ਕਿਸੇ ਖੇਡਵਿਚ ਭਾਗ ਲੈਣਾ ਸ਼ੁਰੂ ਕਰ ਦੇਓਗੇ, ਤਾਂ ਤੁਹਾਨੂੰ ਕੁਝ ਦਿਨਾਂ ਵਿਚ ਆਪਣੀ ਸਿਹਤ ਉੱਪਰ ਇਸ ਦੇ ਅਸਰ ਦਾ ਪਤਾ ਲੱਗ ਜਾਵੇਗਾ। ਜਿਹੜਾ ਸਮਾਂ ਤੁਸੀਂ ਖੇਡਾਂ ਵਿਚ ਲਾਉਗੇ, ਉਹ ਵਿਅਰਥ ਨਹੀਂ ਜਾਵੇਗਾ। ਤੁਹਾਡੀ ਖੁਰਾਕ ਚੰਗੀ ਤਰ੍ਹਾਂ ਹਜ਼ਮ ਹੋਵੇਗੀ। ਦਿਮਾਗ ਤਾਜ਼ਾ ਹੋਵੇਗਾ ਅਤੇ ਤੁਸੀਂ ਥੋੜ੍ਹੇ ਸਮੇਂ ਵਿਚ ਹੀ ਬਹੁਤੀ ਪੜ੍ਹਾਈ ਕਰ ਸਕਿਆ ਕਰੋਗੇ। ਇਕੱਲੀਆਂ ਕਿਤਾਬਾਂ ਹੀ ਬੰਦੇ ਨੂੰ ਸਭ ਕੁਝ ਨਹੀਂ ਸਿਖਾਉਂਦੀਆਂ। ਜੋ ਕੁਝ ਖੇਡਾਂ ਸਿਖਾਉਂਦੀਆਂ ਹਨ, ਉਹ ਕਿਤਾਬਾਂ ਨਹੀਂ ਸਿਖਾ ਸਕਦੀਆਂ।

ਮੈਨੂੰ ਆਸ ਹੈ ਕਿ ਤੁਸੀਂ ਮੇਰੀ ਗੱਲ ਵੱਲ ਲੋੜੀਂਦਾ ਧਿਆਨ ਦੇਵੋਗੇ ਅਤੇ ਮੇਰੀ ਚਿੱਠੀ ਮਿਲਦੀਆਂ ਹੀਖੇਡਣ ਦਾ ਪ੍ਰੋਗਰਾਮ ਬਣਾ ਲਵੋਗੇ।

**ਤੁਹਾਡਾ ਮਿੱਤਰ**
**ਮਨਿੰਦਰ ਸਿੰਘ**

**12. ਸਰਟੀਫਿਕੇਟ ਲੈਣ ਲਈ ਪੱਤਰ**

ਸੇਵਾ ਵਿਖੇ,

ਪ੍ਰਿੰਸੀਪਲ ਸਾਹਿਬ
ਸਲਵਾਨ ਕਾਲਜ
ਰਾਜਿੰਦਰ ਨਗਰ, ਦਿੱਲੀ

**ਨੋਟ**

ਸ੍ਰੀਮਤੀ ਜੀ,

ਬੇਨਤੀ ਹੈ ਕਿ ਮੈਂ ਆਪਣੇ ਕਾਲਜ ਦੀ ਬੀ. ਏ. ਦੂਜੇ ਸਾਲ ਦੀ ਵਿਦਿਆਰਥਣ ਹਾਂ ਜੋ ਕਿ ਮੈਂ ਹੁਣੇ ਚੰਗੇ ਨੰਬਰਾਂ ਵਿਚ ਪਾਸ ਕੀਤੀ ਹੈ। ਮੇਰੇ ਪਿਤਾ ਜੀ ਦੀ ਬਦਲੀ ਹੁਸ਼ਿਆਪੁਰ ਦੀ ਹੋ ਗਈ ਹੈ। ਸਾਡਾ ਸਾਰਾ ਪਰਿਵਾਰ ਹੁਣ ਉਥੇ ਜਾ ਕੇ ਰਵ੍ਹੇਗਾ। ਸੋ ਬੇਨਤੀ ਹੈ ਕਿ ਅੱਗੇ ਹੁਸ਼ਿਆਰਪੁਰ ਖਾਲਸਾ ਕਾਲਜ ਵਿਚ ਦਾਖਲਾ ਲੈਣ ਲਈ ਮੈਨੂੰ ਕਾਲਜ ਛੱਡਣ ਦਾ ਸਰਟੀਫਿਕੇਟ ਚਾਹੀਦਾ ਹੈ। ਆਪ ਜੀ ਮੈਨੂੰ ਇਹ ਸਰਟੀਫਿਕੇਟ ਦੇਣ ਦੀ ਕਿਰਪਾ ਕਰਨੀ। ਤਾਂ ਜੋ ਮੈਂ ਅੱਗੇ ਹੁਸ਼ਿਆਰਪੁਰ ਨਵੇਂ ਕਾਲਜ ਵਿਚ ਦਾਖਲਾ ਲੈ ਸਕਾਂ। ਆਪ ਜੀ ਦੀ ਬਹੁਤ ਮਿਹਰਬਾਨੀ ਹੋਵੇਗੀ।

ਆਪ ਦੀ ਵਿਦਿਆਰਥਣ
ਹਸ਼ਮੀਤ ਕੌਰ

ਧੰਨਵਾਦ!

1 ਮਈ, 2003

**13. ਚੀਜ਼ਾਂ 'ਚ ਹੁੰਦੀ ਮਿਲਾਵਟ ਨੂੰ ਰੋਕਣ ਲਈ ਪੱਤਰ**

ਸੇਵਾ ਵਿਖੇ,

ਡਿਪਟੀ ਕਮਿਸ਼ਨਰ ਸਾਹਿਬ
ਦਿੱਲੀ ਪੁਲਿਸ
ਦਿੱਲੀ

ਸ੍ਰੀਮਾਨ ਜੀ,

ਬੇਨਤੀ ਹੈ ਕਿ ਅੱਜ ਕੱਲ੍ਹ ਖਾਣ ਵਾਲੀਆਂ ਚੀਜ਼ਾਂ ਵਿਚ ਮਿਲਾਵਟ ਬਹੁਤ ਵਧ ਗਈ ਹੈ। ਜਿਹੜੀ ਵੀ ਚੀਜ਼ ਅਸੀਂ ਬਾਜ਼ਾਰੋਂ ਲਿਆਉਂਦੇ ਹਾਂ ਉਸ ਵਿਚ ਕੋਈ ਨਾ ਕੋਈ ਨੁਕਸ ਜਾਂ ਮਿਲਾਵਟ ਹੁੰਦੀ ਹੈ। ਜਿਸ ਦਾ ਕਿ ਸਾਡੀ ਸਿਹਤ 'ਤੇ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ। ਦੇਸੀ ਘਿਉ ਵਿਚ ਬਨਸਪਤੀ ਮਿਲਿਆ ਹੁੰਦਾ ਹੈ। ਦੁੱਧ ਵਿਚ ਪਾਣੀ ਮਿਲਿਆ ਹੁੰਦਾ ਹੈ। ਹਲਦੀ ਵਿਚ ਗਾਚਨੀ ਮਿੱਟੀ ਮਿਲਾ ਕੇ ਵੇਚਦੇ ਹਨ। ਬਾਜ਼ਾਰੋਂ ਕੌੜਾ ਤੇਲ ਮਿਲਦਾ ਤਾਂ ਵਿਚੋਂ ਅਲਸ਼ੀ ਦੀ ਬੋ ਪਈ ਆਉਂਦੀ ਹੈ। ਇਸ ਤਰ੍ਹਾਂ ਦੀਆਂ ਮਿਲਾਵਟਾਂ ਇਥੇ ਹਰ ਪਾਸੇ ਵਧ ਮੁਨਾਫਾ ਕਮਾਉਣ ਲਈ ਦੁਕਾਨਦਾਰ ਕਰਦੇ ਹਨ। ਇਸ ਤਰ੍ਹਾਂ ਜੇ ਹੁੰਦਾ ਰਿਹਾ ਤਾਂ ਲੋਕਾਂ ਦੀ ਸਿਹਤ ਅਤੇ ਸਮਾਜ ਉੱਤੇ ਬਹੁਤ ਖ਼ਤਰਨਾਕ ਪ੍ਰਭਾਵ ਪਵੇਗਾ। ਬੇਨਤੀ ਹੈਕਿ ਤੁਸੀਂ ਆਪ ਇਨ੍ਹਾਂ ਮਿਲਾਵਟ ਕਰਨ ਵਾਲਿਆਂ ਦੇ ਮਾਲ 'ਤੇ ਛਾਪਾ ਮਾਰੋ, ਮਾਲ ਦੀ ਚੈਕਿੰਗ ਕਰਵਾਉ ਤੇ ਮਿਲਾਵਟ ਸਾਬਤ ਹੋਣ 'ਤੇ ਇਨ੍ਹਾਂ ਦੇ ਖਿਲਾਫ਼ ਸਖ਼ਤ ਕਾਰਵਾਈ ਕਰੋ। ਤੁਹਾਡੀ ਕਾਰਵਾਈ ਤੋਂ ਬਗੈਰ ਇਹ ਮਿਲਾਵਟ ਬੰਦ ਨਹੀਂ ਹੋਣ ਲੱਗੀ। ਆਸ ਹੈ ਆਪ ਜ਼ਰੂਰ ਸਾਡੀ ਬੇਨਤੀ ਨੂੰ ਪ੍ਰਵਾਨ ਕਰੋਗੇ ਤੇ ਪੂਰੀ ਕਾਰਵਾਈ ਕਰੋਗੇ।

ਬੇਨਤੀ ਕਰਤਾ
ਸਮੂਹ ਇਲਾਕਾ ਨਿਵਾਸੀ
ਗੋਬਿੰਦ ਪੁਰਾ, ਦਿੱਲੀ-51
ਧੰਨਵਾਦ!

ਮਿਤੀ 14.8.2010

**14. ਤੁਹਾਡਾ ਦੋਸਤ ਅੱਜ ਕੱਲ੍ਹ ਢਹਿੰਦੀ ਕਲਾ ਦੀ ਗੱਲ ਕਰ ਰਿਹਾ ਹੈ ਉਸ ਦਾ ਦਿਸ਼ਾ ਨਿਰਦੇਸ਼ ਨਾਲ ਹੌਸਲਾ ਵਧਾਓ।**

ਮੇਰੇ ਪਿਆਰੇ ਹਰੀਸ਼,

ਡੇਢ ਮਹੀਨੇ ਦੀ ਖ਼ਾਮੋਸ਼ੀ ਉਪਰੰਤ ਤੇਰਾ ਸਤਾਰਾਂ ਤਰੀਕ ਦਾ ਲਿਖਿਆ ਹੋਇਆ ਖ਼ਤ ਮਿਲਿਆ। ਖ਼ੁਸ਼ੀ ਹੋਈ ਤੂੰ ਆਪਣੇ ਪੁਰਾਣੇ ਦੋਸਤ ਨੂੰ ਅਜੇ ਤੱਕ ਭੁੱਲਿਆ ਨਹੀਂ।

ਤੂੰ ਮੇਰੇ ਨਾਲ ਆਪਣੀ ਜ਼ਿੰਦਗੀ ਦੀ ਸਭ ਤੋਂ ਗੰਭੀਰ ਸਮੱਸਿਆ ਬਾਰੇ ਵਿਚਾਰ ਸਾਂਝੇ ਕੀਤੇ ਹਨ। ਇਹ

ਕੁਦਰਤੀ ਹੀ ਸੀ ਕਿਉਂਕਿ ਅਜਿਹਾ ਵਿਚਾਰ-ਵਟਾਂਦਰਾ ਸਭ ਤੋਂ ਕਰੀਬੀ ਦੋਸਤਾਂ ਵਿਚਕਾਰ ਹੀ ਸੰਭਵ ਹੈ। ਤੂੰ ਨਿਰਾਸ਼ ਤੇ ਉਦਾਸ ਪ੍ਰਤੀਤ ਹੁੰਦਾ ਏਂ। ਇਉਂ ਜਾਪਦਾ ਏ ਕਿ ਤੂੰ ਜ਼ਿੰਦਗੀ ਦੀਆਂ ਉਹਨਾਂ ਵਧੀਆਂ ਚੀਜ਼ਾਂ ਤੋਂ ਸੰਤੁਸ਼ਟ ਨਹੀਂ ਜਿਹੜੀਆਂ ਕਿ ਤੇਰੇ ਕੋਲ ਹਨ। ਸ਼ਾਇਦ ਤੈਨੂੰ ਯਾਦ ਹੋਵੇ ਕਿ ਅਸੀਂ ਸਦਾ ਤੇਰੇ ਨਾਲ ਈਰਖਾ ਕਰਿਆ ਕਰਦੇ ਸਾਂ। ਹਰੀਸ਼ ਤੈਨੂੰ ਨਿਰਾਸ਼ ਹੋਣ ਦੀ ਲੋੜ ਨਹੀਂ ਘੱਟੋ ਘੱਟ ਅਜੇ ਨਹੀਂ।

ਹਾਂ, ਮੇਰਾ ਭਰਾ ਐਤਕੀਂ ਇਮਤਿਹਾਨ ਦੇ ਰਿਹਾ ਹੈ। ਮੇਰਾ ਨਹੀਂ ਖ਼ਿਆਲ ਕਿ ਉਹ ਪ੍ਰੀਖਿਆ ਵਿਚ ਬਹੁਤ ਚੰਗਾ ਰਹੇਗਾ। ਉਸ ਦੁਰਘਟਨਾ ਨੇ ਵਿਚਾਰੇ ਦਾ ਸਮਾਂ ਬਹੁਤ ਜ਼ਾਇਆ ਕਰ ਦਿੱਤਾ। ਰਾਣੀ ਪੜ੍ਹਾਈ ਵਿਚ ਠੀਕ ਚਲ ਰਹੀ ਹੈ।

ਪਰ ਤੇਰਾ ਕੀ ਹਾਲ ਹੈ? ਤੂੰ ਕਹਿੰਦਾ ਏਂ ਕਿ ਤੂੰ ਕਿਸੇ ਹੋਰ ਮਹਾਨ ਆਦਮੀ ਨਾਲ ਆਪਣੀ ਥਾਂ ਬਦਲਣਾ ਚਾਹੁੰਦਾ ਏਂ। ਤੂੰ ਸਦਾ ਹੀ ਅਜਿਹੇ ਰਹੱਸਵਾਦੀ ਵਿਚਾਰਾਂ ਅੱਗੇ ਨਿਉਂਦਾ ਆਇਆ ਏਂ। ਖ਼ਾਸ ਕਰਕੇ ਇਸ ਵਾਰੀ ਤਾਂ ਤੂੰ ਜੋ ਕੁਝ ਚਾਹੁੰਦਾ ਏਂ ਉਹ ਬਿਲਕੁਲ ਹੀ ਅਸੰਭਵ ਹੈ। ਤੂੰ ਮਸੋਲਿਨੀ ਜਾਂ ਟੈਗੋਰ ਵਰਗੀਆਂ ਮਹਾਨ ਸ਼ਖ਼ਸੀਅਤਾਂ ਨਾਲ ਆਪਣੀ ਥਾਂ ਬਦਲਣੀ ਚਾਹੁੰਦਾ ਏਂ।

ਮੈਂ ਸਮਝਦਾ ਹਾਂ ਕਿ ਇਹ ਸਭ ਫਾਹੂ ਰੁਚੀਆਂ ਤੇਰੇ ਅੰਦਰ ਏਸ ਕਰਕੇ ਅਸਰ ਕਰ ਗਈਆਂ ਹਨ ਕਿਉਂਕਿ ਤੂੰ ਯਾਰਾਂ ਦੋਸਤਾਂ ਨਾਲੋਂ ਅਲੱਗ-ਥਲੱਗ ਰਹਿ ਕੇ ਆਪਣੇ ਹੀ ਝੁੰਗਲਮਾਟੇ ਵਿਚ ਕੇਂਦਰਤ ਹੋ ਗਿਆ ਏਂ। ਮੇਰਾ ਇਹ ਨਿਮਰ ਸੁਝਾਅ ਹੈ ਕਿ ਜੇ ਤੂੰ ਬਾਹਰ ਮੁਖੀ ਹੋਣ ਦਾ ਯਤਨ ਕਰੇਂ ਤਾਂ ਤੇਰੀ ਰਚਨਾ ਸਮਾਜ ਲਈ ਉਸਾਰੂ ਤੇ ਤੇਰੇ ਲਈ ਆਤਮ-ਸੰਤੋਖ ਦਾ ਸਾਧਨ ਬਣ ਸਕਦੀ ਹੈ।

ਤੈਨੂੰ ਚੜ੍ਹਦੀ ਕਲਾ ਵਿਚ ਦੇਖਣ ਦਾ ਚਾਹਵਾਨ,

ਤੇਰਾ ਅਤਿ ਪਿਆਰਾ ਮਿੱਤਰ,
ਨਰਿੰਦਰ ਗਰੇਵਾਲ।

**15. ਆਪਣੀ ਨਵੀਂ ਵਸੀ ਕਲੋਨੀ ਵਿਚ ਡਿਸਪੈਂਸਰੀ ਖੋਹਲਣ ਲਈ ਸਿਹਤ ਅਧਿਕਾਰੀ ਨੂੰ ਪੱਤਰ ਲਿਖੋ :**

ਸੇਵਾ ਵਿਖੇ,

ਸ੍ਰੀ ਮਾਨ ਸਿਹਤ ਅਧਿਕਾਰੀ ਜੀ,
ਦਿਲੀ ਨਗਰ ਨਿਗਮ,
ਨਵੀਂ ਦਿਲੀ-5

ਵਿਸ਼ਾ :- ਕਾਲੋਨੀ ਵਿਚ ਡਿਸਪੈਂਸਰੀ ਖੋਹਲਣ ਲਈ

ਸ੍ਰੀ ਮਾਨ ਜੀ,

ਸਨਿਮਰ ਬੇਨਤੀ ਹੈ ਕਿ ਅਸੀਂ ਦਿੱਲੀ ਦੀ ਨਵੀਂ ਵਸੀ ਕਾਲੋਨੀ ਰੋਹਿਨੀ ਸੈਕਟਰ-7 ਦੇ ਨਿਵਾਸੀ ਹਾਂ। ਇਸ ਕਾਲੋਨੀ ਨੂੰ ਆਬਾਦ ਹੋਇਆ ਲਗਪਗ 6-7 ਸਾਲ ਹੋ ਗਏ ਹਨ। ਇਸ ਦੀ ਆਬਾਦੀ ਲਗਾਤਾਰ ਵਧਦੀ ਜਾ ਰਹੀ ਹੈ। ਸਾਡੀ ਇਸ ਕਾਲੋਨੀ ਦੇ ਨੇੜੇ-ਤੇੜੇ ਨਾ ਕੋਈ ਹਸਪਤਾਲ ਹੈ ਨਾ ਕੋਈ ਡਿਸਪੈਂਸਰੀ ਹੈ। ਜਿਸ ਕਾਰਨ ਮਧਵਰਗੀ ਤੇ ਗਰੀਬ ਪਰਿਵਾਰਾਂ ਲਈ ਬਿਮਾਰੀਆਂ ਦੇ ਇਲਾਜ ਕਰਾਉਣੇ ਬੜੇ ਮੁਸ਼ਕਲ ਹੋ ਗਏ ਹਨ। ਇਲਾਕੇ ਵਿਚ ਪ੍ਰਾਈਵੇਟ ਡਾਕਟਰਾਂ ਦੇ ਨਰਸਿੰਗ ਹੋਮ ਲਗਾਤਾਰ ਖੁੱਲ੍ਹਦੇ ਜਾ ਰਹੇ ਹਨ। ਉਹਨਾਂ ਦਾ ਮਹਿੰਗਾ ਇਲਾਜ ਆਮ ਆਦਮੀ ਨਹੀਂ ਕਰਵਾ ਸਕਦਾ। ਇਸ ਲਈ ਦੂਰ-ਦੁਰਾਡੇ ਹਸਪਤਾਲਾਂ ਵਿਚ ਜਾਣ ਤੇ ਕਾਫ਼ੀ ਸਮਾਂ ਤੇ ਧਨ ਵੀ ਬਰਬਾਦ ਹੁੰਦਾ ਹੈ। ਖ਼ਾਸ ਤੌਰ 'ਤੇ ਮੌਸਮੀ ਬਿਮਾਰੀਆਂ ਤੇ ਦੁਰਘਟਨਾਵਾਂ ਸਮੇਂ ਇਹ ਕਮੀ ਬਹੁਤ ਮਹਿਸੂਸ ਹੁੰਦੀ ਹੈ।

ਇਸ ਲਈ ਅਸੀਂ ਆਪ ਜੀ ਅੱਗੇ ਬੇਨਤੀ ਕਰਦੇ ਹਾਂ ਕਿ ਸਾਡੇ ਇਲਾਕੇ ਵਿਚ ਡਿਸਪੈਂਸਰੀ ਖੋਹਲਣ ਦੀ ਲੋੜ ਨੂੰ ਮਹਿਸੂਸ ਕੀਤਾ ਜਾਵੇ। ਜਲਦੀ ਤੋਂ ਜਲਦੀ ਡਿਸਪੈਂਸਰੀ ਖੋਲ੍ਹੀ ਜਾਵੇ ਤਾਂ ਜੋ ਇਲਾਕਾ ਨਿਵਾਸੀ ਸਿਹਤ ਸਬੰਧੀ ਸਮੱਸਿਆਵਾਂ ਦਾ ਹੱਲ ਕਰ ਸਕਣ।

ਧੰਨਵਾਦ ਸਹਿਤ,

ਮਿਤੀ 28 ਮਈ 2011 ਆਪ ਜੀ ਦੇ ਸ਼ੁਭਚਿੰਤਕ
ਸਮੂਹ ਇਲਾਕਾ ਨਿਵਾਸੀ, ਰੋਹਿਨੀ ਸੈਕਟਰ-7, ਦਿੱਲੀ

**16. ਤੁਸੀਂ ਕਿਸੇ ਦਾਨੀ ਪੁਰਸ਼ ਕੋਲੋ, ਸਕੂਲ ਦੀ ਵਰਦੀ ਦੇ 50 ਸਵੈਟਰਾਂ ਦੀ ਉੱਨ ਦਾ ਪ੍ਰਬੰਧ ਕਰਵਾਇਆ ਹੈ। ਆਪਣੇ ਕਾਲਜ ਦੇ ਪ੍ਰਿੰਸੀਪਲ ਕੋਲੋਂ ਲੋੜਵੰਦ ਵਿਦਿਆਰਥੀਆਂ ਦੀ ਸੂਚੀ ਦੀ ਮੰਗ ਇਕ ਅਰਜ਼ੀ ਲਿਖ ਕੇ ਮੰਗੋ।**

ਸੇਵਾ ਵਿਖੇ,

ਸ੍ਰੀਮਾਨ ਪ੍ਰਿੰਸੀਪਲ ਸਾਹਿਬ,
ਸਵ: ਦਿਆਲ ਸਿੰਘ ਕਾਲਜ
ਨਵੀਂ ਦਿੱਲੀ

ਸ੍ਰੀ ਮਾਨ ਜੀ,

ਸਨਿਮਰ ਬੇਨਤੀ ਹੈ ਕਿ ਮੈਂ ਆਪ ਜੀ ਦੇ ਕਾਲਜ ਬੀ.ਏ ਫਾਈਨਲ ਦਾ ਵਿਦਿਆਰਥੀ ਹਾਂ। ਮੈਂ ਸ਼ੁਰੂ ਤੋਂ ਹੀ ਹੀ ਕਾਲਜ ਵਿਚ ਵਿਦਿਆ ਪ੍ਰਾਪਤ ਕਰ ਰਿਹਾ ਹਾਂ। ਇਸ ਦੌਰਾਨ ਮੈਂ ਇੰਜ ਮਹਿਸੂਸ ਕੀਤਾ ਹੈ ਕਿ ਸਾਡੇ ਕਾਲਜ ਵਿਚ ਪੜ੍ਹਨ ਵਾਲੇ ਬਹੁਤ ਸਾਰੇ ਵਿਦਿਆਰਥੀ ਗਰੀਬ ਪਰਿਵਾਰਾਂ ਵਿਚੋਂ ਆਉਂਦੇ ਹਨ। ਉਨ੍ਹਾਂ ਦੇ ਮਾਪੇ ਉਨ੍ਹਾਂ ਦੀ ਪੜ੍ਹਾਈ-ਲਿਖਾਈ ਦਾ ਪੂਰਾ ਖ਼ਰਚ ਬਰਦਾਸ਼ਤ ਨਹੀਂ ਕਰ ਸਕਦੇ। ਪਰੰਤੂ ਪੜ੍ਹਾਈ ਵਿਚ ਰੁਚੀ ਰੱਖਣ ਵਾਲੇ ਹੋਣਹਾਰ ਵਿਦਿਆਰਥੀ ਅੰਦਰੋਂ-ਅੰਦਰੀ ਇਸ ਕਮੀ ਨੂੰ ਮਹਿਸੂਸ ਕਰਦੇ ਹਨ। ਉਨ੍ਹਾਂ ਕੋਲ ਪੂਰੀ ਡਰੈਸ ਅਤੇ ਸਵੈਟਰਾਂ ਆਦਿ ਦਾ ਪੂਰਾ ਪ੍ਰਬੰਧ ਨਹੀਂ ਹੁੰਦਾ। ਇਸ ਲਈ ਉਹ ਸਖ਼ਤ ਸਰਦੀ ਵਿਚ ਬਿਨਾਂ ਸਵੈਟਰ ਦੇ ਜਾਂ ਹਲਕੇ-ਪਤਲੇ ਸਵੈਟਰਾਂ ਨਾਲ ਹੀ ਗੁਜ਼ਾਰਾ ਕਰਦੇ ਹਨ। ਪਿਛਲੇ ਕੁਝ ਮਹੀਨਿਆਂ ਤੋਂ ਸਾਡੇ ਇਲਾਕੇ ਵਿਚ ਇਕ ਧੰਨਵਾਨ ਤੇ ਦਾਨੀ ਪੁਰਸ਼ ਆ ਵਸੇ ਹਨ। ਉਹ ਸਮੇਂ-ਸਮੇਂ ਤੇ ਦਾਨ-ਪੁੰਨ ਕਰਦੇ ਰਹਿੰਦੇ ਹਨ। ਮੈਂ ਉਹਨਾਂ ਨੂੰ ਗਰੀਬ ਵਿਦਿਆਰਥੀਆਂ ਲਈ ਵਰਦੀ ਤੇ ਸਵੈਟਰਾਂ ਦੀ ਮੰਗ ਕੀਤੀ ਸੀ। ਉਨ੍ਹਾਂ ਨੇ ਮੇਰੀ ਬੇਨਤੀ ਸਵੀਕਾਰ ਕਰ ਲਈ ਹੈ ਅਤੇ 50 ਸਵੈਟਰਾਂ ਦੀ ਉਂਨ ਲੈ ਕੇ ਮੈਨੂੰ ਦੇ ਦਿੱਤੀ ਹੈ। ਇਸ ਲਈ ਮੇਰੀ ਆਪ ਜੀ ਅੱਗੇ ਬੇਨਤੀ ਹੈ ਕਿ ਅਜਿਹੇ ਗਰੀਬ ਵਿਦਿਆਰਥੀਆਂ ਦੇ ਨਾਮਾਂ ਦੀ ਸੂਚੀ ਜਲਦੀ ਤੋਂ ਜਲਦੀ ਭੇਜ ਦਿੱਤੀ ਜਾਵੇ। ਤਾਂ ਜੋ ਲੋੜਵੰਦ ਵਿਦਿਆਰਥੀ ਇਸ ਦਾ ਲਾਭ ਉਠਾ ਸਕਣ।

ਧੰਨਵਾਦ!

ਆਪ ਜੀ ਦਾ ਆਗਿਆਕਾਰੀ ਵਿਦਿਆਰਥੀ,

ਮਿਤੀ 14 ਜੁਲਾਈ 2011

ਸ਼ੈਲੇਂਦਰ
ਬੀ.ਏ. ਫਾਈਨਲ

**17. ਆਪਣੇ ਮਕਾਨ ਮਾਲਕ ਨੂੰ ਚਿੱਠੀ ਲਿਖ ਕੇ ਉਸ ਨੂੰ ਮਕਾਨ ਦੀ ਵਿਗੜ ਰਹੀ ਹਾਲਤ ਦੱਸ ਕੇ ਮੁਰੰਮਤ ਕਰ ਕੇ ਦੇਣ ਲਈ ਕਹੋ।**

ਹੁਸੈਨ ਪੁਰਾ, ਅੰਮ੍ਰਿਤਸਰ
24, ਅਕਤੂਬਰ 2011

ਸ੍ਰੀਮਾਨ ਜੀ,

ਬੇਨਤੀ ਇਹ ਹੈ ਕਿ ਪਿਛਲੀ ਵਾਰੀ ਜਦੋਂ ਤੁਹਾਡਾ ਆਦਮੀ ਕਿਰਾਇਆ ਲੈਣ ਲਈ ਆਇਆ ਸੀ ਤਾਂ ਮੈਂ ਉਸ ਨੂੰ ਸਾਰੇ ਘਰ ਦੀ ਵਿਗੜੀ ਹੋਈ ਦਸ਼ਾ ਦਿਖਾਈ ਸੀ ਤੇ ਕਿਹਾ ਸੀ ਕਿ ਇਸ ਦੀ ਜਲਦੀ ਮੁਰੰਮਤ ਕਰਵਾ ਦਿੱਤੀ ਜਾਵੇ, ਪਰ ਇਸ ਪਾਸੇ ਵਲ ਹੁਣ ਤੱਕ ਕੋਈ ਧਿਆਨ ਨਹੀਂ ਦਿੱਤਾ ਗਿਆ।

ਬਰਸਾਤ ਦੇ ਦਿਨਾਂ ਵਿਚ ਕਮਰੇ ਚੋਣ ਲੱਗ ਪੈਂਦੇ ਹਨ। ਪਿਛਲੇ ਪੰਜ ਸਾਲਾਂ ਤੋਂ ਤੁਸੀਂ ਸਫ਼ੈਦੀ ਵੀ ਨਹੀਂ ਕਰਵਾ ਕੇ ਦਿੱਤੀ, ਜਿਸ ਕਰਕੇ ਸਾਰੇ ਘਰ ਦੀ ਹਾਲਤ ਵਿਗੜੀ ਹੋਈ ਹੈ। ਦੋ ਕਮਰਿਆਂ ਦੀਆਂ ਅਲਮਾਰੀਆਂ ਦੇ ਸ਼ੀਸ਼ੇ ਟੁੱਟਿਆਂ ਨੂੰ ਤਿੰਨ ਸਾਲ ਹੋ ਗਏ ਹਨ। ਕਈ ਥਾਵਾਂ ਤੋਂ ਬਿਜਲੀ ਦੀਆਂ ਤਾਰਾਂ ਥੱਲੇ ਲਮਕ ਰਹੀਆਂ ਹਨ, ਜਿਨ੍ਹਾਂ ਤੋਂ ਹਰ ਸਮੇਂ ਡਰ ਲੱਗਦਾ ਰਹਿੰਦਾ ਹੈ। ਬਾਹਰਲੇ ਬਰਾਂਡੇ ਦਾ ਫ਼ਰਸ਼ ਵੀ ਬਹੁਤ ਜ਼ਿਆਦਾ ਟੁੱਟਿਆ ਹੋਇਆ ਹੈ। ਨਲਕਾ ਵੀ ਪਾਣੀ ਬਹੁਤ ਘੱਟ ਦਿੰਦਾ ਹੈ, ਜਿਸ ਨਾਲ ਸਾਨੂੰ ਬਹੁਤ ਮੁਸ਼ਕਲ ਹੋ ਰਹੀ ਹੈ।

ਮੈਨੂੰ ਆਸ ਹੈ ਕਿ ਤੁਸੀਂ ਜਲਦੀ ਹੀ ਮਕਾਨ ਦੀ ਮੁਰੰਮਤ ਕਰਵਾਉਣ ਦਾ ਇੰਤਜ਼ਾਮ ਕਰਨ

ਨੋਟ

## ਉੱਤਰ ਮਾਲਾ : ਸਵੈ ਮੁਲਾਂਕਣ

1. ਚਿੱਠੀ ਪੱਤਰ ਦਾ ਸਾਡੇ ਜੀਵਨ 'ਚ ਕੀ ਮਹੱਤਵ ਹੈ?
2. ਚਿੱਠੀ ਪੱਤਰ ਦੇ ਨਿਯਮਾਂ ਬਾਰੇ ਜਾਣਕਾਰੀ ?
3. ਹੇਠ ਲਿਖਿਆ ਮੁਤਾਬਕ ਚਿੱਠੀ ਪੱਤਰ ਲਿਖੋ–
    1. ਤੁਹਾਨੂੰ ਪਤਾ ਲੱਗਿਆ ਹੈ ਕਿ ਤੁਹਾਡਾ ਛੋਟਾ ਭਰਾ ਦਿਲ ਲਾ ਕੇ ਨਹੀਂ ਪੜ੍ਹਦਾ ਤੇ ਸਮਾਂ ਖੇਡਣ 'ਚ ਗੁਆ ਦੇਂਦਾ ਹੈ। ਉਸ ਨੂੰ ਚਿੱਠੀ ਰਾਹੀਂ ਪੜ੍ਹਾਈ ਵੱਲ ਪਰੇਰੋ।
    2. ਆਪਣੇ ਪਿਤਾ ਜੀ ਨੂੰ ਪੜ੍ਹਾਈ ਲਈ ਰੁਪਈਏ ਭੇਜਣ ਲਈ ਚਿੱਠੀ ਲਿਖੋ।
    3. ਆਪਣੇ ਛੋਟੇ ਭਰਾ ਨੂੰ ਚਿੱਠੀ ਰਾਹੀਂ ਚੰਗੀਆਂ ਪੁਸਤਕਾਂ ਪੜ੍ਹਨ ਲਈ ਕਹੋ। ਕਿਸੇ ਇਕ ਚੰਗੀ ਪੁਸਤਕ ਦਾ ਵੇਰਵਾ ਵੀ ਦਿਓ।
    4. ਪੁਲਿਸ ਅਫਸਰ ਨੂੰ ਰਿਪੋਟ ਲਿਖੋ, ਜਿਸ ਵਿਚ ਕਿਸੇ ਚੋਰੀ ਦਾ ਵੇਰਵਾ ਦਿਓ।
    5. ਆਪਣੇ ਮਿੱਤਰ ਨੂੰ ਚਿੱਠੀ ਰਾਹੀਂ ਆਪਣੇ ਜੀਵਨ ਦੀ ਸਭ ਤੋਂ ਅਫਸੋਸਨਾਕ ਜਾਂ ਖੁਸ਼ੀ ਭਰੀ ਘਟਨਾ ਦੱਸੋ।
    6. ਆਪਣੇ ਮਿੱਤਰ ਵੱਲੋਂ ਆਈ ਸੁਗਾਤ ਲਈ ਧੰਨਵਾਦ ਪੱਤਰ ਲਿਖੋ।
    7. ਆਪਣੇ ਮਿੱਤਰ ਨੂੰ ਚਿੱਠੀ ਲਿਖੋ, ਜਿਸ ਵਿਚ ਪ੍ਰੀਤੀ ਭੋਜ ਉਤੇ ਨਾ ਪੁਜ ਸਕਣ ਲਈ ਖਿਮਾ ਮੰਗੋ।
    8. ਆਪਣੇ ਮਿੱਤਰ ਨੂੰ ਉਸ ਦੀ ਮਾਤਾ ਦੇ ਸੁਰਗਵਾਸ ਹੋਣ ਪੁਰ ਸ਼ੋਕ ਪੱਤਰ ਲਿਖੋ।
    9. ਇਕ ਚਿੱਠੀ ਰਾਹੀਂ ਆਪਣੇ ਇਕ ਨਿਰਧਨ ਸਹਿਪਾਠੀ ਦੀ ਸਹਾਇਤਾ ਲਈ ਆਪਣੇ ਦੂਜੇ ਮਿੱਤਰ ਕੋਲੋਂ ਮੰਗ ਕਰੋ।
    10. ਆਪਣੇ ਸ਼ਹਿਰੀ ਮਿੱਤਰ ਨੂੰ ਗਰਮੀ ਦੀਆਂ ਛੁੱਟੀਆਂ ਆਪਣੇ ਕੋਲ ਪਹਾੜ ਤੇ ਬਤੀਤ ਕਰਨ ਲਈ ਸੱਦਾ-ਪੱਤਰ ਦਿਓ।
    11. ਤੁਹਾਡੇ ਪਿਤਾ ਜੀ ਨੇ ਤੁਹਾਨੂੰ ਚਿੱਠੀ ਲਿਖੀ ਸੀ ਕਿ ਹਾਇਰ ਸੈਕੰਡਰੀ ਪਾਸ ਕਰਨ ਪਿੱਛੋਂ ਬਿਜਲੀ ਦਾ ਕੰਮ ਸਿਖਣ ਲਈ ਕਿਸੇ ਕਾਰਖਾਨੇ 'ਚ ਬਿਜਲੀ ਦੇ ਮਿਸਤਰੀ ਦਾ ਤੁਹਾਨੂੰ ਸ਼ਾਗਿਰਦ ਬਣਾ ਦਿੱਤਾ ਜਾਵੇ। ਤੁਸੀਂ ਲਿਖੋ ਕਿ ਤੁਹਾਨੂੰ ਇਹ ਗੱਲ ਪਸੰਦ ਨਹੀਂ ਤੇ ਤੁਸੀਂ ਉੱਚੀ ਵਿਦਿਆ ਪਰਾਪਤ ਕਰਨਾ ਚਾਹੁੰਦੇ ਹੋ?
    12. ਆਪਣੇ ਡਾਕਖਾਨੇ ਦੇ ਪੋਸਟ ਮਾਸਟਰ ਨੂੰ ਪ੍ਰਾਰਥਨਾ ਪੱਤਰ ਲਿਖੋ ਕਿ ਤੁਹਾਡੇ ਪਿੰਡ ਦੇ ਮੁੰਡੇ ਡਾਕਖਾਨੇ 'ਚ ਰੁਪਈਆ ਜਮਾਂ ਕਰਾਉਣਾ ਚਾਹੁੰਦੇ ਹਨ, ਇਸ ਲਈ ਡਾਕਖਾਨੇ 'ਚ ਸੇਵਿੰਗ ਬੈਂਕ ਦਾ ਪ੍ਰਬੰਧ ਕੀਤਾ ਜਾਵੇ।
    13. ਆਪਣੇ ਮੁੱਖ ਅਧਿਆਪਕ ਨੂੰ ਨੇਕ ਚਲਣੀ ਦਾ ਸਰਟੀਫਿਕੇਟ ਲੈਣ ਲਈ ਪ੍ਰਾਰਥਨਾ ਪੱਤਰ ਲਿਖੋ?
    14. ਆਪਣੇ ਪਿਤਾ ਜੀ ਨੂੰ ਚਿੱਠੀ ਰਾਹੀ ਅੱਜ ਕੱਲ੍ਹ ਦੀ ਮਹਿੰਗਾਈ ਬਾਬਤ ਜਾਣੂ ਕਰਾਓ।
    15. ਬਰਫ਼ ਦਾ ਕਾਰਖਾਨਾ ਦੇਖਣ ਦੀ ਆਗਿਆ ਲੈਣ ਲਈ ਚਿੱਠੀ ਲਿਖੋ।
    16. ਜੁਰਮਾਨਾ ਮਾਫ ਕਰਾਉਣ ਲਈ ਆਪਣੇ ਮੁਖ ਅਧਿਆਪਕ ਜੀ ਨੂੰ ਪ੍ਰਾਰਥਨਾ ਪੱਤਰ ਲਿਖੋ।
    17. ਆਪਣੇ ਮਿੱਤਰ ਨੂੰ ਚਿੱਠੀ ਰਾਹੀਂ ਦੱਸੋ ਕਿ ਭਾਰਤ ਦੀ ਵਿਦੇਸ਼ ਨੀਤੀ ਪੂਰਨ ਸਫ਼ਲ ਹੈ।
    18. ਤੁਸੀਂ ਆਪਣੇ ਸ਼ਹਿਰ ਵਿਚ ਕਵੀ ਦਰਬਾਰ ਕਰਾਉਣਾ ਹੈ, ਉਸ ਦੇ ਆਸ਼ੇ ਨੂੰ ਵਰਨਣ ਕਰਦਿਆਂ ਕਿਸੇ ਕਵੀ ਨੂੰ ਸੱਦਾ-ਪੱਤਰ ਲਿਖੋ।
    19. ਆਪਣੇ ਅਧਿਆਪਕ ਨੂੰ ਅਖੀਂ ਡਿੱਠੀ ਜੰਞ ਦਾ ਵੇਰਵਾ ਲਿਖੋ।
    20. ਆਪਣੇ ਮਿੱਤਰ ਨੂੰ ਪੱਤਰ ਲਿਖੋ ਜਿਸ ਵਿਚ ਪਹਾੜੀ ਯਾਤਰਾ ਦਾ ਪੂਰਾ ਵੇਰਵਾ ਹੋਵੇ।
    21. ਤੁਸੀਂ ਕਿਸੇ ਦੂਜੇ ਸ਼ਹਿਰ ਦੀ ਧਰਮਸ਼ਾਲਾ ਜਾਂ ਗੁਰਦੁਆਰੇ ਵਿਚ ਠਹਿਰੇ ਹੋ, ਉੱਥੇ ਤਿੰਨ ਦਿਨ ਮੁਸਾਫਰ ਨੂੰ ਠਹਿਰਣ ਦੀ ਆਗਿਆ ਹੈ। ਮੈਨੇਜਰ ਨੂੰ ਚਿੱਠੀ ਲਿਖੋ ਕਿ ਜ਼ਰੂਰੀ ਕੰਮ ਕਾਰਣ ਤੁਹਾਨੂੰ ਇਕ ਹਫ਼ਤਾ ਠਹਿਰਣ ਦੀ ਆਗਿਆ ਦਿੱਤੀ ਜਾਏ।

22. ਆਪਣੀ ਛੋਟੀ ਭੈਣ ਨੂੰ ਪ੍ਰੀਖਿਆ ਦੀ ਤਿਆਰੀ ਕਰਨ ਦੀ ਪ੍ਰੇਰਣਾ ਚਿੱਠੀ ਰਾਹੀਂ ਦਿਓ।
23. ਪੋਸਟ ਮਾਸਟਰ ਨੂੰ ਚਿੱਠੀ ਲਿਖੋ ਕਿ ਪੁਸਤਕਾਂ ਦੇ ਰਜਿਸਟਰੀ ਪਾਰਸਲ ਵਿਚੋਂ ਇਕ ਪੁਸਤਕ ਘੱਟ ਨਿਕਲੀ ਹੈ ਜਿਸ ਦਾ ਪਤਾ ਕਰਾਇਆ ਜਾਏ ਅਤੇ ਨੁਕਸਾਨ ਪੂਰਾ ਕੀਤਾ ਜਾਏ।
24. ਆਪਣੇ ਮੁੱਖ ਅਧਿਆਪਕ ਨੂੰ ਸ਼ਰਾਰਤ ਕਾਰਣ ਹੋਇਆ ਜੁਰਮਾਨਾ ਮੁਆਫ਼ ਕਰਨ ਲਈ ਲਿਖੋ ਅਤੇ ਸ਼ਰਾਰਤ ਲਈ ਪਛਤਾਵਾ ਪ੍ਰਗਟ ਕਰੋ।
25. ਆਪਣੇ ਸਕੂਲ ਦੀ ਵਿਦਿਆਰਥੀ ਸਵਾਗਤ ਕਮੇਟੀ ਵਲੋਂ ਇੰਸਪੈਕਟਰ ਲਈ ਮਾਣ-ਪੱਤਰ ਲਿਖੋ।

•••

ਨੋਟ

# ਅਧਿਆਏ-25 : ਮੁਹਾਵਰੇ

## (Idioms)

*ਵਿਸ਼ਾ-ਵਸਤੂ (Contents)*

1. ਮੁਹਾਵਰੇ ਦੀ ਪਰਿਭਾਸ਼ਾ
2. ਮੁਹਾਵਰਿਆਂ ਦੀ ਵਰਤੋਂ ਦੀ ਮਹੱਤਤਾ
3. ਸਾਹਿਤ ਵਿਸਥਾਰ
4. ਉੱਤਰ ਮਾਲਾ : ਸਵੈ ਮੁਲਾਂਕਣ

ਸਮਾਜ ਵਿਚ ਮਨੁੱਖ ਕਈ ਵਾਰ ਗੱਲ ਕਹਿਣ ਲੱਗਿਆਂ ਸੋਚਦਾ ਹੈ ਕਿ ਉਹ ਵਾਕ ਦਾ ਇਹੋ ਜਿਹਾ ਢੰਗ ਵਰਤੇ ਕਿ ਵਾਕ ਵਧੇਰੇ ਪ੍ਰਭਾਵਸ਼ਾਲੀ ਬਣੇ, ਕਿ ਵਾਕ ਦਾ ਸ਼ਬਦੀ ਅਰਥ ਹੋਰਹੋਵੇ ਅਤੇ ਵਿਚਲੇ ਭਾਵ ਅਰਥ ਕੁਝ ਹੋਰ ਹੋਵੇ। ਇਸ ਲਈ ਉਹ ਆਪਣੇ ਗੱਲ ਨੂੰ ਸਮਝਾਉਣ ਲਈ ਮੁਹਾਵਰੇਦਾਰ ਵਾਕਾਂ ਦੀ ਵਰਤੋਂ ਕਰਦੇ ਹਨ। ਮੁਹਾਵਰੇ, ਮੁਹਾਵਰੇਦਾਰ ਵਾਕੰਸ਼ ਕਿਸੇ ਬੋਲੀ ਦੀ ਆਤਮਾ ਹੁੰਦੇ ਹਨ। ਇਹ ਕਿਸੇ ਭਾਸ਼ਾ ਦੀ ਸਮਰੱਥ ਵਧਾਉਣ ਵਿਚ ਸਹਾਈ ਹੁੰਦੇ ਹਨ ਅਤੇ ਬੋਲੀ ਦੇ ਮਹੱਤਵਪੂਰਣ ਅੰਗ ਹੁੰਦੇ ਹਨ। ਇਸ ਨਾਲ ਭਾਸ਼ਾ ਅਮੀਰ ਅਤੇ ਪ੍ਰਭਾਵਸ਼ਾਲੀ ਬਣਦੀ ਹੈ।

ਸਮੁੱਚੇ ਤੌਰ 'ਤੇ ਮੁਹਾਵਰੇ ਉਨ੍ਹਾਂ ਦੋ ਚਾਰ ਸ਼ਬਦਾਂ ਦੇ ਸਮੂਹ ਨੂੰ ਕਿਹਾ ਜਾਂਦਾ ਹੈ ਜਿਸ ਦੇ ਸ਼ਬਦੀ ਅਰਥ ਹੋਰ ਅਤੇ ਭਾਵ ਅਰਥ ਹੋਰ ਹੁੰਦੇ ਹਨ। ਜੀਵਨ ਦੀਆਂ ਅਟੱਲ ਸੱਚਾਈਆਂ ਨੂੰ ਮੁਹਾਵਰੇਦਾਰ ਵਿਚ ਵਰਤ ਕੇ ਭਾਸ਼ਾ ਵਧੇਰੇ ਪ੍ਰਭਾਵਸ਼ਾਲੀ ਬਣਦੀ ਹੈ। ਇਸ ਤਰ੍ਹਾਂ ਦੀ ਵਰਤੋਂ ਨਾਲ ਗੱਲ ਸੰਖੇਪ ਤੇ ਰੌਚਿਕ ਢੰਗ ਨਾਲ ਕਹੀ ਜਾ ਸਕਦੀ ਹੈ। ਆਪਣੇ ਭਾਵ ਦੂਸਰਿਆਂ ਤੱਕ ਪਹੁੰਚਾਣ ਲਈ ਗੱਲ ਨੂੰ ਆਕਰਸ਼ਕ, ਦਿਲ ਖਿੱਚਵੀਂ ਅਤੇ ਪ੍ਰਭਾਵਸ਼ਾਲੀ ਬੋਲਚਾਲ ਤੇ ਸੁਚੱਜੀ ਲਿਖਤ ਲਈ ਇਹ ਜ਼ਰੂਰੀ ਹੈ ਕਿ ਸਾਨੂੰ ਮੁਹਾਵਰਿਆਂ ਦਾ ਗਿਆਨ ਜ਼ਰੂਰੀ ਹੈ।

ਮੁਹਾਵਰਿਆਂ ਵਿਚ ਆਏ ਸ਼ਬਦ ਸਧਾਰਣ ਨਾਲੋਂ ਵੱਖਰੇ ਅਰਥ ਹਨ। ਇਸ ਗੱਲ ਸਿੱਧੀ ਨਾ ਕਹਿ ਕੇ ਗੁੱਝੇ ਤੇ ਸੰਕੇਤਿਕ ਰੂਪ ਵਿਚ ਕਹੀ ਗਈ ਹੁੰਦੀ ਹੈ। ਇਸ ਦੀ ਵਰਤੋਂ ਕਰਨ ਨਾਲ ਕਿਸੇ ਗੱਲ-ਬਾਤ ਦੀ ਜਾਂ ਲਿਖਤ ਦੀ ਰੌਚਿਕਤਾ ਵਧਦੀ ਹੈ ਅਤੇ ਪ੍ਰਭਾਵ ਵੀ ਵਧੇਰੇ ਹੁੰਦਾ ਹੈ। ਮੁਹਾਵਰਿਆਂ ਵਿਚ ਬਜ਼ੁਰਗਾਂ ਦਾ ਪਰਖਿਆ ਅਨੁਭਵ ਹੁੰਦਾ ਹੈ। ਇਹ ਅਨੁਭਵ ਪੀੜ੍ਹੀ-ਦਰ-ਪੀੜ੍ਹੀ ਚੱਲਦੇ ਰਹਿੰਦੇ ਹਨ। ਇਸ ਦੀ ਘੜੀ-ਮੁੜੀ ਵਰਤੋਂ ਨਾਲ ਲੋਕਾਂ ਦੇ ਮੂੰਹ ਉਹ ਸ਼ਬਦ ਚੜ੍ਹ ਜਾਂਦੇ ਹਨ। ਇੰਝ ਮੂੰਹ-ਚੜ੍ਹੇ ਸ਼ਬਦ ਹੀ ਮੁਹਾਵਰਿਆਂ ਦਾ ਰੂਪ ਲੈ ਲੈਂਦੇ ਹਨ। ਇਕ ਗੱਲ ਹੋਰਖਾਸ ਇਹ ਹੈ ਕਿ ਇਨ੍ਹਾਂ ਮੁਹਾਵਰਿਆਂਦੇ ਅੰਤ ਵਿਚ ਨਾ, ਨੀ, ਣਾ, ਣੀ, ਜਾਂ ਆਂ ਅੱਖਰ ਲੱਗਿਆ ਹੁੰਦਾ ਹੈ। ਪੰਜਾਬੀ ਵਿਚ ਮੁਹਾਵਰਿਆਂ ਦੀ ਵਰਤੋਂ ਆਮ ਹੈ। ਕੁਝ ਪ੍ਰਚਲਿਤ ਮੁਹਾਵਰੇ, ਉਨ੍ਹਾਂ ਦੇ ਅਰਥ ਅਤੇ ਵਾਕਾਂ ਵਿਚ ਵਰਤੋਂ ਹੇਠਾਂ ਦਿੱਤੀ ਜਾਂਦੀ ਹੈ :-

1. **ਉੱਲੂ ਬਣਾਉਣਾ** (**ਮੂਰਖ ਬਣਾਉਣਾ**)—ਜੀਤਾ ਆਪਣੇ ਆਪ ਨੂੰ ਬੜਾ ਚਲਾਕ ਸਮਝਦਾ ਸੀ, ਤੇ ਉਹ ਹਰ ਕਿਸੇ ਨੂੰ ਉੱਲੂ ਬਣਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਸੀ।
2. **ਉਲਟੀ ਪੱਟੀ ਪੜ੍ਹਾਉਣੀ** (**ਭੈੜੀ ਮੱਤ ਦੇਣੀ**)—ਮਾਂ ਨੇ ਆਪਣੀ ਧੀ ਨੂੰ ਐਸੀ ਉਲਟੀ ਪੱਟੀ ਪੜ੍ਹਾਈ ਕਿ ਉਹ ਅੱਜ ਤੱਕ ਸੌਹਰੇ ਘਰ ਨਹੀਂ ਵੱਸ ਸਕੀ।
3. **ਅਕਲ 'ਤੇ ਪੜਦਾ ਪੈਣਾ** (**ਮੱਤ ਮਾਰੀ ਜਾਣੀ**)—ਦਰਸ਼ਨ ਦੀ ਅਕਲ ਤੇ ਪਤਾ ਨਹੀਂ ਕੀ ਕਰਦਾ ਪੈ ਗਿਆ ਕਿ ਰੋਜ਼ ਸ਼ਰਾਬ ਪੀਣ ਬੈਠ ਜਾਂਦਾ ਹੈ।
4. **ਅੱਖਾਂ ਵਿਚ ਘਟਾ ਪਾਉਣਾ** (**ਧੋਖਾ ਦੇਣਾ**)—ਕੱਲ੍ਹ ਰਾਮ ਦੇ ਘਰ ਕੋਈ ਅਨਜਾਣ ਮਨੁੱਖ ਗੱਲਾਂ ਗੱਲਾਂ ਵਿਚ ਅੱਖਾਂ ਵਿਚ ਘੱਟਾ ਪਾਕੇ ਦੌੜ ਗਿਆ।
5. **ਅੱਜ ਕੱਲ੍ਹ ਕਰਨਾ** (**ਟਾਲ ਮਟੋਲ ਕਰਨਾ**)—ਮੈਂ ਸੁਰਿੰਦਰ ਕੋਲੋਂ ਜਦ ਵੀ ਆਪਣੇ ਰੁਪਏ ਮੰਗਦਾ, ਉਹ ਅੱਜ ਕੱਲ੍ਹ ਕਰ ਛੱਡਦਾ ਹੈ।

**ਨੋਟ**

ਸਾਰੇ ਮੁਹਾਵਰੇ ਇਸ ਪੁਸਤਕ ਵਿਚ ਦੇਣੇ ਬਹੁਤ ਮੁਸ਼ਕਿਲ ਹਨ। ਮੁਹਾਵਰੇ ਸਾਡੇ ਆਲੇ—ਦੁਆਲੇ ਦੇ ਜੀਵਨ ਵਿਚੋਂ ਹੀ ਪੈਦਾ ਹੁੰਦੇ ਹਨ। ਇਸ ਲਈ ਕਈ ਨਵੇਂ ਮੁਹਾਵਰੇ ਵੀ ਹੋਂਦ 'ਚ ਆ ਜਾਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਫਿਰ ਵੀ ਵੱਧ ਤੋਂ ਵੱਧ ਮੁਹਾਵਰੇ ਦੇਣ ਦੀ ਕੋਸ਼ਿਸ਼ ਵਿਚ ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕਾਂ ਵਿਚ ਵਰਤਿਆ ਗਿਆ ਹੈ।

1. **ਉਂਗਲੀ ਕਰਨੀ** (**ਦੋਸ਼ ਲਾਉਣਾ**)—ਬਿਨਾ ਪੜਤਾਲ ਦੇ ਕਿਸੇ 'ਤੇ ਉਂਗਲ ਨਹੀਂ ਕਰਨੀ ਚਾਹੀਦੀ।
2. **ਉਂਗਲਾਂ 'ਤੇ ਨਚਾਉਣਾ** (**ਹੁਕਮ ਵਿਚ ਤੋਰਨਾ**)—ਜਦੋਂ ਦਾ ਪੱਛਮ ਦਾ ਪ੍ਰਭਾਵ ਭਾਰਤ 'ਤੇ ਪਿਆ ਹੈ, ਬੱਚਿਆਂ ਨੂੰ ਉਂਗਲਾਂ 'ਤੇ ਨਹੀਂ ਨਚਾਇਆ ਜਾ ਸਕਦਾ, ਉਹ ਅੱਗੋਂ ਕਈ ਤਰ੍ਹਾਂ ਦੇ ਸਵਾਲ ਪੁੱਛਣ ਲੱਗ ਪੈਂਦੇ ਹਨ।
3. **ਉਡਦੇ ਫਿਰਨਾ** (**ਹੌਸਲੇ ਵਿਚ ਹੋਣਾ**)—ਜਦੋਂ ਦਾ ਸੁਰਜੀਤ ਨੂੰ ਪਤਾ ਲੱਗਾ ਕਿ ਉਸ ਦਾ ਵਿਆਹ ਕੈਨੇਡਾ ਵਿਚ ਸੰਤੋਸ਼ ਨਾਲ ਹੋ ਰਿਹਾ ਹੈ। ਉਹ ਉਡਦਾ ਫਿਰ ਰਿਹਾ ਹੈ।
4. **ਉੱਲੂ ਬੋਲਣੇ** (**ਉਜਾੜ ਹੋਣੀ**)—ਜਦੋਂ ਦੇ ਗੁਆਂਡੀ ਭਾਰਤ ਤੋਂ ਬਾਹਰ ਗਏ ਹਨ, ਉਸ ਦੇ ਘਰ ਉੱਲੂ ਬੋਲ ਰਹੇ ਹਨ।
5. **ਉੱਲੂ ਬਣਾਉਣਾ** (**ਮੂਰਖ ਬਣਾਉਣਾ**)—ਸ਼ਰੀਫ ਸੁਭਾਅ ਵਾਲੇ ਲੋਕਾਂ ਨੂੰ ਉੱਲੂ ਬਣਾਉਣਾ ਕੋ ਔਖਾ ਕੰਮ ਨਹੀਂ ਹੈ।
6. **ਅੱਖ ਦਾ ਤਾਰਾ ਹੋਣਾ** ( **ਬਹੁਤ ਪਿਆਰ ਹੋਣਾ**)—ਸਤੀਸ਼ ਸਕੂਲ ਦਾ ਨੰਬਰ ਇਕ ਖਿਲਾੜੀ ਬਨਣ ਕਰਕੇ ਸਾਰੇ ਸਕੂਲ ਦਾ ਅੱਖਾਂ ਦਾ ਤਾਰਾ ਬਣ ਗਿਆ।
7. **ਅੱਖ ਉੱਚੀ ਨਾ ਕਰ ਸਕਮੀ** (**ਸ਼ਰ ਮਹਿਸੂਸ ਕਰਨੀ**)—ਆਪਣੇ ਹੀ ਘਰ ਵਿਚ ਚੋਰੀ ਕਰਦਿਆਂ ਜਦੋਂ ਫੜਿਆ ਗਿਆ ਤਾਂ ਉਹ ਆਪਣੇ ਪਿਤਾ ਅੱਗੇ ਅੱਖ ਉੱਚੀ ਨਾ ਕਰ ਸਕਿਆ।
8. **ਅੱਖ ਖੁੱਲ੍ਹਣੀ** (**ਜਾਗ ਆਉਣੀ**)—ਰਾਤ ਮੈਂ ਭਾਵੇਂ ਦੇਰ ਨਾਲ ਸੌਣਾ ਪਰ ਫਿਰ ਵੀ ਸਵੇਰੇ 5 ਪੰਜ ਵਜੇ ਅੱਖ ਖੁੱਲ੍ਹ ਹੀ ਜਾਂਦੀ ਹੈ।
9. **ਅੱਖਾਂ ਵਿਚ ਰੜਕਣਾ** (**ਬੁਰਾ ਲੱਗਣਾ**)—ਸ਼ਾਮ ਸਿੰਘ ਬੇਲੋੜਾ ਹੀ ਹਰ ਬੰਦੇ ਨਾਲ ਲੜਦਾ ਰਹਿਮ ਕਾਰਣ ਹਮੇਸ਼ਾ ਮੇਰੀਆਂ ਅੱਖਾਂ ਵਿਚ ਰੜਕਦਾ ਰਹਿੰਦਾ।
10. **ਅੱਖ ਬਚਾਉਣੀ** (**ਖਿਸਕ ਜਾਣਾ**)—ਚੋਰ ਭੀੜਦਾ ਫਾਇਦਾ ਚੁੱਕ ਕੇ ਲੋਕਾਂ ਤੋਂ ਅੱਖ ਬਚਾ ਕੇ ਭੁੱਲ ਗਿਆ।
11. **ਅੱਖਾਂ ਭਰ ਲੈਣੀਆਂ** (**ਅੱਥਰੂ ਆਉਣੇ ਜਾਂ ਰੋ ਪੈਣਾ**)—ਰਾਮ ਸਿੰਘ ਦੇ ਪਿਤਾ ਹਸਪਤਾਲ ਵਿਚ ਦਾਖਲ ਸੀ, ਦਿਨ-ਬ-ਦਿਨ ਹਾਲਤ ਵਿਗੜਦੀ ਦੇਖ ਕੇ ਰਾਮ ਨੇ ਅੱਖਾਂ ਭਰ ਲਈਆਂ।
12. **ਸਿਰ ਤੇ ਪੈਰ ਰੱਖ ਕੇ ਦੌੜਨਾ** (**ਬਹੁਤ ਤੇਜ਼ ਦੌੜਨਾ**)—ਚੌਂਕੀਦਾਰ ਦੀ ਹੋਸ਼ਿਆਰੀ ਦੇਖ ਕੇ ਚੋਰ ਸਿਰ 'ਤੇ ਪੈਰ ਰੱਖ ਕੇ ਦੌੜ ਗਿਆ।
13. **ਸਿਰ ਖਾਣਾ** (**ਤੰਗ ਕਰਨਾ**)—ਸਕੂਲ ਤੋਂ ਛੁੱਟੀਆਂ ਹੋਣ 'ਤੇ ਬੱਚੇ ਘਰ ਵਿਚ ਮਾਂ-ਬਾਪ ਦਾ ਖੂਬ ਸਿਰ ਖਾਂਦੇ ਹਨ।
14. **ਸਿਰ ਮੁੰਨਣਾ** (**ਠੱਗ ਲੈਣਾ**)—ਸੁਦਰਸ਼ਨ ਨੂੰ ਪਤਾ ਹੀ ਲੱਗਿਆ ਕਿ ਗੱਲਾਂ ਗੱਲਾਂ ਵਿਚ ਦੁਕਾਨਦਾਰ ਨੇ ਉਸ ਦਾ ਸਿਰ ਮੁੰਨ ਦਿੱਤਾ।
15. **ਸਿਰੋਂ ਨੰਗੀ ਹੋਣਾ** (**ਵਿਧਵਾ ਹੋਣਾ**)—ਸਤਵੰਤ ਕੌਰ ਨੂੰ ਸਿਰੋਂ ਨੰਗੀ ਹੋਣ 'ਤੇ ਘਰੋਂ ਕੱਢ ਦਿੱਤਾ।
16. **ਸਿਰੋਂ ਫੜਨਾ** (**ਮੌਕੇ 'ਤੇ ਫੜਨਾ**)—ਸੀ. ਆਈ. ਡੀ. ਨੇ ਅਫਸਰ ਨੂੰ ਰਿਸ਼ਵਤ ਲੈਂਦਿਆਂ ਸਿਰੋਂ ਫੜ ਲਿਆ।
17. **ਸਿਰ ਫੇਰਨਾ** (**ਨਾਂਹ ਕਰਨੀ**)—ਦੁਕਾਨ ਦਾ ਮਾਲਿਕ ਜਦੋਂ ਵੀ ਆਪਮਏ ਕਾਮੇ ਨੂੰ ਕੋਈ ਕੰਮ ਕਰਨ ਲਈ ਕਹਿੰਦਾ ਤਾਂ ਕੋਈ ਬਹਾਨਾ ਲਾ ਕੇ ਸਿਰ ਫੇਰ ਦਿੰਦਾ।
18. **ਸਿਰ ਸੁਆਹ ਪੈਣੀ** (**ਬੇਇੱਜ਼ਤੀ ਹੋਣੀ**)—ਲਛਮੀ ਦੇ ਘਰੋਂ ਨੱਸ ਜਾਣ 'ਤੇ ਉਸ ਦੇ ਪਿਤਾ ਦੇ ਸਿਰ ਸੁਆਹ ਪੈ ਗਈ।
19. **ਸਿਰ ਤਲੀ 'ਤੇ ਧਰਨਾ** (**ਕੁਰਬਾਨੀ ਦੇਣੀ**)—ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸਿਰ ਤਲੀ 'ਤੇ ਰੱਖ ਕੇ ਕਸ਼ਮੀਰੀ ਪੰਡਿਤਾਂ ਦੀ ਰਾਖੀ ਕੀਤੀ।

ਨੋਟ

20. **ਹੱਥ ਰੰਗਣਾ (ਬਹੁਤ ਨਫ਼ਾ ਹੋਣਾ)**—ਥੋੜ੍ਹੀ ਦੇਰ ਲਈ ਕਰਫਿਊ ਹਟਣ 'ਤੇ ਦੁਕਾਨਾਂ ਵਿਚ ਸਸਤਾ ਮਾਲ ਮਹਿੰਗੇ ਭਾਅ ਵੇਚ ਕੇ ਦਰਸ਼ਨ ਨੇ ਆਪਣੇ ਹੱਥ ਰੰਗ ਲਏ।
21. **ਹੱਥ 'ਤੇ ਹੱਥ ਧਰ ਕੇ ਬਹਿਣਾ (ਕੋਈ ਕੰਮ ਨਾ ਕਰਨਾ)**—ਹੱਥ 'ਤੇ ਹੱਥ ਧਰ ਕੇ ਬੈਠਣ ਨਾਲ ਰੋਟੀ ਦੀ ਸਮੱਸਿਆ ਦਾ ਹਲ ਨਹੀਂ ਹੋਣਾ ਕੁਝ ਉੱਦਮ ਕਰਨਾ ਹੀ ਪੈਣਾ ਹੈ।
22. **ਹੱਥਾਂ ਦੇ ਤੋਤੇ ਉੱਡਣਾ (ਘਬਰਾ ਜਾਣਾ)**—ਇਮਤਿਹਾਨ ਦੇ ਕਮਰੇ ਵਿਚ ਪ੍ਰਸ਼ਨ-ਪੱਤਰ ਪੜ੍ਹਨ 'ਤੇ ਸੁਸ਼ਮਾਂ ਦੇ ਹੱਥਾਂ ਦੇ ਤੋਤੇ ਉੱਡ ਗਏ।
23. **ਹੱਥ ਮਲਣਾ (ਪਛਤਾਉਣਾ)**—ਸੁਰਿੰਦਰ ਹੱਥ ਮਲਦਾ ਰਹਿ ਗਿਆ ਜਦੋਂ ਉਹ ਸਮੇਂ ਸਿਰ ਕਚਹਿਰੀ ਨਾ ਪੁੱਜ ਸਕਿਆ।
24. **ਹੱਥ ਪੈਰ ਮਾਰਨੇ (ਯਤਨ ਕਰਨਾ)**—ਮੇਰੀ ਲੜਕੀ ਦੇ ਵਿਆਹ 'ਤੇ ਕਾਫੀ ਹੱਥ ਪੈਰ ਮਾਰ ਕੇ ਪੈਸੇ ਕਿਸੇ ਨੇ ਕਿਸੇ ਤਰ੍ਹਾਂ ਜੁਟਾ ਹੀ ਲਏ।
25. **ਹੱਥੋਪਾਈ ਕਰਨਾ (ਲੜਾਈ ਕਰਨੀ)**—ਹੱਥੋਪਾਈ ਕਰਨ ਨਾਲ ਕੁਝ ਨਹੀਂ ਬਣਦਾ, ਨਿਮਰਤਾ ਤੋਂ ਹੀ ਕੰਮ ਲਵੋ।
26. **ਹੱਥ ਚੁੱਕਣਾ (ਮਾਰਨਾ)**—ਜਵਾਨ ਪੁੱਤ 'ਤੇ ਹੱਥ ਚੁੱਕਣਾ ਚੰਗਾ ਨਹੀਂ।
27. **ਕੰਨਾ ਨੂੰ ਹੱਥ ਲਾਉਣਾ (ਤੋਬਾ ਕਰਨੀ)**—ਸਵਰਨ ਨੇ ਕੰਨਾਂ ਨੂੰ ਹੱਥ ਲਾਇਆ ਕਿ ਉਹ ਦੁਬਾਰਾ ਇਸ ਤਰ੍ਹਾਂ ਦੀ ਗਲਤੀ ਨਹੀਂ ਕਰੇਗਾ।
28. **ਕੰਨ ਖੜੇ ਹੋਣਾ (ਖਤਰੇ ਬਾਰੇ ਸੁਚੇਤ ਹੋਣਾ)**—ਜਿਹੜੇ ਮਨੁੱਖ ਕੰਨ ਖੜ੍ਹੇ ਰੱਖਦੇ ਹਨ, ਉਹ ਹਮੇਸ਼ਾ ਜੀਵਨ ਵਿਚ ਤਰੱਕੀ ਕਰਦੇ ਹਨ।
29. **ਕੰਨਾ ਵਿਚ ਰੂੰ ਦੇਣੀ (ਪ੍ਰਵਾਹ ਨਾ ਕਰਨੀ)**—ਜੋ ਲੋਕ ਹਮੇਸ਼ ਕੰਨਾ ਵਿਚ ਰੂੰ ਦੇਈ ਰੱਖਦੇ ਨੇ ਉਹ ਜੀਵਨ ਵਿਚ ਕਦੇ ਕਾਮਯਾਬ ਨਹੀਂ ਹੁੰਦੇ।
30. **ਕੰਨ ਭਰਨੇ (ਚੁਗਲੀ ਕਰਨੀ)**—ਚੰਗੇ ਬੰਦਿਆਂ ਦਾ ਕੰਮ ਨਹੀਂ ਕਿਸੇ ਦੇ ਖਿਲਾਫ਼ ਕੰਨ ਭਰਨੇ।
31. **ਕੰਨ ਖਿੱਚਣੇ (ਤਾੜਨਾ ਕਰਨੀ)**—ਮਾਸਟਰ ਨੇ ਆਪਮੇ ਵਿਦਿਆਰਥੀ ਦੇ ਐਨੇ ਕੰਨ ਖਿੱਚੇ ਕਿ ਵਿਦਿਆਰਥੀ ਸੁਚੇਤ ਹੋ ਕੇ ਪੜ੍ਹਨ ਲੱਗ ਪਏ।
32. **ਕੰਨ ਖਾਣੇ (ਰੌਲਾ ਪਾਉਣਾ)**—ਵਿਆਹ ਸ਼ਾਦੀ ਦੇ ਮੌਕੇ ਢੋਲ ਢਮੱਕੇ ਨਾਲ ਇੰਨੇ ਕੰਨ ਖਾਧੇ ਜਾਂਦੇ ਨੇ ਜਿਸ ਨਾਲ ਸਿਰ ਦਰਦ ਹੋਣ ਲੱਗ ਪੈਂਦੇ ਹਨ।
33. **ਹਿੱਕ 'ਤੇ ਸੱਪ ਲੇਟਣਾ (ਈਰਖਾ ਕਰਨੀ)**—ਮੇਰੇ ਸੁੱਖਾਂ ਨੂੰ ਦੇਖ ਕੇ ਮੇਰੀ ਸਹੇਲੀ ਸੁਸ਼ਮਾ ਦੀ ਹਿੱਕ 'ਤੇ ਸੱਪ ਲੇਟਦੇ ਹਨ।
34. **ਹਿੱਕ ਕੱਢ ਕੇ ਤੁਰਨ (ਆਕੜ ਕੇ ਤੁਰਨਾ)**—ਸੁਰੇਸ਼ ਇਮਤਿਹਾਨ ਵਿਚੋਂ ਨੱਬੇ ਫੀਸਦੀ ਨੰਬਰ ਲੈ ਕੇ ਹਿੱਕ ਕੱਢ ਕੇ ਤੁਰਦਾ ਹੈ।
35. **ਹਰਨ ਹੋ ਜਾਣਾ (ਦੌੜ ਜਾਣਾ)**—ਪੁਲਿਸ ਨੂੰ ਦੇਖਦਿਆਂ ਹੀ ਚੋਰ ਹਰਨ ਹੋ ਗਿਆ।
36. **ਹੱਡ ਭੰਨਣੇ (ਬਹੁਤ ਮਿਹਨਤ ਕਰਨੀ)**—ਦੋ ਵਕਤ ਦੀ ਰੋਟੀ ਖਾਤਰ ਮਜ਼ਦੂਰਾਂ ਨੂੰ ਕਾਫੀ ਹੱਡ ਭੰਨਵੀਂ ਮਿਹਨਤ ਕਰਨੀ ਪੈਂਦੀ ਹੈ।
37. **ਹੱਟੀ ਵਧਾਉਣੀ (ਦੁਕਾਨ ਬੰਦ ਕਰਨੀ)**—ਸ਼ਹਿਰਾਂ ਵਿਚ ਰਾਤ ਅੱਠ ਵਜੇ ਹੱਟੀ ਵਧਾਉਣ ਦਾ ਸਮਾਂ ਸਰਕਾਰੀ ਤੌਰ 'ਤੇ ਰੱਖਿਆ ਗਿਆ ਹੈ।
38. **ਹੱਡ ਗੋਡੇ ਰਹਿ ਜਾਣੇ (ਬੁਢਾਪਾ ਆ ਜਾਣਾ)**—ਪਹਿਲੇ ਦੀ ਤਰ੍ਹਾਂ ਕੰਮ ਨਹੀਂ ਕਰ ਹੁੰਦਾ ਕਿ ਉਹ ਹੁਣ ਤਾਂ ਹੱਡ ਗੋਡੇ ਰਹਿ ਗਏ।
39. **ਹਾਮੀ ਭਰਨੀ (ਕਿਸੇ ਦੀ ਜ਼ਮਾਨਤ ਦੇਣਾ)**—ਬੈਂਕ ਵਿਚ ਕਰਜ਼ ਲੈਣ ਲਈ ਕਿਸੇ ਦੀ ਹਾਮੀ ਭਰਨੀ ਪੈਂਦੀ ਹੈ।
40. **ਹਿੱਕ ਧੜਕਣੀ (ਡਰਨਾ)**—ਗੁੰਡੇ ਨੂੰ ਦੇਖ ਕੇ ਸ਼ਰੀਫ ਮਨੁੱਖ ਦੀ ਹਿੱਕ ਧੜਕਣ ਲੱਗ ਪੈਂਦੀ ਹੈ।
41. **ਖੂਨ ਸਫੈਦ ਹੋਣਾ (ਪਿਆਰ ਨਾ ਰਹਿਣਾ)**—ਅੱਜ ਵਧੇਰੇ ਕਰਕੇ ਲੋਕਾਂ ਦਾ ਖੂਨ ਸਫੈਦ ਹੋ ਗਿਆ। ਇਸੇ ਲਈ ਲੋਕ ਇਕ ਦੂਜੇ ਦੀ ਕਦਰ ਨਹੀਂ ਕਰਦੇ।

ਨੋਟ

42. **ਖੁੰਭ ਠੱਪਣੀ** (**ਭੁਗਤ ਸੁਆਰਨੀ**)—ਗਲਤ ਕੰਮ ਕਰਨ ’ਤੇ ਪਿਉ ਨੇ ਆਪਣੇ ਪੁੱਤ ਦੀ ਐਸੀ ਖੁੰਭ ਠੱਪੀ ਕਿ ਮਗਰੋਂ ਇਕ ਚੰਗਾ ਮੁੰਡਾ ਬਣ ਗਿਆ। ਸਭ ਉਸ ਦੀ ਇੱਜ਼ਤ ਕਰਨ ਲੱਗ ਪਏ।
43. **ਖੁਰਾ ਖੋਜ ਮਿਟਾਉਣਾ** (**ਨਾਮੋ—ਨਿਸ਼ਾਨ ਮਿਟਾਉਣਾ**)—ਜ਼ਾਮਲ ਬਾਦਸ਼ਾਹ ਨੇ ਐਨਾ ਜ਼ੁਲਮ ਕੀਤਾ ਜਿਸ ਨਾਲ ਲੋਕਾਂ ਅੰਦਰ ਐਨਾ ਗੁੱਸਾ ਆਇਆ ਅਤੇ ਸੰਗਰਸ਼ ਕਰਕੇ ਜਾਲਮ ਬਾਦਸ਼ਾਹ ਦਾ ਖੁਰਾ ਖੋਜ ਹੀ ਮਿਟਾ ਦਿੱਤਾ।
44. **ਖਿਆਲੀ ਪੁਲਾਓ ਪਕਾਉਣਾ** (**ਨਿਰੋਲ ਕਲਪਨਾ ਕਰਨੀ**)—ਨਿਰਾ ਖਿਆਲੀ ਪੁਲਾਉ ਪਕਾਉਣ ਨਾਲ ਕੁਝ ਨਹੀਂ ਬਨਣਾ, ਮਿਹਨਤ ਕਰਕੇ ਹੀ ਕੁਝ ਹਾਸਲ ਹੋਵੇਗਾ।
45. **ਖਟਾਈ ਵਿਚ ਪੈਣਾ** (**ਕੰਮ ਲਮਕ ਜਾਣਾ**)—ਯੂਨੀਵਰਸਿਟੀ ਵੱਲਰੋਂ ਗਰਾਂਟ ਨਾ ਮਿਲਣ ਕਰਕੇ ਕਾਲਜ ਦੀ ਇਮਾਰਤ ਦਾ ਕੰਮ ਖਟਾਈ ਵਿਚ ਪੈ ਗਿਆ।
46. **ਖਾਰ ਖਾਣੀ** (**ਈਰਖਾ ਕਰਨੀ**)—ਸ਼ੀਲਾ ਦੀ ਖੂਬਸੂਰਤੀ ਵੇਖ ਕੇ ਉਸਦੀ ਸਹੇਲੀ ਉਸ ਨਾਲ ਖਾਰ ਖਾਣ ਲੱਗ ਪਈ ਕਿਉਂਕਿ ਉਹ ਆਪ ਸੋਹਣੀ ਨਹੀਂ ਸੀ।
47. **ਗਲ ਪਿਆ ਢੋਲ ਵਜਾਉਣਾ** (**ਨਾ ਚਾਹੁੰਦੇ ਕੋਈ ਕੰਮ ਕਰਨਾ**)—ਕਿਸੇ ਦਾ ਦਿਲ ਨਾ ਦੁਖੇ ਇਸ ਲੀ ਕਈ ਵਾਰ ਗਲ ਪਿਆ ਢੋਲ ਵਜਾਉਣਾ ਪੈਂਦਾ ਹੈ।
48. **ਗਲੋਂ ਲਾਹੁਣਾ** (**ਟਰਕਾ ਦੇਣਾ**)—ਮੇਰਾ ਦੋਸਤ ਕਈ ਵਾਰ ਮੈਨੂੰ ਗਲੋਂ ਲਾਹੁਮ ਦੀ ਕਰਦਾ ਹੈ। ਦਿਲੋਂ ਕੰਮ ਨਹੀਂ ਕਰਦਾ।
49. **ਗਲ ਪੈਣਾ** (**ਲੜਨਾ**)—ਛੋਟੀਆਂ ਛੋਟੀਆਂ ਗੱਲਾਂ ਤੇ ਕਦੇ ਕਿਸੇ ਦੇ ਗਲ ਨਹੀਂ ਪੈਣਾ ਚਾਹੀਦਾ।
50. **ਗੰਢ ਦਾ ਪੂਰਾ ਹੋਣਾ** (**ਆਪਣਾ ਹਿਸਾਬ ਠੀਕ ਰੱਖਣਾ**)—ਸ਼ਾਮ ਸਭ ਦੇ ਸਾਹਮਣੇ ਭਾਵੇਂ ਝੱਲੀਆਂਮਾਰੇ ਪਰ ਹੈ ਉਹ ਗੰਢ ਦਾ ਪੂਰਾ।
51. **ਗੱਦ—ਗੱਦ ਹੋਣਾ** (**ਬਹੁਤ ਖੁਸ਼ ਹੋਣਾ**)—ਤਰਸੇਮ ਸਿੰਘ ਦੇ ਪੁੱਤਰ ਨੇ ਬੀ. ਏ. ਆਨਰਜ਼ ਫਾਈਨਲ ਵਿਚ ਪੰਜਾਨਵੇਂ ਫੀਸਦੀ ਨੰਬਰ ਲੈ ਕੇ ਪਾਸ ਹੋਏ ਤਾਂ ਘਰ ਵਾਲੇ ਗਦ ਗਦ ਹੋ ਗਏ।
52. **ਗੁੱਡੀ—ਚੜ੍ਹਣੀ** (**ਪ੍ਰਸਿੱਧੀ ਮਿਲਣੀ**)—ਅੰਤਰ ਵਿਸ਼ਵਿਦਿਆਲਿਆ ਹਾਕੀ ਟੂਰਨਾਮੈਂਟ ਵਿਚ ਸੋਢੀ ਨੇ ਪੰਜ ਗੋਲ ਮਾਰੇ ਜਿਸ ਨਾਲ ਉਸਦੀ ਇਲਾਕੇ ਵਿਚ ਗੁੱਡੀ ਚੜ੍ਹ ਗਈ।
53. **ਘੜੇ ਦੀ ਮੱਛੀ** (**ਕਾਬੂ ਵਿਚ ਰਹਿਣਾ**)—ਮੇਰਾ ਭਰਾ ਤਾਂ ਘੜੇ ਦੀ ਮੱਛੀ ਹੈ ਉਹ ਮੇਰੀ ਕੌ ਸ਼ਿਕਾਇਤ ਘਰ ਨਹੀਂ ਕਰੇਗਾ।
54. **ਘੋੜੇ ਵੇਚ ਕੇ ਸੌਣਾ** (**ਨਿਸਚਿੰਤ ਹੋਣਾ**)—ਵਲੈਤ ਤੋਂ ਭਾਈ ਸਾਹਿਬ ਨੂੰ ਬੁਲਾ ਲਓ। ਦਾਦੀ ਜੀ ਤਾਂ ਹੁਣ ਘੜੀ ਪਲਦੀ ਮਹਿਮਾਨ ਹੈ।
55. **ਘਰ ਫੂਕ ਤਮਾਸ਼ਾ ਦੇਖਣਾ** (**ਆਪਣਾ ਨੁਕਸਾਨ ਕਰਲੋਣਾ**)—ਕਈ ਲੋਕ ਬੜੇ ਮੂਰਖ ਹਨ ਜਿਹੜੇ ਆਪਣਾ ਘਰ ਫੂਕ ਤਮਾਸ਼ਾ ਵੇਖਦੇ ਹਨ।
56. **ਘਿਉ—ਖਿਚੜੀ ਹੋਣਾ** (**ਇਕ—ਮਿਕ ਹੋਣਾ**)—ਆਪਣੇ ਬੱਚਿਆਂ ਨੂੰ ਘਿਉ-ਖਿਚੜੀ ਹੋਏ ਵੇਖ ਕੇ ਮਾਂ—ਬਾਪ ਬਹੁਤ ਖੁਸ਼ ਹੁੰਦੇ ਹਨ।
57. **ਚਾਂਦੀ ਦੀਜੁੱਤੀ ਮਾਰਨੀ** (**ਰਿਸ਼ਵਤ ਦੇਣੀ**)—ਅੱਜ ਚਾਂਦੀ ਦੀ ਜੁੱਤੀ ਮਾਰ ਕੇ ਕੌ ਕੰਮ ਕਿਸੇ ਵੀ ਦਫ਼ਤਰ ਤੋਂ ਕਰਵਾ ਸਕਦੇ ਹੋ।
58. **ਚੜ੍ਹਾਈ ਕਰ ਜਾਣਾ** (**ਮਰ ਜਾਣਾ**)—ਤਾਇਆ ਜਦ ਚੜ੍ਹਾਈ ਕਰ ਜਾਣ ਤੇ ਬੜਾ ਦੁੱਖ ਲੱਗਾ।
59. **ਚੰਨ ਤੇ ਥੁੱਕਣਾ** (**ਆਪਣੇ ਆਪ ’ਤੇ ਘੁੰਮਡ ਕਰਨਾ**)—ਚੰਨ ’ਤੇ ਥੁੱਕਿਆ ਆਪਣੇ ਮੂੰਹ ’ਤੇ ਹੀ ਪੈਂਦਾ ਹੈ।
60. **ਚਮੜੀ ਉਧੇੜਨੀ** (**ਦੱਬ ਕੇ ਕੁੱਟਣਾ**)—ਬੱਚਿਆਂ ਨੂੰ ਪਿਆਰ ਨਾਲ ਸਮਝਾਉਣਾ ਚਾਹੀਦਾ ਹੈ ਚਮੜੀ ਉਧੇੜ ਕੇ ਨਹੀਂ।
61. **ਜਾਨ ’ਤੇ ਖੇਡਣਾ** (**ਕੁਰਬਾਨੀ ਦੇਣੀ**)—ਸੁਦਰਸ਼ਨ ਨੇ ਆਪਣੀ ਜਾਨ ’ਤੇ ਖੇਡ ਉਸਦੀ ਜਾਨ ਬਚਾਈ।
62. **ਜੜ੍ਹੀਂ ਤੇਲ ਦੇਣਾ** (**ਪੂਰੀ ਤਰ੍ਹਾਂ ਤਬਾਹ ਕਰਨਾ**)—ਵੈਰੀਆਂ ਦੇ ਜੜ੍ਹੀਂ ਤੇਲ ਪਾ ਕੇ ਅੱਜ ਉਹ ਘਰ ਵਿਚ ਖੂਬ ਜਸ਼ਨ ਮਨਾ ਰਿਹਾ ਹੈ।

ਨੋਟ

63. **ਜਾਨ ਸੁੱਕ ਜਾਣੀ** (**ਬਹੁਤ ਜ਼ਿਆਦਾ ਡਰਨਾ**)—ਸਤਵੰਤ ਪਹਿਲੀ ਵਾਰ ਜਦੋਂ ਹਵਾਈ ਜਹਾਜ਼ ਵਿਚ ਚੜ੍ਹਿਆ ਜਦੋਂ ਜਹਾਜ਼ ਉਛਟ ਲਈ ਚੱਲਿਆ, ਤਾਂ ਉਸਦੀ ਜਾਨ ਹੀ ਸੁੱਕ ਗਈ।
64. **ਜੰਗਲ ਵਿਚ ਮੰਗਲ** (**ਉਜਾੜ ਥਾਂ 'ਤੇ ਰੌਣਕ ਹੋਣਾ**)—ਅੱਜ ਤਾਂ ਕੀਰਤਨ ਨਾਲ ਇਤਨਾ ਜੰਗਲ ਵਿਚ ਮੰਗਲ ਵਰਗਾ ਅਹਿਸਾਸ ਹੋਇਆ।
65. **ਜ਼ੁਬਾਨ ਖੁੱਲ੍ਹਣੀ** (**ਬਦਤਮੀਜ਼ ਹੋਣਾ**)—ਅੱਜ ਕੱਲ੍ਹ ਨੌਜਵਾਨ ਪਿੜੀ ਦੀ ਜ਼ੁਬਾਨ ਬਹੁਤ ਖੁੱਲ੍ਹ ਗਈਹੈ। ਕਿਸੇ ਦੀ ਵੀ ਪ੍ਰਵਾਹ ਨਹੀਂ ਕਰਦੇ।
66. **ਜ਼ੁਬਾਨ ਦੇਣੀ** (**ਇਕਰਾਰ ਕਰਨਾ**)—ਕਿਸੇ ਨੂੰ ਜ਼ੁਬਾਨ ਦੇਣ ਤੋਂ ਪਹਿਲਾਂ ਸੋਚ ਲੈਣਾ ਚਾਹੀਦਾ ਹੈ।
67. **ਜ਼ੁਬਾਨ ਬੰਦ ਕਰ ਦੇਣੀ** (**ਬੋਲਣ ਨਾ ਦੇਣਾ**)—ਜੱਜ ਅੱਗੇ ਮੇਰੇ ਵਕੀਲ ਨੇ ਇਸ ਤਰ੍ਹਾਂ ਕੰਮ ਪੇਸ਼ ਕੀਤਾ ਕਿ ਦੂਸਰੇ ਵਕੀਲ ਦੀ ਜ਼ੁਬਾਨ ਹੀ ਬੰਦ ਕਰ ਦਿੱਤੀ।
68. **ਜ਼ੁਬਾਨ ਤੋਂ ਫਿਰਨਾ** (**ਮੁਕਰ ਜਾਣਾ**)—ਜ਼ੁਬਾਨ ਤੋਂ ਫਿਰਨਾ ਚੰਗੀ ਗੱਲ ਨਹੀਂ।
69. **ਜ਼ੁਬਾਨਤੇ ਚੜ੍ਹਣਾ** (**ਯਾਦ ਹੋਣਾ**)—ਕਿ ਦੂਸਰੇ ਦੇ ਮੁਹਾਵਰੇ ਸੁਣ ਕੇ ਜ਼ੁਬਾਨਤੇ ਚੜ੍ਹ ਗਏ।
70. **ਜ਼ੁਬਾਨ ਗੰਦੀ ਕਰਨੀ** (**ਬੁਰਾ—ਭਲਾ ਬੋਲਣਾ**)—ਕਿਸੇ ਦੇ ਕਹੇ ਕਹਾਏ ਆਪਣੀ ਜ਼ੁਬਾਨ ਗੰਦੀ ਨਹੀਂ ਕਰਨੀ ਚਾਹੀਦੀ।
71. **ਝੱਖ ਮਾਰਨੀ** (**ਸਮਾਂ ਵਿਅਰਥ ਗੁਆਉਣਾ**)—ਸਾਰਾ ਦਿਨ ਝੱਖ-ਮਾਰਨ ਤੋਂ ਚੰਗਾ ਹੋ ਕੋੀ ਉਸਾਰੂ ਕੰਮ ਕਰਨਾ।
72. **ਝੂਠ ਦੇਪਹਾੜ ਉਸਾਰਨੇ** (**ਕੋਰਾ ਝੂਠ ਬੋਲਣਾ**)—ਬਹੁਤ ਲੋਕ ਆਪਣਾ ਕਿਸੇ ਦੂਸਰੇ ਤੋਂ ਕੰਮ ਕਢਾਉਣ ਨੇ ਲੀ ਝੂਠ ਦੇ ਪਹਾੜ ਉਸਰ ਦੇਣੇ ਹਨ।
73. **ਕਦਰਾਂ ਮਾਰਨੀਆਂ** (**ਖੱਜਲ ਹੋਣਾ**)—ਥੋੜ੍ਹੀ ਬੱਚਤ ਲਈ ਥਾਂ-ਥਾਂ ਟੱਕਰਾਂ ਮਾਰਨ ਨਾਲੋਂ ਇਕੋ ਥਾਂ 'ਤੇ ਚੀਜ਼ਾਂ ਦੀ ਖਰੀਦ ਕਰ ਲਈ।
74. **ਟੱਸ ਤੋਂ ਮੱਸ ਨਾ ਹੋਣਾ** (**ਪ੍ਰਵਾਹ ਨਾ ਕਰਨੀ**)—ਅਮਰੀਕ ਨੇ ਸਕੂਲ ਦਾ ਕੰਮ ਨਹੀਂ ਕੀਤਾ। ਟੀਚਰ ਨੇ ਉਸ ਨੂੰ ਬਹੁਤ ਝਾੜਿਆ ਪਰ ਉਹ ਟੱਸ ਤੋਂ ਮੱਸ ਨਹੀਂ ਹੋਇਆ।
75. **ਟੱਕਰ ਲੈਣੀ** (**ਟਾਕਰਾ ਕਰਨਾ**)—ਵੱਡੀਆਂ-ਵੱਡੀਆਂ ਕੰਪਨੀਆਂ ਵਪਾਰ ਵਿਚਅੱਗੇ ਵਧਣ ਲਈਟੱਕਰ ਲੈ ਰਹੀਆਂ ਹਨ।
76. **ਟਾਲ ਮਟੋਲ ਕਰਨੀ** (**ਬਹਾਨੇ ਕਰਨੇ**)—ਮੈਂ ਜਦੋਂ ਵੀ ਉਸ ਨੇ ਆਪਣੇ ਪੁੱਛਦਾ ਹੀ ਤਾਂ ਉਹ ਟਾਲ—ਮਟੋਲ ਕਰ ਦਿੰਦਾ ਹੈ।
77. **ਟੱਕੇ ਜਿਹਾ ਜਵਾਬ** (**ਕੋਰੀ ਨਾਂਹ ਕਰਨੀ**)—ਜਦੋਂ ਵੀ ਇਮਤਿਹਾਨਾਂ ਦੀ ਤਿਆਰੀ ਲਈ ਮਦਦ ਮੰਗੀ ਉਸ ਨੇ ਟਕੇ ਜਿਹਾ ਜਵਾਬ ਦੇ ਦਿੱਤਾ।
78. **ਠੂਠਾ ਵਿਖਾਉਣਾ** (**ਕੋਰਾ ਬ ਜਵਾਬ ਦੇਣਾ**)—ਭੱਜੀ ਨੇ ਬਿੱਟੂ ਨੂੰ ਕਿਹਾ ਕਿ ਉਹ ਸ਼ਿੰਦੇ ਤੋਂ ਕੋਈ ਚੀਜ਼ ਨਾ ਮੰਗੇ ਹਰ ਇਕ ਨੂੰ ਠੂਠਾ ਵਿਖਾ ਦਿੰਦਾ ਹੈ।
79. **ਠੂੰਗਾ ਮਾਰਨਾ** (**ਘੱਟ—ਤੋਲਣਾ**)—ਉਸ ਹੱਟੀ ਵਾਲਾ ਜਦੋਂ ਕੋਈ ਚੀਜ਼ਤੋਲਦਾ ਹੈ ਠੂੰਗਾ ਮਾਰ ਲੈਂਦਾ ਹੈ।
80. **ਠਰੂੰ—ਠਰੂੰ ਕਰਨਾ** (**ਸਰਦੀ ਨਾਲ ਕੰਬਣਾ**)—ਜਦ ਮੈਂ ਸ਼ਿੰਦੇ ਦੇ ਘਰ ਗਿਆ ਤਾਂ ਉਹ ਸਰਦੀ ਨਾਲ ਠਰੂੰ—ਠਰੂੰ ਕਰ ਰਿਹਾ ਸੀ। ਮੈਂ ਉਸ ਨੂੰ ਚਾਹ ਬਣਾ ਕੇ ਪਿਲਾਈ ਤਾਂ ਉਹ ਕੁਝ ਠੀਕ ਹੋਇਆ।
81. **ਠੋਕਰ ਖਾਣੀ** (**ਨੁਕਸਾਨ ਹੋਣਾ**)—ਨਵੇਂ ਕਾਰੋਬਾਰ ਵਿਚ ਉਸ ਨੂੰ ਠੋਕਰ ਖਾਣੀ ਪਈ ਪਰਹੁਣ ਉਹ ਸੰਭਲ ਗਿਆ ਹੈ।
82. **ਠੋਕਰ ਲੱਗਣੀ** (**ਚੋਟ ਲੱਗਣੀ**)—ਉਸ ਨੂੰ ਆਪਣੇ ਕਾਰੋਬਾਰ ਵਿਚ ਐਸੀ ਠੋਕਰ ਲੱਗੀ ਉਹ ਹਾਲੀ ਤੱਕ ਨਹੀਂ ਸੰਭਲ ਸਕਿਆ।
83. **ਡੰਡੇ ਵਜਾਉਣਾ** (**ਵਿਹਲੇ ਫਿਰਨਾ**)—ਜਗਦੀਸ਼ 40 ਸਾਲ ਦਾ ਹੋ ਗਿਆ। ਕਿਧਰੇ ਨੌਕਰੀ ਵੀ ਕਰਦਾ ਹੈ ਕਿ ਹਾਲੀ ਤੱਕ ਡੰਡੇ ਵਜਾਉਂਦੇ ਫਿਰਦਾ ਹੈ।
84. **ਢੋਲ ਵਜਾਉਣਾ** (**ਢੰਡੋਰਾ ਪਿੱਟਣਾ**)—ਸ਼ਾਂਤੀ ਦੇ ਘਰ ਵਿਆਹ ਦੇ ਢੋਲ ਵੱਜ ਰਹੇ ਹਨ।

**ਨੋਟ**

85. **ਢਿੱਡ ਵਿਚ ਗੱਲ ਰੱਖਣੀ** (ਭੇਤ ਨਾ ਦੱਸਣਾ)—ਸੁਰਜੀਤ ਐਨਾ ਪੱਕਾ ਉਹ ਕਿਸੇ ਨੂੰ ਆਪਣੇ ਢਿੱਡ ਦੀ ਗੱਲ ਨਹੀਂ ਦੱਸਦਾ।
86. **ਢਿੱਡੀ ਪੀੜਾ ਪੈਣੀਆਂ** (ਬਹੁਤ ਹੱਸਣਾ)—ਉਸ ਦੇ ਭਰਾ ਨੇ ਇਤਨੇ ਵਧੀਆ ਚੁਟਕਲੇ ਸੁਣਾ ਕਿ ਢਿੱਡੀਂ ਪੀੜਾਂ ਪੈ ਗਈਆਂ।
87. **ਢਿੱਡ 'ਤੇ ਹੱਥ ਫੇਰਨਾ** (ਰੱਜ ਜਾਣਾ)—ਕਈ ਦਿਨਾਂ ਦਾ ਭੁੱਖਾ ਸ਼ਾਮ ਨੇ ਖੂਬ ਖਾ ਕੇ ਢਿੱਡ 'ਤੇ ਹੱਥ ਫੇਰਨ ਲੱਗ ਪਿਆ।
88. **ਢਿੱਡ ਵਿਚ ਚੂਹੇ ਨੱਚਣੇ** (ਭੁੱਖਣ ਲੱਗਣੀ)—ਸੁਰਿੰਦਰ ਨੇ ਘਰ ਜਾਂਦਿਆਂ ਆਪਣੀ ਪਤਨੀ ਨੂੰ ਕਿਹਾ ਜਲਦੀ ਖਾਣਾ ਦੇ ਢਿੱਡ ਵਿਚ ਚੂਹੇ ਨੱਚ ਰਹੇ ਹਨ।
89. **ਢੇਰੀ ਢਾਹੁਣੀ** (ਨਿਰਾਸ਼ ਹੋਣਾ)—ਉਹ ਤਾਂ ਢੇਰੀ ਢਾਹ ਕੇ ਬੈਠਾ ਸੀ। ਸਾਨ ਸਿੰਘ ਨੇ ਉਸ ਨੂੰ ਹੌਂਸਲਾ ਦਿੱਤਾ। ਉਹ ਸੇਰ ਹੋ ਗਿਆ।
90. **ਢਾਹ ਮਾਰਨੀ** (ਉੱਚੀ ਉੱਚੀ ਰੋਣਾ)—ਸੁਦਰਸ਼ਨ ਪਿਉ ਦੇ ਅਕਾਲ ਚਲਾਣੇ ਤੇ ਢਾਹਾਂ ਮਾਰ ਕੇ ਰੋਣ ਲੱਗ ਪਿਆ। ਕਿਉਂਕਿ ਉਸ ਦੇ ਸਿਰ ਤੋਂ ਪਿਉ ਦਾ ਸਾਇਆ ਉੱਠ ਗਿਆ।
91. **ਤੀਲੀ ਲਾਉਣੀ** (ਲੜਾਈ ਕਰਵਾਉਣੀ)—ਸ਼ਿੰਦੋ ਨੇ ਆਪਣੀਆਂ ਦੋਹਾਂ ਸਹੇਲੀਆਂ ਵਿਚ ਐਸੀ ਤੀਲੀ ਲਾਈ, ਅੱਜ ਤੱਕ ਇਕੱਠੀਆਂ ਨਹੀਂ ਹੋ ਸਕੀਆਂ।
92. **ਤਿਲ ਧਰਨ ਨੂੰ ਥਾਂ ਨਾ ਹੋਣਾ** (ਬਹੁਤ ਭੀੜ ਹੋਣੀ)—ਅੱਜ ਗੁਰਪੁਰਬ ਵਾਲੇ ਦਿਨ ਗੁਰਦੁਆਰੇ ਵਿਚ ਐਨੀ ਭੀੜ ਸੀ ਕਿ ਤਿਲ ਧਰਨ ਨੂੰ ਥਾਂ ਨਹੀਂ ਸੀ।
93. **ਤਿਉੜੀ ਚੜ੍ਹਾਉਣੀ** (ਮੱਥੇ ਵੱਟ ਪੈਣਾ)—ਮਹਿਮਾਨਾਂ ਨੂੰ ਵੇਖ ਕੇ ਤਿਉੜੀ ਨਹੀਂ ਚੜ੍ਹਾਉਣੀ ਚਾਹੀਦੀ ਸਗੋਂ ਮਨੋ ਸਤਿਕਾਰ ਕਰਨਾ ਚਾਹੀਦਾ ਹੈ।
94. **ਤੱਤੀ ਵਾ ਨਾ ਲੱਗਣੀ** (ਦੁੱਖ ਨਾ ਹੋਣ ਦੇਣਾ)—ਆਪਣੇ ਬੱਚਿਆਂ ਲਈ ਮਾਂ-ਬਾਪ ਰੱਬ ਅੱਗੇ ਅਰਦਾਸ ਕਰਦੇ ਹਨ ਕਿ ਉਨ੍ਹਾਂ ਦੇ ਬੱਚਿਆਂ ਨੂੰ ਤੱਤੀ ਵਾ ਨਾ ਲੱਗੇ।
95. **ਤੀਰ ਹੋ ਜਾਣਾ** (ਨੱਸ ਜਾਣਾ)—ਕਈ ਵਾਰ ਬੱਚੇ ਟੀਚਰ ਨੂੰ ਵੇਖ ਕੇ ਤੀਰ ਹੋ ਜਾਂਦੇ ਹਨ।
96. **ਤੂਤੀ ਬੋਲਣੀ** (ਪ੍ਰਸਿੱਧੀ ਪਾਉਣੀ)—ਲੀਡਰਾਂ ਦੀ ਅੱਜ ਕੱਲ੍ਹ ਤਾਂ ਤੂਤੀ ਬੋਲਦੀ ਹੈ। ਆਪਣੇ ਆਪ ਪਤਾ ਕੀ ਸਮਝਦੇ ਹਨ।
97. **ਤੀਸ ਮਾਰ ਖਾਂ** (ਬਹੁਤ ਹੁਸ਼ਿਆਰ)—ਮੀਕਾ ਆਪਣੇ ਆਪ ਨੂੰ ਬੜਾ ਤੀਸ ਮਾਰ ਖਾਂ ਸਮਝਦਾ ਸੀ ਪਰ ਮੀਤੇ ਨੇ ਉਸ ਨੂੰ ਸਿੱਧ ਕਰ ਦਿੱਤਾ।
98. **ਥੁੱਕ ਲਾਉਣਾ** (ਧੋਖਾ ਦੇਣਾ)—ਉਸ ਦੁਕਾਨਦਾਰ ਕੋਲ ਕੋਈ ਚੀਜ਼ ਨਾ ਲਈ ਉਹ ਥੁੱਕ ਲਾਉਂਦਾ ਹੈ।
99. **ਥਾਂ ਮਾਰਨਾ** (ਜਾਨੋ ਮਾਰਨਾ)—ਦਰਸ਼ਨ ਅਤੇ ਮੀਤੇ ਦੀ ਐਸੀ ਲੜਾਈ ਹੋਈ ਕਿ ਦਰਸ਼ਨ ਨੇ ਮੀਤੇ ਨੂੰ ਥਾਂ ਹੀ ਮਾਰ ਦਿੱਤਾ।
100. **ਥਰ—ਥਰ ਕੰਬਣਾ** (ਡਰ ਨਾਲ ਕੰਬਣਾ)—ਟੀਚਰ ਦੇ ਹੱਥ ਵਿਚ ਡੰਡਾ ਵੇਖ ਕੇ ਵਿਆਰਥੀ ਥਰ—ਥਰ ਕੰਬਣ ਲੱਗ ਪਏ।
101. **ਥੁੱਕ ਕੇ ਚੱਟਣਾ** (ਮੁੱਕਰ ਜਾਣਾ)—ਮੀਕੇ ਤੇ ਵਿਸ਼ਵਾਸ ਨਾ ਕਰੀਂ ਉਹ ਤਾਂ ਥੁੱਕ ਕੇ ਚੱਟਣ ਵਾਲਾ ਬੰਦਾ ਹੈ।
102. **ਦੰਦ ਕੱਢਣੇ** (ਹੱਸਣਾ)—ਭਾਈਆ ਕੇਲੇ ਦੇ ਛਿਲਕੇ ਤੋਂ ਤਿੱਲਕ ਗਿਆ। ਕੋਲ ਲੋਕ ਦੰਦ ਕੱਢ ਰਹੇ ਸਨ।
103. **ਦਿਲ ਰੱਖਣਾ** (ਤਸੱਲੀ ਦੇਣੀ)—ਕਈ ਵਾਰ ਨਾ ਚਾਹੁੰਦੇ ਵੀ ਦੂਜੇ ਦਾ ਦਿਲ ਰੱਕਣਾ ਪੈਂਦਾ ਹੈ।
104. **ਦਿਲ ਹਾਰਨਾ** (ਹੌਸਲਾ ਛੱਡਣਾ)—ਜਲਦੀ ਕੀਤੇ ਕਦੇ ਦਿਲ ਨਹੀਂ ਹਾਰਨਾ ਚਾਹੀਦਾ। ਮਿਹਨਤ ਨਾਲ ਅੱਗੇ ਵੱਧਣਾ ਚਾਹੀਦਾ ਹੈ।
105. **ਦਿਲ ਖੱਟਾ ਹੋਣਾ** (ਮਨ ਭਰ ਜਾਣਾ)—ਆਪਣੇ ਦੋਸਤ ਦੀ ਬਦਸਲੂਕੀ ਵੇਖ ਕੇ ਮੈਂ ਦਿਲ ਖੱਟਾ ਹੋ ਗਿਆ। ਮੁੜ ਕੇ ਕਦੇ ਮੈਂ ਉਸ ਨੂੰ ਨਹੀਂ ਮਿਲਿਆ।
106. **ਦਿਲ ਕੱਢਣਾ** (ਹੌਸਲਾ ਵਿਖਾਉਣਾ)—ਅਮੀਰ ਤਾਂ ਬਹੁਤ ਹਨ ਪਰ ਦਿਲ ਕੱਢ ਕੇ ਖਰਚ ਕਰਨਾ ਕਿਸੇ ਕਿਸੇ ਦੇ ਵੱਸ ਦੀ ਗੱਲ ਹੈ।

ਨੋਟ

107. **ਦੂਰੋਂ ਮੱਥਾ ਟੇਕਣਾ (ਦੂਰ ਰਹਿਣਾ)**—ਭੈੜੇ ਬੰਦਿਆਂ ਨੂੰ ਤਾਂ ਦੂਰੋਂ ਹੀ ਮੱਥਾ ਟੇਕਣਾ ਚੰਗਾ।
108. **ਧਾਗਾ ਕਰਾਉਣਾ (ਟੂਣਾ ਕਰਣਾ)**—ਦਿਨ-ਬ-ਦਿਨ ਉਸਦੀ ਸਿਹਤ ਕਮਜ਼ੋਰ ਹੁੰਦੀ ਜਾ ਰਹੀ ਸੀ, ਲਗਦੇ ਕਿਸੇ ਨੇ ਧਾਗਾ ਕੀਤਾ ਹੈ।
109. **ਧਰਨਾ ਮਾਰਨਾ (ਅੜ ਕੇ ਬੈਠਣਾ)**—ਕਾਲਜ ਦੇ ਵਿਦਿਆਰਥੀ ਆਪਣੀਆਂ ਮੰਗਾਂ ਨੂੰ ਲੈ ਕੇ ਧਰਨਾ ਮਾਰ ਦਿੱਤਾ।
110. **ਧੱਕੇ ਖਾਣੇ (ਦੁੱਖ ਝੱਲਣੇ)**—ਗਰੀਬ ਨੇ ਦਰ-ਦਰ ਦੇ ਧੱਕੇ ਖਾਂਦੇ ਪਰ ਕਿਸੇ ਨੂੰ ਉਸ ਦੀ ਸੁਣਵਾਈ ਨਹੀਂ ਕੀਤੀ।
111. **ਧੁੱਪ ਵਿਚ ਵਾਲ ਚਿੱਟੇ ਹੋਣੇ (ਅਕਲ ਹੋਣੀ)**—ਮੇਰੇ ਐਵੇਂ ਨਹੀਂ ਧੁੱਪ ਵਿਚ ਵਾਲ ਚਿੱਟੇ ਹੋਏ, ਮੇਰੀ ਗੱਲ ਮੰਨ ਜਾਂਦਾ ਤਾਂ ਇਹ ਦਿਨ ਨਹੀਂ ਦੇਖਣੇ ਪੈਂਦੇ।
112. **ਨੱਕ ਰੱਖਣਾ (ਇੱਜ਼ਤ ਰੱਖਣੀ)**—ਆਪਣਾ ਨੱਕ ਰੱਖਣ ਲਈ ਵਿੱਤੋਂ ਵੱਧ ਲੜਕੀ ਦੇ ਵਿਆਹ 'ਤੇ ਖਰਚ ਕੀਤਾ।
113. **ਨੱਕ ਚਾੜ੍ਹਨੀ (ਨਫ਼ਰਤ ਕਰਨੀ)**—ਮੰਨ ਵਿਚ ਕਿਸੇ ਬਾਰੇ ਇਤਨਾ ਵੀ ਨੱਕ ਨਹੀਂ ਚਾੜ੍ਹਨਾ ਚਾਹੀਦਾ ਕਿ ਕੰਮ ਵਿਗੜ ਜਾਣ।
114. **ਨੱਕ ਦੇ ਸੇਧ (ਸਿੱਧੇ ਜਾਣਾ)**—ਤੁਸੀਂ ਨੱਕ ਦੀ ਸੇਧਤੇ ਜਾਉਗੇ ਤਾਂ ਗੁਰਦੁਆਰੇ ਪੁੱਜ ਜਾਓਗੇ।
115. **ਪੈਰ ਫੜਨੇ (ਮਾਫ਼ੀ ਮੰਗਣੀ)**—ਜਦੋਂ ਸੁਰਿੰਦਰ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਤਾਂ ਉਸ ਨੇ ਪੈਰ ਫੜ ਲਏ।
116. **ਪੈਰ ਜੰਮਣੇ (ਪੱਕਾ ਟਿੱਕ ਜਾਣਾ)**—ਵਪਾਰ ਵਿਚ ਪੈਰ ਜੰਮਣ ਤੋਂ ਬਾਦ ਚਾਰਲੀ ਨੇ ਸੁੱਖ ਦਾ ਸਾਹ ਲਿਆ।
117. **ਪੈਰ ਕਬਰ ਵਿਚ ਹੋਣਾ (ਮਰਨ ਕਿਨਾਰੇ)**—ਉਸ ਦੇ ਪੈਰ ਤਾਂ ਕਬਰ ਵਿਚ ਹਨ ਪਰ ਫਿਰ ਵੀ ਦਿਨ-ਬ-ਦਿਨ ਲਾਲਚ ਵੱਧਦਾ ਜਾ ਰਿਹਾ ਹੈ।
118. **ਪਾਣੀ ਪਾਣੀ ਹੋ ਜਾਣਾ (ਸ਼ਰਮ ਨਾਲ ਪਸੀਨਾ ਆ ਜਾਣਾ)**—ਜਦੋਂ ਚੋਰ ਦੀ ਚੋਰੀ ਪਕੜੀ ਗਈ ਤਾਂ ਉਹ ਪਾਣੀ-ਪਾਣੀ ਹੋ ਗਿਆ।
119. **ਪਾਣੀ ਵਿਖਾਉਣਾ (ਪਸ਼ੂ ਨੂੰ ਪਾਣੀ ਮਿਲਾਉਣਾ)**—ਬੇਬੇ ਨੇ ਰੁਲਦੂ ਨੂੰ ਕਿਹਾ ਕਿ ਉਹ ਪਸ਼ੂਆਂ ਨੂੰ ਪਾਣੀ ਵਿਖਾ ਲਿਆਏ।
120. **ਫੂਕ ਚਾੜ੍ਹਣੀ (ਚਾਪਲੂਸੀ ਕਰਨ)**—ਉਸ ਨੇ ਆਪਣੇ ਬੌਸ ਤੋਂ ਤਰੱਕੀ ਲੈਣ ਲਈ ਖ਼ੂਬ ਫੂਕ ਚਾੜ੍ਹੀ।
121. **ਫੁੱਟ-ਫੁੱਟ ਕੇ ਰੋਣਾ (ਖੁੱਲ੍ਹ ਕੇ ਰੋਣਾ)**—ਮਾਂ ਦੀ ਮੌਤ 'ਤੇ ਉਹ ਫੁੱਟ-ਫੁੱਟ ਕੇ ਰੋਇਆ।
122. **ਫੁੱਲ ਝੜਨੇ (ਸੋਹਣੀਆਂ ਗੱਲਾਂ ਕਰਨੀਆਂ)**—ਉਹ ਜਦੋਂ ਵੀ ਬੋਲਦਾ ਹੈ ਉਸਦੇ ਮੂੰਹ ਤੋਂ ਫੁੱਲ ਝੜਦੇ ਹਨ।
123. **ਬੋਲੀ ਮਾਰਨੀ (ਤਾਹਨੇ ਮਾਰਨੇ)**—ਸ਼ਾਮ ਨੇ ਉਸ ਨੂੰ ਐਨੀ ਬੋਲੀ ਮਾਰੀ। ਰਾਮ ਨੇ ਵੀ ਉਸ ਦੀ ਖੁੰਭ ਠੱਪ ਦਿੱਤੀ।
124. **ਬੇੜੀਆਂ ਵਿਚ ਵੱਟੇ ਪੈਣੇ (ਬਰਬਾਦੀ ਦਾ ਮੁੱਢ ਬੰਨ੍ਹਣਾ)**—ਬੰਟੀ ਨੇ ਸ਼ਾਮ ਸਿੰਘ ਦੇ ਬੇੜੀਆਂ ਵਿਚ ਐਸੇ ਵੱਟੇ ਪਾਏ ਕਿ ਉਹ ਮੁੜ ਕੇ ਵਪਾਰ ਵਿਚ ਸੰਭਲ ਨਹੀਂ ਸਕਿਆ।
125. **ਬੀੜਾ ਚੁੱਕਣਾ (ਜ਼ਿੰਮੇ ਲੈ ਲੈਣਾ)**—ਜਦੋਂ ਦਾ ਸਵਰਨ ਨੇ ਕੰਮ ਦਾ ਬੀੜਾ ਚੁੱਕਿਆਉਸ ਦਿਨ ਉਸ ਦੇ ਕੰਮ ਵਿਚ ਬਰਕਤ ਆ ਗਈ।
126. **ਭਰਾਂ ਤੇ ਪੈਣਾ (ਟਾਲ ਮਟੋਲ ਕਰਨਾ)**—ਜਦੋਂ ਵੀ ਕ੍ਰਿਸ਼ਨ ਨੂੰ ਕੋਈ ਗੱਲ ਬਾਰੇ ਜਾਣਕਾਰੀ ਜਾਨਣੀ ਚਾਹੀ ਭਾਰਾਂ 'ਤੇ ਪੈ ਜਾਂਦਾ ਹੈ।
127. **ਭੇਤ ਪਾਉਣਾ (ਕਿਸੇ ਦਾ ਸੁਭਾਅ ਜਾਣ ਲੈਣਾ)**—ਸ਼ਾਮੇ ਦਾ ਜਦੋਂ ਦਾ ਭੇਤ ਪਾ ਲਿਆ ਉਸ ਦਿਨ ਤੋਂ ਉਸ ਦੇ ਸਾਰੇ ਕੰਮ ਆਸਾਨ ਹੋ ਗਏ।
128. **ਭਾਰ ਉਤਰਨਾ (ਫਰਜ਼ ਨਿਭਾਉਣਾ)**—ਸੁੰਦਰ ਸਿੰਘ ਨੇ ਦਿਲ ਖੋਲ੍ਹ ਕੇ ਆਪਣੇ ਚਾਚੇ ਦੀ ਮੱਦਦ ਕਰਕੇ ਭਾਰਤ ਉਤਾਰ ਲਿਆ।
129. **ਮੂੰਹ ਕਾਲਾ ਹੋਣਾ (ਬਦਨਾਮੀ ਹੋਣੀ)**—ਆਪਣਾ ਮੂੰਹ ਕਾਲਾ ਹੋਣ ਤੋਂ ਪਹਿਲਾਂ ਉਸ ਨੇ ਆਪਣੀ ਧੀ ਦਾ ਵਿਆਹ ਬਹਾਦਰ ਨਾਲ ਕਰ ਦਿੱਤਾ।

ਨੋਟ

130. **ਮੂੰਹ ਤੋਂ ਲੋਈ ਲਾਹੁਣੀ (ਬੇਸ਼ਰਮੀ ਕਰਨੀ)**—ਜਿਸ ਮੂੰਹ ਤੋਂ ਲਾਹੀ ਲੋਈ ਉਸ ਦਾ ਕੀ ਕਰੇਗਾ ਕੋਈ ਮੁਤਾਬਕ ਸ਼ਾਮ ਦਾ ਕੋਈ ਕੁਝ ਨਹੀਂ ਬਿਗਾੜ ਸਕਦਾ।
131. **ਮੂੰਹ ਦੀ ਖਾਣੀ (ਹਾਰ ਜਾਣਾ)**—ਪਿਛਲੇ ਸਾਲ ਭਾਰਤੀ ਟੀਮ ਨੂੰ ਮੂੰਹ ਦੀ ਖਾਣੀ ਪਈ।
132. **ਮੂੰਹ ਨੂੰ ਲਹੂ ਲੱਗਣਾ (ਹਰਾਮ ਦੀ ਖਾਣੀ)**—ਉਸਦੇ ਮੂੰਹ ਨੂੰ ਤਾਂ ਲਹੂ ਲੱਗਿਆ, ਉਸ ਦਾ ਕੋਈ ਕੀ ਵਿਗਾੜ ਸਕਦਾ ਹੈ।
133. **ਲਹੂ ਪੀਣਾ (ਤੰਗ ਕਰਨਾ)**—ਪ੍ਰਾਈਵੇਟ ਕੰਪਨੀਆਂ ਵਾਲਿਆਂ ਨੇ ਉਸ ਦਾ ਲਹੂ ਪੀ ਲਿਆ ਤਾਂ ਵੀ ਉਸ ਨੂੰ ਉਸਦੇ ਪੈਸੇ ਨਹੀਂ ਦਿੱਤੇ।
134. **ਲੱਕ ਸਿੱਧ ਕਰਨਾ (ਅਰਾਮ ਕਰਨਾ)**—ਸਾਰੇ ਦਿਨ ਦੀ ਸਹਿ ਮਿਹਨਤ ਕਰਨ ਤੋਂ ਬਾਅਦ ਹੁਣ ਜ਼ਰਾ ਲੱਕ ਸਿੱਧਾ ਕੀਤਾ ਹੈ।
135. **ਲੱਤ ਅੜਾਉਣੀ (ਦਖਲ ਦੇਣਾ)**—ਦੂਸਰਿਆਂ ਦੇ ਕੰਮ ਵਿਚ ਲੱਤ ਨਹੀਂ ਅੜਾਉਣੀ ਚਾਹੀਦੀ।
136. **ਵਾਹ ਲਾਉਣੀ (ਯਤਨ ਕਰਨਾ)**—ਸ਼ਾਮ ਸਿੰਘ ਨੇ ਪੂਰੀ ਵਾਹ ਲਾ ਕੇ ਮਰਜ਼ੀ ਦੀ ਨੌਕਰੀ ਲੱਭ ਹੀ ਲਈ।
137. **ਵਾਲ ਵਿੰਗਾ ਨਾ ਹੋਣਾ (ਕੁਝ ਨਾ ਵਿਗੜਨਾ)**—ਜਿਸ ਤੇ ਰੱਬ ਮਿਹਰਬਾਨ ਹੋਵੇ ਉਸ ਦਾ ਵਾਲ ਵੀ ਵਿੰਗਾ ਨਹੀਂ ਹੁੰਦਾ।
138. **ਵਾਸਤੇ ਪਾਉਣੇ (ਮਿੰਨਤਾ ਕਰਨੀਆਂ)**—ਮੈਂ ਮਾਂ ਨੂੰ ਬਹੁਤ ਵਾਸਤੇ ਪਾਏ ਪਰ ਕਿ ਮੈਂ ਜਲਦੀ ਆ ਜਾਵਾਂਗਾ ਪਰ ਮੇਰੀ ਇਕ ਨਾ ਮੰਨੀ।
139. **ਵਾਗਾਂ ਖਿੱਚਣੀਆਂ (ਕਾਬੂ ਰੱਖਣਾ)**—ਅੱਜ ਨੌਜਵਾਨਾਂ 'ਚ ਪੱਛਮ ਦਾ ਇੰਨਾ ਪ੍ਰਭਾਵ ਪਿਆ। ਹੁਣ ਉਨ੍ਹਾਂ ਦੀਆਂ ਬਾਹਾਂ ਨਹੀਂ ਖਿੱਚੀਆਂ ਜਾ ਸਕਦੀਆਂ।
140. **ਵਲ ਛਲ ਕਰਨਾ (ਧੋਖਾ ਦੇਣਾ)**—ਸੁਖਬੀਰ ਵੱਲਛੱਲ ਕਰਕੇ ਆਪਣਾ ਕੰਮ ਕਢਾਉਣ ਵਿਚ ਮਾਹਿਰ ਹੈ।

## ਉੱਤਰ ਮਾਲਾ : ਸਵੈ ਮੁਲਾਂਕਣ

1. ਮੁਹਾਵਰੇ ਦੀ ਪਰਿਭਾਸ਼ਾ ਆਪਣੇ ਸ਼ਬਦਾਂ ਵਿਚ ਸਪੱਸ਼ਟ ਕਰੋ।
2. ਮੁਹਾਵਰੇ ਕਿਵੇਂ ਹੋਂਦ ਵਿਚ ਆਏ?
3. ਮੁਹਾਵਰਿਆਂ ਦੀ ਮਹੱਤਤ ਬਾਰੇ ਕੀ ਜਾਣਦੇ ਹੋ?
4. ਹੇਠ ਲਿਖੇ ਮੁਹਾਵਰਿਆਂ ਦੇ ਵਾਕ ਬਣਾ ਕੇਅਰਥ ਸਪੱਸ਼ਟ ਕਰੋ :
   1) ਲਕੀਰ ਦਾ ਫਕੀਰ ਹੋਣਾ
   2) ਸੁੱਤੀ ਕਲਾ ਜਗਾਉਣੀ
   3) ਵਾਲ ਵਾਲ ਬਚਣਾ।
   4) ਭੰਗ ਭੁੱਜਣੀ
   5) ਅਕਲ 'ਤੇ ਪਰਦਾ ਪੈਣਾ
   6) ਹੱਥ ਪੀਲੇ ਕਰਨੇ
   7) ਇਕਅੱਖ ਨਾਲ ਵੇਖਣਾ
   8) ਮਿੱਠੀ ਛੁਰੀ ਮਾਰਨੀ
   9) ਅੱਖਾਂ ਮੀਟ ਜਾਣੀਆਂ
   10) ਦਿਨ ਪੁੱਠੇ ਆਉਣੇ
   11) ਥੁੱਕ ਕੇ ਚੱਟਣਾ
   12) ਨੱਕ ਵਿਚਦਮ ਕਰਨਾ
   13) ਸੁੱਤੀ ਕਲਾ ਜਗਾਉਣੀ
   14) ਵਾਲ ਵਾਲ ਬਚਣਾ
   15) ਬਾਂਹ ਫੜਨੀ

ਨੋਟ

# ਅਧਿਆਏ-26 : ਅਖਾਣ
## (Proverbs)

*ਵਿਸ਼ਾ-ਵਸਤੂ (Contents)*


1. ਅਖਾਣ ਦੀ ਪਰਿਭਾਸ਼ਾ
2. ਅਖਾਣ ਦੀ ਵਰਤੋਂ ਦੀ ਮਹੱਤਤਾ
3. ਸਾਹਿਤ ਵਿਸਥਾਰ
4. ਉੱਤਰ ਮਾਲਾ : ਸਵੈ ਮੁਲਾਂਕਣ


ਸੰਸਾਰ ਦੇ ਹਰ ਹਿੱਸੇ ਦੇ ਮਨੁੱਖ ਆਪਣੀ ਅਕਲ ਅਤੇ ਤਜਰਬੇ ਨਾਲ ਕਿਸੇ ਬੀਤੀ ਹੋਈ ਘਟਨਾ ਬਾਰੇ ਕਿਸੇ ਖਾਸ ਗੱਲ ਬਾਰੇ ਆਪਣੀ ਕੋਈ ਨਾ ਕੋਈ ਪੱਕੀ ਰਾਏ ਬਣਾ ਲੈਂਦੇ ਹਨ। ਜਦ ਉਸੇ ਹੀ ਗੱਲ ਬਾਰੇ ਬਹੁਤਿਆਂ ਦੀ ਇਕੱ ਪੀਕੀ ਰਾਏ ਬਣ ਜਾਵੇ ਤਾਂ੍ਹ ਅਟੱਲ ਸੱਚਾਈਆਂ ਦਾ ਰੂਪ ਲੈ ਲੈਂਦੀਆਂ ਹਨ। ਜੋ ਅਖਾਣਾਂ ਦੇ ਰੂਪ ਵਿਚ ਸਾਡੇ ਸਾਹਮਣੇ ਆ ਜਾਂਦੀ ਹੈ। ਮੁਹਾਵਰਿਆਂ ਦੀ ਤਰ੍ਹਾਂ ਅਖਾਣ ਵੀ ਕਿਸੇ ਭਾਸ਼ਾ ਦੀ ਕੀਮਤੀ ਸਰਮਾਇਆ ਹੁੰਦਾ ਹੈ। ਦੋਹਾਂ ਵਿਚ ਅੰਤਰ ਇਹ ਹੁੰਦਾ ਹੈ ਕਿ ਆਮ ਤੌਰ ਤੇ ਅਖਾਣ ਮੁਹਾਵਰਿਆਂ ਨਾਲੋਂ ਵੱਡਾ ਹੁੰਦਾ ਹੈ। ਕਈ ਵਾਰ ਅਖਾਣ ਕਵਿਤਾ ਦੀ ਤੁੱਕ ਵੀ ਬਣ ਜਾਂਦੀ ਹੈ। ਕਈ ਵਾਰ ਕਹੀਆਂ ਗਈਆਂ ਗੱਲਾਂ ਦੀ ਪ੍ਰੋੜਤਾ ਵਜੋਂ ਵੀ ਵਰਤਿਆ ਜਾਂਦਾ ਹੈ। ਅਖਾਣਾਂ ਦੇ ਪ੍ਰਯੋਗ ਨਾਲ ਵੀ ਮੁਹਾਵਰਿਆਂ ਦੀ ਤਰ੍ਹਾਂ ਭਾਸ਼ਾ ਰੌਚਿਕ ਅਤੇ ਭਾਵ ਪ੍ਰਭਾਵਸ਼ਾਲੀ ਹੋ ਜਾਂਦੀ ਹੈ। ਹੇਠਾਂ ਅਸੀਂ ਕੁਝ ਅਖਾਣਾਂ ਦੀ ਵਾਕਾਂ ਵਿਚ ਵਰਤੋਂ ਕਰਦੇ ਹਾਂ:-

1. **ਆਪੇ ਮੈਂ ਰੱਜੀ ਪੁੱਜੀ, ਆਪੇ ਮੇਰੇ ਬੱਚੇ ਜੀਉਣ**—ਸੋਹਣ ਨੇ ਮੋਹਣ ਨੂੰ ਆਖਿਆ ਕਿ ਸਤੰਵਤ ਸਦਾ ਹੀ ਆਪਣੀਆਂ ਤਰੀਫਾਂ ਕਰਦਾ ਰਹਿੰਦਾ ਹੈ, ਪਰ ਉਸ ਵਿਚ ਸਿਫਤ ਵਾਲੀ ਕੋਈ ਕਿ ਵੀ ਗੱਲ ਨਹੀਂ ਹੈ। ਇਹ ਸੁਮ ਕੇ ਮੋਹਣ ਨੇ ਆਖਿਆ ਕਿ ਉਸ ਦੀ ਤਾਂ ਇਹ ਹਾਲਤ ਹੈ, "ਆਪੇ ਮੈਂ ਰੱਜੀ ਪੁੱਜੀ, ਆਪੇ ਮੇਰੇ ਬੱਚੇ ਜੀਉਣ।"
2. **ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ**—ਲਛਮਣ ਨੇ ਸੋਹਣ ਨੂੰ ਬਥੇਰਾ ਆਖਿਆ ਕਿ ਕਿਸੇ 'ਤੇ ਜ਼ੁਲਮ ਨਹੀਂ ਕਰਨਾ ਚਾਹੀਦਾ, ਪਰ ਉਸ ਦੇ ਕੰਨਾਂ 'ਤੇ ਜੂੰ ਨਾ ਸਰਕੀ। ਹੁਣ ਜਦ ਹਰ ਪਾਸਿਓਂ ਉਸ ਦੀ ਬਦਨਾਮੀ ਹੁੰਦੀ ਹੈ ਤਾਂ ਸੁਮ ਕੇ ਦੁਖੀ ਹੁੰਦਾ ਹੈ। ਸੱਚ ਹੈ—"ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ।"
3. **ਊਂਠ ਦੇ ਗਲ ਟੱਲੀ**—ਰਾਮ ਵੱਡੀ ਉਮਰ ਦੇ ਬੰਦੇ ਦਾ ਛੋਟੀ ਉਮਰ ਦੇ ਕੁੜੀ ਨਾਲ ਵਿਆਹ ਹੋ ਗਿਆ। ਲੋਕੀਂ ਆਖਦੇ ਊਂਠ ਦੇ ਗੱਲ ਹੁੱਲੀ।
4. **ਜਾਹ ਧੀਏ ਰਾਣੀ, ਨਾ ਕੋਈ ਆਵੀ ਨਾ ਕੋਈ ਜਾਣੀ**—ਸੋਹਣ ਸਿੰਘ ਦਾ ਕੰਮ ਪੰਜਾਬ ਤੋਂ ਬਾਹਰ ਦੂਰ ਦੁਰਾਡੇ ਜਾਣਾ ਪੈ ਗਿਆ। ਹੁਣ ਪਿੱਤਾਰਾਂ ਦਾ ਛੇਤੀ ਮਿਲਣਾ ਵੀ ਦੁਸ਼ਵਾਰ ਹੋ ਗਿਆ ਅਖੀਰ ਮਿੱਤਰਾਂ ਨੇ ਕਿਹਾ, 'ਠੀਕ ਹੈ ਬਈ ਸੁਣਿਆ ਸੀ-ਜਾਹ ਧੀਏ ਰਾਵੀ, ਨਾ ਕੋਈ ਕੋਈ ਆਵਜੇ ਨਾ ਕੋਈ ਜਾਵੀ।

## ਕੁਝ ਹੋਰ ਅਖਾਣ ਵਿਸਥਾਰ ਸਹਿਤ :-

1. **ਉਹ ਕਿਹੜੀ ਗਲੀ ਜਿੱਥੇ ਭਾਗੋ ਨਹੀਂ ਖਲੀ**—ਕੋਈ ਵਿਅਕਤੀ ਪੁਰਸ਼ ਹੋਵੇ ਜਾਂ ਇਸਤਰੀ ਹੋਵੇ, ਉਹ ਹਰ ਥਾਂ ਹਰ ਕੰਮ ਵਿਚ ਫਿਰਦਾ ਨਜ਼ਰ ਆਵੇ।
2. **ਉਹ ਦਿਨ ਡੁੱਬਾ ਜਿੱਦਨ ਘੋੜੀ ਚੜ੍ਹਿਆ ਕੁੱਬਾ**—ਕਿਸੇ ਕਮਜ਼ੋਰ ਅਤੇ ਭੈੜੇ ਮਨੁੱਖ ਪਾਸੋਂ ਕੋਈ ਉਮੀਦ ਨਾ ਹੋਵੇ।
3. **ਉਠ ਨਾ ਸੱਕੇ ਫਿੱਟੇ ਮੂੰਹ ਗੋਡਿਆਂ ਦਾ**—ਆਪ ਪਾਸੋਂ ਕੰਮ ਨਾ ਹੋਣਾ ਅਤੇ ਦੂਸਰਿਆਂ ਨੂੰ ਦੋਸ਼ ਦੇਣਾ।
4. **ਓੜਕ ਬੱਚਾ ਮੂਲਿਆ ਨੂੰ ਹੱਟੀ ਬਹਿਣਾ**—ਨਾਲਾਇਕ ਬੰਦੇ ਨੱਸ ਭੱਜ ਤਾਂ ਬਹੁਤ ਕਰਦੇ ਹਨ, ਪਰ ਬਣਦਾ ਕੁਝ ਨਹੀਂ ਅਖੀਰ ਘਰਦਾ ਆਸਰਾ ਲੈਂਦੇ ਹੋਏ ਪਹਿਲਾਂ ਵਾਲਾ ਹੀ ਕੰਮ ਕਰਨ ਲੱਗ ਪੈਂਦੇ ਹਨ।

ਨੋਟ

5. **ਉਹ ਫਿਰੇ ਨੱਥ ਘੜਾਉਣ ਨੂੰ ਉਹ ਫਿਰੇ ਨੱਕ ਵਢਾਉਣ ਨੂੰ**—ਜਦੋਂ ਕੋਈ ਬੰਦਾ ਕਿਸੇ ਤੋਂ ਬਹੁਤੀ ਆਸ ਰੱਖਦਾ ਹੋਵੇ ਪਰ ਉਹ ਪੁਰਸ਼ ਉਸ ਦੇ ਉਲਟ ਸੋਚਦਾ ਹੋਵੇ।
6. **ਉਖਲੀ ਵਿਚ ਸਿਰ ਦਿੱਤਾ ਮੋਹਲਿਆਂ ਦਾ ਕੀ ਡਰ**—ਜਦੋਂ ਔਖੇ ਕੰਮ ਦਾ ਬੀੜਾ ਚੁੱਕਿਆ ਹੋਵੇ, ਰਾਹ ਵਿਚ ਰੁਕਾਵਟਾਂ ਆਉਣ, ਤਾਂ ਆਪਣੇ ਆਪ ਨੂੰ ਹੌਂਸਲਾ ਦੇਣ ਵਾਸਤੇ ਆਖਦਾ ਹੈ।
7. **ਉਲਟੀ ਵਾੜ ਖੇਤ ਨੂੰ ਖਾਵੇ**—ਜਦੋਂ ਔਖੇ ਕੰਮ ਦਾ ਬੀੜਾ ਚੁੱਕਿਆ ਹੋਵੇ, ਰਾਹ ਵਿਚ ਰੁਕਾਵਟਾਂ ਆਉਣ, ਤਾਂ ਆਪਣੇ ਆਪ ਨੂੰ ਹੌਂਸਲਾ ਦੇਣ ਵਾਸਤੇ ਆਖਦਾ ਹੈ।
8. **ਉਲਟੇ ਬਾਂਸ ਬਰੇਲੀ**—ਕੋਈ ਚੀਜ਼ ਜਿੱਥੋਂ ਚਲੇ ਉਥੇ ਹੀ ਫੇਰ ਆ ਜਾਵੇ।
9. **ਊਠ ਦੇ ਗਲ ਟੱਲੀ**—ਵਡੇਰੀ ਉਮਰ ਦਾ ਵਿਅਕਤੀ ਛੋਟੀ ਉਮਰ ਦੀ ਲੜਕੀ ਨਾਲ ਸ਼ਾਦੀ ਕਰ ਲਵੇ।
10. **ਉਹ ਕੀ ਜਾਣੇ ਪੀੜ ਪਰਾਈ**—ਕੋਈ ਦੁਖੀਆ ਹੀ ਕਿਸੇ ਦੀ ਪੀੜ ਸਮਝ ਸਕਦਾ ਹੈ।
11. **ਅੱਖੀਂ ਦਿਸੇ ਨਾ, ਨਾਂ ਨੂਰ ਭਰੀ**—ਹੋਵੇ ਕੁਝ ਨਾ ਪਰ ਗੱਪਾਂ ਵੱਡੀਆਂ ਵੱਡੀਆਂ।
12. **ਆਪ ਮੀਆਂ ਮੰਗਤੇ ਬਾਹਰ ਖੜੇ ਦਰਵੇਸ਼**—ਗਰੀਬ ਨੇ ਕਿਸੇ ਨੂੰ ਕੀ ਦੇਣਾ।
13. **ਅਨ੍ਹੇ ਅੱਗੇ ਰੋਣਾ ਅੱਖੀਆਂ ਦਾ ਖੋਣਾ**—ਜਿਹੜਾ ਮਹਿਸੂਸ ਨਾ ਕਰੇ ਉਸ ਅੱਗੇ ਕੀ ਰੋਣਾ।
14. **ਅੰਨਾ ਵੱਡੇ ਰੇਵੜੀਆਂ ਮੁੜ-ਮੁੜ ਆਪਣਿਆਂ ਨੂੰ**—ਬਾਰ-ਬਾਰ ਆਪਣਿਆਂ ਨੂੰ ਲਾਭ ਦੇਣਾ।
15. **ਅੱਤ ਅਤੇ ਰੱਬ ਦਾ ਵੈਰ**—ਅੱਤ ਵੀ ਮਾੜੀ ਹੁੰਦੀ ਹੈ।
16. **ਆਪੇ ਫਾਥੜੀਏ, ਤੈਨੂੰ ਕੌਣ ਛੁਡਾਵੇ**—ਜਾਣ ਬੁਝ ਕੇ ਕੋਈ ਮੁਸ਼ਕਿਲਾਂ ਵਿਚ ਫਸ ਜਾਵੇ ਤੇ ਕੋਈ ਮਦਦ ਨਾ ਕਰੇ।
17. **ਅਕਲੋਂ ਬਾਝੋਂ ਖੂਹ ਖਾਲੀ**—ਜਦੋਂ ਮਨੁੱਖ ਪੱਲੇ ਕੁਝ ਨਾ ਹੋਵੇ ਉਸ ਨੂੰ ਬੇਅਕਲ ਦੱਸਣਾ ਹੋਵੇ।
18. **ਆਪਣੇ ਮੂੰਹੋਂ ਮੀਆਂ ਮਿੱਠੂ**—ਆਪਣੀਆਂ ਸਿਫ਼ਤਾਂ ਆਪ ਕਰਨੀਆਂ।
19. **ਅੰਤ ਭਲੇ ਦਾ ਭਲਾ**—ਭਲਾ ਕਰਨ ਦਾ ਸਿੱਟਾ ਵੀ ਭਲਾ ਹੀ ਹੁੰਦਾ ਹੈ।
20. **ਆਪਣੀ ਪੀੜੀ ਹੇਠ ਸੋਟਾ ਫੇਰਨਾ**—ਕਿਸੇ ਨੂੰ ਆਪਣੇ ਔਗਣਾਂ ਬਾਰੇ ਕਹਿਣਾ ਹੋਵੇ।
21. **ਅੱਖੀਂ ਵੇਖ ਕੇ ਮੱਖੀ ਨਹੀਂ ਨਿਗਲੀ ਜਾਂਦੀ**—ਜਾਣਦਿਆਂ ਹੋਇਆਂ ਗਲਤ ਕੰਮ ਕਰਨ ਤੋਂ ਇਨਕਾਰ ਕਰਨਾ।
22. **ਅਕਲ ਦਾ ਅੰਨਾ, ਗੰਢ ਦਾ ਪੂਰਾ**—ਅਮੀਰ ਮਨੁੱਖ ਲਈ ਵਰਤਿਆ ਜਾਂਦਾ ਹੈ।
23. **ਆਪ ਮਰੇ ਜਗ ਪਰਲੋਂ**—ਹਰ ਚੀਜ਼ ਦਾ ਸੁੱਖ ਆਪਣੇ ਤੱਕ ਹੀ ਸੀਮਤ ਰੱਖਣਾ।
24. **ਇਕ ਚੁੱਪ ਸੌ ਸੁੱਖ**—ਜਦੋਂ ਕਿਸੇ ਨੂੰ ਸੱਖ ਬਾਰੇ ਦੱਸਣਾ ਹੋਵੇ।
25. **ਇਕ ਸੱਪ ਦੂਜਾ ਉੱਡਣਾ**—ਜਿਸ ਮਨੁੱਖ ਵਿਚ ਅਨੇਕ ਔਗਣ ਇਕ ਤੋਂ ਇਕ ਵੱਧ ਹੋਣ।
26. **ਇਕ ਇਕ ਦੋ ਯਾਰਾਂ**—ਇਤਫਾਕ ਵਿਚ ਬਰਕਤ ਦੱਸਣ ਲਈ ਆਖਿਆ ਜਾਂਦਾ ਹੈ।
27. **ਇਕ ਅਨਾਰ ਸੌ ਬਿਮਾਰ**—ਜਦੋਂ ਇਕ ਤੋਂ ਵੱਧ ਚਾਹਵਾਨ ਹੋਣ।
28. **ਇਕ ਮਿਆਨ 'ਚ ਦੋ ਤਲਵਾਰਾਂ ਨਹੀਂ ਸਮਾਉਂਦੀਆਂ**—ਇਕ ਪਦਵੀ 'ਤੇ ਦੋ ਅਧਿਕਾਰੀ ਕੰਮ ਨਹੀਂ ਕਰ ਸਕਦੇ।
29. **ਇਹ ਮੂੰਹ ਮਸਰਾਂ ਦੀ ਦਾਲ**—ਅਯੋਗ ਵਿਅਕਤੀ ਨੂੰ ਕਿਸੇ ਉੱਚੀ ਪਦਵੀ 'ਤੇ ਲਾ ਦੇਣਾ।
30. **ਇਕ ਪੰਥ ਦੋ ਕਾਜ**—ਕਿਸੇ ਕੰਮ ਕਰਨ ਤੋਂ ਬਾਅਦ ਦੋਹਰਾ ਫਾਇਦਾ ਹੋ ਜਾਵੇ।
31. **ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ**—ਬਿਨ ਬੁਲਾਏ ਕਿਸੇ ਦੇ ਕੰਮ ਵਿਚ ਦਖਲ ਦੇਣਾ।
32. **ਸੌ ਸੁਨਾਰ ਦੀ ਇਕ ਲੁਹਾਰ ਦੀ**—ਕਮਜ਼ੋਰ ਭਾਵੇਂ ਸੌ ਵਾਰ ਮਾਰੇ ਪਰ ਤਕੜਾ ਬੰਦਾ ਕਿ ਵਾਰਮਾਰੇ।
33. **ਸਾਈਆਂ ਕਿਤੇ ਵਧਾਈਆਂ ਕਿਤੇ**—ਲਾਰੇ ਕਿਸੇ ਹੋਰ ਨੂੰ ਤੇ ਕੰਮ ਕਿਸੇ ਹੋਰ ਦਾ।
34. **ਸੌ ਦਿਨ ਚੋਰ ਦਾ ਕਿ ਦਿਨ ਸਾਧ ਦਾ**—ਇਕ ਨਾ ਕਿ ਦਿਨ ਚੋਰ ਫੜਿਆ ਹੀ ਜਾਂਦਾ ਹੈ।
35. **ਸਹਿਜ ਪੱਕੇ ਸੋ ਮੀਠਾ ਹੋਵੇ**—ਹੌਲੀ ਹੌਲੀ ਕੰਮ ਕਰਨ ਨਾਲ ਵਧੀਆ ਹੁੰਦਾ ਹੈ।
36. **ਸਖੀ ਨਾਲੋਂ ਸੂਮ ਚੰਗਾ, ਤੁਰੰਤ ਦੇਵੇ ਜਵਾਬ**—ਲਾਰੇ ਲੱਪੇ ਲਾਉਣ ਨਾਲੋਂ ਜਵਾਬ ਦੇਣਾ ਚੰਗਾ।
37. **ਸਾਡੀ ਬਿੱਲੀ ਸਾਨੂੰ ਮਿਆਊਂ**—ਜਦ ਮਨੁੱਖ ਆਪਣੇ ਪਾਲਣ ਹਾਰ ਦਾ ਵਿਰੋਧ ਕਰੇ।

ਨੋਟ

38. **ਸਰਫਾ ਕਰਕੇ ਸੁੱਤੀ ਆਟਾ ਖਾ ਗਈ ਕੁੱਤੀ**—ਬਚਤ ਕਰਨ ਦਾ ਉਪਾਏ ਕਰੇ ਪਰ ਉਲਟਾ ਨੁਕਸਾਨ ਹੋ ਜਾਵੇ।
39. **ਹਾਥੀ ਦੇ ਦੰਦ ਖਾਣ ਦੇ ਹੋਰ ਦਿਖਾਣ ਦੇ ਹੋਰ**—ਉੱਪਰੋਂ ਹੋਰ ਅਤੇ ਦਿਲੋਂ ਹੋਰ।
40. **ਹੱਥ ਕੰਗਣ ਨੂੰ ਆਰਸੀ ਕੀ**—ਜਦੋਂ ਦੱਸਣਾ ਹੋਵੇ ਕਿ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ।
41. **ਹਾਥੀ ਲੰਘ ਗਿਆ,ਪੂਛ ਅੜ ਗਈ**—ਜਦੋਂ ਵੱਡੇ ਕੰਮ ਦਾ ਇਕ ਨਿੱਕਾ ਹਿੱਸਾ ਰਹਿ ਜਾਵੇ।
42. **ਹੰਕਾਰਿਆ ਸੋ ਮਾਰਿਆ**—ਅੰਤ ਦਾ ਹੰਕਾਰੀ ਹਮੇਸ਼ਾ ਮੂੰਹ ਦੀ ਖਾਂਦਾ ਹੈ।
43. **ਹਕੁ ਪਰਾਇਆ ਨਾਨਕ ਉਸ ਸੂਅਰ ਉਸ ਗਾਏ**—ਕਿਸੇ ਦਾ ਹੱਕ ਮਾਰਨਾ ਹਰਾਮ ਹੈ।
44. **ਹਾੜ ਸੁੱਕੇ ਨਾ ਸਾਵਣ ਹਰੇ**—ਹਮੇਸ਼ਾ ਇਕੋ ਜਿਹਾ ਰਹਿਣਾ।
45. **ਹੋਣੀ ਹਾਰ ਮਿਟਾਵੇ ਕੌਣ**—ਭਾਵੀ ਕਦੇ ਨਹੀਂ ਮਿਟਦੀ।
46. **ਹੋਛੇ ਜੱਟ ਕਨੌਰਾ ਲੱਭਾ, ਪਾਣੀ ਪੀ. ਪੀ.ਆਫਰਿਆ**—ਹੋਛਾ ਮਨੁੱਖ ਹੋਛੀਆਂ ਗੱਲਾਂ ਕਰਦੇ ਕਰਦੇ ਫਿਰ ਬਾਅਦ ਵਿਚ ਪਛਤਾਉਂਦਾ ਹੈ।
47. **ਕੱਲ੍ਹ ਨਾ ਕਾਲ ਦਾ**—ਕੱਲ੍ਹ 'ਤੇ ਕੰਮ ਨਾ ਛੱਡਣਾ।
48. **ਕਰੇ ਕੋਈ ਭਰੇ ਕੋਈ**—ਦੋਸ਼ ਕਿਸੇ ਦਾ ਡੰਡ ਕਿਸੇ ਨੂੰ।
49. **ਕੁੱਤਾ ਰਾਜ ਬਹਾਲੀਏ ਫਿਰ ਚੱਕੀ ਚੱਟੇ**—ਛੋਟੇ ਵਿਅਕਤੀ ਨੂੰ ਜਦੋਂ ਵੱਡਾ ਪਦਵੀ ਦੇ ਦਿੱਤੀ ਜਾਵੇ ਪਰ ਉਸ ਦੀ ਨੀਚਤਾ ਨਹੀਂ ਜਾਂਦੀ।
50. **ਕੋਹ ਨਾ ਚਲੀ ਬਾਬਾ ਤਿਹਾਈ**—ਥੋੜ੍ਹਾ ਕੰਮ ਕਰਕੇ ਥੱਕ ਜਾਣਾ।
51. **ਕਾਹਲੀ ਅੱਗੇ ਟੋਏ**—ਜਲਦੀ ਵਿਚ ਕੰਮ ਵਿਗਾੜ ਲੈਣਾ।
52. **ਕੱਛ ਵਿਚ ਛੁਰੀ ਮੂੰਹ ਵਿਚ ਰਾਮ ਰਾਮ**—ਦਿਲੋਂ ਕੁਝ ਤੇ ਉਤੋਂ ਕੁਝ ਹੋਰ।
53. **ਕੁੱਛੜ ਕੁੜੀ ਪਿੰਡ ਢੰਡੋਰਾ**—ਚੀਜ਼ ਆਪਣੇ ਪਾਸ ਹੋਣਾ ਅਤੇ ਲੱਭਣਾ ਕਿਤੇ ਹੋਰ।
54. **ਕਰ ਸੇਵਾ ਤੇ ਖਾਹ ਮੇਵਾ**—ਸੇਵਾ ਦਾ ਫਲ ਹਮੇਸ਼ਾ ਮਿੱਠਾ ਹੁੰਦਾ ਹੈ।
55. **ਖੇਤੀ ਖਸਮਾ ਸੇਤੀ**—ਖੇਤੀ ਹਮੇਸ਼ਾ ਆਪਣੀ ਮਿਹਨਤ ਆਪ ਕਰਨ ਨਾਲ ਹੁੰਦੀ ਹੈ।
56. **ਖੂਹ ਦੀ ਮਿੱਟੀ ਖੂਹ ਨੂੰ ਲੱਗ ਗਈ**—ਕੋਈ ਕੰਮ ਵਿਚ ਲਾਭ ਹਾਨੀ ਬਰਾਬਰ ਹੋ ਜਾਵੇ।
57. **ਖਾਣੇ ਛੋਲੇ ਡਕਾਰ ਬਦਾਮਾਂ ਦੇ**—ਗਰੀਬ ਸ਼ੌਕੀਨ ਅਮੀਰੀ ਦੀਆਂ ਗੱਲਾਂ ਕਰੇ।
58. **ਖੂਨ ਸਿਰ ਚੜ੍ਹਕੇ ਬੋਲਦਾ ਹੈ**—ਜਾਲਮ ਦਾ ਜੁਲਮ ਸਿਰ ਚੜ੍ਹ ਕੇ ਬੋਲੇ।
59. **ਗਰੀਬਾਂ ਰੱਖੇ ਰੋਜੇ, ਦਿਨ ਵੱਡੇ ਹੋਏ ਆਏ**—ਗਰੀਬ ਦੀਆਂ ਮੁਸੀਬਤਾਂ ਵਿਚ ਜਦੋਂ ਲਗਾਤਾਰ ਵਾਧਾ ਹੁੰਦਾ ਜਾਵੇ।
60. **ਗੱਲ ਲੱਖ ਦੀ ਅਕਲ ਕੱਖ ਦੀ**—ਗੱਪਾਂ ਵੱਡੀਆਂ-ਵੱਡੀਆਂ ਮਾਰਨੀਆਂ ਪਰ ਅਕਲ ਜ਼ਰਾ ਵੀ ਨਾ ਹੋਣੀ।
61. **ਗੁਰੂ ਜਿਨ੍ਹਾਂਦੇ ਟੱਪਣੇ, ਚੇਲੇ ਜਾਣ ਛੜੱਪ**—ਵੱਡੇ ਵਡੇਰੇ ਜਿਨ੍ਹਾਂ ਦੇ ਸਿਆਣੇ ਹਨ ਉਨ੍ਹਾਂ ਦੇ ਛੋਟੇ ਵੀ ਘੱਟ ਨਹੀਂ।
62. **ਗੁਰੂ ਬਿਨਾ ਗੱਤ ਨਹੀਂ, ਸ਼ਾਹ ਬਿਨਾ ਪੱਤ ਨਹੀਂ**—ਗੁਰੂ ਅਤੇ ਸ਼ਾਹ ਬਿਨਾ ਇੱਜ਼ਤ ਨਹੀਂ ਰਹਿੰਦੀ।
63. **ਗੱਲੀਂ ਅਸੀਂ ਚੰਗੀ ਅਚਾਰੀ ਬੁਰੀਆਂ**—ਜਦੋਂ ਗੱਲਾਂ ਬਹੁਤ ਹੋਣ ਪਰ ਕੰਮ ਮਾੜੇ ਹੋਣਾ।
64. **ਘਰ ਦੀ ਕੁੱਕੜੀ ਦਾਲ ਬਰਾਬਰ**—ਘਰ ਵਿਚ ਬਣਾਈ ਜਦੋਂ ਸਸਤੀ ਪੈਂਦੀ ਹੋਵੇ।
65. **ਘੜੇ ਨੂੰ ਹੱਥ ਲਾਇਆ ਸਾਰਾ ਟੱਬਰ ਤਿਹਾਇਆਂ**—ਚੀਜ਼ ਥੋੜ੍ਹੀ ਹੋਵੇ। ਲੋੜ ਬਹੁਤੀ ਹੋਵੇ।
66. **ਘਰੋਂ ਘਰ ਗਵਾਇਆ ਬਾਹਰੋ ਭੜੂਆ ਅਖਵਾਇਆ**—ਬੇਵਕੂਫੀ ਨਾਲ ਆਪਣਾ ਧੰਨ ਗੁਆਕੇ ਤੇ ਨਾਲ ਬਦਨਾਮੀ ਵੀ ਖੱਟ ਰਿਹਾ ਹੋਵੇ।
67. **ਘਰ ਦਾ ਭੇਤੀ ਲੰਕਾ ਢਾਹੇ**—ਘਰ ਦਾ ਭੇਤੀ ਹੀ ਘਰ ਨੂੰ ਨੁਕਸਾਨ ਪਹੁੰਚਾਵੇ।
68. **ਘੁਮਿਆਰੀ ਆਪਣਾ ਭਾਂਡਾ ਹੀ ਸਲਾਉਣਾ ਹੈ**—ਆਪਣੀ ਹੀ ਚੀਜ਼ ਦੀ ਸਿਫਤ ਕਰਨੀ।
69. **ਘਰ ਦਾ ਜੋਗੀ ਜੋਗੜਾ ਬਾਹਰਦਾ ਜੋਗੀ ਸਿੱਧ**—ਘਰ ਵਿਚ ਅਕਲਮੰਦ ਹੋਣ ਦੇ ਬਾਵਜੂਦ ਬਾਹਰ

ਨੋਟ

ਵਾਲਿਆਂ ਤੋਂ ਸਲਾਹ ਲੈਣੀ।

70. **ਚਿੜੀਆਂ ਦੀ ਮੌਤ ਗਵਾਰਾਂ ਦਾਹਾਸਾ**—ਤਾਕਤਵਰ ਮਨੁੱਖ ਹਾਸੇ ਹਾਸੇ ਵਿਚ ਕਿਸੇ ਦੂਸਰੇ ਦਾ ਵੱਡਾ ਨੁਕਸਾਨ ਕਰ ਦੇਵੇ।
71. **ਚੋਰਾਂ ਦੇ ਕੱਪੜੇ ਡਾਂਗਾ ਦੇ ਰਾਜ**—ਮੁਫਤ ਵਿਚ ਲਈ ਚੀਜ਼ ਦੀ ਜਦੋਂ ਕਦਰ ਨਾ ਪੈਂਦੀ ਹੋਵੇ।
72. **ਚਮੜੀ ਜਾਵੇ ਪਰ ਦਮੜੀ ਨਾ ਜਾਵੇ**—ਵਧ ਤੋਂ ਵਧ ਔਖ ਸਹਿ ਕੇ ਪੈਸੇ ਕਮਾਉਣੇ।
73. **ਚੋਰ ਨਾਲੋਂ ਪੰਡ ਕਾਹਲੀ**—ਅਸਲੀ ਹੱਕਦਾਰ ਤਾਂ ਚੁੱਪ ਰਹੇ ਪਰ ਹਮੇਤੀ ਵੱਧ ਚੜ੍ਹਕੇ ਬੋਲਣ ਲੱਗ ਪੈਣ।
74. **ਚਲਦੀ ਦਾ ਨਾਮ ਗੱਡੀ**—ਇੱਜ਼ਤ ਉਨੀ ਹੀ ਦੇਰ ਹੁੰਦੀ ਹੈ ਜਿਤਨੀ ਚਿਰ ਕਿਸੇ ਦੀ ਚੱਲਦੀ ਹੋਵੇ।
75. **ਚਲੋ ਚਲੀ ਦਾ ਮੇਲਾ**—ਸੰਸਾਰ ਦੀ ਨਾਸ਼ਵਾਨਤਾ ਵੱਲ ਧਿਆਨ ਦਿਵਾਉਣ ਵੇਲੇ ਅਖੀਦਾ ਹੈ।
76. **ਚਿੰਤਾ ਚਿਖਾ ਸਮਾਨ**—ਚਿੰਤਾ ਮਨੁੱਖ ਭੱਟੀ ਦੀ ਤਰ੍ਹਾਂ ਸਾੜ ਦਿੰਦੀ ਹੈ।
77. **ਛੋਟਾ ਮੂੰਹ ਤੇ ਵੱਡੀ ਗੱਲ**—ਜਦੋਂ ਕਿਸੇ ਸਮਝਦਾਰ ਮਨੁੱਖ ਵਿਚ ਨੁਕਸ ਦੱਸਣ ਲੱਗੇ ਮਨੁੱਖ ਝਕਦਾ ਹੋਵੇ।
78. **ਜਿੱਥੇ ਚਾਹ ਉਥੇ ਰਾਹ**—ਜਿਸ ਮਨੁੱਖ ਅੰਦਰ ਕੰਮ ਕਰਨ ਦੀ ਇੱਛਾ ਹੋਵੇ ਉਸ ਨੂੰ ਰਸਤਾ ਮਿਲ ਹੀ ਜਾਵੇਗਾ।
79. **ਜਿੰਨਾ ਗੁੜ ਪਾਊਗਾ ਉਨਾ ਹੀ ਮਿੱਠਾ ਹੋਵੇਗਾ**—ਮਿਹਨਤ ਜਿਨ੍ਹੀ ਕਰੋ ਫਲ ਉਤਨਾ ਹੀ ਮਿਲੇਗਾ।
80. **ਜਿਹੀ ਕਰਨੀ ਤਿਹੀ ਭਰਨੀ**—ਕਿਤੇ ਦਾ ਫਲ ਹਰ ਕਿਸੇ ਨੂੰ ਭੋਗਣਾ ਪੈਂਦਾ ਹੈ।
81. **ਜਿਹੜੇ ਗੱਜਦੇ ਨੇ ਉਹ ਵਰ੍ਹਦੇ ਨਹੀਂ**—ਫੜ੍ਹਾਂ ਮਾਰਨ ਵਾਲੇ ਹੱਥੀ ਕੁਝ ਨਹੀਂ ਕਰ ਸਕਦੇ।
82. **ਜਿਨ੍ਹੇ ਮੂੰਹ ਉਨੀਆਂ ਗੱਲਾਂ**—ਜਿਸ ਗੱਲ ਦੀ ਥਾਂ-ਥਾਂ ਚਰਚਾ ਹੋ ਰਹੀ ਹੋਵੇ।
83. **ਜਿਹੜਾ ਬੋਲੇ ਉਹੋ ਕੁੰਡਾ ਖੋਲ੍ਹੇ**—ਸਲਾਹ ਦੇਣ ਵਾਲੇ ਨੂੰ ਕੰਮ ਸੌਂਪ ਦੇਣਾ।
84. **ਜਿਸ ਲਈ ਗਲੀ, ਉਸੇ ਨਾਲ ਉਠ ਚਲੀ**—ਜੋ ਮਨੁੱਖ ਲਾਈ ਲੱਗ ਹੁੰਦੇ ਹਨ।
85. **ਜਾਂਦੇ ਚੋਰ ਦੀ ਲੰਗੋਟੀ ਹੀ ਸੀ**—ਆਸ ਤੋਂ ਘੱਟ ਜਿਨੇ ਮਿਲ ਜਾਣ ਉਹ ਹੀ ਚੰਗਾ।
86. **ਜਦ ਤੱਕ ਮਾਸ ਤਦ ਤੱਕ ਆਸ**—ਦੁੱਖ ਵੇਲੇ ਹੌਂਸਲਾ ਦੇਣ ਲਈ ਕਹਿਣਾ।
87. **ਜੋ ਸੁੱਖ ਛੱਜੂ ਦੇ ਚੁਬਾਰੇ, ਨਾ ਬਲਖ ਨਾ ਬੁਖਾਰੇ**—ਘਰ ਵਰਗ ਸੁੱਖ ਕਿਧਰੇ ਹੋਰ ਨਹੀਂ।
88. **ਝੂਠ ਦੇ ਪੈਰ ਨਹੀਂ ਹੁੰਦੇ**—ਝੂਠੇ ਬੰਦ ਦੀ ਜ਼ੁਬਾਨ ਖਿੜਕ ਜਾਂਦੀ ਹੈ।
89. **ਟੁੱਟੂ ਭਾੜੇ ਦਾ ਕਰਨਾ, ਤਾਂ ਕੁੜਮਾ ਦਾ ਹੀ ਕਰਨਾ?**—ਜੇ ਕੌ ਚੀਜ਼ ਪੈਸੇ ਦੇ ਕੇ ਹੀ ਲੈਣੀ ਤਾਂ ਸਾਕ ਸਬੰਧੀਆਂ ਤੋਂ ਹੀ ਕਿਉਂ ਲੈਣੀ।
90. **ਠੂਠਾ ਭੰਨ ਕੁਨਾਲੀ ਚੱਟ**—ਲਾ ਪਰਵਾਹੇ ਤੇ ਮੌਜੀ ਆਦਮੀ।
91. **ਠੰਡੇ ਦੁੱਧ ਨੂੰ ਫੂਕਾ ਮਾਰਨੀਆਂ**—ਐਵੇਂ ਫਜੂਲ ਹੁੱਜਤਾ ਕਰਨੀਆਂ
92. **ਡੁੱਬੀ ਤਾਂ ਜੇ ਸਾਹ ਨਾ ਆਇਆ**—ਜਦ ਆਪਣੇ ਹੁੰਦੇ ਹੋਇਆਂ ਵੀ ਨੁਕਸਾਨ ਹੋ ਜਾਵੇ।
93. **ਡੁੱਲੇ ਬੇਰਾ ਦਾ ਅਜੇ ਕੁਝ ਨਹੀਂ ਵਿਗੜਿਆ**—ਵਿਗੜਦਿਆਂ ਵਿਗੜਦਿਆਂ ਕੰਮ ਠੀਕ ਹੋ ਜਾਵੇ।
94. **ਡਾਢੇ ਦਾ ਸੱਤੀ ਵੀਹੀਂ ਸੌ**—ਜਦੋਂ ਤਾਕਤਵਰ ਲੋਕ ਤਾਕਤ ਨਾਲ ਸਭ ਕੁਝ ਲੈ ਲਵੇਂ।
95. **ਡਿੱਗੀ ਖੋਤੇ ਤੋਂ ਗੁੱਸਾ ਘੁਮਿਆਰ 'ਤੇ**—ਨੁਕਸਾਨ ਕਿਸੇ ਤੇ ਗੁੱਸਾ ਕਿਸੇ ਹੋਰ ਨਾਲ।
96. **ਡੰਡਾ ਪੀਰ ਹੈ ਵਿਗੜਿਆ, ਤਿਗੜਿਆ ਦਾ**—ਸਖਤੀ ਤੋਂ ਬਿਨਾ ਕੰਮ ਰਾਮ ਨਹੀਂ ਹੈ।
97. **ਤੁਰੰਤ ਦਾਨ, ਮਹਾਂ ਦਾਨ**—ਦਾਨ ਕਰਨ ਲੱਗਿਆਂ ਜ਼ਿਆਦਾ ਸੋਚਣਾ ਨਹੀਂ ਚਾਹੀਦਾ।
98. **ਤੇਲ ਦੇਖੋ ਤੇਲ ਦੀ ਸਾਰ ਦੇਖੋ**—ਸਮਾਂ ਵਿਚਾਰ ਕੇ ਕੰਮ ਕਰੋ।
99. **ਥੁੱਕਾਂ ਨਾਲ ਵੜੇ ਨਹੀਂ ਪੱਕਦੇ**—ਬਿਨਾ ਪੈਸੇ ਦੇ ਕੌ ਕੰਮ ਨਹੀਂ ਹੁੰਦਾ।
100. **ਥੋਥਾ ਦਨਾ ਬਾਜੇ ਘਨਾ**—ਖੋਖਲੇ ਮਨੁੱਖ ਬਹੁਤ ਰੌਲਾ ਪਾਉਂਦੇ ਹਨ।
101. **ਦਾਲ ਵਿਚ ਕੁਝ ਕਾਲਾ**—ਕਿਸੇ ਗੱਲ ਵਿਚ ਧੋਖਾ ਦਿਖਾਈ ਦੇਵੇ।
102. **ਦੂਰ ਦੇ ਢੋਲ ਸੁਹਾਵਣੇ**—ਦੂਰ ਚੀਜ਼ ਚੰਗੀ ਲੱਗੇ ਪਰ ਨੇੜੇ ਆਉਣ 'ਤੇ ਬੁਰੀ ਲੱਗੇ।
103. **ਦੋਹਾਂ ਘਰਾਂ ਦਾ ਪ੍ਰਹੁਣਾ ਭੱਖਾ**—ਦੋ ਬੇੜੀਆਂ ਵਿਚ ਲੱਤਾਂ ਰੱਖਣ ਵਾਲਾ ਮਨੁੱਖ ਕਦੇ ਪਾਰ ਨਹੀਂ ਲੱਗ

**ਨੋਟ**

ਸਕਦਾ।

104. **ਦੜ੍ਹ ਵੱਟ ਜ਼ਮਾਨਾ ਕੱਟ ਭਲੇ ਦਿਨ ਆਉਣਗੇ**—ਭਲੇ ਦਿਨਾਂ ਦੀ ਉਮੀਦ ਰੱਖਦਿਆਂ ਦੁੱਖਾਂ ਦੇ ਦਿਨ ਧੀਰਜ ਰੱਖੇ।
105. **ਦਾਣੇ-ਦਾਣੇ 'ਤੇ ਮੋਹਰਹੈ**—ਖਾਣਾ ਪੀਣਾ ਨਸੀਬ ਨਾਲ ਹੀ ਹੁੰਦਾ ਹੈ।
106. **ਦੀਵੇ ਥੱਲੇ ਹਨੇਰਾ**—ਆਪ ਅਮਲ ਕਰਨ ਨਾਲੋਂ ਦੂਸਰੇ ਲੋਕਾਂ ਨੂੰ ਉਪਦੇਸ਼ ਦੇਣਾ।
107. **ਧੋਬੀ ਦਾ ਕੁੱਤਾ ਨਾ ਘਰ ਦਾ ਨਾ ਘਾਟ ਦਾ**—ਦੋ ਚਿੱਤੀ ਵਾਲਾ ਮਨੁੱਖ ਅਸਫਲ ਰਹਿੰਦਾ ਹੈ।
108. **ਧੇਲੀ ਦੀ ਬੁੱਢੀ ਟਕਾ ਸਿਰ ਮੁਨਾਈ**—ਘਟੀਆ ਚੀਜ਼ ਦੀਕੀਮਤ ਜ਼ਿਆਦਾ ਲੈਣੀ।
109. **ਨ੍ਹਾਤੀ ਧੋਤੀ ਰਹਿ ਗਈ ਮੂੰਹ 'ਤੇ ਮੱਖੀ ਬਹਿ ਗਈ**—ਜਦੋਂ ਉਮੀਦ ਪੂਰੀ ਨਾ ਹੋਵੇ।
110. **ਨਾਲੇ ਚੋਰ ਨਾਲੇ ਚਤੁਰ**—ਕਸੂਰਵਾਰ ਹੁੰਦਿਆਂ ਚੁਤਰਾਈਆਂ ਕਰੇ।
111. **ਨਾਲੇ ਚੋਪੜੀਆਂ ਨਾਲੇ ਦੋ ਦੋ**-ਜੋ ਮਨੁੱਖ ਹਰ ਪਾਸਿਉਂ ਲਾਭ ਦੀ ਹੀ ਗੱਲ ਕਰੇ।
112. **ਨਾਲੇ ਪੁੰਨ ਨਾਲੇ ਫਲੀਆਂ**—ਕਿਸੇ ਕੰਮ ਵਿਚ ਦੋਹਰਾ ਫਾਇਦਾ।
113. **ਨੱਚਣ ਲੱਗੀ ਤਾਂ ਘੁੰਡ ਕੇਹਾ**—ਮਿਹਨਤ ਕਰਨ 'ਤੇ ਸ਼ਰਮ ਕਾਹਦੀ।
114. ਨੌਂ ਨਕਦ ਨਾ ਤੇਰਾ ਉਧਾਰ—ਉਧਾਰ ਨਾਲੋਂ ਨਕਦ ਚੰਗਾ ਭਾਵੇਂ ਪੈਸੇ ਥੋੜ੍ਹੇ ਹੀ ਹੋਣ।
115. **ਨੌ ਸੋ ਚੂਹਾ ਖਾਕੇ ਬਿੱਲੀ ਹੱਜ ਨੂੰ ਚੱਲੀ**—ਸਾਰੀ ਉਮਰ ਪਾਪ ਕਰਦੇ ਰਹਿਣਾ ਆਖਰੀ ਉਮਰ ਵਿਚ ਭਜਨ ਬੰਦਗੀ ਕਰਨ ਲੱਗ ਪੈਣਾ।
116. **ਨਾਨੀ ਖਸਮ ਕਰੇ ਦੋਹਤਰਾ ਚੱਟੀ ਭਰੇ**—ਦੋਸ਼ ਕੋਈ ਕਰੇ ਸਜ਼ਾ ਕਿਸੇ ਹੋਰ ਨੂੰ।
117. **ਪੰਜਾ ਵਿਚ ਪ੍ਰਮੇਸ਼ਰ ਹੋਣਾ**—ਰੱਬ ਨੂੰ ਹਾਜਰ ਨਾਜਰ ਸਮਝਣਾ।
118. **ਪੰਜੇ ਉਂਗਲਾਂ ਘਿਓ ਵਿਚ**—ਹਰ ਪਾਸੇ ਲਾਭ ਹੀ ਲਾਭ ਹੋਣਾ।
119. **ਪਟਿਆ ਪਹਾੜ ਨਿਕਲਿਆ ਚੂਹਾ**—ਬਹੁਤੀ ਵੱਡੀ ਸੋਚ ਪਰ ਵਿਚੋਂ ਕੁਝ ਨਾ ਨਿਕਲੇ।
120. **ਪਿੰਡ ਵਸਿਆ ਨਹੀਂ ਉੱਚਕੇ ਪਹਿਲਾਂ**—ਕੋਈ ਚੀਜ਼ ਹਾਲੀ ਤਿਆਰ ਹੋਈ ਨਹੀਂ ਲੈਣ ਵਾਲੇ ਪਹਿਲਾਂ ਹੀ ਆ ਗਏ।
121. **ਪੰਜੋ ਉਂਗਲਾ ਬਰਾਬਰ ਨਹੀਂ ਹੁੰਦੀਆਂ**—ਸਾਰੇ ਇਕੋ ਜਿਹੇ ਨਹੀਂ ਹੁੰਦੇ।
122. **ਪੀਹਣ ਦਾ ਕੀ ਪੀਹਣਾ**—ਮੁੜ-ਮੁੜ ਇਕੋ ਗੱਲ ਦੁਹਰਾਉਣ ਤੋਂ ਰੋਕਣਾ।
123. **ਪੇਟ ਨਾ ਪਈਆਂ ਰੋਟੀਆਂ, ਸਭੇ ਗੱਲਾਂ ਖੋਟੀਆਂ**—ਮਜ਼ਦੂਰ ਨੂੰ ਮਜ਼ਦੂਰੀ ਨਾ ਮਿਲਣਾ।
124. **ਫਸੀ ਤੇ ਫਟਕਣਾ ਕੇਹਾ**—ਔਖਾ ਕੰਮ ਕਰਨ ਤੋਂ ਪਿੱਛੇ ਨਹੀਂ ਹਟਣਾ।
125. **ਬੂਹੇ ਆਈ ਜੰਜ ਵਿੰਨੋ ਕੁੜੀ ਦੇ ਕੰਨ**—ਪਹਿਲਾਂ ਵਹਿਲਾ ਰਿਹਾ। ਐਨ. ਵੇਲੇ ਸਿਰੇ ਹੀ ਕੰਮ ਕਰਨਾ।
126. **ਬੱਕਰਾ ਜਾਨੋ ਗਿਆ, ਖਾਣ ਵਾਲੇ ਨੂੰ ਸਵਾਦ ਨਾ ਆਇਆ**—ਕੁਰਬਾਨੀ ਦੇ ਕਦਰ ਨਾ ਕਰਨਾ।
127. **ਭੁੱਖਾ ਮਰੇ ਕੀ ਨਾ ਕਰੇ**—ਗਰੀਬ ਆਦਮੀ ਮਾੜੇ ਤੋਂ ਮਾੜੇ ਕੰਮ ਵੀ ਕਰੇ ਤਾਂ ਕਹਿੰਦੇ ਹਨ।
128. **ਭੁੱਖੇ ਦੀ ਸੀ ਰੱਜੀ ਤਾਂ ਖੇਹ ਉਡਾਣ ਲੱਗ**—ਗਰੀਬ ਕੋਲੋਂ ਪੈਸਾ ਆਜ਼ਾਦ ਜਦੋਂ ਹੰਕਾਰ ਆਵੇ ਤਾਂ ਇੰਝ ਹੀ ਕਹਿਣਾ ਹੈ।
129. **ਭੱਟ ਪਵੇ ਸੋਨਾ ਜਿਹੜਾ ਕੰਨਾ ਨੂੰ ਖਾਵੇ**—ਸੋਨਾ ਕੀ ਜਿਹੜਾ ਵਾਲੇ ਸਿਰ ਕੰਮ ਨਾ ਆਵੇ।
130. **ਮੂਸਾ ਭੱਜਾ ਮੌਤ ਤੋਂ ਅੱਗੇ ਮੌਤ ਖੜ੍ਹੀ**—ਦੁੱਖਾਂ ਤੋਂ ਜਿੰਨਾ ਮਰਜ਼ੀ ਭੱਜ ਪਰ ਇਹ ਨਾਲ ਹੀ ਰਹਿਣਗੇ।
131. **ਮੂੰਹ ਦੇ ਮੁਲਹਾਜੇ ਸਿਰਾਂ ਸਲਾਮਾਂ**—ਸਿਰਫ ਦਿਖਾਵੇ ਲਈ ਕਰਨਾ।
132. **ਮੂੰਹ ਨਾ ਮੱਥਾ ਜਿੰਨ ਪਹਾੜੋਂ ਲੱਥਾ**—ਬਦਸ਼ਕਲ ਚਿਹਰੇ ਨੂੰ ਆਖਿਆਂ ਜਾ ਸਕੇ।
133. **ਮਨ ਹਰਾਮੀ ਹੁਜਤਾਂ ਢੇਰ**—ਕੰਮ ਕਰਨ ਨੂੰ ਦਿਲਕਰਨਾ। ਬਹਾਨੇ ਬਣਾਈ ਜਾਣੇ।
134. **ਮੁਦਈ ਸੁਸਤ ਗਵਾਹ ਚੁਸਤ**—ਕੰਮ ਕਰਵਾਉਣ ਵਹਿਲਾ ਢਿੱਲਾ ਪਰ ਮਦਦ ਕਰਨ ਵਾਲਾ ਤਿਆਰ ਹੋਵੇ।
135. **ਮੀਆਂ ਬੀਵੀ ਰਾਜੀ, ਕੀ ਕਰੇਗਾ ਕਾਜ਼ੀ**—ਦੋਵੇ ਧਿਰਾਂ ਇਕ ਹੋਣ ਤਾਂ ਵਿਚੋਲਗੀ ਦਾ ਲੋੜ ਕੋਈ ਨਹੀਂ।
136. **ਯਰਾਨੇ ਊਠਾ ਵਾਲਿਆ ਨਾਲ ਦਰਾਵਜੇ ਨੀਵੇਂ**—ਦੋਸਤੀ ਰੱਖਣੀ ਅਮੀਰਾ ਨਾਲ ਪਰ ਦਿਲ ਰੱਖਣੇ ਛੋਟੇ।

137. **ਰਾਹ ਪਿਆ ਜਾਣੀਏ ਜਾ ਵਾਹ ਪਿਆ ਜਾਣੀਏ**—ਚੰਗਾ ਉਹ ਜੋ ਚੰਗਾ ਵਰਤੇ।
138. **ਰੱਬ ਗੰਜੇ ਨੂੰ ਨੂੰਹ ਨਾ ਦੇਵੇ**—ਆਪਣੀ ਚੀਜ਼ ਦਾ ਆਪੇ ਨੁਕਸਾਨ ਕਰਨਾ।
139. **ਰੱਸੀ ਸੜ ਗਈ ਪਰ ਵੱਟ ਨਾ ਗਿਆ**—ਸਜ਼ਾ ਭੁਗਤ ਕੇ ਵੀ ਆਦਤ ਨਾ ਛੱਡੇ।
140. **ਲਿਖੇ ਮੂਸਾ ਪੜ੍ਹੇ ਖੁਦਾ**—ਭੈੜੀ ਲਿਖਤ ਕਿਹਾ ਜਾਂਦਾ ਹੈ।
141. **ਲੇਖਾ ਮਾਂਵਾਂ-ਧੀਆਂ ਦਾ**—ਰਿਸ਼ਤੇਦਾਰੀ ਆਪਣੀ ਜਗ੍ਹਾ ਹਿਸਾਬ-ਕਿਤਾਬ ਆਪਣੀ ਜਗ੍ਹਾ।
142. **ਵਿਹਲੀ ਜੱਟੀ ਉੱਨ ਵੇਲੇ**—ਕੋਈ ਵਿਅਰਥ ਕੰਮ ਕਰੇ।
143. **ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆ ਪੋਰੀਆ ਜੀ**—ਜੋ ਆਦਤਾਂ ਪੈ ਜਾਣ ਹੋਰ ਛੱਡੀਆਂ।
144. **ਵੇਲੇ ਦੀ ਨਿਮਾਜ਼ ਕੁਵੇਲੇ ਦੀਆਂ ਟੱਕਰਾਂ**—ਸਮਾਂ ਲੰਘ ਜਾਣ 'ਤੇ ਕੰਮ ਠੀਕ ਨਹੀਂ ਹੁੰਦਾ।

## ਉੱਤਰ ਮਾਲਾ : ਸਵੈ ਮੁਲਾਂਕਣ

1. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :—**
   1. ਅਖਾਣਾਂ ਦਾ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਵਿਚ ਕੀ ਮਹੱਤਤਾ ਹੈ?
   2. ਅਖਾਣਾ ਅਤੇ ਮੁਹਾਵਰਿਆਂ ਵਿਚ ਕੀ ਫਰਕ ਹੈ?
   3. ਹੇਠ ਲਿਖੇ ਕੁਝ ਅਖਾਣਾਂਦੇ ਅਰਥ ਦਿੱਤੇ ਗਏ ਹਨ, ਉਨ੍ਹਾਂ ਬਾਰੇ ਕਿਹੜੇ ਅਖਾਣ ਵਰਤੇ ਜਾ ਸਕਦੇ ਹਨ।
   1. ਜੇ ਕੋਈ ਚੀਜ਼ ਪੈਸਿਆਂ ਨਾਲ ਲੈਣ ਤਾਂ ਕੀ ਸਾਕਾ ਕੋਲੋਂ ਹੀ ਲੈਣਾ?
   2. ਭੈੜੀਆਂ ਆਦਤਾਂ ਕਦੇ ਨਹੀਂ ਹੱਟਦੀਆਂ।
   3. ਕਿਸੇ ਦਾ ਬੁਰਾ ਸੋਚੋ ਆਪਣਾ ਬੁਰਾ ਹੋ ਜਾਂਦਾ ਹੈ।
   4. ਮਤਲਬ ਲਈ ਸਭ ਕੁਝ ਕਰਨਾ ਪੈਂਦਾ ਹੈ।
   5. ਘਰ ਦੀ ਫੁੱਟ ਆਦਮੀ ਨੂੰ ਤਬਾਹ ਕਰ ਦਿੰਦੀ ਹੈ।
   6. ਮੁੜ-ਮੁੜ ਆਪਣੇ ਬੰਦਿਆਂ ਨੂੰ ਲਾਭ ਪਹੁੰਚਾਉਣਾ।
   7. ਜੇ ਰਖਵਾਲੇ ਹੀ ਹਾਨੀ ਦਾ ਕਾਰਣ ਬਣ ਜਾਣ।
   8. ਕੰਮ ਆਪ ਪਾਸੋਂ ਨਾ ਹੋਣਾ ਦੋਸ਼ ਦੂਸਰਿਆਂ ਨੂੰ ਦੇਣਾ।
   9. ਚੋਰ ਇਕ-ਨਾ-ਇਕ ਦਿਨ ਫੜਿਆ ਹੀ ਜਾਂਦਾ ਹੈ।
   10. ਲਾਰੇ ਕਿਸੇ ਹੋਰ ਨੂੰ ਕੰਮ ਕਿਸੇ ਹੋਰ ਦਾ ਕਰਨਾ।
   11. ਸੱਚ ਦੀ ਸਦਾ ਹੀ ਜਿੱਤ ਹੁੰਦੀ ਹੈ।
   12. ਸੇਵਾ ਦਾ ਫਲ ਮਿੱਠਾ ਹੁੰਦਾ ਹੈ।
   13. ਚੀਜ਼ ਆਪਣੇ ਕੋਲ ਹੋਵੇ ਢੂੰਡਦਾ ਕਿਧਰੇ ਹੋਰ ਹੋਣਾ।
   14. ਛੋਟੇ ਮਨੁੱਖ ਨੂੰ ਵੱਡੀ ਪਦਵੀ ਦੇਣ ਤੇ ਵੀ ਨੀਚਤਾ ਨਹੀਂ ਛੱਡਦਾ।
   15. ਚਿੰਤਾ ਭੱਟੀ ਦੀ ਤਰ੍ਹਾਂ ਮਨੁੱਖ ਨੂੰ ਸਾੜ ਦਿੰਦਾ ਹੈ।
3. ਹੇਠ ਲਿਖ ਅਖਾਣ ਕਿਸ ਮੌਕੇ ਵਰਤੇ ਜਾਂਦੇ ਨੇ।
   1. ਉਲਟੀ ਵਾੜ ਖੇਤ ਨੂੰ ਖਾਵੇ।
   2. ਆਂਡੇ ਕਿਤੇ ਤੇ ਕੁੜ-ਕੁੜ ਕਿਤੇ।
   3. ਸਿਰ ਵੱਡੇ ਸਰਦਾਰਾ ਦੇ, ਪੈਰ ਵੱਡੇ ਗਵਾਰਾਂ ਦੇ।
   4. ਕੁੱਬੇ ਲੱਤ ਕਾਰੀ ਆਈ।
   5. ਕੁੱਛੜ ਬਹਿ ਕੇ ਦਾ ਦਾੜ੍ਹੀ ਖੋਹਣਾ।
   6. ਗੰਗਾ ਆਏ ਗੰਗਾ ਦਾਸ, ਜਮਨਾ ਰਾਏ ਜਮਨਾ ਦਾਸ।

ਨੋਟ

7. ਗੁਰੂ ਬਿਨਾ ਗੱਤ ਨਹੀਂ ਸ਼ਾਹ ਬਿਨਾ ਪੱਤ ਨਹੀਂ।
8. ਨਹੁੰਆਂ ਨਾਲੋਂ ਮਾਸ ਵੱਖ ਨਹੀਂ ਹੁੰਦਾ।
9. ਧੋਬੀ ਦਾ ਕੁੱਤਾ ਨਾ ਘਰ ਦਾ ਨਾ ਘਾਟ ਦਾ।
10. ਨਾਲੇ ਚੋਰ ਨਾਲੇ ਚਤਰ।
11. ਦਾਲ ਵਿਚ ਕੁਝ ਕਾਲਾ।
12. ਭੱਟ ਪਿਆ ਸੋਨਾ, ਜਿਹੜਾ ਕੰਨਾ ਨੂੰ ਖਾਵੇ।
13. ਰੱਸੀ ਸੜ ਗਈ, ਵਟ ਨਾ ਗਿਆ।
14. ਚੋਰ ਦੀ ਮਾਂ ਕਦ-ਤਕ ਖੈਰ ਮਨਾਏਗੀ।
15. ਚੱਪਣੀ ਵਿਚ ਪਾਣੀ ਪਾ ਕੇ ਡੁੱਬ ਮਰ।

4. ਹੇਠ ਲਿਖੇ ਅਖਾਣਾਂ ਨੂੰ ਵਾਕਾਂ ਵਿਚ ਵਰਤੋ ਤਾਂ ਕਿ ਅਰਥ ਸਮਝ ਆ ਜਾਣ—
   (ੳ) ਆਹ ਮੂੰਹ ਤੇ ਮਸਰਾਂ ਦੀ ਦਾਲ।
   (ਅ) ਗੰਗਾ ਰਾਏ ਗੰਗਾ ਰਾਮ। ਜਮਨਾ ਰਾਏ ਜਮਨਾ ਦਾਸ।
   (ੲ) ਬਿੱਲੀ ਨੂੰ ਚੂਹਿਆਂ ਦੇ ਸੁਫਨੇ।
   (ਸ) ਉਹ ਕਿਹੜੀ ਗਲੀ ਜਿੱਥੇ ਭਾਗੋ ਨਹੀਂ ਖਲੀ।
   (ਹ) ਇਕ ਕਲਾ ਦੋ ਗਿਆਰਾਂ

•••

**LOVELY PROFESSIONAL UNIVERSITY**
Jalandhar-Delhi G.T. Road (NH-1)
Phagwara, Punjab (India)-144411
For Enquiry: +91-1824-300360
Fax.: +91-1824-506111
Email: odl@lpu.co.in